Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763

Hardeep S.Rai
ਇੰਮੀਗ੍ਰੇਸ਼ਨ ਵਕੀਲ Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

Ad space available
Please call
Ph: 847-359-0746

Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 23, June 10, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਘੱਲੂਘਾਰਾ ਦਿਵਸ: ਜਥੇਦਾਰ ਖਿਲਾਫ ਰੋਹ

## ਐਤਕੀਂ ਅਮਨ-ਅਮਾਨ ਨਾਲ ਸਿਰੇ ਚੜ੍ਹਿਆ ਸਮਾਗਮ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ (ਫੌਜੀ ਹਮਲੇ) ਦੀ 33ਵੀਂ ਬਰਸੀ ਮੌਕੇ ਪੰਜਾਬ ਪੁਲਿਸ ਦੇ ਸਖਤ ਸੁਰੱਖਿਆ ਪ੍ਰਬੰਧਾਂ ਕਾਰਨ ਦਰਬਾਰ ਸਾਹਿਬ ਵਿਚ ਗਰਮਖਿਆਲੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਸਿੱਧਾ ਟਕਰਾਅ ਭਾਵੇਂ ਟਲ ਗਿਆ, ਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਜਦੋਂ ਜਥੇਦਾਰ ਕੌਮ ਦੇ ਨਾਂ ਸੰਦੇਸ਼ ਪੜ੍ਹ ਰਹੇ ਸਨ ਤਾਂ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲੱਗੇ। ਜਿੰਨਾ ਚਿਰ ਜਥੇਦਾਰ ਨੇ ਆਪਣਾ ਸੰਦੇਸ਼ ਪੂਰਾ ਨਾ ਕੀਤਾ, ਵਿਰੋਧ ਜਾਰੀ ਰਿਹਾ। ਸਮਾਗਮ ਵਿਚ ਬਾਦਲ ਪਰਿਵਾਰ ਖਿਲਾਫ ਵੀ ਨਾਅਰੇ ਲੱਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਨੇ ਵਿਰੋਧ ਕਰਨ ਵਾਲਿਆਂ ਨੂੰ ਬਾਹਰ ਕੱਢਣ ਦਾ ਯਤਨ ਕੀਤਾ। ਟਾਸਕ ਫੋਰਸ ਨੇ ਫੌਰੀ ਸਾਰੇ ਪਾਸਿਉਂ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਬੰਦ ਹਾਲ ਵਿਚ ਹੀ ਗਿਆਨੀ ਗੁਰਬਚਨ ਸਿੰਘ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਗਿਆ। ਰੌਲੇ-ਰੱਪੇ ਕਰ ਕੇ ਅਕਾਲ ਤਖਤ ਦੇ ਜਥੇਦਾਰ ਅਤੇ ਮੁਤਵਾਜ਼ੀ ਜਥੇਦਾਰਾਂ ਵੱਲੋਂ ਸਿੱਖ ਕੌਮ ਦੇ ਨਾਂ ਪੜ੍ਹਿਆ ਸੰਦੇਸ਼ ਕੋਈ ਨਾ ਸੁਣ ਸਕਿਆ।

ਇਸ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਕੋਲ ਪਹੁੰਚ ਕਰ ਕੇ ਸਮਾਗਮ ਨੂੰ ਸ਼ਾਂਤੀਪੂਰਨ ਢੰਗ ਨਾਲ ਸਿਰੇ ਚਾੜ੍ਹਨ ਦੀ ਬੇਨਤੀ ਕੀਤੀ ਸੀ ਅਤੇ ਉਹ ਆਪਣੀਆਂ ਕੋਸ਼ਿਸ਼ਾਂ ਵਿਚ ਕਾਫੀ ਹੱਦ ਤੱਕ ਸਫਲ ਵੀ ਰਹੇ, ਪਰ ਅਕਾਲ ਤਖਤ ਦੇ ਜਥੇਦਾਰ ਖਿਲਾਫ ਸਿੱਖ ਸੰਗਤਾਂ ਵਿਚ ਰੋਹ ਨੂੰ ਡੱਕਿਆ ਨਾ ਜਾ ਸਕਿਆ। ਜਥੇਦਾਰ ਨੇ ਜਿਵੇਂ ਹੀ ਸੰਦੇਸ਼ ਸ਼ੁਰੂ ਕੀਤਾ, ਸਮਾਗਮ ਵਿਚ ਮੌਜੂਦ ਵੱਡੀ ਗਿਣਤੀ ਸਿੱਖ ਆਗੂਆਂ ਨੇ ਖੜ੍ਹੇ ਹੋ ਕੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਉਧਰ, ਸ਼੍ਰੋਮਣੀ ਕਮੇਟੀ ਨੇ ਇਸ ਵਾਰ ਗਰਮਖਿਆਲੀਆਂ ਨਾਲ ਕਾਫੀ ਨਰਮੀ ਵਰਤੀ ਅਤੇ ਮੁਤਵਾਜ਼ੀ ਜਥੇਦਾਰਾਂ ਨੂੰ ਬਿਨਾਂ ਰੋਕ, ਅਕਾਲ ਤਖਤ ਦੀ ਫਸੀਲ ਤੋਂ ਸੰਦੇਸ਼ ਜਾਰੀ ਕਰਨ ਦਿੱਤਾ ਗਿਆ। ਦਾਅਵਾ ਕੀਤਾ ਜਾ ਰਿਹਾ ਹੈ ਕਿ ਜਥੇਦਾਰ ਦਾ ਵਿਰੋਧ ਕਰਨ ਵਾਲੇ ਕਿਸੇ ਜਥੇਬੰਦੀ ਦੇ ਆਗੂ ਨਹੀਂ ਸਨ, ਸਗੋਂ ਆਮ ਸੰਗਤ ਸੀ। ਵਿਰੋਧ ਦੇ ਬਾਵਜੂਦ ਭਾਵੇਂ ਜਥੇਦਾਰ ਆਪਣਾ ਸੰਦੇਸ਼ ਪੂਰਾ ਕਰ ਕੇ ਹਟੇ, ਪਰ ਉਨ੍ਹਾਂ ਦੇ ਵਿਰੋਧ ਨੇ ਸਾਬਤ ਕਰ ਦਿੱਤਾ ਕਿ ਸਿੱਖ ਸੰਗਤ ਦੇ ਮਨਾਂ ਵਿਚ ਉਨ੍ਹਾਂ ਪ੍ਰਤੀ ਕਿੰਨਾ ਰੋਹ ਹੈ।

ਦੱਸਣਯੋਗ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਜਥੇਦਾਰ ਨੂੰ ਲਗਾਤਾਰ ਸਿੱਖਾਂ ਦੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਥੇਦਾਰ ਉਤੇ ਪਿਛਲੀ ਬਾਦਲ ਸਰਕਾਰ ਵੇਲੇ ਸਰਕਾਰੀ ਹੱਥਾਂ ਵਿਚ ਖੇਡਣ ਦੇ ਦੋਸ਼ ਵੀ ਲੱਗੇ ਸਨ। ਜਥੇਦਾਰ ਨੂੰ ਅਹੁਦੇ ਤੋਂ ਲਾਂਭੇ ਕਰਨ ਲਈ ਸਿੱਖ ਜਥੇਬੰਦੀਆਂ ਲਗਾਤਾਰ ਮੰਗ ਕਰ ਰਹੀਆਂ ਹਨ। ਇਸ ਦੇ ਬਾਵਜੂਦ ਜਥੇਦਾਰ ਆਪਣੇ ਅਹੁਦੇ 'ਤੇ ਡਟੇ ਹੋਏ ਹਨ। ਇਹ ਪਹਿਲੀ ਵਾਰ ਨਹੀਂ ਜਦੋਂ ਕਿਸੇ ਸਮਾਗਮ ਵਿਚ ਜਥੇਦਾਰ ਦਾ ਵਿਰੋਧ ਹੋਇਆ ਹੋਵੇ। ਸਾਹਿਬਜ਼ਾਦਿਆਂ ਦੇ ਸ਼ਹੀਦੀ ਸਮਾਗਮ ਅਤੇ ਵਿਸਾਖੀ ਦੇ ਦਿਹਾੜੇ 'ਤੇ ਵੀ ਜਥੇਦਾਰ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ।

ਇਸ ਵਾਰ ਸਮਾਗਮ ਦੌਰਾਨ ਪਹਿਲੀ ਵਾਰ ਦੋ ਜਥੇਦਾਰਾਂ ਵੱਲੋਂ ਕੌਮ ਦੇ ਨਾਂ ਵੱਖ-ਵੱਖ ਸੰਦੇਸ਼ ਰੌਲੇ-ਰੱਪੇ ਦੌਰਾਨ ਜਾਰੀ ਕੀਤੇ ਗਏ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਜਿਥੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਪਣਾ ਸੰਦੇਸ਼ ਜਾਰੀ ਕੀਤਾ, ਉਥੇ ਮੁਤਵਾਜ਼ੀ ਜਥੇਦਾਰਾਂ ਦੀ ਘੱਲੂਘਾਰਾ ਦਿਵਸ ਸਮਾਗਮ 'ਚ ਪਹਿਲੀ ਵਾਰ ਹਾਜ਼ਰੀ ਕਾਰਨ ਭਾਈ ਧਿਆਨ ਸਿੰਘ ਮੰਡ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਦੇ ਹੇਠਾਂ ਖਲੋ ਕੇ ਸੰਦੇਸ਼ ਜਾਰੀ ਕੀਤਾ ਗਿਆ।



### ਮੁਤਵਾਜ਼ੀ ਜਥੇਦਾਰਾਂ ਨਾਲ ਨਰਮੀ

**ਚੰਡੀਗੜ੍ਹ:** ਪਹਿਲਾਂ ਅਕਾਲੀ-ਭਾਜਪਾ ਸਰਕਾਰ ਵੱਲੋਂ ਮੁਤਵਾਜ਼ੀ ਜਥੇਦਾਰਾਂ ਨੂੰ ਸਮਾਗਮ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਜਾਂਦਾ ਰਿਹਾ ਹੈ, ਪਰ ਕਾਂਗਰਸ ਸਰਕਾਰ ਵੱਲੋਂ ਅਜਿਹਾ ਨਾ ਕੀਤੇ ਜਾਣ ਕਾਰਨ ਉਨ੍ਹਾਂ ਪਹਿਲੀ ਵਾਰ ਘੱਲੂਘਾਰਾ ਸਮਾਗਮ ਵਿਚ ਸ਼ਮੂਲੀਅਤ ਕੀਤੀ। ਮੁਤਵਾਜ਼ੀ ਜਥੇਦਾਰਾਂ ਦੀ ਘੱਲੂਘਾਰਾ ਦਿਵਸ ਸਮਾਗਮ 'ਚ ਪਹਿਲੀ ਵਾਰ ਹਾਜ਼ਰੀ ਕਾਰਨ ਭਾਈ ਧਿਆਨ ਸਿੰਘ ਮੰਡ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਦੇ ਹੇਠਾਂ ਖਲੋ ਕੇ ਸੰਦੇਸ਼ ਜਾਰੀ ਕੀਤਾ ਗਿਆ।

# ਪੰਜਾਬ ਵਿਚ ਖਾੜਕੂਵਾਦ ਦਾ ਹਊਆ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਪਿਛਲੇ ਇਕ ਮਹੀਨੇ ਵਿਚ ਬੱਬਰ ਖਾਲਸਾ ਤੇ ਹੋਰ ਗਰਮਖਿਆਲੀ ਜਥੇਬੰਦੀਆਂ ਨਾਲ ਸਬੰਧਤ ਡੇਢ ਦਰਜਨ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਨੇ ਆਉਂਦੇ ਦਿਨਾਂ ਵਿਚ ਕਿਸੇ ਵੱਡੀ ਆਫਤ ਵੱਲ ਸੰਕੇਤ ਕੀਤਾ ਹੈ। ਪੁਲਿਸ ਦੀ ਮੁਢਲੀ ਪੁੱਛ-ਪੜਤਾਲ ਇਹੀ ਦਾਅਵਾ ਕਰਦੀ ਹੈ ਕਿ ਇਨ੍ਹਾਂ ਨੌਜਵਾਨਾਂ ਦਾ ਸੰਪਰਕ ਪਾਕਿਸਤਾਨ ਖੁਫੀਆ ਏਜੰਸੀ ਆਈ.ਐਸ.ਆਈ. ਨਾਲ ਸੀ ਅਤੇ ਇਨ੍ਹਾਂ ਦਾ ਮੁੱਖ ਨਿਸ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਸੀ। ਪਟਿਆਲਾ ਵਿਚ ਕੰਪਿਊਟਰ ਇੰਜੀਨੀਅਰ ਰਜਤਵੀਰ ਸਿੰਘ ਸੋਢੀ ਵੱਲੋਂ ਘਰ ਵਿਚ ਬੰਬ ਬਣਾਉਣ ਦੇ ਮਾਮਲੇ ਨੂੰ ਵੀ ਇਨ੍ਹਾਂ ਸਰਗਰਮੀਆਂ ਨਾਲ ਜੋੜਿਆ ਜਾ ਰਹੀ ਹੈ। ਤਲਾਸ਼ੀ ਦੌਰਾਨ ਇਸ ਇੰਜੀਨੀਅਰ ਦੇ ਘਰੋਂ ਵੱਡੀ ਮਾਤਰਾ ਵਿਚ ਬੰਬ ਬਣਾਉਣ ਵਾਲਾ ਸਾਜ਼ੋ-ਸਾਮਾਨ ਅਤੇ ਵਿਸਫੋਟਕ ਸਮੱਗਰੀ ਬਰਾਮਦ ਹੋਈ ਹੈ, ਪਰ ਪੁਲਿਸ ਅਜੇ ਇਹ ਪਤਾ ਲਾਉਣ ਵਿਚ ਨਾਕਾਮ ਰਹੀ ਹੈ ਕਿ ਇਹ ਵਿਸਫੋਟਕ ਸਮੱਗਰੀ ਕਿਸ ਮਕਸਦ ਲਈ ਵਰਤੀ ਜਾਣੀ ਸੀ।

ਯਾਦ ਰਹੇ ਕਿ ਰਜਤਵੀਰ ਸਿੰਘ ਨੇ ਪੁਲਿਸ ਹੱਥ ਆਉਣ ਦੇ ਡਰੋਂ ਆਪਣੇ ਮੱਥੇ ਵਿਚ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਉਸ ਦਾ ਪਿਤਾ ਪੁਲਿਸ ਹਿਰਾਸਤ ਵਿਚ ਹੈ। ਇਹ ਸਦਮਾ ਨਾ ਸਹਾਰਦੇ ਹੋਏ ਰਜਤਵੀਰ ਦੀ ਮਾਂ ਨੇ ਫਾਹਾ ਲੈ ਲਿਆ। ਉਧਰ, ਪੁਲਿਸ ਦਾ

(ਬਾਕੀ ਸਫਾ 6 'ਤੇ)

We Do Real Estate in
Bay Area & Central Valley
We do loans anywhere
in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜ਼ਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com





ਬੇਨਤੀ ਕਰਤਾ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ

Gurdwara Sahib Fremont 510-790-0177; Sikh Center of San Francisco Bay Area El Sobrante 510-223-9987; Gurdwara Sahib of San Jose (Sukhdev Singh Beniwal) 408-421-9463; Gurdwara Sahib of Hayward 510-585-7730; Gurdwara Sahib Singh Sabha Bay Area Milpitas (Jaswant Singh Hothi) 408-898-7056; Gurdwara Sahib South San Francisco; Sri Guru Ravidass Temple Pittsburg (Sikhdev Singh) 925-354-9025; Gurudwara Sahib of Bay Point; Sikh Gurdwara Sahib Stockton (Jatinder Singh) 209-993-7954; Sikh Temple Turlock (Gurjit Singh) 209-585-9168; Gurdwara Sacramento Sikh Society Bradshaw (Balwant Singh Virk) 916-529-4795; Sikh Temple Fairfield; Capital Sikh Center Sacramento (Gurtej Singh) 916-276-1440; Gurdwara Gur Nanak Prakash Tracy (Deep Singh) 209-346-4270; Gurdwara Dashmesh Darbar Tracy (Surinder Singh Atwal) 209-321-5476; Gurdwara Gurmat Parkash Manteca (Jarnail Singh) 209-321-1733; Deshmesh Darbar Sikh Temple Lodi 209-629-5415; Gurdwara Sri Sachkhand Sahib Roseville (Ravinder Singh) 916-521-0300; Gurdwara Parmeshar Dawar Madera (Surinderpal Singh Nijjar) 559-479-1804; Sikh Center of the Pacific Coast Selma (Charanjeet Singh Sahota) 559-779-8215; Gurdwara Guru Kalgidhar Sahib Selma (Bhupinder Singh Khalsa) 559-352-6698; Gurdwara Guru Nanak Prakash Fresno (Jagroop Singh) 209-648-4994; Sikh Temple of Yuba City, Tiera Buena 530-673-7944; Sri Guru Nanak Sikh Temple Bogue Road, Yuba City 530-300-8584; Gurdwara Sahib Modesto; Gurdwara Sahib Sikh Temple West Sacramento (Darshan Singh Mundi) 916-417-8860, Guru Ravidass Temple, Selma (Rajinder Singh) 559-891-8286, Gurdwara Singh Sabha, Fresno (Malkit Singh) 559-394-8372, Gurdwara Nanaksar Sahib Baba (Kartar Singh) 559-442-9323, United Sikhs, SALDEF, Jakara Organisation, Sikh Sewa Society, Sikh Coalition, Ensaaf, Sikh Youth of America

# ਜੱਸੀ ਗਿੱਲ ਨੂੰ ਸਦਮਾ ਪਿਤਾ ਸੁਰਗਵਾਸ

**ਫਰੀਮਾਂਟ (ਬਿਊਰੋ):** ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਅਤੇ ਕੈਲੀਫੋਰਨੀਆ ਦੇ ਉਘੇ ਰਿਐਲਟਰ ਸ. ਜਸਵਿੰਦਰ (ਜੱਸੀ) ਸਿੰਘ ਗਿੱਲ ਨੂੰ ਉਦੋਂ ਡੂੰਘਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਪਿਤਾ ਸ. ਮਹਿੰਦਰ ਸਿੰਘ ਗਿੱਲ ਮੰਗਲਵਾਰ 6 ਜੂਨ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਸੁਰਗਵਾਸ ਹੋ ਗਏ। ਉਹ 83 ਵਰ੍ਹਿਆਂ ਦੇ ਸਨ। ਉਹ ਪੰਜਾਬ ਦੇ ਪਿੰਡ ਗਿੱਦੜਵਿੰਡੀ, ਤਹਿਸੀਲ ਜਗਰਾਓਂ ਤੋਂ ਸਨ ਅਤੇ ਹੁਣ ਆਪਣੇ ਪੁੱਤਰ ਜੱਸੀ ਗਿੱਲ ਪਾਸ ਹੀ ਰਹਿੰਦੇ ਸਨ।



ਸ. ਮਹਿੰਦਰ ਸਿੰਘ ਗਿੱਲ ਆਪਣੇ ਪਿਛੇ ਭਰਾ ਜੋਗਿੰਦਰ ਸਿੰਘ ਗਿੱਲ ਐਡਵੋਕੇਟ ਜਗਰਾਓਂ, ਪੁੱਤਰ ਜੱਸੀ ਗਿੱਲ ਤੇ ਨੂੰਹ ਸੁਖਵੀਰ ਕੌਰ ਗਿੱਲ, ਤਿੰਨ ਧੀਆਂ- ਬਲਵਿੰਦਰ ਕੌਰ, ਰਾਜਿੰਦਰ ਕੌਰ ਸਿੱਧੂ ਤੇ ਗੁਰਿੰਦਰ ਕੌਰ ਸਿੱਧੂ ਅਤੇ ਜਵਾਈਆਂ- ਮੋਹਿੰਦਰ ਸਿੰਘ ਛੀਨਾ, ਸੁਖਦੇਵ ਸਿੰਘ ਸਿੱਧੂ ਅਤੇ ਪਰਦੀਪ ਸਿੰਘ ਸਿੱਧੂ ਤੋਂ ਇਲਾਵਾ ਪੋਤਰੇ-ਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਸ. ਮਹਿੰਦਰ ਸਿੰਘ ਗਿੱਲ ਦੀ ਪਤਨੀ ਬੀਬੀ ਗੁਰਦੇਵ ਕੌਰ ਗਿੱਲ ਕਰੀਬ ਛੇ ਮਹੀਨੇ ਪਹਿਲਾਂ ਵਿਛੋੜਾ ਦੇ ਗਏ ਸਨ। ਅਦਾਰਾ ਪੰਜਾਬ ਟਾਈਮਜ਼ ਅਤੇ ਇਸ ਦੀ ਸਲਾਹਕਾਰ ਕਮੇਟੀ ਨੇ ਸ. ਮਹਿੰਦਰ ਸਿੰਘ ਗਿੱਲ ਦੇ ਚਲਾਣੇ 'ਤੇ ਦੁੱਖ ਪ੍ਰਗਟਾਉਂਦਿਆਂ ਗਿੱਲ ਪਰਿਵਾਰ ਨੂੰ ਭਾਣਾ ਮੰਨਣ ਦੀ ਸਮਰਥਾ ਬਖਸ਼ਣ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ ਹੈ।

ਸਵਰਗੀ ਸ. ਮਹਿੰਦਰ ਸਿੰਘ ਗਿੱਲ ਦਾ ਅੰਤਿਮ ਸਸਕਾਰ 17 ਜੂਨ ਨੂੰ ਦੁਪਹਿਰ 12 ਤੋਂ ਤਿੰਨ ਵਜੇ ਦਰਮਿਆਨ ਚੈਪਲ ਆਫ ਚਾਈਮਜ਼, ਹੇਵਰਡ ਵਿਖੇ ਅਤੇ ਅੰਤਿਮ ਅਰਦਾਸ ਬਾਅਦ ਦੁਪਹਿਰ 3:30 ਤੋਂ 5:30 ਵਜੇ ਤੱਕ ਗੁਰਦੁਆਰਾ ਫਰੀਮਾਂਟ ਵਿਖੇ ਹੋਣਗੇ। ਸ. ਜੱਸੀ ਗਿੱਲ ਨਾਲ ਸੰਪਰਕ ਫੋਨ: 510-304-9292 ਰਾਹੀਂ ਕੀਤਾ ਜਾ ਸਕਦਾ ਹੈ।

## ਇਕ ਰੁਪਏ ਦੇ ਨੋਟ ਦੀ ਵਾਪਸੀ

**ਮੁੰਬਈ:** ਨਵਾਂ ਗੁਲਾਬੀ ਤੇ ਹਰੇ ਰੰਗ ਦਾ ਇਕ ਰੁਪਏ ਦਾ ਨੋਟ ਛੇਤੀ ਬਾਜ਼ਾਰ 'ਚ ਆ ਜਾਏਗਾ। ਇਹ ਨੋਟ ਭਾਰਤ ਸਰਕਾਰ ਵੱਲੋਂ ਛਾਪਿਆ ਜਾ ਰਿਹਾ ਹੈ। ਇਸ ਸਮੇਂ ਇਕ ਰੁਪਏ ਦਾ ਸਿੱਕਾ ਬਾਜ਼ਾਰ ਵਿਚ ਹੈ। ਇਕ ਰੁਪਏ ਦੇ ਨੋਟ ਦੀ ਪ੍ਰਕਾਸ਼ਨਾਂ 1994 'ਚ ਬੰਦ ਕਰ ਦਿੱਤੀ ਗਈ ਸੀ ਪਰ 2015 'ਚ ਦੁਬਾਰਾ ਸ਼ੁਰੂ ਕੀਤੀ ਗਈ ਸੀ। ਭਾਰਤੀ ਰਿਜ਼ਰਵ ਬੈਂਕ ਦੇ ਇਕ ਬਿਆਨ ਅਨੁਸਾਰ ਇਕ ਰੁਪਏ ਦੇ ਨੋਟ ਛੇਤੀ ਬਾਜ਼ਾਰ 'ਚ ਹੋਣਗੇ।

# 1984 ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਯੂਬਾ ਸਿਟੀ (ਬਿਊਰੋ):** ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਦੀਆਂ ਸੰਗਤਾਂ ਨੇ ਇਕ ਵਿਸ਼ੇਸ਼ ਸਮਾਗਮ ਰਾਹੀਂ 1984 ਦੇ ਸਮੂਹ ਸ਼ਹੀਦਾਂ ਦੀ ਕੁਰਬਾਨੀ ਨੂੰ ਚੇਤੇ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਅਰੰਭ 2 ਜੂਨ ਨੂੰ ਹੋਇਆ ਅਤੇ ਭੋਗ ਐਤਵਾਰ 4 ਜੂਨ ਨੂੰ ਪਿਆ। ਅਖੰਡ ਪਾਠ ਦੀ ਸਮਾਪਤੀ ਉਪਰੰਤ ਭਾਈ ਅਵਤਾਰ ਸਿੰਘ ਬੋਦਲ ਦੇ ਜਥੇ ਨੇ ਗੁਰਬਾਣੀ ਦਾ ਵੈਰਾਗਮਈ ਕੀਰਤਨ ਕਰ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।

1984 ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਸ. ਦਿਲਬਾਗ ਸਿੰਘ ਬੈਂਸ, ਜਥੇਦਾਰ ਰਾਜਿੰਦਰ ਸਿੰਘ ਚੌਹਾਨ, ਮਾਡੈਸਟੋ ਦੇ ਜੰਮਪਲ ਤੇ ਸੈਨੇਟਰ ਦੀ ਚੋਣ ਲੜ ਰਹੇ ਨੌਜਵਾਨ ਆਗੂ ਮਨਮੀਤ ਸਿੰਘ ਗਰੇਵਾਲ, ਸ. ਨਿਰੰਜਣ ਸਿੰਘ ਸਮਰਾ (ਮਾਡੈਸਟੋ), ਸ. ਕੁਲਵੰਤ ਸਿੰਘ ਮੰਨਣਹਾਣਾ (ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ. ਗੁਰਨਾਮ ਸਿੰਘ ਪੰਮਾ ਅਤੇ ਸ. ਗੁਰਮੇਜ ਸਿੰਘ ਗਿੱਲ ਨੇ ਕਿਹਾ ਕਿ ਸਿੱਖ ਹਿਰਦਿਆਂ ਵਿਚ ਇਨ੍ਹਾਂ ਸ਼ਹੀਦਾਂ ਸੀ ਯਾਦ ਹਮੇਸ਼ਾ ਹਮੇਸ਼ਾ ਲਈ ਬਣੀ ਰਹੇਗੀ। ਉਨ੍ਹਾਂ ਕਿਹਾ ਕਿ ਭਾਰਤੀ ਨਿਜ਼ਾਮ ਨੇ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਉਤੇ ਹਮਲਾ ਕਰ ਕੇ ਸਿੱਖ ਹਿਰਦਿਆਂ ਨੂੰ ਬੁਰੀ ਤਰ੍ਹਾਂ ਵਲੂੰਧਰਿਆ ਸੀ, ਜਿਸ ਦਾ ਸੱਲ੍ਹ ਅੱਜ ਵੀ ਸਿੱਖ ਹਿਰਦਿਆਂ ਉਤੇ ਉਸੇ ਤਰ੍ਹਾਂ ਹੀ ਕਾਇਮ ਹੈ।

ਕੁਝ ਬੁਲਾਰਿਆਂ ਨੇ ਕਿਹਾ ਕਿ ਅਜਿਹੇ ਸਮਾਗਮ ਹਰ ਗੁਰੂ ਘਰ ਵਿਚ ਹਰ ਸਾਲ ਹੋਣੇ ਚਾਹੀਦੇ ਹਨ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਤਾ ਲੱਗ ਸਕੇ ਕਿ ਭਾਰਤ ਸਰਕਾਰ ਨੇ 1984 ਵਿਚ ਕਿਵੇਂ ਸਿੱਖਾਂ ਨੂੰ ਕੋਹ ਕੋਹ ਮਾਰਿਆ ਅਤੇ ਸਿੱਖਾਂ ਦੀ ਨਸਲਕੁਸ਼ੀ ਦਾ ਯਤਨ ਕੀਤਾ। ਇਹ ਤਸ਼ੱਦਦ ਲੁਕਵੇਂ ਰੂਪ ਵਿਚ ਅੱਜ ਵੀ ਜਾਰੀ ਹੈ, ਬੇਸ਼ਕ ਇਸ ਦੇ ਰੂਪ ਬਦਲ ਗਏ ਹਨ।

ਇਸ ਮੌਕੇ ਬਾਹਰੋਂ ਆਏ ਪਤਵੰਤੇ ਸੱਜਣਾਂ ਦਾ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕਰਕੇ ਮਾਣ-ਸਨਮਾਨ ਕੀਤਾ ਗਿਆ। ਬਾਬਾ ਨਿਰਮਲ ਦਾਸ ਤੇ ਗੁਰੂ ਕੇ ਲੰਗਰ ਦੇ ਅਣਥੱਕ ਸੇਵਕ ਸੇਵਾਦਾਰ ਅਮਰਜੀਤ ਸਿੰਘ ਹੁੰਦਲ, ਨਿਰਮਲ ਸਿੰਘ ਜੰਡਾ ਅਤੇ ਸੇਵਾ ਸਿੰਘ ਬੈਂਸ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। 1984 ਦੇ ਘੱਲੂਘਾਰੇ ਦੇ ਸ਼ਹੀਦਾਂ ਬਾਰੇ ਇਕ ਨੁਮਾਇਸ਼ ਵੀ ਲਾਈ ਗਈ ਜੋ ਕਾਫੀ ਖਿੱਚ ਦਾ ਕਾਰਨ ਬਣੀ ਰਹੀ। ਲੰਗਰ ਵਾਲੇ ਵੀਰਾਂ ਨੇ ਦਸਤਾਰਾਂ ਵੰਡੀਆਂ ਅਤੇ ਗੋਲਗੱਪਿਆਂ ਤੇ ਮੈਂਗੋ ਲੱਸੀ ਰਾਹੀਂ ਸੰਗਤ ਦੀ ਪੂਰੀ ਸੇਵਾ ਕੀਤੀ। ਨਾਲ ਹੀ 'ਪ੍ਰਣਾਮ ਸ਼ਹੀਦਾਂ ਨੂੰ' ਦੇ ਲੋਗੋ ਵਾਲੀਆਂ 200 ਤੋਂ ਵੱਧ ਸ਼ਰਟਾਂ ਵੀ ਵੰਡੀਆਂ।

## ਭਾਰਤ ਵਿਚ ਆਣ ਵੜੇ ਚੀਨੀ ਹੈਲੀਕਾਪਟਰ

**ਨਵੀਂ ਦਿੱਲੀ:** ਚੀਨ ਦੀ ਫੌਜ (ਪੀਪਲ'ਜ਼ ਲਿਬਰੇਸ਼ਨ ਆਰਮੀ) ਦੇ ਦੋ ਹੈਲੀਕਾਪਟਰ ਉਤਰਾਖੰਡ ਦੇ ਚਮੋਲੀ ਜ਼ਿਲ੍ਹੇ ਤੱਕ ਆਣ ਪੁੱਜੇ। ਦੋਵੇਂ ਹੈਲੀਕਾਪਟਰ ਤਕਰੀਬਨ 5 ਮਿੰਟ ਭਾਰਤ ਵਿਚ ਰਹੇ।

ਭਾਰਤੀ ਹਵਾਈ ਸੈਨਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਹੈਲੀਕਾਪਟਰਾਂ ਦੀ ਪਛਾਣ ਕਰ ਲਈ ਗਈ ਹੈ ਤੇ ਇਹ ਦੋਵੇਂ ਹੈਲੀਕਾਪਟਰ ਹਮਲਾ ਕਰਨ ਵਾਲੀ ਝੀਬਾ ਲੜੀ ਦੇ ਸਨ।


ਰਵੀ ਬਾਠ

ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ

ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।

*I may help you in securing loans at good rates as well.*

ਫੋਨ: 925-323-8626
rvbaat@gmail.com



*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741

5887A Lone Tree Way
Antioch, CA 94531

Better Homes and Gardens Real Estate | MASON-McDUFFIE



ਸੰਜਨਾ ਪ੍ਰਭਾਕਰ

ਸੀਨੀਅਰ ਮੌਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ

(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)

- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ

408-905-9849

*email: sanjana4loans@gmail.com*

Arcus LENDING America's Premier Mortgage Experts
*Arcus NMLS # 1035734*



ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ



PERSONAL INJURY ATTORNEYS

LAW OFFICES OF MANPREET S. BAINS
LAW OFFICES OF WILLIAM E. WEISS

AN ASSOCIATION OF LAW FIRMS



Offering Joint Representation at No Additional Cost

No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!

For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# ਲੰਡਨ ਉਤੇ ਦਹਿਸ਼ਤ ਦਾ ਫਿਰ ਪਰਛਾਵਾਂ

**ਲੰਡਨ:** ਬਰਤਾਨੀਆ ਦੀ ਰਾਜਧਾਨੀ ਲੰਡਨ ਇਸ ਸਮੇਂ ਦਹਿਸ਼ਤੀਆਂ ਦੀ ਮਾਰ ਹੇਠ ਹੈ। ਇਕ ਹਫਤੇ ਵਿਚ ਤਿੰਨ ਵੱਡੇ ਅਤਿਵਾਦੀਆਂ ਹਮਲਿਆਂ ਕਾਰਨ ਇਸ ਦੇਸ਼ ਵਿਚ ਦਹਿਸ਼ਤ ਦਾ ਮਾਹੌਲ ਹੈ। ਲੰਡਨ 'ਚ ਚਾਕੂ ਨਾਲ ਲੈਸ ਤਿੰਨ ਹਮਲਾਵਰਾਂ ਨੇ ਲੋਕਾਂ 'ਤੇ ਹਮਲਾ ਕਰਨ ਤੋਂ ਪਹਿਲਾਂ ਲੰਡਨ ਪੁਲ 'ਤੇ ਪੈਦਲ ਜਾ ਰਹੇ ਲੋਕਾਂ ਨੂੰ ਵੈਨ ਨਾਲ ਦਰੜ ਦਿੱਤਾ। ਇਸ ਹਮਲੇ ਵਿਚ ਸੱਤ ਵਿਅਕਤੀਆਂ ਦੀ ਮੌਤ ਤੇ 48 ਜ਼ਖ਼ਮੀ ਹੋਏ ਹਨ। ਬਰਤਾਨੀਆ ਵਿਚ ਬੀਤੇ ਤਿੰਨ ਮਹੀਨਿਆਂ ਵਿਚ ਚੋਣਾਂ ਤੋਂ ਪਹਿਲਾਂ ਇਹ ਤੀਜਾ ਹਮਲਾ ਹੈ। ਹਫਤਾ ਪਹਿਲਾਂ ਮੈਨਚੈਸਟਰ ਹਮਲੇ ਵਿਚ 90 ਜਾਨਾਂ ਜਾਣ ਦੇ ਜ਼ਖ਼ਮ ਅਜੇ ਅੱਲ੍ਹੇ ਹਨ।

ਪ੍ਰਤੱਖਦਰਸ਼ੀ ਮੁਤਾਬਕ ਤਿੰਨ ਹਮਲਾਵਰਾਂ ਨੇ ਸਫੇਦ ਰੰਗ ਦੀ ਵੈਨ ਲੋਕਾਂ ਨਾਲ ਭਰੇ ਲੰਡਨ ਪੁਲ 'ਤੇ ਇਕ ਭੀੜ ਉਤੇ ਚੜ੍ਹਾ ਦਿੱਤੀ ਅਤੇ ਮਗਰੋਂ ਵੈਨ ਤੋਂ ਉਤਰ ਕੇ ਨੇੜਲੀ ਬੋਰੋ ਮਾਰਕਿਟ ਵਿਚ ਬਾਰ ਅਤੇ ਰੈਸਟੋਰੈਂਟ ਵਿਚਲੇ ਲੋਕਾਂ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਉਹ 'ਇਹ ਅੱਲਾਹ ਲਈ ਹੈ' ਦਾ ਨਾਅਰਾ ਲਾ ਰਹੇ ਸੀ। ਘਟਨਾ ਦਾ ਪਤਾ ਚਲਦੇ ਹੀ ਹਥਿਆਰਬੰਦ ਪੁਲਿਸ ਤੁਰਤ ਮੌਕੇ 'ਤੇ ਪੁੱਜੀ ਅਤੇ ਅੱਠ ਮਿੰਟਾਂ 'ਚ ਹੀ ਤਿੰਨੇ ਹਮਲਾਵਰਾਂ ਨੂੰ ਮਾਰ ਮੁਕਾਇਆ। ਹਮਲਾਵਰਾਂ ਨੇ ਆਤਮਘਾਤੀ ਜੈਕਟਾਂ ਪਾਈਆਂ ਹੋਈਆਂ ਸਨ ਜੋ ਜਾਂਚ ਬਾਅਦ ਨਕਲੀ ਪਾਈਆਂ ਗਈਆਂ। ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ।

### ਇਕ ਹਫਤੇ ਵਿਚ ਤਿੰਨ ਅਤਿਵਾਦੀ ਹਮਲੇ



### ਔਖੀ ਘੜੀ ਵਿਚ ਸਿੱਖਾਂ ਨੇ ਫੜੀ ਪੀੜਤਾਂ ਦੀ ਬਾਂਹ

**ਲੰਡਨ:** ਅਤਿਵਾਦੀ ਹਮਲੇ ਦੇ ਪੀੜਤਾਂ ਲਈ ਲੰਡਨ ਦੇ ਗੁਰਦੁਆਰਿਆਂ ਨੇ ਆਪਣੇ ਦਰ ਖੋਲ੍ਹ ਦਿੱਤੇ। ਪੀੜਤਾਂ ਨੂੰ ਸ਼ਰਨ ਤੋਂ ਇਲਾਵਾ ਖਾਣਾ ਦਿੱਤਾ ਜਾ ਰਿਹਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਸ ਹਮਲੇ ਦੇ ਤੁਰਤ ਬਾਅਦ ਸਿੱਖਾਂ ਨੇ ਟਵੀਟ ਕੀਤੇ ਕਿ ਇਸ ਔਖੀ ਘੜੀ ਵਿਚ ਉਨ੍ਹਾਂ ਦੇ ਧਾਰਮਿਕ ਸਥਾਨਾਂ ਦੇ ਦਰਵਾਜੇ ਖੁੱਲੇ ਹਨ। ਰਿਪੋਰਟ ਮੁਤਾਬਕ ਸਿੱਖਾਂ ਦੇ ਬੇਮਿਸਾਲ ਏਕਤਾ ਦਿਖਾਉਂਦਿਆਂ ਨੇੜਲੇ ਗੁਰਦੁਆਰਿਆਂ ਦੇ ਮੈਪ ਪੋਸਟ ਕੀਤੇ ਤਾਂ ਜੋ ਪੀੜਤ ਉਥੇ ਜਾ ਕੇ ਸ਼ਰਨ ਲੈ ਸਕਣ।

# ਆਇਰਲੈਂਡ ਨੇ ਭਾਰਤੀ ਮੂਲ ਦੇ ਆਗੂ ਨੂੰ ਚੁਣਿਆ ਪ੍ਰਧਾਨ ਮੰਤਰੀ

**ਆਇਰਲੈਂਡ:** ਮੁੰਬਈ ਦੇ ਇਕ ਡਾਕਟਰ ਦਾ ਪੁੱਤਰ ਲੀਓ ਵਰਾਦਕਰ ਆਇਰਲੈਂਡ ਦਾ ਅਗਲਾ ਪ੍ਰਧਾਨ ਮੰਤਰੀ ਚੁਣ ਲਿਆ ਗਿਆ ਹੈ। 38 ਸਾਲ ਦੇ ਵਰਾਦਕਰ ਲੀਓ ਨੇ ਐਂਡਾ ਕੇਨੀ ਦੀ ਥਾਂ ਲੈ ਲਈ ਹੈ ਅਤੇ ਆਇਰਲੈਂਡ ਦੇ ਸਭ ਤੋਂ ਛੋਟੀ ਉਮਰ ਦੇ ਪ੍ਰਧਾਨ ਮੰਤਰੀ ਬਣ ਗਏ ਹਨ। ਇਸ ਦੇ ਨਾਲ ਹੀ ਵਰਾਦਕਰ ਨੂੰ ਸੱਤਾਧਾਰੀ ਪਾਰਟੀ ਫਾਈਲ ਗੇਲ ਦਾ ਨੇਤਾ ਵੀ ਚੁਣ ਲਿਆ ਗਿਆ ਹੈ। ਲੀਓ ਸਮਲਿੰਗੀ ਵਿਵਾਦ ਦਾ ਸਮਰਥਨ ਕਰਦੇ ਹਨ ਤੇ ਉਨ੍ਹਾਂ ਨੇ 2015 ਵਿਚ ਆਪਣੇ 36ਵੇਂ ਜਨਮ ਦਿਨ ਮੌਕੇ ਸਿਹਤ ਮੰਤਰੀ ਬਣਨ ਤੋਂ ਬਾਅਦ ਆਪਣਾ ਸਮਲਿੰਗੀ ਹੋਣਾ ਵੀ ਸਵੀਕਾਰ ਕੀਤਾ ਸੀ। 38 ਸਾਲਾ ਵਰਾਦਕਰ ਆਪਣੇ ਪਿਤਾ ਅਸ਼ੋਕ ਵਰਾਦਕਰ ਦੇ ਸਭ ਤੋਂ ਛੋਟੇ ਪੁੱਤਰ ਹਨ। ਅਸ਼ੋਕ 1960 ਦੇ ਦਹਾਕੇ ਵਿਚ ਇੰਗਲੈਂਡ ਦੇ ਨੈਸ਼ਨਲ ਹੈਲਥ ਸਰਵਿਸ ਵਿਚ ਕੰਮ ਕਰਦੇ ਸਨ। ਇਥੇ ਹੀ ਉਨ੍ਹਾਂ ਦਾ ਵਿਆਹ ਇਕ ਨਰਸ ਨਾਲ ਹੋਇਆ ਤੇ 18 ਜਨਵਰੀ 1979 ਨੂੰ ਡਬਲਿਨ 'ਚ ਪੁੱਤਰ ਵਰਾਦਕਰ ਪੈਦਾ ਹੋਇਆ।

ਉਨ੍ਹਾਂ ਦਾ ਪਰਿਵਾਰ ਮੂਲ ਰੂਪ ਨਾਲ ਗੁਜਰਾਤ ਦੇ ਵਰਾਦ ਪਿੰਡ ਦਾ ਰਹਿਣ ਵਾਲਾ ਹੈ। ਵਰਾਦਕਰ ਰਾਜਨੀਤੀ ਵਿਚ ਆਉਣ ਤੋਂ ਪਹਿਲਾਂ ਡਾਕਟਰ ਸਨ। ਉਹ 24 ਸਾਲ ਦੀ ਉਮਰ 'ਚ ਕੌਂਸਲਰ ਬਣੇ, 2007 'ਚ ਸੰਸਦ ਲਈ ਚੁਣੇ ਗਏ। ਸਾਲ 2011 'ਚ ਫਾਇਨ ਗੇਲ ਸੱਤਾਧਾਰੀ ਗਠਜੋੜ 'ਚ ਸਭ ਤੋਂ ਵੱਡੀ ਪਾਰਟੀ ਬਣੀ ਅਤੇ ਲੀਓ ਟਰਾਂਸਪੋਰਟ, ਸੈਰ ਸਪਾਟਾ ਤੇ ਖੇਡ ਮੰਤਰੀ ਰਹੇ ਅਤੇ ਮੌਜੂਦਾ ਸਮੇਂ ਸਿਹਤ ਮੰਤਰੀ ਵੀ ਬਣੇ ਸਨ।




## ਅਫਗਾਨਿਸਤਾਨ ਵਿਚ ਦਹਿਸ਼ਤਪਸੰਦਾਂ ਦੀ ਖ਼ੂਨੀ ਖੇਡ

**ਕਾਬੁਲ:** ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿਚ ਇਕ ਵਾਰ ਫਿਰ ਬਹੁਤ ਵੱਡਾ ਬੰਬ ਧਮਾਕਾ ਹੋਇਆ ਹੈ, ਜਿਸ ਵਿਚ ਘੱਟੋ-ਘੱਟ 80 ਲੋਕ ਮਾਰੇ ਗਏ ਹਨ ਅਤੇ ਸੈਂਕੜੇ ਹੀ ਜ਼ਖ਼ਮੀ ਹੋ ਗਏ ਹਨ। ਇਹ ਧਮਾਕਾ ਬੇਹੱਦ ਸੁਰੱਖਿਆ ਵਾਲੇ ਇਲਾਕੇ 'ਚ ਹੋਇਆ, ਜਿਥੇ ਦੂਸਰੇ ਦੇਸ਼ਾਂ ਦੇ ਸਫਾਰਤਖਾਨੇ ਹਨ। ਅਮਰੀਕਾ ਦੇ ਹੋਰ ਫੌਜੀਆਂ ਦੇ ਉਥੋਂ ਨਿਕਲ ਜਾਣ ਤੋਂ ਬਾਅਦ ਵੀ ਇਹ ਖਦਸ਼ਾ ਬਰਕਰਾਰ ਹੈ ਕਿ ਅਫਗਾਨਿਸਤਾਨ ਦੀ ਚੁਣੀ ਹੋਈ ਸਰਕਾਰ, ਜਿਸ ਦੇ ਅੱਜਕਲ੍ਹ ਰਾਸ਼ਟਰਪਤੀ ਅਸ਼ਰਫ਼ ਗਨੀ ਹਨ, ਲਈ ਸਮਾਂ ਹੋਰ ਵੀ ਵੱਡੇ ਇਮਤਿਹਾਨ ਵਾਲਾ ਹੋ ਸਕਦਾ ਹੈ। ਸਾਲ 2016 ਵਿਚ ਨਵੰਬਰ ਦੇ ਮਹੀਨੇ ਵਿਚ ਕਾਬੁਲ ਵਿਚ ਇਕ ਸ਼ੀਆ ਮਸਜਿਦ 'ਤੇ ਆਤਮਘਾਤੀ ਹਮਲਾ ਕੀਤਾ ਗਿਆ ਸੀ, ਜਿਸ ਵਿਚ 30 ਲੋਕ ਮਾਰੇ ਗਏ ਸਨ। ਇਸੇ ਤਰ੍ਹਾਂ ਹਜ਼ਾਰਾਂ ਭਾਈਚਾਰੇ ਦੇ ਲੋਕਾਂ ਦੇ ਜਲੂਸ 'ਤੇ ਤਾਲਿਬਾਨ ਵੱਲੋਂ ਹਮਲਾ ਕਰ ਕੇ 90 ਲੋਕਾਂ ਨੂੰ ਮਾਰ ਦਿੱਤਾ ਗਿਆ ਸੀ।

# ਪਾਕਿਸਤਾਨ ਵਸਦੇ ਸਿੱਖਾਂ ਵੱਲੋਂ ਭਾਈਚਾਰਕ ਸਾਂਝ ਦਾ ਸਬੂਤ

**ਪੇਸ਼ਾਵਰ:** ਪਾਕਿਸਤਾਨ ਵਸਦੇ ਸਿੱਖ ਭਾਈਚਾਰੇ ਨੇ ਮੁਸਲਮਾਨਾਂ ਦੇ ਰੋਜ਼ਿਆਂ ਦੌਰਾਨ ਭਾਈਚਾਰੇ ਨੂੰ ਇਫਤਾਰੀ ਦਿੱਤੀ। ਰਮਜ਼ਾਨ ਦਾ ਪੂਰਾ ਮਹੀਨਾ ਮੁਸਲਿਮ ਭਾਈਚਾਰੇ ਦੇ ਲੋਕ ਰੋਜ਼ੇ ਭਾਵ ਵਰਤ ਰੱਖਦੇ ਹਨ ਅਤੇ ਹਰ ਦਿਨ ਸ਼ਾਮ ਨੂੰ ਸੂਰਜ ਢਲਣ ਤੋਂ ਬਾਅਦ ਖਾਣਾ ਖਾ ਕੇ ਆਪਣਾ ਵਰਤ ਤੋੜਦੇ ਹਨ ਜਿਸ ਨੂੰ ਇਫਤਾਰੀ ਕਹਿੰਦੇ ਹਨ। ਪਾਕਿਸਤਾਨ ਵਿਚ ਧਾਰਮਿਕ ਸਹਿਣਸ਼ੀਲਤਾ ਨੂੰ ਬੜਾਵੇ ਲਈ ਉਥੇ ਵਸਦੇ ਸਿੱਖਾਂ ਨੇ ਮੁਸਲਿਮ ਭਰਾਵਾਂ ਨੂੰ ਇਫਤਾਰੀ ਪਾਰਟੀ ਦੇ ਕੇ ਭਾਈਚਾਰਕ ਸਾਂਝ ਦਾ ਸਬੂਤ ਤੇ ਸੱਦਾ ਦਿੱਤਾ। ਪਾਕਿਸਤਾਨ ਰਹਿੰਦੇ ਸਿੱਖ ਕਾਰੋਬਾਰੀ ਸਾਹਿਬ ਸਿੰਘ ਨੇ ਆਪਣੇ ਮੈਡੀਕਲ ਸਟੋਰ ਦੇ ਬਾਹਰ ਸਟਾਲ ਲਗਾ ਕੇ ਪੀਣ ਲਈ ਮਿੱਠੀ ਲੱਸੀ ਅਤੇ ਖਾਣ ਲਈ ਵੱਖੋ-ਵੱਖਰੇ ਪਦਾਰਥ ਰੋਜ਼ਾ ਤੋੜਨ ਵਾਲਿਆਂ ਨੂੰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਅਸੀਂ ਆਉਂਦੇ ਦਿਨਾਂ ਵਿਚ ਪੇਸ਼ਾਵਰ ਅਤੇ ਹੋਰ ਥਾਵਾਂ 'ਤੇ ਵੀ ਮੁਸਲਿਮ ਭਾਈਚਾਰੇ ਨੂੰ ਇਫਤਾਰੀ ਦੇਣ ਦੀ ਯੋਜਨਾ ਬਣਾ ਰਹੇ ਹਾਂ। ਜਾਣਕਾਰੀ ਮੁਤਾਬਕ ਪਾਕਿਸਤਾਨ ਵਸਦਾ ਹਿੰਦੂ ਭਾਈਚਾਰਾ ਵੀ ਸਿੰਧ ਤੇ ਪੇਸ਼ਾਵਰ ਵਿਚ ਇਫਤਾਰੀ ਦੇ ਪ੍ਰਬੰਧ ਕਰ ਰਿਹਾ ਹੈ।



# ਜੂਨ ਚੁਰਾਸੀ: ਲੰਡਨ ਵਿਚ ਸਿੱਖ ਭਾਈਚਾਰੇ ਦਾ ਰੋਸ ਮੁਜ਼ਾਹਰਾ

**ਲੰਡਨ:** ਜੂਨ 1984 ਵਿਚ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਢਾਹੇ ਜਾਣ ਦੇ ਵਿਰੋਧ ਵਿਚ ਲੰਡਨ ਵਿਚ ਵੱਡਾ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਇਸ ਰੋਸ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਲਈ ਬਰਤਾਨੀਆ ਵਿੱਚ ਆਜ਼ਾਦ ਸਿੱਖ ਰਾਜ ਦੇ ਨਿਸ਼ਾਨੇ ਨੂੰ ਸਮਰਪਤ ਸਿੱਖ ਜਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵੱਲੋਂ ਦੁਨੀਆ ਭਰ ਦੇ ਸਿੱਖਾਂ ਨੂੰ ਸੱਦਾ ਦਿੱਤਾ ਗਿਆ ਹੈ।

ਲੰਦਨ ਵਿੱਚ ਹੁਣ ਤੱਕ 150 ਦੇ ਕਰੀਬ ਕੋਚਾਂ ਵੱਖ-ਵੱਖ ਸ਼ਹਿਰਾਂ ਤੋਂ ਲੰਡਨ ਪਹੁੰਚ ਚੁੱਕੀਆਂ ਹਨ। ਫੈਡਰੇਸ਼ਨ ਪ੍ਰਬੰਧਕਾਂ ਨੇ ਇੰਗਲੈਂਡ ਭਰ ਦੀ ਸੰਗਤ ਨੂੰ ਵੱਡੀ ਪੱਧਰ 'ਤੇ ਰੋਸ ਮੁਜ਼ਾਹਰੇ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਸਿੱਖ ਨੌਜਵਾਨਾਂ ਦੀ ਪੁਲਿਸ ਵੱਲੋਂ ਵੱਡੀ ਪੱਧਰ 'ਤੇ ਹੋ ਰਹੀ ਫੜੋ ਫੜਾਈ ਦੀ ਸਖਤ ਨਿਖੇਧੀ ਵੀ ਕੀਤੀ। ਲੰਡਨ ਦੇ ਸਮੇਂ ਮੁਤਾਬਕ ਰੋਸ ਮੁਜ਼ਾਹਰੇ 'ਚ ਸਵੇਰੇ 11 ਵਜੇ ਸਿੱਖ ਸੰਗਤ ਵੱਖ-ਵੱਖ ਸ਼ਹਿਰਾਂ ਤੋਂ ਹਾਈਡ ਪਾਰਕ ਲੰਡਨ ਵਿਖੇ ਕਾਰਾਂ ਤੇ ਕੋਚਾਂ ਦੇ ਕਾਫਲਿਆਂ ਰਾਹੀਂ ਪੁੱਜੇਗੀ ਜਿੱਥੇ ਦੋ ਘੰਟੇ ਸਟੇਜ ਦੀ ਕਾਰਵਾਈ ਚੱਲੇਗੀ। ਉਪਰੰਤ ਵਿਸ਼ਾਲ ਮਾਰਚ ਲੰਡਨ ਦੀਆਂ ਸੜਕਾਂ 'ਤੇ ਚਾਲੇ ਪਾਵੇਗਾ ਅਤੇ ਟਰੈਫਗਲਰ ਸੁਕੇਅਰ ਵਿਖੇ ਵਿਸ਼ਾਲ ਰੈਲੀ ਕੀਤੀ ਜਾਵੇਗੀ। 84 ਘੱਲੂਘਾਰੇ ਦੀ ਯਾਦ ਵਿੱਚ ਸਿੱਖ ਸੰਗਤ ਦੇ ਸਹਿਯੋਗ ਨਾਲ ਸਿੱਖ ਜਥੇਬੰਦੀਆਂ ਵੱਲੋਂ ਹਰ ਸਾਲ ਰੋਸ ਮੁਜ਼ਾਹਰਾ ਕੀਤਾ ਜਾਂਦਾ ਹੈ। ਇਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤ ਸ਼ਮੂਲੀਅਤ ਕਰਦੀ ਹੈ।

## ਅਮਰੀਕਾ ਦੀ ਚੀਨ ਨੂੰ ਮੁੜ ਚਿਤਾਵਨੀ

**ਵਾਸ਼ਿੰਗਟਨ:** ਅਮਰੀਕਾ ਦੇ ਰੱਖਿਆ ਮਡੰਤਰੀ ਜੇਮਸ ਮੈਟਿਸ ਨੇ ਆਪਣੇ ਏਸ਼ਿਆਈ ਸਹਿਯੋਗੀਆਂ ਨੂੰ ਮੁੜ ਤੋਂ ਭਰੋਸਾ ਦਵਾਇਆ ਹੈ ਕਿ ਅਮਰੀਕਾ ਦੱਖਣੀ ਚੀਨ ਸਾਗਰ ਵਿਚ ਚੀਨੀ ਟਾਪੂਆਂ ਦਾ ਵਿਰੋਧ ਕਰਦਾ ਰਹੇਗਾ। ਸਿੰਘਾਪੁਰ ਵਿਚ ਇਕ ਸੁਰੱਖਿਆ ਕਾਨਫਰੰਸ ਵਿਚ ਜੇਮਸ ਨੇ ਕਿਹਾ ਕਿ ਚੀਨ ਇਸ ਇਲਾਕੇ ਦਾ ਸੈਨਾਕਰਨ ਕਰ ਰਿਹਾ ਹੈ ਜੋ ਇਲਾਕੇ ਵਿਚ ਅਸਥਿਰਤਾ ਵਾਲਾ ਮਾਹੌਲ ਪੈਦਾ ਕਰ ਰਿਹਾ ਹੈ।

## ਚਲਦੀ ਬੱਸ ਨੂੰ ਲੱਗੀ ਅੱਗ, 22 ਸਵਾਰੀਆਂ ਸੜੀਆਂ

**ਲਖਨਊ:** ਬਰੇਲੀ ਨੇੜੇ ਰਜਾਊ ਪਾਰਸਪੁਰ ਇਲਾਕੇ ਵਿਚ ਬੱਸ ਤੇ ਟਰੱਕ ਦੀ ਟੱਕਰ ਵਿਚ ਬੱਸ ਨੂੰ ਅੱਗ ਲੱਗ ਗਈ, ਅਤੇ ਭਿਆਨਕ ਹਾਦਸੇ ਵਿਚ ਬੱਸ ਸਵਾਰ 22 ਸਵਾਰੀਆਂ ਸੜ ਗਈਆਂ। ਦਰਅਸਲ, ਜਿਸ ਟਰੱਕ ਨਾਲ ਬੱਸ ਦੀ ਟੱਕਰ ਵੱਜੀ ਉਹ ਡੀਜ਼ਲ ਟੈਂਕ ਸੀ ਤੇ ਤੇਲ ਨਾਲ ਭਰਿਆ ਹੋਇਆ ਸੀ, ਜਿਸ ਕਾਰਨ ਬੱਸ ਨੂੰ ਅੱਗ ਦੀ ਭੇਟ ਚੜ੍ਹਦਿਆਂ ਬਹੁਤਾ ਸਮਾਂ ਨਾ ਲੱਗਿਆ। ਕੌਮੀ ਸ਼ਾਹਰਾਹ 24 'ਤੇ ਵਾਪਰੀ ਇਸ ਘਟਨਾ ਵਾਲੀ ਬੱਸ ਗੋਂਦਾ ਤੋਂ 37 ਸਵਾਰੀਆਂ ਲੈ ਕੇ ਜਾ ਰਹੀ ਸੀ।

# ਸੁਖਵੰਤ ਨੂੰ ਸਾਊਦੀ ਅਰਬ ਵਿਚ ਗੁਲਾਮੀ ਤੋਂ ਮਿਲੀ ਨਿਜਾਤ

**ਅੰਮ੍ਰਿਤਸਰ:** ਸਾਊਦੀ ਅਰਬ ਵਿਚ ਪੰਜ ਮਹੀਨੇ ਗੁਲਾਮਾਂ ਵਾਲੀ ਜ਼ਿੰਦਗੀ ਭੋਗਣ ਤੋਂ ਬਾਅਦ ਸੁਖਵੰਤ ਕੌਰ (55) ਆਪਣੇ ਪਰਿਵਾਰ ਵਿਚ ਪਰਤ ਆਈ ਹੈ। ਟਰੈਵਲ ਏਜੰਟਾਂ ਨੇ ਸੁਖਵੰਤ ਕੌਰ ਨੂੰ ਸਾਢੇ ਤਿੰਨ ਲੱਖ ਰੁਪਏ ਵਿਚ ਸਾਊਦੀ ਅਰਬ ਦੇ ਇਕ ਪਰਿਵਾਰ ਨੂੰ ਵੇਚ ਦਿੱਤਾ ਸੀ। ਸੁਖਵੰਤ ਨੇ ਦੱਸਿਆ ਪੁੱਤਰ ਨੂੰ ਕੁਵੈਤ ਭੇਜਣ ਲਈ ਉਨ੍ਹਾਂ ਦੋ ਲੱਖ ਰੁਪਏ ਦਾ ਕਰਜ਼ਾ ਲਿਆ ਸੀ ਅਤੇ ਉਸ ਨੂੰ ਉਤਾਰਨ ਲਈ ਹੀ ਉਹ ਵਿਦੇਸ਼ ਗਈ ਸੀ। ਲਾਂਬੜੇ ਦੀ ਰਹਿਣ ਵਾਲੀ ਪੂਜਾ ਨਾਂ ਦੀ ਟਰੈਵਲ ਏਜੰਟ ਨੇ ਉਸ ਨੂੰ ਸਾਊਦੀ ਅਰਬ 'ਚ ਇਕ ਘਰ ਵਿਚ ਕੰਮ ਦਿਵਾਉਣ ਅਤੇ ਮਹੀਨੇ ਦੇ 22 ਹਜ਼ਾਰ ਰੁਪਏ ਮਿਲਣ ਦਾ ਝਾਂਸਾ ਦਿੱਤਾ। ਸੁਖਵੰਤ ਕੌਰ ਦਾ ਕਹਿਣਾ ਹੈ ਕਿ ਉਹ ਇਸ ਸਾਲ 20 ਜਨਵਰੀ ਨੂੰ ਦਿੱਲੀ ਤੋਂ ਦੁਬਈ ਗਈ, ਜਿਥੇ ਉਸ ਨੂੰ ਦੋ ਔਰਤਾਂ ਅਤੇ 15 ਮਰਦਾਂ ਵਿਚਕਾਰ ਇਕ ਕਮਰੇ 'ਚ ਰਹਿਣਾ ਪਿਆ।

ਦੁਬਈ ਤੋਂ 24 ਜਨਵਰੀ ਨੂੰ ਸਾਊਦੀ ਅਰਬ ਲਈ ਉਡਾਣ ਭਰੀ। ਉਥੇ ਇਕ ਪਰਿਵਾਰ ਦੀਆਂ ਤਿੰਨ ਔਰਤਾਂ ਮਦਰੀਆਂ, ਫਾਜ਼ੀਆ ਅਤੇ ਮੀਰਾ ਨੇ ਦੱਸਿਆ ਕਿ ਉਸ ਨੂੰ ਸਾਢੇ ਤਿੰਨ ਲੱਖ ਰੁਪਏ ਵਿਚ ਦਿੱਲੀ ਦੇ ਰਹਿਣ ਵਾਲੇ ਇਕ ਟਰੈਵਲ ਏਜੰਟ ਸ਼ਕੀਰ ਖਾਨ ਕੋਲੋਂ ਖਰੀਦਿਆ ਹੈ। ਉਸ ਨੂੰ ਦੁਪਹਿਰ 11 ਵਜੇ ਤੋਂ ਲੈ ਕੇ ਰਾਤ 2 ਵਜੇ ਤੱਕ ਇਕ ਕਮਰੇ ਵਿਚ ਬੰਦ ਰੱਖਿਆ ਜਾਂਦਾ ਸੀ। ਸਿਹਤ ਖਰਾਬ ਹੋਣ ਕਰ ਕੇ ਉਸ ਨੂੰ ਹੈਲਸਿਟੀ ਹਸਪਤਾਲ ਦਾਖਲ ਕਰਵਾਇਆ ਗਿਆ ਜਿਥੇ ਕੇਰਲਾ ਦੀ ਨਰਸ ਨੇ ਉਸ ਦੇ ਘਰ ਗੱਲ ਕਰਵਾਈ। ਉਸ ਦੇ ਪਤੀ ਕੁਲਵੰਤ ਸਿੰਘ ਨੇ ਦੱਸਿਆ ਕਿ ਭਾਰਤੀ ਦੂਤਾਵਾਸ ਨੇ ਸੁਖਵੰਤ ਕੌਰ ਨੂੰ ਹਸਪਤਾਲ ਵਿਚੋਂ ਹੀ ਆਜ਼ਾਦ ਕਰਵਾ ਲਿਆ। ਸੁਖਵੰਤ ਕੌਰ ਜਦੋਂ ਮੁੰਬਈ ਹਵਾਈ ਅੱਡੇ 'ਤੇ ਉਤਰੀ ਤਾਂ ਉਸ ਨੂੰ ਟਰੈਵਲ ਏਜੰਟ ਪੂਜਾ ਨੇ ਮਿਲਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਮੁੰਬਈ ਪੁਲਿਸ ਨੇ ਉਥੇ ਹੀ ਗ੍ਰਿਫਤਾਰ ਕਰ ਲਿਆ।

ਸੁਖਵੰਤ ਕੌਰ ਵਰਗੀਆਂ ਸੈਂਕੜੇ ਹੋਰ ਭਾਰਤੀ ਇਸਤਰੀਆਂ ਖਾੜੀ ਦੇਸ਼ਾਂ ਵਿਚ ਗ਼ੁਲਾਮਾਂ ਵਰਗਾ ਜੀਵਨ ਬਤੀਤ ਕਰ ਰਹੀਆਂ ਹਨ ਅਤੇ ਉਨ੍ਹਾਂ ਦੇ ਥਹੁ-ਪਤੇ ਦੀ ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਜਾਣਕਾਰੀ ਨਹੀਂ।



## ਕੈਪਟਨ ਦੀ ਧੋਖੇਬਾਜ਼ ਏਜੰਟਾਂ ਖਿਲਾਫ ਰਣਨੀਤੀ


**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਾਅਦਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਛੇਤੀ ਹੀ ਸਮਾਂਬੱਧ ਕਾਰਜ ਯੋਜਨਾ ਤਿਆਰ ਕੀਤੀ ਜਾਏਗੀ ਤਾਂ ਜੋ ਗੈਰਕਾਨੂੰਨੀ ਟਰੈਵਲ ਏਜੰਟਾਂ ਨੂੰ ਲੋਕਾਂ ਨਾਲ ਠੱਗੀ ਮਾਰਨ ਤੋਂ ਰੋਕਿਆ ਜਾ ਸਕੇ।

## ਹਾਈ ਕੋਰਟ ਵੱਲੋਂ ਸਰਕਾਰੀ ਢਿੱਲ 'ਤੇ ਟਿੱਪਣੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਕ ਅਹਿਮ ਫੈਸਲੇ 'ਚ ਕਿਹਾ ਹੈ ਕਿ ਪੰਜਾਬ ਤੇ ਹਰਿਆਣਾ 'ਚ ਵਿਦੇਸ਼ ਭੇਜਣ ਦੇ ਨਾਂ 'ਤੇ ਧੰਦਾ ਕਰ ਰਹੇ ਅਣ-ਅਧਿਕਾਰਤ ਏਜੰਟਾਂ ਕੋਲ ਭੋਲੇ-ਭਾਲੇ ਲੋਕਾਂ ਦੇ ਫਸਣ ਦਾ ਮੁੱਖ ਕਾਰਨ ਸਰਕਾਰਾਂ ਵੱਲੋਂ ਪ੍ਰਚਾਰ ਕੀਤੇ ਜਾਣ ਦੀ ਘਾਟ ਹੈ। ਇਕਹਿਰੀ ਬੈਂਚ ਨੇ ਅਜਿਹੇ ਹੀ ਇਕ ਅਣ-ਅਧਿਕਾਰਤ ਏਜੰਟ ਨੂੰ ਜ਼ਮਾਨਤ ਦਿੰਦਿਆਂ ਆਪਣੇ ਹੁਕਮ 'ਚ ਕਿਹਾ ਹੈ ਕਿ ਅਣ-ਅਧਿਕਾਰਤ ਏਜੰਟਾਂ ਕੋਲ ਫਸਣ ਤੇ ਇਨ੍ਹਾਂ ਨੂੰ ਪੈਸਾ ਨਾ ਦੇਣ ਪ੍ਰਤੀ ਆਮ ਲੋਕਾਂ ਨੂੰ ਸਚੇਤ ਕਰਨ 'ਚ ਸਰਕਾਰਾਂ ਫੇਲ੍ਹ ਸਾਬਤ ਹੋਈਆਂ ਹਨ, ਇਹੋ ਕਾਰਨ ਹੈ ਕਿ ਲੋਕ ਵਿਦੇਸ਼ ਜਾਣ ਦੇ ਸੁਪਨੇ ਲੈ ਕੇ ਆਪਣੇ ਗਹਿਣੇ ਤੱਕ ਵੇਚ ਦਿੰਦੇ ਹਨ ਤੇ ਬਾਅਦ 'ਚ ਜਦੋਂ ਨਾ ਵਿਦੇਸ਼ ਪੁੱਜਦੇ ਹਨ ਤੇ ਨਾ ਪੈਸਾ ਮਿਲਦਾ ਹੈ।

# ਦਰਬਾਰ ਸਾਹਿਬ ‘ਤੇ ਹਮਲੇ ਵਿਚ ਮੌਤਾਂ ਦੀ ਗਿਣਤੀ ਅਜੇ ਵੀ ਰਾਜ਼

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਸਮੂਹ ਉਤੇ ਭਾਰਤੀ ਫੌਜ ਵੱਲੋਂ ਕੀਤੇ ਹਮਲੇ ਨੂੰ 33 ਵਰ੍ਹੇ ਬੀਤ ਗਏ ਹਨ ਪਰ ਹੁਣ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਕੋਈ ਅਜਿਹੇ ਸਰਕਾਰੀ ਜਾਂ ਅਧਿਕਾਰਤ ਅੰਕੜੇ ਨਹੀਂ ਹਨ, ਜਿਨ੍ਹਾਂ ਤੋਂ ਇਹ ਪਤਾ ਲੱਗ ਸਕੇ ਕਿ ਇਸ ਹਮਲੇ ਵਿਚ ਕਿੰਨੇ ਲੋਕ ਮਾਰੇ ਗਏ ਸਨ। ਇਨ੍ਹਾਂ ਵਿਚ ਕਿੰਨੇ ਲੜਨ ਵਾਲੇ ਤੇ ਕਿੰਨੇ ਆਮ ਸ਼ਰਧਾਲੂ ਸਨ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰਾਲੇ ਕੋਲੋਂ ਮਦਦ ਲੈਣ ਦਾ ਫੈਸਲਾ ਕੀਤਾ ਹੈ। ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਇਸ ਮਾਮਲੇ ਵਿਚ ਛੇਤੀ ਹੀ ਕੇਂਦਰੀ ਗ੍ਰਹਿ ਮੰਤਰੀ ਅਤੇ ਰੱਖਿਆ ਮੰਤਰਾਲੇ ਨੂੰ ਚਿੱਠੀ ਭੇਜਣਗੇ।



ਇਸ ਵੇਲੇ ਸ਼੍ਰੋਮਣੀ ਕਮੇਟੀ ਕੋਲ ਇਸ ਹਮਲੇ ਵਿਚ ਮਾਰੇ ਗਏ ਵਿਅਕਤੀਆਂ ਦੀ ਸੂਚੀ ਵਿਚ 741 ਨਾਮ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ 741 ਵਿਅਕਤੀਆਂ ਦੇ ਪਰਿਵਾਰਾਂ ਨੂੰ ਉਸ ਵੇਲੇ ਦਸ ਹਜ਼ਾਰ ਰੁਪਏ ਮਾਲੀ ਮਦਦ ਦਿੱਤੀ ਗਈ ਸੀ। ਕੇਂਦਰੀ ਸਿੱਖ ਅਜਾਇਬਘਰ ਵਿਚ ਘੱਲੂਘਾਰਾ ਸ਼ਹੀਦਾਂ ਦੀ ਸੂਚੀ ਵਿਚ 743 ਨਾਂ ਸ਼ਾਮਲ ਹਨ। ਅਜਾਇਬ ਘਰ ਦੇ ਇਕ ਹਿੱਸੇ ਵਿਚ ਉਸ ਵੇਲੇ ਮਾਰੇ ਗਏ ਵਿਅਕਤੀਆਂ ਦੇ ਨਾਂ ਲਿਖੇ ਹੋਏ ਹਨ। ਇਹ ਸੂਚੀ ਮੁਕੰਮਲ ਨਹੀਂ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਵੱਲੋਂ ਸਿਰਫ ਉਨ੍ਹਾਂ ਲੋਕਾਂ ਨੂੰ ਹੀ ਮਾਲੀ ਮਦਦ ਦਿੱਤੀ ਗਈ ਸੀ, ਜਿਨ੍ਹਾਂ ਨੇ ਉਸ ਵੇਲੇ ਕਮੇਟੀ ਕੋਲ ਪਹੁੰਚ ਕਰ ਕੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਦਾ ਪਰਿਵਾਰਕ ਮੈਂਬਰ ਫੌਜੀ ਹਮਲੇ ਵਿੱਚ ਮਾਰਿਆ ਗਿਆ।

ਇਸ ਸਬੰਧੀ ਦਸਤਾਵੇਜ਼ ਵਿਚ ਇਹ ਗੱਲ ਵੀ ਸ਼ਾਮਲ ਹੈ ਕਿ ਉਸ ਵੇਲੇ ਬੈਰਕਾਂ ਛੱਡਣ ਵਾਲੇ 1292 ਸਿੱਖ ਫੌਜੀਆਂ ਨੂੰ ਵੀ ਇਕ-ਇਕ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ ਸੀ। 235 ਫੌਜੀਆਂ ਨੂੰ 2-2 ਹਜ਼ਾਰ ਰੁਪਏ ਹੋਰ ਮਾਲੀ ਮਦਦ ਦਿੱਤੀ ਗਈ ਸੀ, ਜਿਨ੍ਹਾਂ ਨੂੰ 2-2 ਸਾਲ ਤੋਂ ਵੱਧ ਸਜ਼ਾ ਹੋਈ ਸੀ। ਇਸ ਦਸਤਾਵੇਜ਼ ਵਿਚ ਉਸ ਵੇਲੇ ਸਰਕਾਰ ਵੱਲੋਂ ਗ੍ਰਿਫਤਾਰ ਕੀਤੇ ਲੋਕਾਂ ਸਬੰਧੀ ਅੰਕੜੇ ਵੀ ਸ਼ਾਮਲ ਹਨ। ਉਸ ਵੇਲੇ 2920 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 1-1 ਹਜ਼ਾਰ ਰੁਪਏ ਸਹਾਇਤਾ ਰਾਸ਼ੀ ਦਿੱਤੀ ਗਈ। 369 ਜਣਿਆਂ ਨੂੰ 5-5 ਸੌ ਰੁਪਏ ਸਹਾਇਤਾ ਰਾਸ਼ੀ ਦਿੱਤੀ ਗਈ ਸੀ। ਦਲ ਖਾਲਸਾ ਵੱਲੋਂ 2006 ਵਿਚ ਇਕ ਡਾਇਰੈਕਟਰੀ ਤਿਆਰ ਕੀਤੀ ਗਈ ਸੀ, ਜਿਸ ਵਿਚ 222 ਵਿਅਕਤੀਆਂ ਦੇ ਨਾਂ ਸ਼ਾਮਲ ਹਨ। ਇਹ ਸਾਰੇ ਵਿਅਕਤੀ ਫੌਜੀ ਹਮਲੇ ਵੇਲੇ ਦਰਬਾਰ ਸਾਹਿਬ ਕੰਪਲੈਕਸ ਵਿਚ ਮਾਰੇ ਗਏ ਸਨ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਨੇ ਮੰਨਿਆ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਵੀ ਕੋਈ ਵਿਸ਼ੇਸ਼ ਯਤਨ ਨਹੀਂ ਕੀਤੇ ਗਏ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਇਸ ਸਬੰਧੀ ਛੇਤੀ ਹੀ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਚਿੱਠੀ ਭੇਜ ਕੇ ਅੰਕੜੇ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ ਜਾਵੇਗੀ।


## ਬੰਗਲੌਰ ’ਚ ਸਿੱਖ ਕਰਨਲ ਦੇ ਪਰਿਵਾਰ ਦੀ ਕੁੱਟਮਾਰ

**ਅੰਮ੍ਰਿਤਸਰ:** ਬੰਗਲੌਰ ਵਾਸੀ ਸੇਵਾ ਮੁਕਤ ਕਰਨਲ ਆਰ.ਐਸ. ਉਪਲ ਦੇ ਪਰਿਵਾਰ ਨਾਲ ਕੁਝ ਲੋਕਾਂ ਵੱਲੋਂ ਕੀਤੀ ਕੁੱਟਮਾਰ ਅਤੇ ਕੇਸਾਂ ਦੀ ਬੇਅਦਬੀ ਖਿਲਾਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਰਨਾਟਕ ਦੇ ਮੁੱਖ ਮੰਤਰੀ ਸ੍ਰੀ ਕੇ. ਸਿਧਾਰਮਈਆ ਨੂੰ ਪੱਤਰ ਲਿਖ ਕੇ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

ਕਮੇਟੀ ਪ੍ਰਧਾਨ ਨੇ ਕਿਹਾ ਕਿ ਫੌਜ ਵਿਚ ਦੇਸ਼ ਦੀ ਰਾਖੀ ਲਈ ਯੋਗਦਾਨ ਪਾਉਣ ਵਾਲੇ ਅਫਸਰ ਦੇ ਪਰਿਵਾਰ ਨਾਲ ਅਜਿਹੀ ਹਰਕਤ ਕਰਨੀ ਨਿੰਦਣਯੋਗ ਹੈ ਅਤੇ ਕਸੂਰਵਾਰ ਲੋਕਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭਾਵੇਂ ਸਥਾਨਕ ਪੁਲਿਸ ਥਾਣੇ ਵਿਚ ਮਾਮਲਾ ਦਰਜ ਕਰ ਲਿਆ ਗਿਆ ਹੈ ਪਰ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

## ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਖਿਲਾਫ 6 ਜੂਨ ਤੱਕ ਦਰਜ ਨਹੀਂ ਸੀ ਕੋਈ ਕੇਸ

**ਚੰਡੀਗੜ੍ਹ:** ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਖਿਲਾਫ਼ 6 ਜੂਨ 1984 ਤੱਕ ਨਾ ਤਾਂ ਕਿਤੇ ਵੀ ਕੋਈ ਐਫ.ਆਈ.ਆਰ. ਦਰਜ ਹੋਈ ਤੇ ਨਾ ਹੀ ਉਨ੍ਹਾਂ ਨੂੰ ਅਤਿਵਾਦੀ ਐਲਾਨਿਆ ਗਿਆ ਸੀ। ਉਕਤ ਖੁਲਾਸਾ ਆਰ.ਟੀ.ਆਈ. ‘ਚ ਮੰਗੀ ਜਾਣਕਾਰੀ ਵਿਚ ਹੋਇਆ ਹੈ। ਮਨੁੱਖੀ ਅਧਿਕਾਰਾਂ ਬਾਰੇ ਸੰਸਥਾ ਜਸਟਿਸ ਫਾਊਂਡੇਸ਼ਨ ਦੇ ਮੈਂਬਰ ਨਵਦੀਪ ਗੁਪਤਾ ਵੱਲੋਂ ਇਹ ਜਾਣਕਾਰੀ ਮੰਗੀ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਬਾਰੇ ਜਾਣਕਾਰੀ ਅੰਮ੍ਰਿਤਸਰ ਪੁਲਿਸ ਨੇ ਉਨ੍ਹਾਂ ਨੂੰ ਭੇਜੀ ਹੈ। ਕੇਂਦਰੀ ਗ੍ਰਹਿ ਵਿਭਾਗ ਤੋਂ ਮੰਗੀ ਜਾਣਕਾਰੀ ‘ਚ ਦੱਸਿਆ ਗਿਆ ਹੈ ਕਿ ਸਾਕਾ ਨੀਲਾ ਤਾਰਾ ਤੋਂ ਬਾਅਦ ਸੰਤ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਤੇ 34 ਹੋਰਨਾਂ ਦੀਆਂ ਲਾਸ਼ਾਂ ਹਥਿਆਰਾਂ ਸਮੇਤ ਅਕਾਲ ਤਖਤ ਸਾਹਿਬ ਦੀ ਹੇਠਲੀ ਮੰਜ਼ਿਲ ਤੋਂ ਮਿਲੀਆਂ ਸਨ ਤੇ ਇਸ ਸਬੰਧੀ ਫੌਜ ਨੇ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ।




ਤੰਦੂਰੀਏ, ਕਿਚਨ ਹੈਲਪਰ ਅਤੇ ਵੇਟਰਾਂ ਦੀ ਲੋੜ ਹੈ

ਪਾਲੋ ਆਲਟੋ (ਬੇਏਰੀਏ) ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ ਅਤੇ ਵੇਟਰਾਂ ਦੀ ਲੋੜ ਹੈ।

ਚੰਗੀ ਤਨਖਾਹ, ਰਿਹਾਇਸ਼ ਮੁਫਤ

ਸੰਪਰਕ ਕਰੋ

ਫੋਨ: 408-836-8757

20-23



Satwant Singh Insurance Services

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

**Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.**



Satwant Singh, CLCS, MBA
*(CA Lic # 0H11256)*

Allied Insurance
a Nationwide Insurance® company

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ ’ਤੇ ਜਵਾਬ ਦਿੰਦੇ ਹਾਂ

***Call today for your FREE, no-obligation quote:***

**1-408-771-2438**

satwant@satwantins.com

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਡੇਅਰੀ ਕਾਰੋਬਾਰ ਨੂੰ ਤਬਾਹ ਕਰ ਦੇਵੇਗੀ ਮੋਦੀ ਨੀਤੀ



**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਗਈ 'ਗਾਂ-ਨੋਟੀਫਿਕੇਸ਼ਨ' ਵਿਚਲੇ ਨੇਮਾਂ ਨੇ ਪੰਜਾਬ ਦੇ ਡੇਅਰੀ ਕਿਸਾਨਾਂ ਨੂੰ ਵੱਡੇ ਵਿੱਤੀ ਸੰਕਟ 'ਚ ਧੱਕ ਦਿੱਤਾ ਹੈ।

ਇਸ ਨੋਟੀਫਿਕੇਸ਼ਨ ਵਿਚਲੇ ਨਿਯਮਾਂ ਕਾਰਨ ਪੰਜਾਬ ਦੇ ਡੇਅਰੀ ਕਿਸਾਨਾਂ ਵੱਲੋਂ ਹੋਰਾਂ ਸੂਬਿਆਂ ਨੂੰ ਹਰ ਸਾਲ ਵੇਚੀਆਂ ਜਾਂਦੀਆਂ ਲਗਭਗ 2500 ਕਰੋੜ ਦੀਆਂ ਗਾਵਾਂ ਨਾਲ ਸਬੰਧਤ ਕਾਰੋਬਾਰ ਡੁੱਬਣ ਕੰਢੇ ਹੈ ਅਤੇ ਇਸ ਨੋਟੀਫਿਕੇਸ਼ਨ ਦਾ ਸਭ ਤੋਂ ਜ਼ਿਆਦਾ ਨੁਕਸਾਨ ਪੰਜਾਬ ਦੇ ਉਨ੍ਹਾਂ ਲੋਕਾਂ ਨੂੰ ਹੋਣ ਵਾਲਾ ਹੈ, ਜਿਨ੍ਹਾਂ ਨੇ ਲੱਖਾਂ ਰੁਪਏ ਕਰਜ਼ ਲੈ ਕੇ ਡੇਅਰੀ ਕਾਰੋਬਾਰ ਆਰੰਭਿਆ ਸੀ।

ਪੰਜਾਬ ਦੇ ਡੇਅਰੀ ਕਿਸਾਨਾਂ ਦੀ ਜਥੇਬੰਦੀ 'ਪ੍ਰੋਗ੍ਰੈਸਿਵ ਡੇਅਰੀ ਫਾਰਮਰਜ਼ ਐਸੋਸੀਏਸ਼ਨ ਪੰਜਾਬ' ਦੇ ਆਗੂਆਂ ਨੇ ਚਿੰਤਾ ਪ੍ਰਗਟ ਕੀਤੀ ਕਿ ਜੇ ਇਹ ਨੋਟੀਫਿਕੇਸ਼ਨ ਪੂਰਨ ਤੌਰ 'ਤੇ ਲਾਗੂ ਹੋ ਗਿਆ ਤਾਂ ਪੰਜਾਬ 'ਚ ਡੇਅਰੀ ਕਿਸਾਨਾਂ ਕੋਲ ਖੁਦਕੁਸ਼ੀ ਤੋਂ ਬਿਨਾਂ ਕੋਈ ਰਾਹ ਨਹੀਂ ਬਚੇਗਾ। ਐਸੋਸੀਏਸ਼ਨ ਦੇ ਮੁਖੀ ਦਲਜੀਤ ਸਿੰਘ ਨੇ ਕਿਹਾ ਕਿ ਇਸ ਨੋਟੀਫਿਕੇਸ਼ਨ 'ਚ ਮੋਦੀ ਸਰਕਾਰ ਨੇ ਐਨੇ ਬੇਹੂਦਾ ਕਿਸਮ ਦੇ ਨੇਮ ਸ਼ਾਮਲ ਕਰ ਦਿੱਤੇ ਹਨ, ਜਿਸ ਨਾਲ ਪੰਜਾਬ ਸਮੇਤ ਦੇਸ਼ ਭਰ 'ਚ ਗਾਵਾਂ ਦੀ ਖਰੀਦੋ-ਫਰੋਖਤ ਲਗਭਗ ਬੰਦ ਹੀ ਹੋ ਜਾਵੇਗੀ।

ਯਾਦ ਰਹੇ ਕਿ 'ਗਾਂ-ਨੋਟੀਫਿਕੇਸ਼ਨ' ਕਾਰਨ ਪੰਜਾਬ ਵਿਚ ਹੀ ਨਹੀਂ, ਮੁਲਕ ਦੇ ਕਈ ਹੋਰ ਸੂਬਿਆਂ ਵਿਚ ਵੀ ਤਿੱਖਾ ਵਿਰੋਧ ਹੋ ਰਿਹਾ ਹੈ। ਇਨ੍ਹਾਂ ਸੂਬਿਆਂ ਵਿਚੋਂ ਕੇਰਲ ਅਤੇ ਤਾਮਿਲਨਾਡੂ ਵਿਚ ਤਾਂ ਕਈ ਥਾਂਈਂ ਹਿੰਸਕ ਵਾਰਦਾਤਾਂ ਵੀ ਹੋ ਚੁੱਕੀਆਂ ਹਨ। ਇਹੀ ਨਹੀਂ, ਸੱਤਾਧਾਰੀ ਭਾਜਪਾ ਅੰਦਰ ਵੀ ਇਸ ਦਾ ਕੁਝ ਕੁਝ ਵਿਰੋਧ ਹੋ ਰਿਹਾ ਹੈ। ਮੇਘਾਲਿਆ ਦੇ ਦੋ ਲੀਡਰਾਂ ਨੇ ਤਾਂ ਪਾਰਟੀ ਤੋਂ ਅਸਤੀਫਾ ਵੀ ਦੇ ਦਿੱਤਾ ਹੈ।

## ਭਾਜਪਾ ਵਿਚ ਗਊ ਭਗਤੀ ਖਿਲਾਫ ਬਗਾਵਤ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਪਸ਼ੂਆਂ ਦੀ ਬੁੱਚੜਖਾਨਿਆਂ ਲਈ ਖਰੀਦੋ-ਫਰੋਖਤ ਉਤੇ ਪਾਬੰਦੀ ਲਾਏ ਜਾਣ ਖਿਲਾਫ ਦੇਸ਼ ਭਰ ਵਿਚ ਰੋਹ ਭਖ ਗਿਆ ਹੈ। ਇਸ ਫੈਸਲੇ ਖਿਲਾਫ ਮੇਘਾਲਿਆ ਦੇ ਇਕ ਹੋਰ ਭਾਜਪਾ ਆਗੂ ਬਾਚੂ ਮਾਰਕ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ। ਕਈ ਵਿਦਿਅਕ ਅਦਾਰਿਆਂ ਵਿਚ ਵੀ ਵਿਦਿਆਰਥੀਆਂ ਨੇ ਮਾਸ ਖਾਣ ਦੇ ਹੋਏ ਰੋਸ ਪ੍ਰਗਟਾਵਿਆਂ ਵਿਚ ਸ਼ਿਰਕਤ ਕੀਤੀ। ਸ੍ਰੀ ਬਾਚੂ ਮਾਰਕ ਦੇ ਅਸਤੀਫੇ ਤੋਂ ਪਹਿਲਾਂ ਭਾਜਪਾ ਮੇਘਾਲਿਆ ਦੇ ਪੱਛਮੀ ਗਾਰੋ ਹਿੱਲ ਜ਼ਿਲ੍ਹੇ ਦੇ ਪ੍ਰਧਾਨ ਬਰਨਾਰਡ ਮਾਰਕ ਨੇ ਵੀ ਬੀਫ ਉਤੇ ਪਾਬੰਦੀ ਖਿਲਾਫ ਭਾਜਪਾ ਛੱਡ ਦਿੱਤੀ ਸੀ। ਸ੍ਰੀ ਬਾਚੂ ਮਾਰਕ ਨੇ ਕਿਹਾ ਕਿ ਬੀਫ ਖਾਣਾ ਉਨ੍ਹਾਂ ਦੇ 'ਸੱਭਿਆਚਾਰ ਤੇ ਰਵਾਇਤਾਂ' ਦਾ ਹਿੱਸਾ ਹੈ ਤੇ ਉਹ ਇਸ ਉਤੇ ਕੋਈ ਸਮਝੌਤਾ ਨਹੀਂ ਕਰ ਸਕਦੇ।

# ਪੰਜਾਬ ਵਿਚ ਖਾੜਕੂਵਾਦ ਦਾ ਹਊਆ

*(ਸਫਾ ਇਕ ਦੀ ਬਾਕੀ)*

ਦਾਅਵਾ ਹੈ ਕਿ ਗ੍ਰਿਫਤਾਰ ਕੀਤੇ ਨੌਜਵਾਨਾਂ ਦੇ ਸਬੰਧ ਵੱਖ-ਵੱਖ ਖਾੜਕੂ ਜਥੇਬੰਦੀਆਂ ਨਾਲ ਹਨ, ਪਰ ਇਨ੍ਹਾਂ ਦਾ ਮਕਸਦ ਇਕ ਹੀ ਹੈ। ਗ੍ਰਿਫਤਾਰ ਕੀਤੇ ਗੁਰਦਿਆਲ ਸਿੰਘ, ਜਗਰੂਪ ਸਿੰਘ ਅਤੇ ਸਤਵਿੰਦਰ ਸਿੰਘ ਨੂੰ ਪਾਕਿਸਤਾਨ ਅਧਾਰਤ ਆਈ.ਐਸ.ਵਾਈ.ਐਫ. ਦੇ ਮੁਖੀ ਲਖਬੀਰ ਰੋਡੇ ਅਤੇ ਹਰਮੀਤ ਸਿੰਘ ਉਰਫ ਹੈਪੀ ਉਰਫ ਪੀਐਚ.ਡੀ. ਅਤੇ ਆਈ.ਐਸ.ਆਈ. ਨੇ ਸਿਖਲਾਈ ਦੇ ਕੇ 'ਪੰਥ ਵਿਰੋਧੀ' ਤਾਕਤਾਂ ਨੂੰ ਨਿਸ਼ਾਨਾ ਬਣਾਉਣ ਦਾ ਕਾਰਜ ਸੌਂਪਿਆ ਸੀ। ਮੁਢਲੀ ਪੜਤਾਲ ਵਿਚ ਪਤਾ ਲੱਗਾ ਹੈ ਕਿ 21 ਮਈ ਨੂੰ ਅੰਮ੍ਰਿਤਸਰ ਵਿਚ ਅੰਤਰਰਾਸ਼ਟਰੀ ਸਰਹੱਦ ਨੇੜਿਓਂ ਬੀ.ਐਸ.ਐਫ. ਵੱਲੋਂ ਫੜੀ ਗਈ ਹਥਿਆਰ ਤੇ ਗੋਲੀ-ਸਿੱਕੇ ਦੀ ਖੇਪ ਆਈ.ਐਸ.ਵਾਈ.ਐਫ. ਵੱਲੋਂ ਸਪਲਾਈ ਕੀਤੀ ਗਈ ਸੀ। ਬੀ.ਐਸ.ਐਫ. ਨੇ ਪਿਛਲੇ ਮਹੀਨੇ ਮਾਨ ਸਿੰਘ ਅਤੇ ਸ਼ੇਰ ਸਿੰਘ ਨਾਂ ਦੇ ਦੋ ਨੌਜਵਾਨਾਂ ਨੂੰ ਉਦੋਂ ਗ੍ਰਿਫਤਾਰ ਕਰ ਲਿਆ ਸੀ ਜਦੋਂ ਉਹ ਇਹ ਖੇਪ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।

ਗੁਰਦਿਆਲ ਸਿੰਘ ਗਰੋਹ ਦਾ ਮੁਖੀ ਹੈ ਅਤੇ ਜਰਮਨ ਦੇ ਬਲਵੀਰ ਸਿੰਘ ਸੰਧੂ ਨੇ ਲਖਬੀਰ ਸਿੰਘ ਰੋਡੇ ਨਾਲ ਉਸ ਦੀ ਮੁਲਾਕਾਤ ਕਰਵਾਈ ਸੀ। ਗੁਰਦਿਆਲ ਤੇ ਜਗਰੂਪ ਨੂੰ ਭਾਰਤ ਵਿਚ ਹਮਲੇ ਕਰਨ ਦਾ ਕਾਰਜ ਸੌਂਪਿਆ ਗਿਆ ਸੀ ਅਤੇ ਉਨ੍ਹਾਂ ਨੂੰ 'ਪੰਥ ਵਿਰੋਧੀ ਸ਼ਕਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ ਇਕ ਔਰਤ ਸਮੇਤ ਗ੍ਰਿਫਤਾਰ ਕੀਤੇ ਇਕ ਹੋਰ ਗਰੁੱਪ ਨੇ ਨਵਾਂ ਸੰਗਠਨ ਵੀਰ ਖਾਲਸਾ ਜਥਾ ਬਣਾਇਆ ਗਿਆ ਸੀ, ਜਿਸ ਵਿਚ ਹੁਣ ਤੱਕ ਕਰੀਬ 20 ਤੋਂ ਜ਼ਿਆਦਾ ਨੌਜਵਾਨ ਜੁੜ ਚੁੱਕੇ ਸਨ। ਇਨ੍ਹਾਂ ਦੇ ਨਿਸ਼ਾਨੇ 'ਤੇ ਜਗਦੀਸ਼ ਟਾਈਟਲਰ ਤੇ ਸੱਜਣ ਕੁਮਾਰ ਸਮੇਤ ਕਈ ਆਗੂ ਸਨ। ਪੁਲਿਸ ਦਾ ਦਾਅਵਾ ਹੈ ਕਿ ਇਨ੍ਹਾਂ ਚਾਰ ਮੁਲਜ਼ਮਾਂ ਨੂੰ ਇੰਗਲੈਂਡ, ਜਰਮਨੀ ਤੇ ਕੈਨੇਡਾ ਤੋਂ ਫੰਡ ਮੁਹੱਈਆ ਕਰਵਾਇਆ ਜਾ ਰਿਹਾ ਸੀ। ਸੰਗਠਨ ਦੇ ਤਿੰਨ ਮੈਂਬਰਾਂ ਨੇ ਦੋ ਹਫਤੇ ਪਹਿਲਾਂ ਬਿਹਾਰ ਜਾ ਕੇ ਹਥਿਆਰ ਖਰੀਦੇ ਸਨ। ਕੁਝ ਹਥਿਆਰ ਇਹ ਨਾਲ ਲੈ ਕੇ ਆਏ ਸਨ ਅਤੇ ਬਾਕੀ ਹਥਿਆਰ ਬਿਹਾਰ ਦੇ ਅਸਲਾ ਵੇਚਣ ਵਾਲੇ ਗੌਰਵ ਕੁਮਾਰ ਵੱਲੋਂ ਪੰਜਾਬ ਵਿਚ ਤਿੰਨ ਜੂਨ ਤੋਂ ਬਾਅਦ ਦਿੱਤੇ ਜਾਣੇ ਸੀ।

ਇਨ੍ਹਾਂ ਦੀ ਨਿਸ਼ਾਨਦੇਹੀ 'ਤੇ ਮੁਹਾਲੀ ਪੁਲਿਸ ਨੇ ਰਮਨਦੀਪ ਸਿੰਘ ਅਤੇ ਪਰਮਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਕੋਲੋਂ .32 ਬੋਰ ਦਾ ਪਿਸਤੌਲ ਤੇ ਦੋ ਕਾਰਤੂਸ ਅਤੇ .9 ਐਮ.ਐਮ. ਦੇ 3 ਕਾਰਤੂਸ ਬਰਾਮਦ ਹੋਏ ਹਨ। ਗੁਰਦਿਆਲ ਤੇ ਬਲਵੀਰ ਦੋਵਾਂ ਦਾ ਪਿਛੋਕੜ ਖਾੜਕੂਵਾਦ ਲਹਿਰ ਨਾਲ ਸਬੰਧਤ ਹੈ। ਸਾਲ 1992 ਅਤੇ ਸਾਲ 1988 ਵਿਚ ਵੀ ਉਨ੍ਹਾਂ ਵਿਰੁੱਧ ਫੌਜਦਾਰੀ ਕੇਸ ਦਰਜ ਕੀਤੇ ਗਏ ਸਨ। ਸਾਲ 1992 ਵਿਚ ਗੁਰਦਿਆਲ ਪਾਸੋਂ ਥੋਂਪਸਨ ਗੰਨ ਬਰਾਮਦ ਕੀਤੀ ਗਈ ਸੀ।

## ਬੋਸ ਦੀ ਮੌਤ ਬਾਰੇ ਖੁਲਾਸਾ

**ਨਵੀਂ ਦਿੱਲੀ:** ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਮੌਤ ਕਿਵੇਂ ਤੇ ਕਦੋਂ ਹੋਈ, ਇਹ ਸਵਾਲ ਪਿਛਲੇ 70 ਸਾਲ ਤੋਂ ਬੁਝਾਰਤ ਬਣਿਆ ਹੋਇਆ ਸੀ ਪਰ ਸਰਕਾਰ ਨੇ ਆਰ.ਟੀ.ਆਈ. ਦੇ ਜਵਾਬ ਵਿਚ ਇਸ ਰਾਜ ਤੋਂ ਪਰਦਾ ਚੁੱਕ ਦਿੱਤਾ ਹੈ। ਆਰ.ਟੀ.ਆਈ. ਦੇ ਜਵਾਬ ਵਿਚ 18 ਅਗਸਤ, 1945 ਨੂੰ ਨੇਤਾ ਜੀ ਦੀ ਮੌਤ ਤਾਇਵਾਨ ਵਿਚ ਹੋਏ ਜਹਾਜ਼ ਹਾਦਸੇ ਵਿਚ ਹੋਈ ਸੀ।

# ਗਰਮੀ ਨੇ ਰਿਕਾਰਡ ਤੋੜੇ

**ਚੰਡੀਗੜ੍ਹ:** ਇਸ ਵਾਰ ਗਰਮੀ ਨੇ ਸਭ ਰਿਕਾਰਡ ਤੋੜ ਦਿੱਤੇ ਹਨ। ਪੰਜਾਬ ਵਿਚ ਗਰਮੀ ਨਾਲ ਹੁਣ ਤੱਕ ਦੋ ਦਰਜਨ ਲੋਕਾਂ ਦੀ ਮੌਤ ਹੋ ਚੁੱਕੀ ਹੈ। ਮੌਸਮ ਵਿਭਾਗ ਮੁਤਾਬਕ, ਮੌਨਸੂਨ ਇਸ ਮਹੀਨੇ ਦੇ ਅਖੀਰ ਵਿਚ ਪੁੱਜਣ ਦੇ ਆਸਾਰ ਹਨ। ਮੌਨਸੂਨ ਦਾ ਪਹਿਲਾ ਮੀਂਹ 25 ਤੋਂ 27 ਜੂਨ ਵਿਚਾਲੇ ਪੈਣ ਬਾਰੇ ਕਿਹਾ ਗਿਆ ਹੈ।

ਗਰਮੀ ਕਾਰਨ ਮੁਹਾਲੀ ਵਿਚ ਨੌਜਵਾਨ ਦੀ ਮੌਤ ਹੋ ਗਈ ਸੀ। ਲੁਧਿਆਣਾ ਵਿਚ ਵੀ ਚਾਰ ਜਣਿਆਂ ਦੀ ਲੂਅ ਨੇ ਜਾਨ ਲੈ ਲਈ ਸੀ। ਬਠਿੰਡਾ ਵਿਚ ਹੁਣ ਤੱਕ 11 ਮੌਤਾਂ ਹੋ ਚੁੱਕੀਆਂ ਹਨ। ਚੰਡੀਗੜ੍ਹ ਵਿਚ ਗਰਮੀ ਨਾਲ ਇਕ ਜਣਾ ਦਮ ਤੋੜ ਗਿਆ ਹੈ।

ਪੰਜਾਬ ਵਿਚ ਮੋਗਾ ਦਾ ਤਾਪਮਾਨ 48 ਡਿਗਰੀ ਰਿਕਾਰਡ ਹੋਇਆ ਹੈ ਜੋ ਰਿਕਾਰਡ ਹੈ। ਹਰਿਆਣਾ ਵਿਚ ਵੀ ਪਿਛਲੇ 19 ਸਾਲਾਂ ਦਾ ਰਿਕਾਰਡ ਟੁੱਟਿਆ ਹੈ ਅਤੇ ਕੈਥਲ ਦਾ ਤਾਪਮਾਨ 47 ਡਿਗਰੀ ਤਕ ਪੁੱਜ ਗਿਆ ਸੀ। ਅੰਮ੍ਰਿਤਸਰ, ਬਟਾਲਾ ਅਤੇ ਗੁਰਦਾਸਪੁਰ ਦਾ ਤਾਪਮਾਨ 46 ਡਿਗਰੀ ਦਰਜ ਕੀਤਾ ਗਿਆ ਸੀ। ਚੰਡੀਗੜ੍ਹ ਵਿਚ ਤਾਪਮਾਨ 48 ਡਿਗਰੀ ਤੱਕ ਪੁੱਜ ਗਿਆ ਸੀ ਜੋ ਆਮ ਨਾਲੋਂ ਛੇ-ਸੱਤ ਡਿਗਰੀ ਵਧ ਹੈ।

ਇਸੇ ਦੌਰਾਨ ਮੌਸਮ ਵਿਭਾਗ ਨੇ ਮੁਲਕ ਵਿਚ 2017 ਦੌਰਾਨ ਮੌਨਸੂਨ ਦੇ ਆਮ ਵਾਂਗ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਵਿਭਾਗ ਦਾ ਕਹਿਣਾ ਹੈ ਕਿ ਇਸ ਵਾਰ ਉਤਰ ਪੱਛਮ ਵਿਚ ਬੀਤੇ ਵਰ੍ਹੇ ਦੇ ਮੁਕਾਬਲੇ ਮੀਂਹ ਵਿਚ ਦੋ ਫੀਸਦੀ ਵਾਧੇ ਦੀ ਉਮੀਦ ਹੈ।

## ਪਿਉ ਵੱਲੋਂ ਤਿੰਨ ਧੀਆਂ ਦੀ ਹੱਤਿਆ

**ਇਸਲਾਮਾਬਾਦ:** ਇਥੋਂ ਦੇ ਪੰਜਾਬ ਸੂਬੇ ਵਿਚ ਪੁਲਿਸ ਨੇ ਇਕ ਵਿਅਕਤੀ ਨੂੰ ਤਿੰਨ ਧੀਆਂ ਦੀ ਹੱਤਿਆ ਤੇ ਪਤਨੀ ਨੂੰ ਮਾਰਨ ਦੀ ਕੋਸ਼ਿਸ਼ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਅਹਿਮਦ ਯਾਰ ਨੇ ਪਹਿਲਾਂ ਗਲ ਘੁੱਟ ਕੇ ਤਿੰਨਾਂ ਧੀਆਂ ਦੀ ਹੱਤਿਆ ਕੀਤੀ ਅਤੇ ਮਗਰੋਂ ਸਹੁਰਿਆਂ ਘਰ ਜਾ ਕੇ ਪਤਨੀ 'ਤੇ ਤੇਜ਼ ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ।

# ਮੱਧ ਪ੍ਰਦੇਸ਼: ਕਿਸਾਨ ਅੰਦੋਲਨ ਦੌਰਾਨ ਹਿੰਸਾ; ਪੰਜ ਮੌਤਾਂ



**ਭੋਪਾਲ:** ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਮੰਦਸੌਰ ਵਿਚ ਕਿਸਾਨਾਂ ਦੇ ਅੰਦੋਲਨ ਦੌਰਾਨ ਹਿੰਸਾ ਵਿਚ ਪੰਜ ਵਿਅਕਤੀ ਮਾਰੇ ਗਏ ਅਤੇ ਦੋ ਜਣੇ ਫੱਟੜ ਹੋਏ ਹਨ। ਪ੍ਰਸ਼ਾਸਨ ਨੇ ਪ੍ਰਭਾਵਿਤ ਇਲਾਕੇ ਵਿਚ ਕਰਫਿਊ ਲਗਾ ਦਿੱਤਾ। ਕੁਝ ਚਸ਼ਮਦੀਦਾਂ ਨੇ ਦੋਸ਼ ਲਾਇਆ ਕਿ ਮਰਨ ਵਾਲਿਆਂ ਦੇ ਸਰੀਰ ਉਤੇ ਗੋਲੀਆਂ ਦੇ ਜ਼ਖ਼ਮ ਹਨ ਪਰ ਪ੍ਰਸ਼ਾਸਨ ਨੇ ਇਹ ਦੋਸ਼ ਨਕਾਰਦਿਆਂ ਕਿਹਾ ਕਿ ਪ੍ਰਦਰਸ਼ਨਕਾਰੀਆਂ ਉਤੇ ਪੁਲਿਸ ਨੇ ਫਾਇਰਿੰਗ ਨਹੀਂ ਕੀਤੀ।

ਜ਼ਿਲ੍ਹੇ ਦੇ ਪਿਪਲਿਆ ਮੰਡੀ ਥਾਣਾ ਖੇਤਰ, ਜਿਥੇ ਇਹ ਘਟਨਾ ਹੋਈ ਹੈ, ਵਿਚ ਕਰਫਿਊ ਲਗਾ ਦਿੱਤਾ ਹੈ ਜਦੋਂ ਕਿ ਬਾਕੀ ਜ਼ਿਲ੍ਹੇ ਵਿਚ ਧਾਰਾ 144 ਤਹਿਤ ਲੋਕਾਂ ਦੀਆਂ ਗਤੀਵਿਧੀਆਂ ਉਤੇ ਰੋਕ ਲਾਈ ਗਈ। ਦੱਸਣਯੋਗ ਹੈ ਕਿ ਪੱਛਮੀ ਮੱਧ ਪ੍ਰਦੇਸ਼ ਦੇ ਕਿਸਾਨਾਂ ਵੱਲੋਂ ਜਿਣਸਾਂ ਦੇ ਐਮ.ਐਸ.ਪੀ. ਵਿਚ ਵਾਧੇ ਸਮੇਤ ਹੋਰ ਮੰਗਾਂ ਲਈ ਪਹਿਲੀ ਜੂਨ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ। ਚਸ਼ਮਦੀਦਾਂ ਮੁਤਾਬਕ ਪਰਸ਼ਵਨਾਥ ਇਲਾਕੇ ਵਿਚ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਵਾਹਨਾਂ ਨੂੰ ਅੱਗ ਲਗਾ ਦਿੱਤੀ ਅਤੇ ਪਥਰਾਅ ਕੀਤਾ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਜੈ ਸਿੰਘ ਨੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੋਂ ਅਸਤੀਫਾ ਮੰਗਦਿਆਂ ਕਿਹਾ ਕਿ ਇਹ ਘਟਨਾ ਮੁੱਖ ਮੰਤਰੀ ਲਈ ਸ਼ਰਮਨਾਕ ਹੈ, ਜੋ ਆਪਣੇ ਆਪ ਨੂੰ ਕਿਸਾਨ ਦਾ ਪੁੱਤ ਦੱਸਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਪੰਜਾਬ ਦੀਆਂ ਸੜਕਾਂ 'ਤੇ ਹਾਲੇ ਵੀ ਬਾਦਲ ਲਾਣੇ ਦੀ ਹਕੂਮਤ

**ਬਠਿੰਡਾ:** ਕੈਪਟਨ ਸਰਕਾਰ ਵਾਲੇ ਵੀ ਜਰਨੈਲੀ ਸੜਕਾਂ 'ਤੇ ਔਰਬਿਟ ਦਾ ਰਾਜ ਹੈ। ਬਾਦਲ ਪਰਿਵਾਰ ਨੇ ਹੁਣ ਤਕਰੀਬਨ 15 ਨਵੀਆਂ ਮਰਸਿਡੀਜ਼ ਬੱਸਾਂ ਸੜਕਾਂ 'ਤੇ ਉਤਾਰੀਆਂ ਹਨ। ਰਾਜ ਭਾਗ ਬਦਲਣ ਮਗਰੋਂ ਜਦੋਂ ਪੀ.ਆਰ.ਟੀ.ਸੀ. ਨੇ ਗੈਰ ਕਾਨੂੰਨੀ ਬੱਸਾਂ ਦਾ ਵਿਰੋਧ ਕੀਤਾ ਤਾਂ ਉਸੇ ਦਿਨ ਉਪਰੋਂ ਹੁਕਮ ਆ ਗਏ। ਕੁਝ ਘੰਟਿਆਂ ਵਿਚ ਹੀ ਸਮਾਂ ਪੁਰਾਣੀ ਚਾਲ ਵਿਚ ਆ ਗਿਆ।

ਸੂਤਰਾਂ ਅਨੁਸਾਰ ਬਾਦਲ ਪਰਿਵਾਰ ਨੇ 15 ਪੁਰਾਣੀਆਂ ਮਰਸਿਡੀਜ਼ ਬੱਸਾਂ ਨੂੰ ਸੜਕਾਂ ਤੋਂ ਲਾਹ ਕੇ ਨਵੀਆਂ ਮਰਸਿਡੀਜ਼ ਬੱਸਾਂ ਚਲਾ ਦਿੱਤੀਆਂ ਹਨ। ਬਾਦਲ ਪਰਿਵਾਰ ਦੀ ਬੱਸ ਕੰਪਨੀ ਦੀਆਂ ਬਠਿੰਡਾ-ਚੰਡੀਗੜ੍ਹ, ਚੰਡੀਗੜ੍ਹ-ਅੰਮ੍ਰਿਤਸਰ ਅਤੇ ਚੰਡੀਗੜ੍ਹ-ਪਠਾਨਕੋਟ ਰੂਟ 'ਤੇ ਤਕਰੀਬਨ 32 ਮਰਸਿਡੀਜ਼ ਬੱਸਾਂ ਚੱਲਦੀਆਂ ਹਨ। ਪੰਜ ਨਵੀਆਂ ਸਾਧਾਰਨ ਤੇ ਏਸੀ ਬੱਸਾਂ ਪਾਈਆਂ ਗਈਆਂ ਹਨ, ਜਦੋਂ ਕਿ ਇਸ ਵੀ.ਆਈ.ਪੀ. ਕੰਪਨੀ ਨੇ 30 ਦੇ ਕਰੀਬ ਪੁਰਾਣੀਆਂ ਸਾਧਾਰਨ ਬੱਸਾਂ ਤਬਦੀਲ ਕਰ ਕੇ ਨਵੀਆਂ ਪਾਉਣੀਆਂ ਹਨ। ਸੂਤਰ ਆਖਦੇ ਹਨ ਕਿ ਔਰਬਿਟ ਕੰਪਨੀ ਦੀਆਂ ਤਕਰੀਬਨ ਦਰਜਨ ਤੋਂ ਉਪਰ ਇੰਡੋ-ਕੈਨੇਡੀਅਨ ਬੱਸਾਂ ਅੰਮ੍ਰਿਤਸਰ ਤੋਂ ਦਿੱਲੀ ਕੰਟਰੈਕਟ ਕੈਰੇਜ਼ ਪਰਮਿਟ 'ਤੇ ਚੱਲਦੀਆਂ ਹਨ। ਪਰਮਿਟ ਦੀਆਂ ਸ਼ਰਤਾਂ ਅਨੁਸਾਰ

### ਨਾਜਾਇਜ਼ ਬੱਸਾਂ ਬਾਰੇ ਮੁਹਿੰਮ ਕੁਝ ਦਿਨਾਂ ਪਿੱਛੋਂ ਹੀ ਠੰਢੀ



ਰਸਤੇ ਤੋਂ ਕੰਪਨੀ ਕਿਤੋਂ ਵੀ ਕੋਈ ਸਵਾਰੀ ਚੁੱਕ ਜਾਂ ਉਤਾਰ ਨਹੀਂ ਸਕਦੀ। ਇੰਡੋ-ਕੈਨੇਡੀਅਨ ਬੱਸ ਸਰਵਿਸ ਦੀ ਵੈੱਬਸਾਈਟ 'ਤੇ ਪੰਜਾਬ ਦੇ ਵੱਡੇ ਸ਼ਹਿਰਾਂ ਤੋਂ ਆਨਲਾਈਨ ਬੁਕਿੰਗ ਹੋ ਰਹੀ ਹੈ, ਜਿਸ ਦਾ ਮਤਲਬ ਹੈ ਕਿ ਕੰਪਨੀ ਜਲੰਧਰ, ਫਗਵਾੜਾ, ਲੁਧਿਆਣਾ ਤੇ ਰਾਜਪੁਰਾ ਤੋਂ ਸਵਾਰੀ ਚੁੱਕਦੀ ਵੀ ਹੈ ਅਤੇ ਉਤਾਰਦੀ ਵੀ ਹੈ। ਇਵੇਂ ਮਾਲਵੇ ਦੇ ਬਾਕੀ ਅਕਾਲੀ ਆਗੂਆਂ ਦੀ ਟਰਾਂਸਪੋਰਟ ਵੀ ਪੁਰਾਣੀ ਚਾਲ 'ਤੇ ਹੀ ਧੂੜਾਂ ਪੁੱਟ ਰਹੀ ਹੈ।

ਵੱਡੇ ਕਾਂਗਰਸੀ ਟਰਾਂਸਪੋਰਟਰਾਂ ਨੇ ਵੀ ਅੰਮ੍ਰਿਤਸਰ ਦੇ ਬੱਸ ਅੱਡੇ ਦੇ ਬਾਹਰ, ਜਲੰਧਰ ਦੇ ਪੀ.ਏ.ਪੀ. ਚੌਕ ਅਤੇ ਲੁਧਿਆਣਾ ਦੇ ਢੋਲੇਵਾਲਾ ਤੇ ਸਮਰਾਲਾ ਚੌਕ ਵਿਚ ਆਰਜ਼ੀ ਬੱਸ ਅੱਡੇ ਬਣਾ ਲਏ ਹਨ। ਵੇਰਵਿਆਂ ਅਨੁਸਾਰ ਪ੍ਰਾਈਵੇਟ ਟਰਾਂਸਪੋਰਟਰਾਂ ਦੇ ਅੰਬਾਲਾ ਤੱਕ ਦੇ 13 ਟਾਈਮ ਪ੍ਰਵਾਨਤ ਹਨ, ਜਦੋਂ ਕਿ ਕਾਂਗਰਸੀ ਲੀਡਰਾਂ ਦੀਆਂ ਬੱਸਾਂ ਦੇ ਅਸਲ 'ਚ 54 ਟਾਈਮ ਚੱਲ ਰਹੇ ਹਨ।

### ਪੀ.ਆਰ.ਟੀ.ਸੀ. ਦੀਆਂ ਉਮੀਦਾਂ 'ਤੇ ਪਾਣੀ

**ਬਠਿੰਡਾ:** ਪੀ.ਆਰ.ਟੀ.ਸੀ. ਨੂੰ ਪਹਿਲਾਂ ਉਮੀਦ ਸੀ ਕਿ ਹਕੂਮਤ ਬਦਲੀ ਮਗਰੋਂ ਦਿਨ ਬਦਲਣਗੇ ਅਤੇ ਆਮਦਨੀ ਵਿਚ ਵਾਧਾ ਹੋਵੇਗਾ। ਤੱਥਾਂ ਅਨੁਸਾਰ ਪੀ.ਆਰ.ਟੀ.ਸੀ. ਦੀ ਮਾਰਚ 2017 ਦੇ ਮਹੀਨੇ ਦੌਰਾਨ ਪ੍ਰਤੀ ਦਿਨ ਦੀ ਆਮਦਨ ਔਸਤਨ 1.06 ਕਰੋੜ ਰਹੀ, ਜਦੋਂ ਕਿ ਮਾਰਚ 2016 ਵਿਚ ਗਠਜੋੜ ਹਕੂਮਤ ਸਮੇਂ ਇਹ ਔਸਤ 98 ਲੱਖ ਰੁਪਏ ਪ੍ਰਤੀ ਦਿਨ ਸੀ। ਮਤਲਬ ਕਿ ਸਿਰਫ 8 ਲੱਖ ਪ੍ਰਤੀ ਦਿਨ ਦਾ ਵਾਧਾ ਹੋਇਆ। ਪੀ.ਆਰ.ਟੀ.ਸੀ. ਦੀ ਅਪਰੈਲ 2017 ਦੌਰਾਨ ਆਮਦਨ ਤਕਰੀਬਨ 1.07 ਕਰੋੜ ਰੁਪਏ ਔਸਤਨ ਪ੍ਰਤੀ ਦਿਨ ਰਹੀ, ਜਦੋਂ ਕਿ ਅਪਰੈਲ 2016 ਵਿਚ ਆਮਦਨ ਔਸਤਨ ਕਰੀਬ ਇਕ ਕਰੋੜ ਰੁਪਏ ਪ੍ਰਤੀ ਦਿਨ ਰਹੀ। ਪੀ.ਆਰ.ਟੀ.ਸੀ. ਨੂੰ ਪਹਿਲਾਂ ਉਮੀਦ ਸੀ ਕਿ ਹਕੂਮਤ ਬਦਲੀ ਮਗਰੋਂ ਪ੍ਰਤੀ ਦਿਨ ਦੀ ਆਮਦਨ ਸਵਾ ਕਰੋੜ ਪ੍ਰਤੀ ਦਿਨ ਤੋਂ ਉਪਰ ਚਲੀ ਜਾਵੇਗੀ।

# ਕੈਪਟਨ ਨੂੰ ਖਾਲੀ ਕਰਨਾ ਪਵੇਗਾ ਦਿੱਲੀ ਵਾਲਾ ਸਰਕਾਰੀ ਬੰਗਲਾ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਲੀ ਦੀ ਅਦਾਲਤ ਨੇ ਝਟਕਾ ਦਿੱਤਾ ਹੈ। ਅਦਾਲਤ ਨੇ ਕੈਪਟਨ ਨੂੰ ਆਪਣਾ ਦਿੱਲੀ ਵਾਲਾ ਘਰ ਖਾਲੀ ਕਰਨ ਦੇ ਆਦੇਸ਼ ਦਿੱਤੇ ਹਨ। ਕੈਪਟਨ ਨੂੰ ਜਨ ਪਥ ਸਥਿਤ ਬੰਗਲਾ ਉਸ ਸਮੇਂ ਅਲਾਟ ਹੋਇਆ ਸੀ ਜਦੋਂ ਉਹ ਸੰਸਦ ਮੈਂਬਰ ਸਨ। ਅਦਾਲਤ ਨੇ ਆਖਿਆ ਕਿ ਹੈ ਕੈਪਟਨ ਨੇ ਬੰਗਲੇ ਉਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਅਦਾਲਤ ਨੇ ਆਦੇਸ਼ ਵਿਚ ਆਖਿਆ ਕਿ ਕੈਪਟਨ ਸਰਕਾਰੀ ਬੰਗਲਾ ਤੁਰਤ ਖਾਲੀ ਕਰਨ।

ਜੇਕਰ ਉਹ ਅਜਿਹਾ ਨਹੀਂ ਕਰਨਗੇ ਤਾਂ ਉਨ੍ਹਾਂ ਨੂੰ ਮਾਰਕੀਟ ਦੇ ਹਿਸਾਬ ਨਾਲ ਕਿਰਾਇਆ ਦੇਣਾ ਹੋਵੇਗਾ। ਅਸਟੇਟ ਆਫਿਸ ਨੇ ਅਦਾਲਤ ਵਿਚ ਦਲੀਲ ਦਿੱਤੀ ਸੀ ਕਿ ਕੈਪਟਨ ਨੇ ਸਰਕਾਰੀ ਘਰ ਉਤੇ ਦਸੰਬਰ 2016 ਤੋਂ ਕਬਜ਼ਾ ਕੀਤਾ ਹੋਇਆ ਹੈ। ਜਨ ਪਥ ਸਥਿਤ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਸਰਕਾਰੀ ਬੰਗਲਾ ਉਸ ਸਮੇਂ ਅਲਾਟ ਹੋਇਆ ਸੀ ਜਦੋਂ ਉਹ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਸਨ। ਇਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ 23 ਨਵੰਬਰ, 2016 ਨੂੰ ਲੋਕ ਸਭਾ ਦੇ ਮੈਂਬਰ ਵਜੋਂ ਅਸਤੀਫਾ ਦੇ ਦਿੱਤਾ।

# ਗੁਰਦੁਆਰਾ ਰੈਂਟਨ ਦੀ ਨਵੀਂ ਕਮੇਟੀ ਨੇ ਪ੍ਰਬੰਧ ਸੰਭਾਲਿਆ

**ਸਿਆਟਲ (ਬਿਊਰੋ):** ਸਥਾਨਕ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਲੰਘੀ 4 ਜੂਨ ਨੂੰ ਸੰਗਤ ਨੇ 1984 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਯਾਦ ਕਰਦਿਆਂ ਜੈਕਾਰਿਆਂ ਦੀ ਗੂੰਜ ਵਿਚ ਸ਼ਰਧਾਂਜਲੀ ਭੇਟ ਕੀਤੀ।

ਇਸੇ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਹਰਮਿੰਦਰ ਸਿੰਘ ਨੇ ਨਵੇਂ ਚੁਣੇ ਗਏ ਪ੍ਰਧਾਨ ਭਾਈ ਜਗਮੋਹਰ ਸਿੰਘ ਵਿਰਕ ਨੂੰ ਸਾਧ ਸੰਗਤ ਦੀ ਹਜ਼ੂਰੀ ਵਿਚ ਚਾਬੀਆਂ ਸੰਭਾਲ ਦਿੱਤੀਆਂ। ਭਾਈ ਜਗਮੋਹਰ ਸਿੰਘ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਸਾਧ ਸੰਗਤ ਅਤੇ ਪਹਿਲੀ ਕਮੇਟੀ ਤੋਂ ਪੂਰਨ ਸਹਿਯੋਗ ਮੰਗਿਆ ਤਾਂ ਕਿ ਚੱਲ ਰਹੇ ਪ੍ਰਾਜੈਕਟ ਨੇਪਰੇ ਚਾੜ੍ਹੇ ਜਾ ਸਕਣ ਤੇ ਭਵਿੱਖ ਵਿਚ ਹੋਰ ਚੰਗਾ ਪ੍ਰਬੰਧ ਕੀਤਾ ਜਾ ਸਕੇ। ਭਾਈ ਗੁਰਦੇਵ ਸਿੰਘ ਸੋਹਲ ਨੇ ਨਵੇਂ ਚੁਣੇ ਜਨਰਲ ਸਕੱਤਰ ਭਾਈ ਅਵਤਾਰ ਸਿੰਘ ਆਦਮਪੁਰੀ ਨੂੰ ਸਟੇਜ ਦੀ ਸੇਵਾ ਸੰਭਾਲ ਦਿੱਤੀ। ਭਾਈ ਆਦਮਪੁਰੀ ਨੇ ਕਿਹਾ ਕਿ ਉਹ ਗੁਰਮਤਿ ਦਾ ਪ੍ਰਚਾਰ ਪਸਾਰ ਪੂਰੀ ਨਿਸ਼ਠਾ ਨਾਲ ਕਰਨਗੇ। ਉਨ੍ਹਾਂ ਸੰਗਤ ਨੂੰ ਆਪਸੀ ਏਕਤਾ, ਪ੍ਰੇਮ ਪਿਆਰ ਅਤੇ ਸਦਭਾਵਨਾ ਬਣਾਈ ਰੱਖਣ ਲਈ ਬੇਨਤੀ ਕੀਤੀ ਅਤੇ ਕਿਹਾ ਕਿ ਪਿਛਲੇ ਸਮੇਂ ਵਿਚ ਆਪਣੇ ਤੋਂ ਕਿਸੇ ਤੋਂ ਵੀ ਜਾਣੇ ਅਣਜਾਣੇ ਹੋਈ ਭੁੱਲ ਹੋਈ ਹੋਵੇ, ਉਸ ਲਈ ਗਲ ਵਿਚ ਪੱਲਾ ਪਾ ਕੇ ਸਤਿਗੁਰੂ ਤੋਂ ਮੁਆਫੀ ਮੰਗ ਕੇ ਪੰਥ ਦੀ ਚੜ੍ਹਦੀ ਕਲਾ ਵਾਸਤੇ ਆਪਣਾ ਯੋਗਦਾਨ ਪਾਈਏ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨਾਲ ਵਾਪਰੇ ਘੱਲੂਘਾਰੇ ਅਸੀਂ ਕਦੇ ਵੀ ਭੁੱਲ ਨਹੀਂ ਸਕਦੇ, ਇਨਸਾਫ ਲੈਣ ਲਈ ਜੱਦੋਜਹਿਦ ਜਾਰੀ ਰਹੇਗੀ, ਖਾਲਸਾ ਰਾਜ ਦੀ ਪ੍ਰਾਪਤੀ ਤੱਕ ਸੰਘਰਸ਼ ਕਰਦੇ ਰਹਾਂਗੇ।

ਟੋਰਾਂਟੋ, ਕੈਨੇਡਾ ਤੋਂ ਪਹੁੰਚੇ ਭਾਈ ਸੁਖਮਿੰਦਰ ਸਿੰਘ ਹੰਸਰਾ ਨੇ ਖਾਲਿਸਤਾਨ ਦੇ ਹੱਕ ਵਿਚ ਲੋਕਤੰਤਰ ਦੀਆਂ ਉਦਾਹਰਣਾਂ ਦਿੰਦਿਆਂ ਪੰਜਾਬ ਦੇ ਹੱਕਾਂ 'ਤੇ ਵੱਜੇ ਡਾਕਿਆਂ ਸਬੰਧੀ ਧੜਲੇਦਾਰ ਸਪੀਚ ਕੀਤੀ ਜਿਸ ਪ੍ਰਤੀ ਸੰਗਤਾਂ ਨੇ ਜੈਕਾਰਿਆਂ ਨਾਲ ਹੁੰਗਾਰਾ ਭਰਿਆ। ਗੁਰਦੁਆਰਾ ਸਾਹਿਬ ਵਲੋਂ ਭਾਈ ਹੰਸਰਾ ਅਤੇ ਗੁਰਦੁਆਰਾ ਸਾਹਿਬ ਦੀ ਸੇਵਾ ਮੁਕਤ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਇਸ ਮੌਕੇ ਸ਼ਹੀਦਾਂ ਦੀ ਯਾਦ 'ਚ ਭਾਈ ਗੁਰਜੋਤ ਸਿੰਘ ਬਰਾੜ ਤੇ ਸਹਿਯੋਗੀ ਨੌਜਵਾਨਾਂ ਦੀ ਟੀਮ ਵਲੋਂ ਖੂਨਦਾਨ ਕੈਂਪ ਲਗਾਇਆ ਗਿਆ। ਅਖੰਡ ਪਾਠ ਤੇ ਲੰਗਰਾਂ ਦੀ ਸੇਵਾ ਟਰੱਕਾਂ ਵਾਲੇ ਵੀਰਾਂ ਵਲੋਂ ਸੀ।


Convenience Store For Sale

Busy Deli/Pizza/Convenience Store For Sale in Hudson Valley, New York
Low Rent, Long Lease, Busy Area,
Extremely High Profit Margin.
45 minutes from New York City
Gross $50k+ Monthly
Asking $225,000+Inventory
Contact: 845-440-8951
23-24

ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਹਵੇਲੀ' ਲਈ ਅਨੁਭਵੀ ਤੰਦੂਰੀਏ ਤੇ ਕਿਚਨ ਹੈਲਪਰ ਦੀ ਲੋੜ ਹੈ
ਸੰਪਰਕ ਕਰੋ
ਫੋਨ: 262-391-7666
22-24

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA
7021 Village Park Way, Dublin, CA 94568



Gurdip Singh Sandhu
Email: Homeomedicine@yahoo.com

ਹਲਵਾਈ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
11-

# ਮੋਦੀ ਸਰਕਾਰ ਦੀ ਨੋਟਬੰਦੀ ਨੇ ਭਾਰਤੀ ਅਰਥਚਾਰੇ ਨੂੰ ਲੀਹੋਂ ਲਾਹਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਬੀਤੇ ਸਾਲ ਕੀਤੀ ਨੋਟਬੰਦੀ ਦਾ ਭਾਰਤੀ ਅਰਥਚਾਰੇ ਉਤੇ ਬਹੁਤ ਮਾੜਾ ਅਸਰ ਪਿਆ ਤੇ ਬੀਤੇ ਮਾਲੀ ਸਾਲ ਦੀ ਆਖਰੀ ਤਿਮਾਹੀ ਦੌਰਾਨ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਵਿਕਾਸ ਦਰ ਤੇਜ਼ੀ ਨਾਲ ਘਟ ਕੇ 7 ਤੋਂ 6.1 ਫੀਸਦੀ ਉਤੇ ਆ ਗਈ। ਇਸ ਕਾਰਨ ਦੇਸ਼ ਦੀ ਸਾਲ ਭਰ ਦੀ ਸਮੁੱਚੀ ਵਿਕਾਸ ਦਰ ਵਿਚ ਵੀ ਕਮੀ ਆਈ।

ਕੇਂਦਰੀ ਅੰਕੜਾ ਦਫਤਰ (ਸੀ.ਐਸ.ਓ.) ਵੱਲੋਂ ਜਾਰੀ ਅੰਕੜਿਆਂ ਮੁਤਾਬਕ ਮਾਲੀ ਸਾਲ 2016-17 ਦੌਰਾਨ ਦੇਸ਼ ਦੀ ਵਿਕਾਸ ਦਰ 7.1 ਫੀਸਦੀ ਰਹੀ, ਜਦੋਂਕਿ ਸਾਲ 2015-16 ਦੌਰਾਨ ਵਿਕਾਸ ਦਰਜ 8 ਫੀਸਦੀ ਰਹੀ ਸੀ। ਰਿਪੋਰਟ ਵਿਚ ਕਿਹਾ ਗਿਆ ਹੈ: ਸਥਿਰ ਕੀਮਤਾਂ (2011-12) ਉਤੇ ਮਾਲੀ ਸਾਲ 2016-17 ਦੀ ਚੌਥੀ ਤਿਮਾਹੀ (ਜਨਵਰੀ ਤੋਂ ਮਾਰਚ, 2017) ਦੌਰਾਨ ਅਸਲ ਜੀ.ਡੀ.ਪੀ. ਅੰਦਾਜ਼ਨ 32.28 ਲੱਖ ਕਰੋੜ ਰੁਪਏ ਰਹੀ, ਜੋ 2015-16 ਦੇ ਇਸੇ ਸਮੇਂ ਦੌਰਾਨ 30.42 ਲੱਖ ਕਰੋੜ ਰੁਪਏ ਸੀ। ਇਸ ਤਰ੍ਹਾਂ ਵਿਕਾਸ ਦਰ 6.1 ਫੀਸਦੀ ਬਣਦੀ ਹੈ। ਕੁੱਲ ਕੀਮਤ ਜੋੜ (ਜੀ.ਵੀ.ਏ.) ਮੁਤਾਬਕ ਤਾਂ ਵਿਕਾਸ ਦਰ ਹੋਰ ਵੀ ਘੱਟ 5.6 ਫੀਸਦੀ ਬਣਦੀ ਹੈ।

ਇਸ ਮੁਤਾਬਕ ਬੀਤੇ ਪੂਰੇ ਮਾਲੀ ਸਾਲ ਦੀ ਜੀ.ਡੀ.ਪੀ. 121.90 ਲੱਖ ਕਰੋੜ ਰੁਪਏ ਰਹੀ, ਜੋ ਇਸ ਤੋਂ ਪਿਛਲੇ ਸਾਲ 113.81 ਲੱਖ ਕਰੋੜ ਰੁਪਏ ਸੀ ਤੇ ਸਾਲ ਦੀ ਵਿਕਾਸ ਦਰ 7.1 ਫੀਸਦੀ ਬਣਦੀ ਹੈ। ਸੀ.ਐਸ.ਓ. ਨੇ ਸਾਲ 2015-16 ਦੀ ਵਿਕਾਸ ਦਰ ਦੇ ਸੋਧੇ ਹੋਏ ਅੰਕੜੇ ਜਾਰੀ ਕਰਦਿਆਂ ਸਾਲ ਭਰ ਦੀ ਵਿਕਾਸ ਦਰ ਅੱਠ ਫੀਸਦੀ ਦੱਸੀ ਹੈ। ਬਹੁਤੇ ਅਰਥ ਸ਼ਾਸਤਰੀ ਇਸ ਬਾਰੇ ਇਕਮਤ ਹਨ ਕਿ ਇਹ ਸੁਸਤੀ, ਨੋਟਬੰਦੀ ਦਾ ਨਤੀਜਾ ਸੀ। ਭਾਵੇਂ ਪੂਰੇ ਵਿੱਤੀ ਵਰ੍ਹੇ (2016-17) ਦੀ ਵਿਕਾਸ ਦਰ 7.1 ਰਹੀ, ਜੋ ਕਿ ਤਸੱਲੀਬਖ਼ਸ਼ ਹੈ, ਫਿਰ ਵੀ ਜੇਕਰ ਆਖਰੀ ਤਿਮਾਹੀ ਦੀ ਦਰ ਪੂਰਾ ਇਕ ਅੰਕ ਨਾ ਖਿਸਕਦੀ ਤਾਂ ਸਾਲਾਨਾ ਕੌਮੀ ਵਿਕਾਸ ਦਰ 7.5 ਦੇ ਆਸ-ਪਾਸ ਰਹਿਣੀ ਸੀ। ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ 7.1 ਫੀਸਦੀ ਦਾ ਅੰਕੜਾ ਵੀ ਪਹਿਲਿਆਂ ਤਿੰਨ ਤਿਮਾਹੀਆਂ ਦੇ ਅੰਕੜਿਆਂ ਦੀ ਸੁਧਾਈ ਦੀ ਬਦੌਲਤ ਸੰਭਵ ਹੋਇਆ। ਜ਼ਿਕਰਯੋਗ ਹੈ ਕਿ ਕੇਂਦਰੀ ਅੰਕੜਾ ਸੰਗਠਨ (ਸੀ.ਐਸ.ਓ.) ਪਹਿਲਾਂ ਆਪਣੇ ਕੋਲ ਪਹੁੰਚੀ ਮੁਢਲੀ ਜਾਣਕਾਰੀ ਦੇ ਆਧਾਰ 'ਤੇ ਆਰਜ਼ੀ ਅੰਕੜੇ ਜਾਰੀ ਕਰਦਾ ਹੈ। ਉਸ ਤੋਂ ਬਾਅਦ ਹਰ ਪਾਸਿਉਂ ਪੱਕਾ ਡੇਟਾ ਪ੍ਰਾਪਤ ਹੋਣ ਅਤੇ ਉਸ ਦੀ ਪੁਣ-ਛਾਣ ਤੋਂ ਬਾਅਦ ਸੋਧੇ ਹੋਏ ਅੰਕੜੇ ਜਾਰੀ ਕੀਤੇ ਜਾਂਦੇ ਹਨ। ਇਹ ਨੋਟਬੰਦੀ ਦਾ ਹੀ ਅਸਰ ਸੀ ਜੋ ਕਿ ਆਖਰੀ ਤਿਮਾਹੀ (ਜਨਵਰੀ ਮਾਰਚ 2017) ਦੌਰਾਨ ਖੇਤੀ ਤੇ ਸਰਕਾਰੀ ਖਰਚਿਆਂ ਨੂੰ ਛੱਡ ਕੇ ਬਾਕੀ ਸਾਰੇ ਖੇਤਰਾਂ, ਖਾਸ ਕਰ ਕੇ ਨਿਰਮਾਣ, ਉਸਾਰੀ ਤੇ ਵਿੱਤੀ ਸੇਵਾਵਾਂ ਦੇ ਵਿਕਾਸ ਵਿਚ ਤੇਜ਼ੀ ਨਾਲ ਕਮੀ ਆਈ। ਜੇਕਰ ਨੋਟਬੰਦੀ ਨਾ ਹੁੰਦੀ ਤਾਂ ਸਮੁੱਚੇ ਹਾਲਾਤ ਬਿਹਤਰ ਆਰਥਿਕ ਕਾਰਗੁਜ਼ਾਰੀ ਲਈ ਸਾਜ਼ਗਾਰ ਸਨ।



## ਮੋਦੀ ਦੇ ਸੈਲਫ ਗੋਲ ਕਾਰਨ ਘਟੀ ਵਿਕਾਸ ਦਰ

**ਪੇਈਚਿੰਗ:** ਚੀਨ ਦੇ ਇਕ ਸਰਕਾਰੀ ਅਖਬਾਰ ਨੇ ਕਿਹਾ ਹੈ ਕਿ ਭਾਰਤ ਨੂੰ ਜੀ.ਡੀ.ਪੀ. (ਕੁੱਲ ਘਰੇਲੂ ਪੈਦਾਵਾਰ) ਵਿਕਾਸ ਦਰ ਵਿਚ ਝਟਕਾ ਲੱਗਾ ਹੈ ਤੇ ਇਹ ਵਿਕਾਸ ਦਰ ਪੱਖੋਂ ਚੀਨ ਤੋਂ ਪੱਛੜ ਗਿਆ ਹੈ। ਅਖਬਾਰ ਨੇ ਕਿਹਾ ਹੈ ਕਿ ਵਿਕਾਸ ਦੀ 'ਹਾਥੀ (ਭਾਰਤ) ਬਨਾਮ ਡਰੈਗਨ (ਚੀਨ) ਦੀ ਦੌੜ' ਵਿਚ ਭਾਰਤ ਦੇ ਪਿਛਲੇ ਮਾਲੀ ਸਾਲ ਦੀ ਆਖਰੀ ਤਿਮਾਹੀ (ਜਨਵਰੀ ਤੋਂ ਮਾਰਚ, 2017) ਦੌਰਾਨ ਪਿੱਛੇ ਰਹਿਣ ਕਾਰਨ ਚੀਨ ਨੂੰ ਮੁੜ ਦੁਨੀਆਂ ਦੇ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਕਰ ਰਹੇ ਅਰਚਥਾਚੇ ਦਾ ਰੁਤਬਾ ਹਾਸਲ ਕਰਨ ਵਿਚ ਮੌਦਦ ਮਿਲੀ ਹੈ।

ਰੋਜ਼ਨਾਮਾ 'ਗਲੋਬਲ ਟਾਈਮਜ਼' ਨੇ ਇਸ ਨੂੰ ਭਾਰਤ ਦੀ ਮੋਦੀ ਸਰਕਾਰ ਵੱਲੋਂ ਆਪਣੇ ਸਿਰ ਕੀਤਾ ਗਿਆ 'ਸੈਲਫ ਗੋਲ' ਭਾਵ 'ਆਪਣੇ ਪੈਰ ਆਪ ਕੁਹਾੜਾ ਮਾਰਨ' ਦੇ ਤੁੱਲ ਦੱਸਿਆ ਹੈ। ਅਖਬਾਰ ਨੇ ਉਮੀਦ ਜ਼ਾਹਰ ਕੀਤੀ ਕਿ ਮੋਦੀ ਸਰਕਾਰ ਦੇਸ਼ ਵਿਚ ਆਰਥਿਕ ਸੁਧਾਰ ਜਾਰੀ ਰੱਖਦਿਆਂ ਭਵਿੱਖ ਵਿਚ ਹੋਰ 'ਸੈਲਫ ਗੋਲ' ਨਹੀਂ ਕਰੇਗੀ।

## ਹਾਲਾਤ ਅਨੁਕੂਲ ਹੋਣ ਦੇ ਬਾਵਜੂਦ ਨਾ ਲਿਆ ਲਾਹਾ

**ਨਵੀਂ ਦਿੱਲੀ:** ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਮੌਨਸੂਨ ਆਮ ਵਰਗੀ ਹੋਈ ਸੀ। ਉਪਰੋਂ, ਆਲਮੀ ਮੰਡੀ ਵਿਚ ਕੱਚੇ ਤੇਲ ਦੀਆਂ ਕੀਮਤਾਂ ਵੀ ਸੁਖਾਵੀਆਂ ਚੱਲ ਰਹੀਆਂ ਸਨ, ਪਰ ਅਰਥਚਾਰੇ ਨੂੰ ਮਿਲ ਰਹੇ ਹੁਲਾਰੇ ਨੂੰ ਅਚਾਨਕ 8 ਨਵੰਬਰ ਵਾਲੇ ਐਲਾਨ ਨੇ ਬਰੇਕਾਂ ਲਾ ਦਿੱਤੀਆਂ। ਸ੍ਰੀ ਜੇਤਲੀ ਨੇ ਮੰਨਿਆ ਹੈ ਕਿ ਸਾਜ਼ਗਾਰ ਹਾਲਾਤ ਦੇ ਬਾਵਜੂਦ ਅਰਥਚਾਰਾ ਆਸਾਂ ਮੁਤਾਬਕ ਫਲਿਆ-ਫੁਲਿਆ ਨਹੀਂ। ਉਨ੍ਹਾਂ ਨੇ ਇਸ ਸਥਿਤੀ ਲਈ ਆਲਮੀ ਵਪਾਰ ਦੇ ਸੁੰਗੜੇਵੇਂ, ਵੱਡੀਆਂ ਆਰਥਿਕ ਸ਼ਕਤੀਆਂ ਵੱਲੋਂ ਵਿਸ਼ਵੀਕਰਨ ਤਿਆਗ ਕੇ ਬਚਾਅਵਾਦੀ ਰੁਖ ਅਪਨਾਏ ਜਾਣ ਅਤੇ ਮੱਧ ਪੂਰਬ ਤੇ ਯੂਰਪ ਵਿਚ ਭੂਗੋਲਿਕ-ਸਿਆਸੀ ਅਸਥਿਰਤਾ ਵਰਗੇ ਕਾਰਨਾਂ ਨੂੰ ਜ਼ਿੰਮੇਵਾਰ ਦੱਸਿਆ।

## ਮੋਦੀ ਦੀ ਰਣਨੀਤੀ 'ਤੇ ਮਨਪ੍ਰੀਤ ਬਾਦਲ ਵੱਲੋਂ ਸਵਾਲ

**ਨਵੀਂ ਦਿੱਲੀ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਆਖਿਆ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਦੇਸ਼ ਦੀ ਰੱਖਿਆ ਲਈ ਮੋਦੀ ਸਰਕਾਰ ਨੇ ਕੁਝ ਨਹੀਂ ਕੀਤਾ। ਮਨਪ੍ਰੀਤ ਬਾਦਲ ਨੇ ਮੋਦੀ ਦੇ 56 ਇੰਚ ਦੇ ਸੀਨੇ 'ਤੇ ਸਵਾਲ ਉਠਾਏ ਹਨ। ਮਨਪ੍ਰੀਤ ਬਾਦਲ ਨੇ ਦਾਅਵਾ ਕੀਤਾ ਕਿ ਬੀਤੇ ਤਿੰਨ ਸਾਲਾਂ ਵਿਚ 172 ਅਤਿਵਾਦੀ ਹਮਲੇ ਹੋਏ। ਪਿਛਲੇ ਤਿੰਨ ਸਾਲਾਂ ਦੌਰਾਨ 578 ਜਵਾਨ ਸ਼ਹੀਦ ਹੋਏ ਹਨ ਤੇ 877 ਆਮ ਨਾਗਰਿਕ ਮਾਰੇ ਗਏ। ਇਨ੍ਹਾਂ ਜਵਾਨਾਂ ਵਿਚੋਂ ਸਿਰਫ 203 ਜੰਮੂ ਤੇ ਕਸ਼ਮੀਰ ਵਿਚ ਸ਼ਹੀਦ ਹੋਏ। ਮਨਪ੍ਰੀਤ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿਚ ਜੰਮੂ-ਕਸ਼ਮੀਰ ਵਿਚ 1,343 ਵਾਰ ਗੋਲੀਬੰਦੀ ਦੀ ਉਲੰਘਣਾ ਹੋਈ ਤੇ ਪਿਛਲੇ ਛੇ ਮਹੀਨਿਆਂ ਦੌਰਾਨ ਪਾਕਿਸਤਾਨ ਨੇ ਤਿੰਨ ਵਾਰੀ ਭਾਰਤੀ ਜਵਾਨਾਂ ਦੇ ਸਿਰ ਵੱਢ ਦਿੱਤੇ।



## ਬ੍ਰਹਿਮੰਡ 'ਚ ਮਿਲਿਆ ਸਭ ਤੋਂ ਗਰਮ ਗ੍ਰਹਿ

**ਵਾਸ਼ਿੰਗਟਨ (ਬਿਊਰੋ):** ਵਿਗਿਆਨਕਾਂ ਨੇ ਸਭ ਤੋਂ ਗਰਮ ਗ੍ਰਹਿ ਦੀ ਖੋਜ ਕੀਤੀ ਹੈ। ਇਹ ਬ੍ਰਹਿਮੰਡ ਦੇ ਜ਼ਿਆਦਾਤਰ ਤਾਰਿਆਂ ਤੋਂ ਵੀ ਗਰਮ ਹੈ। ਨਵਾਂ ਗ੍ਰਹਿ ਸਾਡੀ ਧਰਤੀ ਤੋਂ 650 ਪ੍ਰਕਾਸ਼ ਸਾਲ ਦੂਰ ਹੈ।

ਖੋਜਕਰਤਾਵਾਂ ਅਨੁਸਾਰ ਬ੍ਰਹਿਸਪਤੀ ਵਰਗਾ ਵਿਖਾਈ ਦੇਣ ਵਾਲਾ ਇਹ ਗ੍ਰਹਿ ਇਕ ਵਿਸ਼ਾਲ ਤਾਰੇ ਕੇਲਟ-9 ਦੀ ਪਰਿਕਰਮਾ ਕਰਦਾ ਹੈ। ਇਸ 'ਚ ਡੇਢ ਦਿਨ ਦਾ ਵਕਤ ਲੱਗਦਾ ਹੈ।

ਕੇਲਟ-9ਬੀ ਨਾਮਕ ਇਸ ਗ੍ਰਹਿ 'ਤੇ ਦਿਨ ਦਾ ਉਚ ਤਾਪਮਾਨ 4.326 ਡਿਗਰੀ ਸੈਲਸੀਅਸ ਰਹਿੰਦਾ ਹੈ। ਇਸ ਵਜ੍ਹਾ ਨਾਲ ਇਸ ਗ੍ਰਹਿ ਨੂੰ ਜ਼ਿਆਦਾਤਰ ਤਾਰਿਆਂ ਨਾਲੋਂ ਗਰਮ ਕਰਾਰ ਦਿੱਤਾ ਗਿਆ ਹੈ। ਇਸ ਦਾ ਤਾਪਮਾਨ ਸੂਰਜ ਤੋਂ ਸਿਰਫ 926 ਡਿਗਰੀ ਸੈਲਸੀਅਸ ਘੱਟ ਹੈ।

ਕੇਲਟ-9ਬੀ ਜਿਸ ਤਾਰੇ ਦੀ ਪਰਿਕਰਮਾ ਕਰਦਾ ਹੈ, ਉਸ ਤੋਂ ਅਲਟਰਾ ਵਾਇਲਟ ਰੈਡੀਏਸ਼ਨ ਇੰਨਾ ਤੇਜ਼ ਹੈ ਕਿ ਸ਼ਾਇਦ ਇਹ ਗ੍ਰਹਿ ਵਾਸ਼ਪਿਤ ਹੋ ਰਿਹਾ ਹੋਵੇਗਾ। ਇਸੇ ਕਾਰਨ ਇਸ ਦੇ ਪਿੱਛੇ ਗੈਸ ਦੀ ਪੂਛ ਜਿਹੀ ਵਿਖਾਈ ਦਿੰਦੀ ਹੈ ਜੋ ਧੂਮਕੇਤੂ ਵਰਗਾ ਦ੍ਰਿਸ਼ ਪੈਦਾ ਕਰਦੀ ਹੈ।

# ਪੰਜਾਬ ਸਰਕਾਰ ਨੇ ਮਗਨਰੇਗਾ ਸਕੀਮ ਤੋਂ ਵੱਟਿਆ ਪਾਸਾ

**ਚੰਡੀਗੜ੍ਹ:** ਸੌ ਦਿਨ ਦੇ ਰੁਜ਼ਗਾਰ ਦੀ ਗਾਰੰਟੀ ਦੇਣ ਵਾਲੀ ਸੰਸਾਰ ਦੀ ਸਭ ਤੋਂ ਵੱਡੀ ਰੁਜ਼ਗਾਰ ਸਕੀਮ- 'ਮਹਾਤਮਾ ਗਾਂਧੀ ਪੇਂਡੂ ਰੁਜ਼ਗਾਰ ਗਾਰੰਟੀ ਕਾਨੂੰਨ' (ਮਗਨਰੇਗਾ) ਪੰਜਾਬ ਦੇ ਅੱਧੇ ਤੋਂ ਵੱਧ ਪਿੰਡਾਂ ਲਈ ਨਕਾਰਾ ਬਣੀ ਪਈ ਹੈ। ਕੈਪਟਨ ਸਰਕਾਰ ਦੇ ਕਾਰਜਕਾਲ ਨੂੰ ਲਗਭਗ ਢਾਈ ਮਹੀਨੇ ਹੋਣ ਲੱਗੇ ਹਨ ਅਤੇ ਇਸ ਵਿੱਤੀ ਸਾਲ ਦੌਰਾਨ ਹੁਣ ਤੱਕ ਸੂਬੇ ਦੀਆਂ 13079 ਵਿਚੋਂ 9225 ਪੰਚਾਇਤਾਂ ਵੱਲੋਂ ਮਗਨਰੇਗਾ ਤਹਿਤ ਕੰਮ ਸ਼ੁਰੂ ਹੀ ਨਹੀਂ ਕੀਤਾ ਗਿਆ। ਅਪਰੈਲ ਅਤੇ ਮਈ ਮਹੀਨਿਆਂ ਦੌਰਾਨ ਖਰਚਾ ਨਿੱਲ ਹੈ। ਪਿਛਲੇ ਸਮੇਂ ਦੌਰਾਨ ਸਰਕਾਰ ਨੇ ਆਪਣੇ ਹਿੱਸੇ ਦੀ ਦਸ ਫੀਸਦੀ ਮਾਮੂਲੀ ਰਾਸ਼ੀ ਵੀ ਮਗਨਰੇਗਾ ਲਈ ਸਮੇਂ ਸਿਰ ਨਹੀਂ ਦਿੱਤੀ ਸੀ।

ਸਮਾਜਿਕ, ਆਰਥਿਕ ਅਤੇ ਜਾਤੀਗਤ ਗਣਨਾ ਅਨੁਸਾਰ ਪੰਜਾਬ ਦੇ ਪਿੰਡਾਂ ਵਿਚ 32 ਲੱਖ ਪੇਂਡੂ ਪਰਿਵਾਰਾਂ ਵਿਚੋਂ 73 ਫੀਸਦੀ ਦੇ ਕਰੀਬ ਪੰਜ ਹਜ਼ਾਰ ਰੁਪਏ ਮਹੀਨਾ ਤੋਂ ਵੀ ਘੱਟ ਉਤੇ ਗੁਜ਼ਾਰਾ ਕਰਨ ਲਈ ਮਜਬੂਰ ਹਨ। ਪੰਜਾਬ ਵਿਚ ਬਣਾਏ ਗਏ 13 ਲੱਖ ਦੇ ਕਰੀਬ ਜੌਬ ਕਾਰਡਾਂ ਵਿਚੋਂ ਸੱਤ ਲੱਖ ਹੀ ਐਕਟਿਵ ਕਾਰਡ ਮੰਨੇ ਗਏ ਹਨ। ਸੌ ਦਿਨ ਦੇ ਰੁਜ਼ਗਾਰ ਦਾ ਮਾਮਲਾ ਠੰਢੇ ਬਸਤੇ ਵਿਚ ਹੈ ਅਤੇ ਮਗਨਰੇਗਾ ਮਜ਼ਦੂਰਾਂ ਨੂੰ ਚੌਥਾ ਹਿੱਸਾ ਦਿਨ ਵੀ ਔਸਤ ਕੰਮ ਨਹੀਂ ਮਿਲ ਰਿਹਾ ਹੈ।

ਸੂਬੇ ਵਿਚ ਪੰਜ ਏਕੜ ਤੋਂ ਘੱਟ ਵਾਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਅੰਦਰ ਕਰਜ਼ੇ ਕਾਰਨ ਵਧ ਰਹੇ ਖੁਦਕੁਸ਼ੀਆਂ ਦੇ ਰੁਝਾਨ ਦੇ ਬਾਵਜੂਦ ਪੀੜਤ ਪਰਿਵਾਰ ਵੀ ਮਗਨਰੇਗਾ ਰੁਜ਼ਗਾਰ ਸਕੀਮ ਦੀ ਤਰਜੀਹੀ ਸੂਚੀ ਦਾ ਹਿੱਸਾ ਨਹੀਂ ਬਣ ਰਹੇ। ਪੰਜ ਏਕੜ ਤੱਕ ਵਾਲੇ ਕਿਸਾਨਾਂ ਨੂੰ ਆਪਣੇ ਖੇਤ ਵਿਚ ਕੰਮ ਕਰਨ ਦੀ ਸਹੂਲਤ ਬਾਰੇ ਜਾਗਰੂਕ ਕਰਨ ਲਈ ਸਿਆਸੀ ਅਤੇ ਪ੍ਰਸ਼ਾਸਨਿਕ ਤੰਤਰ ਨੇ ਅਜੇ ਤੱਕ ਸੋਚ ਵਿਚਾਰ ਨਹੀਂ ਕੀਤੀ।

ਦੇਸ਼ ਪੱਧਰ 'ਤੇ ਮਗਨਰੇਗਾ ਦਾ ਸਭ ਤੋਂ ਤਰਜੀਹੀ ਕੰਮ ਪਾਣੀ ਦੀ ਬੱਚਤ ਅਤੇ ਬਰਸਾਤੀ ਪਾਣੀ ਸਟੋਰ ਕਰਨਾ ਹੈ। ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਸਕੱਤਰ ਨੂੰ ਲਿਖੇ ਪੱਤਰ ਅਨੁਸਾਰ 19 ਜੂਨ ਨੂੰ ਹੋਣ ਵਾਲੇ 'ਸਕਸ਼ਮ ਲਾਂਚ ਪ੍ਰੋਗਰਾਮ' ਲਈ ਬੁਲਾਇਆ ਗਿਆ ਹੈ। ਮਗਨਰੇਗਾ ਦੀ ਸੂਚੀ ਵਿਚ ਹੀ ਪੰਜਾਬ ਦੇ 113 ਬਲਾਕ ਪਾਣੀ ਦੇ ਸੰਕਟ ਵਾਲੇ ਬਲਾਕ ਹਨ। ਇਨ੍ਹਾਂ ਵਿਚ ਸਭ ਤੋਂ ਵੱਧ 11 ਬਲਾਕ ਲੁਧਿਆਣਾ ਦੇ ਹਨ।

ਇਸ ਤੋਂ ਬਾਅਦ ਜਲੰਧਰ ਦੇ 10, ਅੰਮ੍ਰਿਤਸਰ ਦੇ 8, ਬਰਨਾਲਾ ਦੇ 3, ਬਠਿੰਡਾ ਦੇ 5, ਫਤਹਿਗੜ੍ਹ ਸਾਹਿਬ ਦੇ 5, ਫਰੀਦਕੋਟ ਦੇ 2, ਫ਼ਾਜ਼ਿਲਕਾ ਦੇ 2, ਫ਼ਿਰੋਜ਼ਪੁਰ ਦੇ 6, ਗੁਰਦਾਸਪੁਰ ਦੇ 8, ਹੁਸ਼ਿਆਰਪੁਰ ਦੇ 5, ਕਪੂਰਥਲਾ ਦੇ 5, ਮਾਨਸਾ ਅਤੇ ਮੋਗਾ ਦੇ 5-5, ਨਵਾਂਸ਼ਹਿਰ ਦੇ 3, ਪਟਿਆਲਾ ਦੇ 8, ਰੋਪੜ ਦੇ 3, ਸੰਗਰੂਰ ਦੇ 9, ਮੁਹਾਲੀ ਦੇ 2 ਅਤੇ ਤਰਨ ਤਾਰਨ ਦੇ 8 ਬਲਾਕ ਸ਼ਾਮਲ ਹਨ। ਪੰਜਾਬ ਫਿਲਹਾਲ ਪਾਣੀ ਬਚਾਉਣ ਵਾਲੇ ਵੱਡੇ ਪ੍ਰਾਜੈਕਟਾਂ ਤੋਂ ਵਾਂਝਾ ਹੈ, ਜਿਨ੍ਹਾਂ ਦਾ ਪ੍ਰਬੰਧ ਮਗਨਰੇਗਾ ਤਹਿਤ ਕੀਤਾ ਜਾ ਸਕਦਾ ਹੋਵੇ।

ਮਗਨਰੇਗਾ ਤਹਿਤ ਮਜ਼ਦੂਰੀ ਦਾ ਪੈਸਾ 15 ਦਿਨਾਂ 'ਚ ਮਿਲ ਜਾਣਾ ਚਾਹੀਦਾ ਹੈ। ਅਦਾਇਗੀ 'ਚ ਦੇਰੀ ਹੋਣ 'ਤੇ ਵਿਆਜ ਸਣੇ ਦਿਹਾੜੀ ਦੇਣੀ ਪੈਂਦੀ ਹੈ। ਸੈਂਕੜੇ ਕਾਮੇ ਆਪਣੇ ਪੁਰਾਣੇ ਕੰਮ ਦੇ ਪੈਸੇ ਉਡੀਕ ਰਹੇ ਹਨ ਅਤੇ ਇਨ੍ਹਾਂ ਨੂੰ ਵਿਆਜ ਤਾਂ ਕੀ ਅਸਲ ਹੀ ਨਾ ਮਿਲਣ ਦੀ ਚਿੰਤਾ ਸਤਾ ਰਹੀ ਹੈ। ਇਕ ਅਨੁਮਾਨ ਅਨੁਸਾਰ ਪਹਿਲਾਂ ਹੀ ਮਗਨਰੇਗਾ ਤਹਿਤ 29.91 ਕਰੋੜ ਦੇਣਦਾਰੀਆਂ ਖੜ੍ਹੀਆਂ ਹਨ। ਸਮੇਂ ਸਿਰ ਕੰਮ ਨਾ ਦੇਣ ਦੀ ਹਾਲਤ ਵਿਚ ਬੇਰੁਜ਼ਗਾਰੀ ਭੱਤਾ ਦਿੱਤਾ ਜਾਂਦਾ ਹੈ। ਪੰਜਾਬ ਵਿਚ ਬੇਰੁਜ਼ਗਾਰੀ ਭੱਤੇ ਦੀ ਸੰਵਿਧਾਨਕ ਰਾਖੀ ਨੂੰ ਵੀ ਹਵਾ ਵਿਚ ਉਡਾਇਆ ਜਾ ਰਿਹਾ ਹੈ।

# ਡੋਨਲਡ ਟਰੰਪ ਨੇ ਆਲਮੀ ਤਪਸ਼ ਘਟਾਉਣ ਦੇ ਯਤਨਾਂ ਨੂੰ ਦਿੱਤਾ ਝਟਕਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪੈਰਿਸ ਵਾਤਾਵਰਨ ਸਮਝੌਤੇ ਤੋਂ ਅਮਰੀਕਾ ਦੇ ਪਿੱਛੇ ਹਟਣ ਦੇ ਐਲਾਨ ਨੇ ਵਿਸ਼ਵ ਦੇ ਵਧ ਰਹੇ ਤਾਪਮਾਨ ਨੂੰ ਘੱਟ ਕਰਨ ਦੇ ਯਤਨਾਂ ਨੂੰ ਲੀਹ ਤੋਂ ਲਾਹ ਦਿੱਤਾ ਹੈ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਕੀਤੇ ਇਸ ਸਮਝੌਤੇ ਨੂੰ ਟਰੰਪ ਨੇ ਇਸ ਤਰ੍ਹਾਂ ਦਾ ਸੰਧੀ ਪੱਤਰ ਕਰਾਰ ਦਿੱਤਾ ਹੈ ਜੋ ਅਮਰੀਕਾ ਲਈ ਨੁਕਸਾਨ ਵਾਲਾ ਅਤੇ ਆਰਥਿਕ ਵਿਰੋਧੀ ਦੇਸ਼ਾਂ ਭਾਰਤ, ਚੀਨ ਅਤੇ ਯੂਰਪੀਨ ਦੇਸ਼ਾਂ ਲਈ ਲਾਭਕਾਰੀ ਹੈ।

ਟਰੰਪ ਦੇ ਐਲਾਨ ਨੂੰ ਯੂਰਪ ਦੇ ਗੁੱਸੇ ਹੋਏ ਉਸ ਦੇ ਸਹਿਯੋਗੀ ਦੇਸ਼ਾਂ ਸਮੇਤ ਕਈ ਦੇਸ਼ਾਂ ਨੇ ਖਾਰਜ ਕਰ ਦਿੱਤਾ ਹੈ। ਫਰਾਂਸ, ਜਰਮਨੀ ਤੇ ਇਟਲੀ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਕਿ ਸਮਝੌਤੇ 'ਤੇ ਫਿਰ ਗੱਲਬਾਤ ਨਹੀਂ ਹੋ ਸਕਦੀ? ਅਮਰੀਕਾ ਚੀਨ ਪਿੱਛੋਂ ਗਰੀਨ ਹਾਊਸ ਗੈਸਾਂ ਵਿਸਰਜਤ ਕਰਨ ਵਾਲਾ ਵਿਸ਼ਵ ਦਾ ਦੂਸਰਾ ਵੱਡਾ ਦੇਸ਼ ਹੈ। ਇਸ ਕਾਰਨ ਟਰੰਪ ਦੇ ਫੈਸਲੇ ਨਾਲ ਵਿਸ਼ਵ ਤਾਪਮਾਨ ਵਿਚ ਵਾਧੇ ਨੂੰ ਘਟਾਉਣ ਦੇ ਯਤਨਾਂ 'ਤੇ ਉਲਟਾ ਅਸਰ ਪਵੇਗਾ। ਟਰੰਪ ਦੇ ਇਸ ਫੈਸਲੇ 'ਤੇ ਭਾਰਤ ਸਮੇਤ ਵਿਸ਼ਵ ਦੇ ਕਈ ਦੇਸ਼ਾਂ ਨੇ ਸਖਤ ਪ੍ਰਤੀਕ੍ਰਿਆ ਜ਼ਾਹਿਰ ਕੀਤੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਵਾਤਾਵਰਨ ਪ੍ਰਦੂਸ਼ਣ ਨਾਲ ਨਜਿੱਠਣ ਲਈ ਕੋਈ ਕਦਮ ਨਾ ਚੁੱਕਣਾ ਨੈਤਿਕ ਅਪਰਾਧ ਹੋਵੇਗਾ।

ਟਰੰਪ ਦਾ ਕਹਿਣਾ ਹੈ ਕਿ ਉਹ ਆਪਣੀ ਸਮਝ ਮੁਤਾਬਕ ਉਸ ਸਮਝੌਤੇ ਦਾ ਸਮਰਥਨ ਨਹੀਂ ਕਰ ਸਕਦਾ ਜੋ ਅਮਰੀਕਾ ਨੂੰ ਸਜ਼ਾ ਦਿੰਦਾ ਹੈ। ਇਹ ਸਮਝੌਤਾ ਸਾਡੇ ਦੇਸ਼ 'ਤੇ ਭਾਰੀ ਵਿੱਤੀ ਅਤੇ ਆਰਥਿਕ ਭਾਰ ਪਾਉਂਦਾ ਹੈ।

ਅਮਰੀਕਾ ਦੁਨੀਆਂ ਦਾ ਸਭ ਤੋਂ ਵੱਧ ਕਾਰਬਨ ਪੈਦਾ ਕਰਨ ਵਾਲਾ ਮੁਲਕ ਹੈ ਪਰ ਟਰੰਪ ਨੇ ਅਮਰੀਕੀਆਂ ਲਈ ਪੈਰਿਸ ਸਮਝੌਤੇ ਨੂੰ ਕੁੱਢਬਾ ਬਣਾਉਣ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡੀ। ਉਹ ਆਲਮੀ ਤਪਸ਼ ਜਾਂ ਵਾਤਾਵਰਣ ਤਬਦੀਲੀ ਵਰਗੇ ਮੁੱਦਿਆਂ ਨੂੰ 'ਬੇਲੋੜੀ ਬਕਵਾਸ' ਦੱਸਦਾ ਆਇਆ ਹੈ। ਉਸ ਦੀ ਦਲੀਲ ਰਹੀ ਹੈ ਕਿ ਪੈਰਿਸ ਸਮਝੌਤੇ ਵਰਗੀਆਂ ਆਲਮੀ ਸੰਧੀਆਂ ਅਮਰੀਕਾ, ਖਾਸ ਕਰ ਕੇ ਗੋਰੇ ਅਮਰੀਕੀਆਂ ਦੇ ਆਰਥਿਕ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਹਨ। ਲਿਹਾਜ਼ਾ, ਅਮਰੀਕਾ ਲਈ ਜ਼ਰੂਰੀ ਨਹੀਂ ਕਿ ਉਹ ਅਜਿਹੀਆਂ ਸੰਧੀਆਂ ਦਾ ਪਾਬੰਦ ਰਹੇ।


ਪੈਰਿਸ ਸਮਝੌਤਾ ਢੇਰਾਂ ਦੇ ਢੇਰ ਕਾਰਬਨ ਪੈਦਾ ਕਰਨ ਵਾਲੇ ਸਨਅਤੀ ਅਦਾਰਿਆਂ ਨੂੰ ਬੰਦ ਕਰਨ ਤਕ ਮਹਿਦੂਦ ਨਹੀਂ ਬਲਕਿ ਇਹ ਸਾਡੇ ਗ੍ਰਹਿ, ਸਾਡੀ ਕਾਇਨਾਤ ਤੇ ਸਮੁੱਚੀ ਮਨੁੱਖਤਾ ਨੂੰ ਤਬਾਹੀ ਤੋਂ ਬਚਾਉਣ ਲਈ ਬਹੁਤ ਡੂੰਘੀ ਸੋਚ-ਵਿਚਾਰ ਸਦਕਾ ਵਜੂਦ ਵਿਚ ਆਇਆ ਇਕ ਸਮੂਹਿਕ ਉਪਰਾਲਾ ਹੈ। ਉਂਜ, ਇਹ ਪਹਿਲੀ ਵਾਰ ਨਹੀਂ ਜਦੋਂ ਅਮਰੀਕਾ ਨੇ ਆਪਣੇ ਸੌੜੇ ਹਿੱਤਾਂ ਦੀ ਖਾਤਰ ਕਿਸੇ ਆਲਮੀ ਸਮਝੌਤੇ ਨਾਲੋਂ ਨਾਤਾ ਤੋੜਿਆ ਹੈ। ਉਸ ਨੇ ਪਰਮਾਣੂ ਨਿਸ਼ਸਤਰੀਕਰਨ ਦਾ ਰਾਹ ਪੱਧਰਾ ਕਰਨ ਵਾਲੀ ਵਿਆਪਕ ਟੈਸਟ ਬੈਨ ਸੰਧੀ (ਸੀ.ਟੀ.ਬੀ.ਟੀ.) ਦੀ ਤਾਈਦ ਕਰਨ ਤੋਂ ਵੀ ਨਾਂਹ ਕਰ ਦਿੱਤੀ ਸੀ।

## ਪੈਰਿਸ ਸਮਝੌਤੇ ਤੋਂ ਪਿੱਛੇ ਹਟਣ ਦੀ ਸੰਸਾਰ ਭਰ 'ਚ ਆਲੋਚਨਾ




## ਟਰੰਪ ਦਾ ਭਾਰਤ ਤੇ ਚੀਨ ਵਿਰੁਧ ਗੁੱਸਾ

**ਵਾਸ਼ਿੰਗਟਨ:** ਡੋਨਲਡ ਟਰੰਪ ਨੇ ਆਖਿਆ ਹੈ ਕਿ ਪੈਰਿਸ ਸਮਝੌਤੇ ਵਿਚ ਭਾਰਤ ਤੇ ਚੀਨ ਵਰਗੇ ਪ੍ਰਦੂਸ਼ਿਤ ਦੇਸ਼ਾਂ ਲਈ ਕੋਈ ਖਾਸ ਸਖਤੀ ਨਹੀਂ ਕੀਤੀ ਗਈ। ਇਸ ਦੇ ਨਾਲ ਹੀ ਟਰੰਪ ਨੇ ਗਲੋਬਲ ਵਾਰਮਿੰਗ ਰੋਕਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਮੱਠੀ ਰਫਤਾਰ ਉਤੇ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ। ਟਰੰਪ ਅਨੁਸਾਰ ਇਸ ਸਮਝੌਤੇ ਵਿਚ ਭਾਰਤ, ਚੀਨ ਤੇ ਯੂਰਪ ਦੇ ਦੇਸ਼ਾਂ ਨੂੰ ਕਈ ਸਹੂਲਤਾਂ ਦਿੱਤੀਆਂ ਗਈਆਂ ਹਨ।



## Matrimonial

### ਵਰ ਦੀ ਲੋੜ

Wanted suitable U.S. citizen boy in SF Bay Area for Software Engineer U.S. citizen Jatt Sikh girl, 27, 5'-2". Computer Science/ Computer Engineering background preferred. Contact: bsinghs408@gmail.com 21-24

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details & photo at: gsingh9113@gmail.com or call, Ph: 224-410-5658 15-

### ਲੜਕੀ ਦੀ ਲੋੜ

Well settled Kamboj Sikh family looking for a suitable US citizen or Green Card holder match for their son 31, 5'-7", architect on work visa. Pl. E-mail details & photo: nyrbik26@gmail.com 19-22

# ਪਾਰਟੀ ਦੇ ਨਵੇਂ ਜਥੇਬੰਦਕ ਢਾਂਚੇ ਬਾਰੇ ਭਗਵੰਤ ਮਾਨ ਦੀ ਰਣਨੀਤੀ

**ਸੰਗਰੂਰ:** ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ ਵਿਚ ਪਾਰਟੀ ਦਾ ਜਥੇਬੰਦਕ ਢਾਂਚਾ ਇਕ ਮਹੀਨੇ ਦੇ ਅੰਦਰ ਮੁਕੰਮਲ ਕਰ ਲਿਆ ਜਾਵੇਗਾ। ਪੰਜਾਬ ਨੂੰ ਪੰਜ ਜ਼ੋਨਾਂ ਵਿਚ ਵੰਡ ਕੇ ਹਰੇਕ ਜ਼ੋਨ ਲਈ ਇਕ ਮੀਤ ਪ੍ਰਧਾਨ ਨਿਯੁਕਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਝਾ ਅਤੇ ਦੋਆਬਾ ਵਿਚ ਇਕ-ਇਕ ਜ਼ੋਨ ਹੋਣਗੇ ਜਦੋਂਕਿ ਮਾਲਵਾ ਖੇਤਰ ਨੂੰ ਤਿੰਨ ਜ਼ੋਨਾਂ ਵਿਚ ਵੰਡਿਆ ਜਾਵੇਗਾ। ਹਰ ਜ਼ੋਨ ਅਧੀਨ ਲਗਭਗ 23 ਵਿਧਾਨ ਸਭਾ ਹਲਕੇ ਹੋਣਗੇ। ਉਨ੍ਹਾਂ ਕਿਹਾ ਕਿ ਕਨਵੀਨਰ, ਸਰਕਲ ਇੰਚਾਰਜ, ਸੈਕਟਰ ਇੰਚਾਰਜ ਅਤੇ ਜ਼ੋਨ ਇੰਚਾਰਜ ਆਦਿ ਅਹੁਦੇ ਉਨ੍ਹਾਂ ਦੀ ਸਮਝ ਤੋਂ ਬਾਹਰ ਹਨ। ਨਵੇਂ ਜਥੇਬੰਦਕ ਢਾਂਚੇ ਵਿਚ ਪਾਰਟੀ ਦੇ ਸਾਰੇ ਵਿੰਗਾਂ ਦੇ ਪ੍ਰਧਾਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਪ੍ਰਧਾਨ ਨਿਯੁਕਤ ਕੀਤੇ ਜਾਣਗੇ। ਹਰ ਜ਼ਿਲ੍ਹੇ ਵਿਚ ਪਾਰਟੀ ਵਰਕਰਾਂ ਦੀਆਂ ਸ਼ਿਕਾਇਤਾਂ ਸੁਣੀਆਂ ਜਾ ਰਹੀਆਂ ਹਨ ਅਤੇ ਜਥੇਬੰਦਕ ਢਾਂਚੇ ਲਈ ਸੁਝਾਅ ਵੀ ਲਏ ਜਾ ਰਹੇ ਹਨ। ਸ੍ਰੀ ਮਾਨ ਨੇ ਰੇਤ ਦੀਆਂ ਖੱਡਾਂ ਦੀ ਨਿਲਾਮੀ ਦੇ ਮਾਮਲੇ ਵਿਚ ਮੁੱਖ ਮੰਤਰੀ ਵੱਲੋਂ ਸੇਵਾ ਮੁਕਤ ਜਸਟਿਸ ਪਾਸੋਂ ਜਾਂਚ ਕਰਾਉਣ ਨੂੰ ਖਾਨਾਪੂਰਤੀ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਜਸਟਿਸ ਨਾਰੰਗ ਦਾ ਪੁੱਤਰ ਅਮਿਤਜੀਤ ਨਾਰੰਗ, ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਪਰਿਵਾਰ ਦਾ ਨਿੱਜੀ ਵਕੀਲ ਹੈ। ਇਸ ਲਈ ਨਿਰਪੱਖ ਜਾਂਚ ਦੀ ਕੋਈ ਉਮੀਦ ਨਹੀਂ ਹੈ।



ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿਚ ਸਿਰਫ ਸਰਕਾਰ ਬਦਲੀ ਹੈ, ਸਿਸਟਮ ਨਹੀਂ ਬਦਲਿਆ ਕਿਉਂਕਿ ਪਹਿਲਾਂ ਅਕਾਲੀ ਦਲ ਦਾ ਟਰਾਂਸਪੋਰਟ ਤੇ ਰੇਤੇ ਦੀਆਂ ਖੱਡਾਂ ਉਪਰ ਕਬਜ਼ਾ ਸੀ ਅਤੇ ਹੁਣ ਕਾਂਗਰਸੀ ਵੀ ਉਸੇ ਰਾਹ ਤੁਰ ਪਏ ਹਨ। ਕਾਂਗਰਸ ਪਾਰਟੀ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਕਰਨ ਤੋਂ ਭੱਜ ਰਹੀ ਹੈ। ਨਾ ਪੰਜਾਬ ਦੇ 55 ਲੱਖ ਬੇਰੁਜ਼ਗਾਰਾਂ ਨੂੰ ਨੌਕਰੀ ਮਿਲੀ, ਨਾ ਕਿਸਾਨਾਂ ਦੇ ਕਰਜ਼ੇ ਮੁਆਫ ਹੋਏ ਤੇ ਨਾ ਹੀ ਨਸ਼ੇ ਖਤਮ ਹੋਏ।

# ਕੈਪਟਨ ਸਰਕਾਰ ਨੇ ਸੁਖਬੀਰ ਦੇ ਸੁਪਨੇ ਨੂੰ ਫੁੱਲ ਚੜ੍ਹਾਏ

**ਅੰਮ੍ਰਿਤਸਰ:** ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦਾ ਸੁਪਨਾ ਕੈਪਟਨ ਦੇ ਰਾਜ 'ਚ ਪੂਰਾ ਹੋ ਗਿਆ ਹੈ। ਸੁਖਬੀਰ ਬਾਦਲ ਦੇ ਪਾਣੀ ਵਾਲੀ ਬੱਸ ਦੇ ਐਲਾਨ ਤੋਂ ਬਾਅਦ ਸਿਆਸੀ ਵਿਰੋਧੀਆਂ ਵੱਲੋਂ ਮਜ਼ਾਕ ਉਡਾਇਆ ਗਿਆ ਸੀ। ਚੋਣਾਂ ਤੋਂ ਪਹਿਲਾਂ ਸੁਖਬੀਰ ਬਾਦਲ ਵੱਲੋਂ ਟਰਾਇਲ ਲਈ ਲਿਆਂਦੀ ਗਈ ਪੀਲੇ ਰੰਗ ਦੀ ਬੱਸ ਦਾ ਰਸਮੀ ਉਦਘਾਟਨ ਕੀਤਾ ਗਿਆ ਸੀ। ਉਸ ਤੋਂ ਬਾਅਦ ਇਹ ਪ੍ਰੋਜੈਕਟ ਕਈ ਅੜਚਨਾਂ ਕਾਰਨ ਪੱਕੇ ਤੌਰ 'ਤੇ ਸ਼ੁਰੂ ਨਹੀਂ ਹੋ ਸਕਿਆ ਸੀ।

ਸੋਸ਼ਲ ਮੀਡੀਆ 'ਤੇ ਇਹ ਪ੍ਰੋਜੈਕਟ ਚਰਚਾ ਦਾ ਵਿਸ਼ਾ ਵੀ ਬਣਿਆ ਰਿਹਾ ਪਰ ਫਰਵਰੀ ਮਹੀਨੇ ਟਰਾਇਲ ਬੱਸ ਬਦਲ ਕੇ ਉਸ ਦੀ ਥਾਂ ਅਮਰੀਕਾ ਤੋਂ 3 ਕਰੋੜ ਦੀ ਵਾਟਰ ਕਰੂਜ਼ ਲਿਆਂਦੀ ਗਈ ਸੀ। ਹੁਣ ਕਾਂਗਰਸ ਸਰਕਾਰ ਦੌਰਾਨ ਸੁਖਬੀਰ ਬਾਦਲ ਦਾ ਜਲ ਬਸ ਦਾ ਸੁਪਨਾ ਸਾਕਾਰ ਹੋਇਆ ਹੈ। ਸੈਲਾਨੀ ਸੜਕ ਦੇ ਨਾਲ-ਨਾਲ ਪਾਣੀ ਵਿਚ ਚੱਲਣ ਵਾਲੀ ਬੱਸ ਵਿਚ ਸਫਰ ਕਰ ਕੇ ਹਰੀਕੇ ਝੀਲ ਦੇ ਕੁਦਰਤੀ ਨਜ਼ਾਰਿਆਂ ਦਾ ਨੇੜਿਓਂ ਆਨੰਦ ਮਾਣ ਸਕਣਗੇ। ਇਸ ਤਿੰਨ ਕਰੋੜੀ ਬੱਸ ਦੇ ਸੜਕ ਤੋਂ ਲੈ ਕੇ ਹਰੀਕੇ ਝੀਲ ਤੱਕ ਦੇ ਸਫਰ ਲਈ ਕੁਲ 9 ਕਰੋੜ ਰੁਪਏ ਖਰਚ ਕੀਤੇ ਗਏ ਹਨ।

ਇਨ੍ਹਾਂ ਵਿਚ ਰੈਸਟ ਰੂਮ, ਕੰਟੀਨ ਤੇ ਵੇਟਿੰਗ ਰੂਮ ਜਿਹੀਆਂ ਮੁਢਲੀਆਂ ਸਹੂਲਤਾਂ ਪ੍ਰਦਾਨ ਕਰਦਾ ਬੱਸ ਟਰਮੀਨਲ ਤੇ ਇਸ ਬੱਸ ਨੂੰ ਸੜਕ ਤੋਂ ਪਾਣੀ 'ਚ ਉਤਾਰਨ ਲਈ ਬਣਾਇਆ ਗਿਆ ਰੈਂਪ ਸ਼ਾਮਲ ਹੈ। ਇਸ ਬੱਸ ਟਰਮੀਨਲ ਤੋਂ ਵਾਟਰ ਕਰੂਜ਼ ਵਿਚ ਸਫਰ ਕਰਦੇ ਹੋ ਤਾਂ ਤੁਹਾਨੂੰ 800 ਰੁਪਏ ਦੇਣੇ ਪੈਣਗੇ। ਇਸ ਨਾਲ ਤੁਹਾਨੂੰ ਜਲ ਥਲੀ ਬੱਸ ਸਟੈਂਡ ਤੋਂ ਰੈਂਪ ਤੱਕ ਦਾ ਤਿੰਨ ਕਿਲੋਮੀਟਰ ਤੇ ਇੰਨਾ ਹੀ ਸਫਰ ਹਰੀਕੇ ਝੀਲ ਵਿਚ ਕਰਵਾਇਆ ਜਾਵੇਗਾ। ਜੇਕਰ ਤੁਸੀਂ ਅੰਮ੍ਰਿਤਸਰ ਤੋਂ ਜਾਣਾ ਹੈ ਤਾਂ ਤੁਹਾਨੂੰ 2000 ਰੁਪਏ ਦੇਣੇ ਪੈਣਗੇ। ਤੁਹਾਨੂੰ ਲਗਜ਼ਰੀ ਬੱਸਾਂ ਵਿਚ ਅੰਮ੍ਰਿਤਸਰ ਤੋਂ ਹਰੀਕੇ ਸਥਿਤ ਬੱਸ ਟਰਮੀਨਲ ਤੱਕ ਤੇ ਫਿਰ ਉਥੋਂ ਇਸ ਵਾਟਰ ਕਰੂਜ਼ ਦਾ ਸਫਰ ਕਰਵਾਇਆ ਜਾਵੇਗਾ।

# ਅਕਾਲੀ ਸਰਕਾਰ ਵੇਲੇ ਦਰਜ ਝੂਠੇ ਕੇਸਾਂ ਦਾ ਹਿਸਾਬ-ਕਿਤਾਬ ਸ਼ੁਰੂ

**ਚੰਡੀਗੜ੍ਹ:** ਪੰਜਾਬ ਦੇ ਪੜਤਾਲੀਆ ਕਮਿਸ਼ਨ ਨੇ ਅਕਾਲੀ-ਭਾਜਪਾ ਰਾਜ ਦੌਰਾਨ ਦਰਜ ਕੀਤੇ ਝੂਠੇ ਮੁਕੱਦਮਿਆਂ ਦੀ ਜਾਂਚ ਕਰਨ ਲਈ ਪੀੜਤ ਵਿਅਕਤੀਆਂ ਨੂੰ 30 ਜੂਨ ਤੱਕ ਆਪਣੇ ਕੇਸਾਂ ਨਾਲ ਸਬੰਧਤ ਵੇਰਵੇ ਭੇਜਣ ਲਈ ਕਿਹਾ ਹੈ ਤਾਂ ਜੋ ਅਜਿਹੇ ਝੂਠੇ ਕੇਸਾਂ ਦੀ ਪੜਤਾਲ ਆਰੰਭੀ ਜਾ ਸਕੇ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪਿਛਲੇ 10 ਸਾਲਾਂ ਦੌਰਾਨ ਦਰਜ ਝੂਠੇ ਕੇਸਾਂ ਦੀ ਪੜਤਾਲ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਮਹਿਤਾਬ ਸਿੰਘ ਗਿੱਲ ਦੀ ਅਗਵਾਈ ਹੇਠ ਕਮਿਸ਼ਨ ਆਫ ਇਨਕੁਆਰੀ ਦਾ ਗਠਨ ਕੀਤਾ ਜਾ ਚੁੱਕਾ ਹੈ।

ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਬੀ.ਐਸ. ਮਹਿੰਦੀਰੱਤਾ ਨੂੰ ਇਸ ਦੋ ਮੈਂਬਰੀ ਕਮਿਸ਼ਨ ਵਿਚ ਮੈਂਬਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਝੂਠੇ ਮੁਕੱਦਮਿਆਂ ਤੋਂ ਪੀੜਤ ਵਿਅਕਤੀ ਆਪਣੇ ਨਾਲ ਹੋਈ ਜ਼ਿਆਦਤੀਆਂ ਪ੍ਰੋਫਾਰਮੇ ਵਿਚ ਭਰ ਕੇ ਖੁਦ ਜਾਂ ਆਪਣੇ ਨੁਮਾਇੰਦੇ ਰਾਹੀਂ ਜਾਂ ਡਾਕ ਰਾਹੀਂ ਪੜਤਾਲੀਆ ਕਮਿਸ਼ਨ (ਕਮਿਸ਼ਨ ਆਫ ਇਨਕੁਆਰੀ) ਨੂੰ ਭੇਜ ਸਕਦੇ ਹਨ। ਇਸ ਵਿਚ ਮੁਕੱਦਮੇ ਦਾ ਵੇਰਵਾ, ਕੇਸ ਦੀ ਤਾਜਾ ਸਥਿਤੀ, ਗਵਾਹਾਂ ਦੀ ਸੂਚੀ ਸਮੇਤ ਕੇਸ ਦਰਜ ਕਰਵਾਉਣ ਵਾਲੀ ਧਿਰ ਦਾ ਵੇਰਵਾ ਵੀ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਇਹ ਕਮਿਸ਼ਨ ਆਪਣੀ ਰਿਪੋਰਟ ਵਿਚ ਸਰਕਾਰ ਨੂੰ ਅਜਿਹੇ ਸੁਝਾਅ ਵੀ ਦੇਵੇਗਾ ਜਿਸ ਨਾਲ ਭਵਿੱਖ ਵਿਚ ਅਜਿਹੇ ਝੂਠੇ ਮੁਕੱਦਮਿਆਂ ਨੂੰ ਠੱਲ੍ਹ ਪਾਈ ਜਾ ਸਕੇ।

ਇਸ ਕਮਿਸ਼ਨ ਦੀ ਮਿਆਦ 6 ਮਹੀਨੇ ਲਈ ਤੈਅ ਕੀਤੀ ਗਈ ਹੈ ਪਰ ਲੋੜ ਪੈਣ 'ਤੇ ਸਰਕਾਰ ਮਿਆਦ ਵਧਾ ਸਕਦੀ ਹੈ।

ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਉਹ ਪਿਛਲੇ 10 ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਦਰਜ ਝੂਠੇ ਕੇਸਾਂ ਦੀ ਜਾਂਚ ਕਰਵਾਉਣਗੇ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰ ਕੇ ਬੇਕਸੂਰ ਲੋਕਾਂ ਨੂੰ ਨਿਆਂ ਦਿਵਾਉਣਗੇ।

DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋਂ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਫੁੱਲ ਟਾਈਮ ਬਾਰਬਰ ਦੀ ਲੋੜ ਹੈ
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)
Cell: (510)-677-9942
Shop: (510)-505-9605
www.princebarbershop.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL MULTI SERVICES
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਆਜ਼ਾਦੀ ਲਈ ਸਿੱਖਾਂ ਦੇ ਯੋਗਦਾਨ ਨੂੰ ਜੱਗ ਜ਼ਾਹਰ ਕਰੇਗੀ ਸ਼੍ਰੋਮਣੀ ਕਮੇਟੀ

**ਪਟਿਆਲਾ:** ਹਰਿਦੁਆਰ ਵਿਖੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਮੁੜ ਸਥਾਪਨਾ, ਸੈਲੂਲਰ ਜੇਲ੍ਹ ਅੰਡੇਮਾਨ ਨਿਕੋਬਾਰ, ਗੁਰਦੁਆਰਾ ਬਾਉਲੀ ਸਾਹਿਬ ਜਗਨਨਾਥ ਪੁਰੀ, ਗੁਰਦੁਆਰਾ ਕਰਤਾਰ ਕੀਰਤਨ ਸਾਹਿਬ ਇੰਦੌਰ ਅਤੇ ਮੱਧ ਪ੍ਰਦੇਸ਼ ਦੇ ਸਿਕਲੀਗਰ ਸਿੱਖਾਂ ਸਬੰਧੀ ਬਣਾਈਆਂ ਕਮੇਟੀਆਂ ਦੇ ਮੈਂਬਰਾਂ ਨੇ ਆਪਣੀਆਂ ਰਿਪੋਰਟਾਂ ਉਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੀ ਪ੍ਰਧਾਨਗੀ ਹੇਠ ਵਿਚਾਰ-ਵਟਾਂਦਰਾ ਕੀਤਾ।

ਬਡੂੰਗਰ ਨੇ ਕਿਹਾ ਕਿ ਉਹ ਇਨ੍ਹਾਂ ਬਾਰੇ ਅਗਲੇ ਫੈਸਲੇ ਬਾਰੇ ਜਲਦੀ ਹੀ ਸਿੱਖ ਜਗਤ ਨੂੰ ਜਾਣੂ ਕਰਾਉਣਗੇ। ਬਡੂੰਗਰ ਨੇ ਦੱਸਿਆ ਕਿ ਅੰਡੇਮਾਨ ਨਿਕੋਬਾਰ ਦੀ ਸੈਲੂਲਰ ਜੇਲ੍ਹ ਦੇ ਇਤਿਹਾਸ 'ਚੋਂ ਪੰਜਾਬੀਆਂ ਅਤੇ ਖਾਸਕਰ ਸਿੱਖਾਂ ਸਬੰਧੀ ਵੇਰਵਿਆਂ ਨੂੰ ਖਤਮ ਕਰਨ ਦੇ ਯਤਨਾਂ ਨੂੰ ਰੋਕਣ ਲਈ ਭੇਜੀ ਗਈ ਸਬ-ਕਮੇਟੀ ਦੇ ਮੈਂਬਰਾਂ ਨੇ ਵੀ ਉਥੋਂ ਦੀ ਵਿਸਥਾਰਤ ਰਿਪੋਰਟ ਪੇਸ਼ ਕਰ ਕੇ ਅਸਲ ਸਥਿਤੀ ਬਾਰੇ ਜਾਣਕਾਰੀ ਦਿੱਤੀ ਹੈ।



ਪ੍ਰਾਪਤ ਰਿਪੋਰਟ ਅਨੁਸਾਰ ਉਥੋਂ ਦੇ ਜੇਲ੍ਹ ਮਿਊਜ਼ੀਅਮ ਵਿਚ ਸਿੱਖਾਂ ਦੀ ਗਾਥਾ ਨੂੰ ਸੱਚਮੁੱਚ ਹੀ ਮਨਫੀ ਕੀਤਾ ਗਿਆ ਹੈ, ਜੋ ਸਿੱਖਾਂ ਨਾਲ ਵੱਡਾ ਧੋਖਾ ਹੈ। ਰਿਪੋਰਟ ਅਨੁਸਾਰ ਸਿੱਖਾਂ ਦੇ ਦੇਸ਼ ਦੀ ਆਜ਼ਾਦੀ ਲਈ ਪਾਏ ਯੋਗਦਾਨ ਨੂੰ ਮੁੜ ਉਭਾਰਨ ਲਈ ਸ਼੍ਰੋਮਣੀ ਕਮੇਟੀ ਇਸ ਸਬੰਧੀ ਮੁਕੰਮਲ ਖੋਜ ਕਰਵਾਉਣ ਲਈ ਜਲਦੀ ਹੀ ਖੋਜ ਕਮੇਟੀ ਬਣਾਏਗੀ। ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਮਾਮਲਿਆਂ ਸਬੰਧੀ ਕਾਰਵਾਈ ਨੂੰ ਤੁਰਤ ਅਮਲ ਵਿਚ ਲਿਆਉਣ ਲਈ ਆਦੇਸ਼ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਦੇਸ਼ ਦੇ ਰਾਸ਼ਟਰਪਤੀ ਨੂੰ ਮਿਲ ਕੇ ਇਨ੍ਹਾਂ ਮਸਲਿਆਂ ਸਬੰਧੀ ਗੱਲਬਾਤ ਕੀਤੀ ਸੀ ਜਿਸ 'ਤੇ ਰਾਸ਼ਟਰਪਤੀ ਨੇ ਸਾਰਥਿਕ ਹੁੰਗਾਰਾ ਭਰਦਿਆਂ ਹੱਲ ਦਾ ਭਰੋਸਾ ਵੀ ਦਿੱਤਾ ਹੈ।

## ਬਡੂੰਗਰ ਨੇ ਕੈਪਟਨ ਸਰਕਾਰ ਨੂੰ ਕੀਤਾ ਖਬਰਦਾਰ

**ਚੰਡੀਗੜ੍ਹ:** ਸੋਸ਼ਲ ਮੀਡੀਆ 'ਤੇ ਜਰਨੈਲ ਸਿੰਘ ਭਿੰਡਰਾਂਵਾਲੇ ਖਿਲਾਫ ਅਪਸ਼ਬਦ ਵਰਤਣ ਵਾਲੇ ਦਾ ਵਿਰੋਧ ਕਰਨ 'ਤੇ ਸਿੱਖ ਨੌਜਵਾਨ ਵਿਰੁੱਧ ਪਰਚਾ ਦਰਜ ਕਰਨ ਤੋਂ ਖਫਾ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਸਰਕਾਰ ਨੂੰ ਪੁਲਿਸ ਧੱਕੇਸ਼ਾਹੀ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਬਡੂੰਗਰ ਨੇ ਕਿਹਾ ਕਿ ਪਿਛਲੇ ਦਿਨੀਂ ਸ਼ਿਵ ਸੈਨਾ ਦੇ ਕੁਝ ਸ਼ਰਾਰਤੀ ਅਨਸਰਾਂ ਦੀ ਸ਼ਿਕਾਇਤ 'ਤੇ ਮੋਗਾ ਪੁਲਿਸ ਨੇ ਨਾਬਾਲਗ ਸਿੱਖ ਨੂੰ ਗ੍ਰਿਫਤਾਰ ਕਰ ਕੇ ਉਸ 'ਤੇ ਪਾਏ ਮੁਕੱਦਮੇ ਸਰਾਸਰ ਝੂਠ ਹਨ ਕਿਉਂਕਿ ਉਸ ਨੌਜਵਾਨ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਫੋਟੋ 'ਤੇ ਅਪਸ਼ਬਦ ਲਿਖਣ ਵਾਲੇ ਸ਼ਰਾਰਤੀ ਅਨਸਰਾਂ ਦਾ ਸਿਰਫ ਵਿਰੋਧ ਕੀਤਾ ਗਿਆ ਸੀ, ਜੋ ਕਿਸੇ ਵੀ ਤਰੀਕੇ ਨਾਲ ਗੁਨਾਹ ਨਹੀਂ ਮੰਨਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਮਾਮਲੇ ਸਬੰਧੀ ਉਹ ਪੰਜਾਬ ਦੇ ਡੀ.ਜੀ.ਪੀ. ਨਾਲ ਗੱਲ ਕਰ ਕੇ ਸਿੱਖ ਨੌਜਵਾਨਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਖਿਲਾਫ ਆਵਾਜ਼ ਬੁਲੰਦ ਕਰਨਗੇ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਾਮਲੇ ਵਿਚ ਤੁਰਤ ਦਖਲ ਦੇ ਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

## ਵਿਸ਼ਵ ਪੰਜਾਬੀ ਕਾਨਫਰੰਸ ਲਈ ਵਫਦ ਭੇਜੇਗੀ ਸ਼੍ਰੋਮਣੀ ਕਮੇਟੀ

**ਪਟਿਆਲਾ:** ਕੈਨੇਡਾ ਵਿਚ 23 ਤੋਂ 25 ਜੂਨ ਤੱਕ ਹੋਣ ਵਾਲੀ ਚੌਥੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਕ ਵਫਦ ਭੇਜਿਆ ਜਾਵੇਗਾ। ਚੌਥੀ ਪੰਜਾਬੀ ਵਿਸ਼ਵ ਕਾਨਫਰੰਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਤੀ ਮਦਦ ਦੇ ਰਹੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਿੱਜੀ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਨੇ ਦੱਸਿਆ ਕਿ ਕਾਨਫਰੰਸ ਵਿਚ ਵੱਖ-ਵੱਖ ਦੇਸ਼ਾਂ ਦੇ ਵਫਦ ਉਚੇਚੇ ਤੌਰ 'ਤੇ ਸ਼ਾਮਲ ਹੋਣਗੇ। ਇਸ ਕਾਨਫਰੰਸ ਦਾ ਵਿਸ਼ਾ 'ਪੰਜਾਬੀ ਭਾਸ਼ਾ ਦਾ ਭਵਿੱਖ, ਚੁਣੌਤੀਆਂ ਅਤੇ ਨੈਤਿਕਤਾ' ਹੈ। ਸ੍ਰੀ ਸਰੋਆ ਨੇ ਦੱਸਿਆ ਕਿ ਇਸ ਕਾਨਫਰੰਸ ਸਬੰਧੀ ਪੰਜਾਬੀ ਬਿਜ਼ਨਸ ਪ੍ਰੋਫੈਸ਼ਨਲਜ਼ ਐਸੋਸੀਏਸ਼ਨ, ਕਲਮ ਫਾਊਂਡੇਸ਼ਨ ਅਤੇ ਬਾਬਾ ਨਿਧਾਨ ਸਿੰਘ ਇੰਟਰਨੈਸ਼ਨਲ ਸੇਵਾ ਸੁਸਾਇਟੀ ਤੋਂ ਇਲਾਵਾ ਹੋਰ ਕਈ ਸੰਸਥਾਵਾਂ ਸਹਿਯੋਗ ਦੇ ਰਹੀਆਂ ਹਨ।

# ਮੱਧ ਪ੍ਰਦੇਸ਼ ਦੇ ਸਿਕਲੀਗਰ ਸਿੱਖਾਂ ਨੇ ਕੀਤੀ ਮਿਸਾਲ ਕਾਇਮ

**ਅੰਮ੍ਰਿਤਸਰ:** ਮੱਧ ਪ੍ਰਦੇਸ਼ ਵਿਚ ਵਸਦੇ ਸਿਕਲੀਗਰ ਸਿੱਖ ਆਪਣੇ ਧਰਮ ਵਿਚ ਬਹੁਤ ਪ੍ਰਪੱਕ ਹਨ, ਇਥੇ ਵਸਦੇ ਇਕ ਵੀ ਸਿੱਖ ਨੇ ਆਪਣੇ ਕੇਸ ਕਤਲ ਨਹੀਂ ਕਰਵਾਏ ਸਗੋਂ ਆਪਣੇ ਪਹਿਰਾਵੇ ਨੂੰ ਖਾਸ ਮਹੱਤਵ ਦਿੰਦਿਆਂ ਸਾਬਤ ਸੂਰਤ ਰਹਿਣ ਦਾ ਪ੍ਰਣ ਕੀਤਾ ਹੋਇਆ ਹੈ। ਉਹ ਕਿਸੇ ਵੀ ਕੀਮਤ 'ਤੇ ਆਪਣਾ ਧਰਮ ਤਿਆਗਣ ਨੂੰ ਤਿਆਰ ਨਹੀਂ ਹਨ ਤੇ ਆਪਣੇ ਗੁਰੂ ਘਰਾਂ ਵਿਚ ਵੀ ਰਹਿਤ ਮਰਿਆਦਾ ਦਾ ਪੂਰਾ ਧਿਆਨ ਰੱਖਿਆ ਹੋਇਆ ਹੈ।

ਮੱਧ ਪ੍ਰਦੇਸ਼ ਵਸਦੇ ਸਿਕਲੀਗਰ ਸਿੱਖਾਂ ਦੇ ਹਾਲਾਤ ਜਾਣਨ ਲਈ ਐਸ.ਜੀ.ਪੀ.ਸੀ. ਵੱਲੋਂ ਬਣਾਈ ਸਬ-ਕਮੇਟੀ ਦੇ ਮੈਂਬਰ ਭਾਈ ਰਾਮ ਸਿੰਘ (ਅੰਤ੍ਰਿੰਗ ਕਮੇਟੀ ਮੈਂਬਰ) ਨੇ ਦੱਸਿਆ ਕਿ ਉਨ੍ਹਾਂ ਨੇ ਮੱਧ ਪ੍ਰਦੇਸ਼ ਦੇ ਵੱਖ-ਵੱਖ ਇਲਾਕਿਆਂ ਵਿਚ ਵਸਦੇ ਸਿੱਖਾਂ ਦੇ ਸਮਾਜਿਕ, ਧਾਰਮਿਕ ਤੇ ਆਰਥਿਕ ਹਾਲਾਤ ਬਾਰੇ ਜਾਂਚ ਰਿਪੋਰਟ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੂੰ ਸੌਂਪ ਦਿੱਤੀ ਹੈ ਅਤੇ ਕਮੇਟੀ ਪ੍ਰਧਾਨ ਛੇਤੀ ਹੀ ਰਿਪੋਰਟ ਨੂੰ ਜਨਤਕ ਕਰ ਕੇ ਇਸ ਬਾਰੇ ਕੋਈ ਐਲਾਨ ਕਰਨਗੇ। ਉਨ੍ਹਾਂ ਕਿਰਪਾਲ ਸਿੰਘ ਬਡੂੰਗਰ ਤੋਂ ਮੰਗ ਕੀਤੀ ਕਿ ਮੱਧ ਪ੍ਰਦੇਸ਼ ਵਸਦੇ ਸਿਰੜੀ ਸਿੱਖਾਂ ਦੇ ਹਾਲਾਤ ਸੁਖਾਵੇਂ ਤੇ ਯਕੀਨੀ ਬਣਾਉਣ ਲਈ ਕਮੇਟੀ ਪ੍ਰਧਾਨ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਨ। ਭਾਈ ਰਾਮ ਸਿੰਘ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਮੱਧ ਪ੍ਰਦੇਸ਼ ਵਿਚ ਸਿੱਖਾਂ ਦੀ ਆਬਾਦੀ ਲੱਖਾਂ ਦੀ ਗਿਣਤੀ ਵਿਚ ਹੈ ਅਤੇ ਜਾਂਚ ਦੌਰਾਨ ਉਨ੍ਹਾਂ ਮੱਧ ਪ੍ਰਦੇਸ਼ ਦੇ ਖਰਗੋਣ ਅਤੇ ਧਾਰ ਜ਼ਿਲ੍ਹੇ ਵਿਚ ਵਸਦੇ ਸਿਕਲੀਗਰ ਸਿੱਖਾਂ ਦੇ ਘਰਾਂ ਵਿਚ ਜਾ ਕੇ ਗੱਲਬਾਤ ਕੀਤੀ ਅਤੇ ਸਮੁੱਚੇ ਹਾਲਾਤ ਦਾ ਜਾਇਜ਼ਾ ਲਿਆ। ਰਾਮ ਸਿੰਘ ਨੇ ਸਿਕਲੀਗਰ ਸਿੱਖਾਂ ਨੂੰ ਮਦਦ ਦੇਣ ਜੋ ਬਹਾਨੇ ਸਿਆਸਤ ਕਰ ਰਹੇ ਲੋਕਾਂ ਤੋਂ ਸਿੱਖ ਕੌਮ ਨੂੰ ਸੁਚੇਤ ਰਹਿਣ ਲਈ ਵੀ ਕਿਹਾ। ਮੱਧ ਪ੍ਰਦੇਸ਼ ਵਿਚ ਸਿਕਲੀਗਰ ਸਿੱਖਾਂ ਉਤੇ ਸੂਬਾ ਪੁਲਿਸ ਵੱਲੋਂ ਕੀਤੇ ਜਾ ਰਹੇ ਅੱਤਿਆਚਾਰ ਦੀਆਂ ਖਬਰਾਂ ਮੀਡੀਆ ਵਿਚ ਆਉਣ ਤੋਂ ਬਾਅਦ ਐਸ.ਜੀ.ਪੀ.ਸੀ. ਨੇ ਜਾਂਚ ਕਮੇਟੀ ਬਣਾਈ ਸੀ ਅਤੇ ਸਿਕਲੀਗਰ ਸਿੱਖਾਂ ਦੀ ਹਰ ਸੰਭਵ ਮਦਦ ਦੇਣਾ ਦਾ ਭਰੋਸਾ ਵੀ ਦਿਵਾਇਆ ਹੈ।

### ਸ਼੍ਰੋਮਣੀ ਕਮੇਟੀ ਵੱਲੋਂ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ



# ਹੋਦ ਚਿੱਲੜ ਕਾਂਡ ਵਿਚ ਮਾਰੇ ਗਏ 7 ਹੋਰ ਸਿੱਖਾਂ ਦੇ ਕੇਸ ਸਾਹਮਣੇ ਆਏ

**ਚੰਡੀਗੜ੍ਹ:** ਹੋਦ ਚਿੱਲੜ ਕਾਂਡ ਵਿਚ ਮਾਰੇ ਗਏ ਸਿੱਖਾਂ ਦੇ ਸੱਤ ਹੋਰ ਨਵੇਂ ਕੇਸ ਸਾਹਮਣੇ ਆਏ ਹਨ। ਪੀੜਤ ਪਰਿਵਾਰਾਂ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨਾਲ ਇਨ੍ਹਾਂ ਸਿੱਖਾਂ ਦੀ ਪਛਾਣ ਹੋਈ ਹੈ। ਹੋਦ ਚਿੱਲੜ ਕਾਂਡ 'ਚ ਮਾਰੇ ਗਏ ਸਿੱਖਾਂ ਵਿਚ ਹਰਨਾਮ ਸਿੰਘ, ਹਰਜਾਪ ਸਿੰਘ, ਸੁਰਜੀਤ ਸਿੰਘ ਤੇ ਉਸ ਦੇ ਦੋ ਪੁੱਤਰਾਂ ਹਰਮਿੰਦਰ ਸਿੰਘ ਅਤੇ ਗੁਰਮੁਖ ਸਿੰਘ, ਕਰਮਜੀਤ ਕੌਰ ਅਤੇ ਹਰਮੀਤ ਕੌਰ ਸ਼ਾਮਲ ਹਨ।

ਇਸ ਕਾਂਡ ਵਿਚ ਮਾਰੇ ਗਏ ਸਿੱਖਾਂ ਦੇ ਕੇਸਾਂ ਦੀ ਗਿਣਤੀ 43 ਹੋ ਗਈ ਹੈ। ਹੋਦ ਚਿੱਲੜ ਤਾਲਮੇਲ ਕਮੇਟੀ ਨੇ ਇਨ੍ਹਾਂ ਸੱਤ ਕੇਸਾਂ ਦੇ ਪੀੜਤ ਪਰਿਵਾਰਾਂ ਨੂੰ ਵੀ ਜਸਟਿਸ ਗਰਗ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਇਸ ਸਬੰਧੀ ਹੋਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਨੇ ਨਵੇਂ ਕੇਸਾਂ ਨਾਲ ਸਬੰਧਤ ਪੀੜਤ ਪਰਿਵਾਰਾਂ ਸਮੇਤ ਹਰਿਆਣਾ ਦੇ ਮੁੱਖ ਮੰਤਰੀ ਦੇ ਓ.ਐਸ.ਡੀ. ਕੈਪਟਨ ਭੁਪਿੰਦਰ ਸਿੰਘ ਅਤੇ ਐਡੀਸ਼ਨਲ ਐਡਵੋਕੇਟ ਜਨਰਲ ਪਰਮਿੰਦਰ ਚੌਹਾਨ ਨਾਲ ਇਥੇ ਮੁਲਾਕਾਤ ਕੀਤੀ।

ਕਮੇਟੀ ਦੇ ਆਗੂ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਸ੍ਰੀ ਚੌਹਾਨ ਨੇ ਪੀੜਤ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਦਾ ਭਰੋਸਾ ਦਿੱਤਾ ਹੈ। ਵਧੀਕ ਐਡਵੋਕੇਟ ਜਨਰਲ ਨੇ ਕਿਹਾ ਕਿ ਲੋੜ ਪੈਣ 'ਤੇ ਨਵੇਂ ਕਮਿਸ਼ਨ ਦਾ ਗਠਨ ਕੀਤਾ ਜਾਏਗਾ ਜਿਸ ਦੀ ਜਾਂਚ ਲਈ ਛੇ ਮਹੀਨੇ ਦਾ ਸਮਾਂ ਦਿੱਤਾ ਜਾਵੇਗਾ।

# ਸਿਵਲ ਪ੍ਰੀਖਿਆ 'ਚ ਛਾਇਆ ਅਨਮੋਲ ਸ਼ੇਰ ਸਿੰਘ

**ਅੰਮ੍ਰਿਤਸਰ:** ਭਾਰਤ ਦੀ ਸਭ ਤੋਂ ਉਚ ਮੁਕਾਬਲਾ ਪ੍ਰੀਖਿਆ ਵਿਚ ਗੁਰੂ ਕੀ ਨਗਰੀ ਅੰਮ੍ਰਿਤਸਰ ਦੇ ਨੌਜਵਾਨ ਅਨਮੋਲ ਸ਼ੇਰ ਸਿੰਘ ਬੇਦੀ ਨੇ ਪੂਰੇ ਦੇਸ਼ ਵਿਚੋਂ ਦੂਜਾ ਸਥਾਨ ਹਾਸਲ ਕੀਤਾ ਹੈ ਅਤੇ ਸਾਰੇ ਭਾਰਤੀ ਮਰਦਾਂ ਵਿਚੋਂ ਪਹਿਲਾ। ਜਦਕਿ ਕਰਨਾਟਕਾ ਦੀ ਰਹਿਣ ਵਾਲੀ ਨੰਦਿਨੀ ਦੇਸ਼ ਵਿਚੋਂ ਟਾਪਰ ਬਣੀ ਹੈ। ਨੰਦਿਨੀ ਨੇ ਚੌਥੀ ਵਾਰ ਇਹ ਪ੍ਰੀਖਿਆ ਦਿੱਤੀ ਸੀ, ਨੰਦਿਨੀ ਨੇ ਕਿਹਾ ਆਈ.ਏ.ਐਸ. ਅਫਸਰ ਬਣਨਾ ਉਸ ਦਾ ਸੁਪਨਾ ਸੀ। 2014 ਵਿਚ ਨੰਦਿਨੀ ਦੀ ਚੋਣ ਆਈ.ਆਰ.ਐਸ. ਲਈ ਹੋਈ ਸੀ ਅਤੇ ਭਾਰਤੀ ਰੈਵੇਨਿਊ ਸੇਵਾ ਦੀ ਅਧਿਕਾਰੀ ਨੰਦਿਨੀ ਇਸ ਵਕਤ ਫਰੀਦਾਬਾਦ ਦੀ ਕਸਟਮਜ਼, ਐਕਸਾਈਜ਼ ਅਤੇ ਨਾਰਕੋਟਿਕਸ ਦੀ ਕੌਮੀ ਅਕੈਡਮੀ ਵਿਚ ਟਰੇਨਿੰਗ ਕਰ ਰਹੀ ਹੈ। 23 ਸਾਲਾ ਅਨਮੋਲ ਸ਼ੇਰ ਸਿੰਘ ਪਿਲਾਨੀ, ਰਾਜਸਥਾਨ ਤੋਂ ਇੰਜੀਨੀਅਰਿੰਗ ਗਰੈਜੂਏਟ ਹੈ। ਅਨਮੋਲ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਉਸ ਨੇ ਪਹਿਲੀ ਵਾਰ ਹੀ ਦਿੱਤੇ ਟੈਸਟ ਵਿਚੋਂ ਦੇਸ਼ ਵਿਚੋਂ ਦੂਜਾ ਸਥਾਨ ਹਾਸਲ ਕਰ ਲਿਆ ਹੈ। ਅਨਮੋਲ ਨੇ ਕਿਹਾ ਕਿ ਉਸ ਨੂੰ ਆਪਣੀ ਕਾਮਯਾਬੀ 'ਤੇ ਯਕੀਨ ਨਹੀਂ ਹੋ ਰਿਹਾ, ਸਚਮੁੱਚ ਇਹ ਅਕਾਲ ਪੁਰਖ ਦੀ ਦੇਣ ਹੈ।

ਅਨਮੋਲ ਦੇ ਪਿਤਾ ਪ੍ਰੋਫੈਸਰ ਹਨ ਅਤੇ ਮਾਤਾ ਐਨ.ਜੀ.ਓ. ਨਾਲ ਕੰਮ ਕਰਦੇ ਹਨ। ਅਨਮੋਲ ਨੇ ਦਿੱਲੀ ਰਹਿ ਕੇ ਪ੍ਰੀਖਿਆ ਦੀ ਤਿਆਰੀ ਕੀਤੀ ਸੀ। ਇਸ ਵਾਰ ਦੀ ਪ੍ਰੀਖਿਆ ਵਿਚ 1099 ਪ੍ਰੀਖਿਆਰਥੀ ਸਫਲ ਰਹੇ ਹਨ ਜਿਨ੍ਹਾਂ ਵਿਚ 846 ਮਰਦ ਅਤੇ 253 ਔਰਤਾਂ ਹਨ। ਸਿਖਰਲੇ 25 ਉਮੀਦਵਾਰਾਂ ਵਿਚ 18 ਪੁਰਸ਼ ਅਤੇ 7 ਕੁੜੀਆਂ ਹਨ। ਇਨ੍ਹਾਂ ਸਾਰੇ ਉਮੀਦਵਾਰਾਂ ਦੀ ਨਿਯੁਕਤੀ ਆਈ.ਏ.ਐਸ., ਆਈ.ਐਫ.ਐਸ., ਆਈ.ਪੀ. ਐਸ. ਅਤੇ ਹੋਰ ਕੇਂਦਰੀ ਸੇਵਾਵਾਂ ਲਈ ਹੋਵੇਗੀ। ਭਾਰਤ ਵਿਚੋਂ ਚੁਣੇ ਗਏ ਕੁੱਲ 1099 ਉਮੀਦਵਾਰਾਂ ਵਿਚੋਂ 500 ਜਨਰਲ ਸ਼੍ਰੇਣੀ, 347 ਓ.ਬੀ.ਸੀ., 163 ਐਸ.ਸੀ. ਅਤੇ 89 ਐਸ.ਟੀ. ਵਰਗ ਨਾਲ ਸਬੰਧਤ ਹਨ।



## ਸ਼੍ਰੋਮਣੀ ਕਮੇਟੀ ਕਰੇਗੀ ਸਨਮਾਨ

**ਅੰਮ੍ਰਿਤਸਰ:** ਯੂ.ਪੀ.ਐਸ.ਸੀ. ਦੀ ਪ੍ਰੀਖਿਆ ਵਿਚ ਦੇਸ਼ ਭਰ ਵਿਚੋਂ ਦੂਜਾ ਸਥਾਨ ਹਾਸਲ ਕਰਨ ਵਾਲੇ ਸਿੱਖ ਵਿਦਿਆਰਥੀ ਅਨਮੋਲ ਸ਼ੇਰ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਲੱਖ ਰੁਪਏ ਇਨਾਮ ਵਜੋਂ ਦੇਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਸਿੱਖ ਨੌਜਵਾਨ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਹੈ। ਅਨਮੋਲ ਸ਼ੇਰ ਸਿੰਘ ਬੇਦੀ ਇਥੇ ਗਰੀਨ ਐਵੇਨਿਊ ਇਲਾਕੇ ਦਾ ਰਹਿਣ ਵਾਲਾ ਹੈ। 23 ਵਰ੍ਹਿਆਂ ਦੇ ਇਸ ਨੌਜਵਾਨ ਨੇ ਬੀ.ਟੈੱਕ ਕੰਪਿਊਟਰ ਸਾਇੰਸ ਕੀਤੀ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਫੈਸਲਾ ਕੀਤਾ ਗਿਆ ਸੀ ਕਿ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਣ ਵਾਲੇ ਸਿੱਖ ਵਿਦਿਆਰਥੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ। ਇਸੇ ਤਹਿਤ ਹੀ ਅਨਮੋਲ ਸ਼ੇਰ ਸਿੰਘ ਨੂੰ ਹੌਸਲਾ ਅਫ਼ਜ਼ਾਈ ਵਜੋਂ ਇਨਾਮੀ ਰਾਸ਼ੀ ਦਿੱਤੀ ਜਾਵੇਗੀ।

# ਨਰਮਾ ਪੱਟੀ 'ਤੇ ਚਿੱਟੀ ਮੱਖੀ ਦਾ ਹੱਲਾ

**ਬਠਿੰਡਾ:** ਨਰਮਾ ਪੱਟੀ ਵਿਚ ਐਤਕੀਂ ਮੁੱਢਲੇ ਪੜਾਅ 'ਤੇ ਹੀ ਚਿੱਟੀ ਮੱਖੀ ਨੇ ਹੱਲਾ ਬੋਲ ਦਿੱਤਾ ਹੈ, ਜਿਸ ਮਗਰੋਂ ਖੇਤੀ ਮਹਿਕਮੇ ਨੇ ਨਰਮਾ ਪੱਟੀ 'ਚ ਅਲਰਟ ਜਾਰੀ ਕਰ ਦਿੱਤਾ ਹੈ। ਨਰਮਾ ਪੱਟੀ ਵਿਚ ਤਕਰੀਬਨ ਚਾਰ ਪਿੰਡਾਂ 'ਚ ਚਿੱਟੀ ਮੱਖੀ ਨੇ ਦਸਤਕ ਦਿੱਤੀ ਹੈ। ਇਹ ਮੱਖੀ ਦਿਸਣ ਮਗਰੋਂ ਕਿਸਾਨ ਵੀ ਫਿਕਰਮੰਦ ਹੋ ਗਏ ਹਨ। ਨਰਮਾ ਪੱਟੀ ਵਿਚ ਦੋ ਵਰ੍ਹੇ ਪਹਿਲਾਂ ਚਿੱਟੀ ਮੱਖੀ ਨੇ ਨਰਮੇ ਦੀ ਫਸਲ ਨੂੰ ਰਾਖ ਬਣਾ ਦਿੱਤਾ ਸੀ, ਜਿਸ ਕਾਰਨ ਕਈ ਕਿਸਾਨਾਂ ਨੇ ਖੁਦਕੁਸ਼ੀ ਕਰ ਲਈ ਸੀ।



ਐਤਕੀਂ ਕਿਸਾਨਾਂ ਨੇ ਮੁੜ ਨਰਮੇ ਦੀ ਖੇਤੀ ਵੱਲ ਮੂੰਹ ਕੀਤਾ ਹੈ ਜਿਸ ਦੇ ਨਤੀਜੇ ਵਜੋਂ ਹੁਣ ਤੱਕ ਪੰਜਾਬ ਵਿਚ 3.80 ਲੱਖ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਂਦ ਹੋ ਗਈ ਹੈ। ਖੇਤੀਬਾੜੀ ਮਹਿਕਮੇ ਨੇ 4 ਲੱਖ ਹੈਕਟੇਅਰ ਬਿਜਾਂਦ ਦਾ ਟੀਚਾ ਮਿਥਿਆ ਸੀ। ਖੇਤੀਬਾੜੀ 'ਵਰਸਿਟੀ ਨੂੰ ਬਠਿੰਡਾ ਦੇ ਪਿੰਡ ਗਹਿਰੀ ਬੁੱਟਰ ਤੇ ਨਰੂਆਣਾ, ਮੁਕਤਸਰ ਦੇ ਪਿੰਡ ਕਿੱਲਿਆਂ ਵਾਲੀ ਅਤੇ ਫਾਜ਼ਿਲਕਾ ਦੇ ਪਿੰਡ ਪੰਚਕੋਸ਼ੀ ਵਿਚ ਕੁਝ ਖੇਤਾਂ ਵਿਚ ਫਸਲ 'ਤੇ ਚਿੱਟੀ ਮੱਖੀ ਦਾ ਮੁੱਢਲਾ ਹਮਲਾ ਨਜ਼ਰੀਂ ਪਿਆ ਹੈ। ਖੇਤੀ ਮਹਿਕਮੇ ਵੱਲੋਂ ਐਤਕੀਂ ਚਿੱਟੀ ਮੱਖੀ ਤੋਂ ਸੁਚੇਤ ਰੱਖਣ ਲਈ 50 ਸੁਪਰਵਾਈਜ਼ਰ ਅਤੇ 500 ਦੇ ਕਰੀਬ ਸਕਾਊਟ ਭਰਤੀ ਕਰ ਕੇ ਪਿੰਡਾਂ ਵਿਚ ਤਾਇਨਾਤ ਕੀਤੇ ਗਏ ਹਨ ਜੋ ਰੋਜ਼ਾਨਾ ਖੇਤਾਂ ਵਿਚ ਗੇੜੇ ਮਾਰ ਰਹੇ ਹਨ। ਪਿਛਲੇ ਵਰ੍ਹੇ ਇਕੱਲੇ ਜ਼ਿਲ੍ਹਾ ਫਾਜ਼ਿਲਕਾ ਵਿਚ ਚਿੱਟੀ ਮੱਖੀ ਦਾ ਹਮਲਾ ਦੇਖਣ ਨੂੰ ਮਿਲਿਆ ਸੀ। ਬਿਜਾਂਦ ਵਧਣ ਕਰ ਕੇ ਇਸ ਵਾਰ ਨਰਮਾ ਪੱਟੀ ਵਿਚ ਬੀਟੀ ਬੀਜ ਦੇ ਕਰੀਬ 16 ਲੱਖ ਪੈਕਟਾਂ ਦੀ ਵਿਕਰੀ ਹੋਈ ਹੈ ਅਤੇ ਕਾਫੀ ਕਿਸਾਨ ਗੁਜਰਾਤ 'ਚੋਂ ਗੈਰਕਾਨੂੰਨੀ ਬੀਟੀ ਬੀਜ ਵੀ ਲੈ ਕੇ ਆਏ ਹਨ। ਵੇਰਵਿਆਂ ਅਨੁਸਾਰ ਖੇਤੀ ਮਹਿਕਮੇ ਨੇ ਹੁਣ ਪਿਛੇਤੀ ਬਿਜਾਂਦ ਵਿਚ ਰੁਚੀ ਘਟਾ ਦਿੱਤੀ ਹੈ ਕਿਉਂਕਿ ਚਿੱਟੀ ਮੱਖੀ ਦਾ ਹਮਲਾ ਪਿਛੇਤੀ ਫਸਲ 'ਤੇ ਜ਼ਿਆਦਾ ਹੁੰਦਾ ਹੈ। ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰ ਡਾ. ਸੰਜੀਵ ਕਟਾਰੀਆ ਨੇ ਕਿਹਾ ਕਿ ਚਿੱਟੀ ਮੱਖੀ ਨਜ਼ਰ ਜ਼ਰੂਰੀ ਆਈ ਹੈ ਪਰ ਨੁਕਸਾਨ ਵਾਲੀ ਕੋਈ ਗੱਲ ਨਹੀਂ ਹੈ।

# ਕਰਜ਼ ਮੁਆਫੀ: ਹਵਾ 'ਚ ਹੱਥ ਪੈਰ ਮਾਰਨ ਲੱਗੀ ਸਰਕਾਰ

**ਜਲੰਧਰ:** ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਕਰਜ਼ ਮੁਆਫੀ ਬਾਰੇ ਸੰਭਾਵਨਾਵਾਂ ਤੇ ਵਿਧੀ ਵਿਧਾਨ ਤਲਾਸ਼ਣ ਲਈ ਬਣਾਈ ਤਿੰਨ ਮੈਂਬਰੀ ਸਿਫਾਰਸ਼ੀ ਕਮੇਟੀ ਦਾ ਦੋ ਮਹੀਨੇ ਦਾ ਸਮਾਂ ਬੀਤਣ ਵਿਚ ਸਿਰਫ ਇਕ ਹਫਤਾ ਹੀ ਬਾਕੀ ਰਹਿ ਗਿਆ ਹੈ, ਪਰ ਇਹ ਕਮੇਟੀ ਕੋਈ ਠੋਸ ਸੁਝਾਅ ਜਾਂ ਤਜਵੀਜ਼ਾਂ ਪੇਸ਼ ਕਰਨ ਵਿਚ ਅਜੇ ਤੱਕ ਉਲਝਣ 'ਚ ਹੀ ਫਸੀ ਹੋਈ ਦੱਸੀ ਜਾ ਰਹੀ ਹੈ। ਬੇਹੱਦ ਆਰਥਿਕ ਤੰਗੀ ਦਾ ਸ਼ਿਕਾਰ ਕੈਪਟਨ ਸਰਕਾਰ ਆਪਣੇ ਵਾਅਦੇ ਉਪਰ ਪੂਰਾ ਉਤਰਨ ਲਈ ਹੱਥ-ਪੈਰ ਤਾਂ ਮਾਰ ਰਹੀ ਹੈ, ਪਰ ਪੈਸੇ ਦੀ ਥੁੜ੍ਹ ਉਨ੍ਹਾਂ ਨੂੰ ਕਿਸੇ ਪਾਸੇ ਲੱਗਣ ਲਈ ਜਗ੍ਹਾ ਨਹੀਂ ਦੇ ਰਹੀ।

ਸਿਫਾਰਸ਼ੀ ਕਮੇਟੀ ਤਿੰਨ ਤਰ੍ਹਾਂ ਦੀਆਂ ਤਜਵੀਜ਼ਾਂ ਉਪਰ ਵਿਚਾਰ ਚਰਚਾ ਕਰ ਰਹੀ ਹੈ- ਪਹਿਲੀ ਤਜਵੀਜ਼ ਮੁਤਾਬਕ ਸਾਰੇ ਕਿਸਾਨਾਂ ਦਾ ਉਤਰ ਪ੍ਰਦੇਸ਼ ਦੀ ਸਰਕਾਰ ਦੀ ਤਰਜ਼ ਉਪਰ ਇਕ-ਇਕ ਲੱਖ ਰੁਪਏ ਦਾ ਕਰਜ਼ਾ ਮੁਆਫ ਕਰ ਦਿੱਤਾ ਜਾਵੇ। ਪੰਜਾਬ ਅੰਦਰ ਕਰਜ਼ੇ ਵਾਲੇ ਕਿਸਾਨਾਂ ਦੀ ਗਿਣਤੀ 10 ਲੱਖ ਦੇ ਕਰੀਬ ਹੈ। ਇਸ ਹਿਸਾਬ 10 ਹਜ਼ਾਰ ਕਰੋੜ ਰੁਪਏ ਸਰਕਾਰ ਨੂੰ ਦੇਣੇ ਪੈਣਗੇ, ਪਰ ਇਹ ਤਜਵੀਜ਼ ਪੰਜਾਬ ਅੰਦਰ ਬਹੁਤੀ ਸਾਰਥਕ ਨਹੀਂ ਮੰਨੀ ਜਾ ਰਹੀ। ਇਸ ਦਾ ਵੱਡਾ ਕਾਰਨ ਇਹ ਹੈ ਕਿ ਬਹੁਤੇ ਕਿਸਾਨ 5 ਲੱਖ ਰੁਪਏ ਤੋਂ ਵੱਧ ਦੇ ਕਰਜ਼ਾਈ ਹਨ ਤੇ ਉਨ੍ਹਾਂ ਦਾ ਇਕ ਲੱਖ ਰੁਪਏ ਮੁਆਫ ਕਰਨ ਨਾਲ ਕੋਈ ਬਹੁਤਾ ਅਸਰ ਨਹੀਂ ਪਵੇਗਾ।

ਦੂਜੀ ਤਜਵੀਜ਼ ਮੁਤਾਬਕ ਢਾਈ ਏਕੜ ਜ਼ਮੀਨ ਮਾਲਕੀ ਵਾਲੇ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਕਰਨ ਦੀ ਹੈ। ਢਾਈ ਏਕੜ ਜ਼ਮੀਨ ਮਾਲਕੀ ਵਾਲੇ ਕਿਸਾਨਾਂ ਦੀ ਕੁੱਲ ਗਿਣਤੀ ਕਰਜ਼ਾਈ ਕਿਸਾਨਾਂ ਦੇ ਅੱਧ ਤੋਂ ਕੁਝ ਵੱਧ 5.71 ਲੱਖ ਦੱਸੀ ਜਾ ਰਹੀ ਹੈ। ਇਨ੍ਹਾਂ ਕਿਸਾਨਾਂ ਸਿਰ ਕਰਜ਼ੇ ਦੀ ਕੁੱਲ ਰਾਸ਼ੀ 9845 ਕਰੋੜ ਰੁਪਏ ਦੱਸੀ ਜਾ ਰਹੀ ਹੈ। ਜੇਕਰ ਅਜਿਹੇ ਕਿਸਾਨਾਂ ਦਾ ਹੀ ਕਰਜ਼ਾ ਮੁਆਫ ਕੀਤਾ ਜਾਂਦਾ ਹੈ ਤਾਂ ਵੀ ਮੁਆਫ ਕਰਨ ਵਾਲੀ ਰਕਮ ਤਾਂ 10 ਹਜ਼ਾਰ ਕਰੋੜ ਰੁਪਏ ਦੇ ਨੇੜੇ ਹੀ ਬਣ ਜਾਂਦੀ ਹੈ, ਪਰ ਅੱਧੇ ਕਿਸਾਨ ਮੁਆਫੀ ਰਾਹਤ ਤੋਂ ਬਾਹਰ ਰਹਿ ਜਾਣਗੇ ਤੇ ਇਸ ਤਰ੍ਹਾਂ ਰਾਹਤ ਦੀ ਥਾਂ ਨਰਾਜ਼ਗੀ ਵਧੇਰੇ ਪੈਦਾ ਹੋ ਸਕਦੀ ਹੈ। ਪਤਾ ਲੱਗਾ ਹੈ ਕਿ ਕਮੇਟੀ ਨੇ ਹੁਣ ਇਕ ਹੋਰ ਨਵੀਂ ਤਜਵੀਜ਼ ਬਾਰੇ ਸੋਚਣਾ ਸ਼ੁਰੂ ਕੀਤਾ ਹੈ। ਇਸ ਤਜਵੀਜ਼ ਮੁਤਾਬਕ ਕਿਸਾਨੀ ਕਰਜ਼ੇ ਮੁਆਫ ਕਰਨ ਲਈ ਸਰਕਾਰ 20 ਸਾਲ ਲਈ ਲੰਬੇ ਸਮੇਂ ਦਾ ਕਰਜ਼ਾ ਲੈ ਲਵੇ, ਜਿਸ ਤਰ੍ਹਾਂ ਬਾਦਲ ਸਰਕਾਰ ਨੇ ਜਿਣਸਾਂ ਦੀ ਖਰੀਦ 'ਚ ਪਏ 32 ਹਜ਼ਾਰ ਕਰੋੜ ਰੁਪਏ ਦੇ ਖੱਪੇ ਨੂੰ ਪੂਰਨ ਲਈ 20 ਸਾਲਾਂ ਲਈ ਕਰਜ਼ਾ ਲਿਆ ਸੀ, ਉਸੇ ਤਰਜ਼ ਉਪਰ ਕਰਜ਼ਾ ਲੈ ਲਿਆ ਜਾਵੇ ਜੋ ਆਉਣ ਵਾਲੀਆਂ ਚਾਰ ਸਰਕਾਰਾਂ ਵਾਪਸ ਕਰਦੀਆਂ ਰਹਿਣਗੀਆਂ, ਪਰ ਬਹੁਤੇ ਆਰਥਿਕ ਮਾਹਿਰ ਕਮੇਟੀ ਦੀ ਅਜਿਹੀ ਸਿਫਾਰਸ਼ ਨੂੰ ਵੀ ਆਤਮਘਾਤੀ ਹੀ ਮੰਨ ਰਹੇ ਹਨ।

## ਸ਼ਰਾਬੀ ਨੇ 9 ਜਣੇ ਗੋਲੀਆਂ ਨਾਲ ਭੁੰਨੇ

**ਮਾਸਕੋ:** ਰੂਸ ਦੇ ਸ਼ਹਿਰ ਮਾਸਕੋ ਨੇੜੇ ਇਕ ਪਿੰਡ ਵਿਚ ਸ਼ਰਾਬ ਨਾਲ ਧੁੱਤ ਇਕ ਵਿਅਕਤੀ ਨੇ ਝਗੜੇ ਦੌਰਾਨ 9 ਵਿਅਕਤੀਆਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ। 45 ਸਾਲਾ ਹਮਲਾਵਰ ਮਾਸਕੋ ਦਾ ਰਹਿਣ ਵਾਲਾ ਹੈ।

## ਉਘੇ ਸਿੱਖ ਆਗੂ ਰੰਗੀਲ ਸਿੰਘ ਦਾ ਦੇਹਾਂਤ

**ਸ੍ਰੀਨਗਰ:** ਜੰਮੂ ਕਸ਼ਮੀਰ ਦੀ ਸਿਆਸਤ ਤੇ ਸਿੱਖ ਮਸਲਿਆ ਨੂੰ ਲੈ ਕੇ ਜੂਝਦੇ ਰਹੇ ਸਿੱਖ ਆਗੂ ਤੇ ਸਾਬਕਾ ਮੰਤਰੀ ਰੰਗੀਲ ਸਿੰਘ ਦੀ ਜੰਮੂ ਵਿਖੇ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ ਇਸ ਵੇਲੇ ਸੱਤਧਾਰੀ ਪੀ.ਡੀ.ਪੀ. ਦੇ ਸੀਨੀਅਰ ਮੀਤ ਪ੍ਰਧਾਨ ਸਨ। ਜੰਮੂ ਸਥਿਤ ਮਹੰਤ ਬਚਿੱਤਰ ਸਿੰਘ ਇੰਜੀਨੀਅਰਿੰਗ ਕਾਲਜ ਸਥਾਪਤ ਕਰਨ ਵਿਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਸੀ। ਮੁੱਖ ਮੰਤਰੀ ਮਹਿਬੂਬਾ ਮੁਫਤੀ ਸਮੇਤ ਕਈ ਕੈਬਨਿਟ ਮੰਤਰੀਆਂ ਤੇ ਸਿੱਖ ਸ਼ਖਸੀਅਤਾਂ ਨੇ ਰੰਗੀਲ ਸਿੰਘ ਦੀ ਅਚਾਨਕ ਮੌਤ ਉਤੇ ਦੁੱਖ ਦਾ ਪ੍ਰਗਟਾਵਾ ਕੀਤਾ।

## ਗੁਰਮਿਹਰ ਕੌਰ ਨੇ ਅਸਹਿਣਸ਼ੀਲਤਾ ਖਿਲਾਫ਼ ਖੋਲ੍ਹਿਆ ਮੋਰਚਾ

**ਜਲੰਧਰ:** ਦਿੱਲੀ ਯੂਨੀਵਰਸਿਟੀ ਦੀ ਵਿਦਿਆਰਥਣ ਗੁਰਮਿਹਰ ਕੌਰ ਨੇ ਕਿਹਾ ਹੈ ਕਿ ਦੇਸ਼ ਵਿਚ ਬੋਲਣ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਵੱਡੀ ਚੁਣੌਤੀ ਦਿੱਤੀ ਜਾ ਰਹੀ ਹੈ ਤੇ ਪ੍ਰੈੱਸ ਦੀ ਆਜ਼ਾਦੀ 'ਤੇ ਵੀ ਹਮਲੇ ਹੋ ਰਹੇ ਹਨ। ਉਸ ਨੇ ਦੇਸ਼ 'ਚ ਵਧ ਰਹੀ ਅਸਹਿਣਸ਼ੀਲਤਾ ਵਿਰੁੱਧ ਮੋਰਚਾ ਖੋਲ੍ਹਦਿਆਂ ਕਿਹਾ ਕਿ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ, ਜਿਸ ਨਾਲ ਲੋਕਾਂ ਤੋਂ ਵਿਚਾਰਾਂ ਦੇ ਪ੍ਰਗਟਾਵੇ ਦਾ ਅਧਿਕਾਰ ਖੋਹਿਆ ਜਾ ਸਕੇ। ਗੁਰਮਿਹਰ ਕੌਰ ਨੇ ਕਿਹਾ ਕਿ ਪਹਿਲਾਂ ਵੀ ਉਹ ਬੋਲਣ ਦੀ ਆਜ਼ਾਦੀ ਬਾਰੇ ਲਏ ਸਟੈਂਡ ਤੋਂ ਪਿੱਛੇ ਨਹੀਂ ਹਟੀ ਸੀ। ਉਹ ਇਕ ਵਾਰ ਫਿਰ ਖੁੱਲ੍ਹ ਕੇ ਮੈਦਾਨ 'ਚ ਆ ਗਈ ਹੈ।

ਗੁਰਮਿਹਰ ਕੌਰ ਨੇ ਕਿਹਾ ਕਿ ਉਹ ਇਸ ਗੱਲ 'ਤੇ ਸਹਿਮਤ ਹੈ ਕਿ ਦੇਸ਼ ਵਿਚ ਅਣਐਲਾਨੀ ਐਮਰਜੈਂਸੀ ਲੱਗੀ ਹੋਈ ਹੈ। ਜਦੋਂ ਯੂਨੀਵਰਸਿਟੀ ਵਿਚ ਹੋਈ ਹਿੰਸਾ ਵਿਰੁੱਧ ਉਸ ਨੇ ਆਵਾਜ਼ ਉਠਾਈ ਸੀ ਤਾਂ ਉਸ ਵਿਰੁੱਧ ਅਜਿਹਾ ਮਾਹੌਲ ਸਿਰਜ ਦਿੱਤਾ ਗਿਆ ਸੀ ਜਿਸ ਨਾਲ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹੀ ਭਟਕਾ ਦਿੱਤਾ ਗਿਆ ਸੀ। ਹੁਣ ਦੇਸ਼ ਵਿਚ ਮੀਡੀਆ 'ਤੇ ਹਮਲੇ ਕੀਤੇ ਜਾ ਰਹੇ ਹਨ ਅਤੇ ਅਸਹਿਣਸ਼ੀਲਤਾ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਗੁਰਮਿਹਰ ਅਨੁਸਾਰ ਮਸ਼ਹੂਰ ਹੋਣ ਤੋਂ ਬਾਅਦ ਜਿਥੇ ਉਸ ਦੇ ਰੁਝੇਵੇਂ ਵਧ ਗਏ ਹਨ, ਉਥੇ ਉਸ ਨੂੰ ਪਹਿਲਾਂ ਨਾਲੋਂ ਵੱਧ ਜ਼ਿੰਮੇਵਾਰੀ ਦਾ ਅਹਿਸਾਸ ਵੀ ਹੋ ਰਿਹਾ ਹੈ ਪਰ ਹੁਣ ਉਸ ਨੂੰ ਬਾਹਰ ਜਾਣ ਲੱਗਿਆਂ ਕਾਫੀ ਚੌਕਸੀ ਰੱਖਣੀ ਪੈਂਦੀ ਹੈ।


**Mann Insurance Brokers Inc.**

DBA Global Green Insurance Agency of the Bay Area
4 Union Square #E, Union City, CA 94587



*Gurdawar Singh*
*Lic.# OF34231*

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ

PROGRESSIVE · MERCURY INSURANCE GROUP · THE HARTFORD · Safeco Insurance A Liberty Mutual Company · TRAVELERS

**Ph: 510-487-1000**

mann@ggiausa.com



**Restaurant For Sale**

**Restaurant For Sale in the Portland, Oregon metropolitan area. Located around the corner from professional baseball btadium. Near 2 Intel campuses, Nike offices, VW offices, and many more. The area is expanding with more industry coming. The restaurant is 3362.28 sqft. in a newer complex. Nice interior with beautiful chandeliers and bar. Through out the restaurant there are 8 TVs, 3 of which are in the bar, security cameras, and a sound system. Kitchen has a walk in cooler, 20 ft. hood, 6 burner stove with oven, 2 fryers, 2 stock pot burners, tandoor and more. $175,000.**

***For More Info, Please Call:***

**Ph: 503-888-0489**



**ਰੈਸਟੋਰੈਂਟ ਸਟਾਫ ਦੀ ਲੋੜ ਹੈ**

ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਵੇਟਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ

**ਫੋਨ: 850-510-3046**

22-23



**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

***National Truck Driving School***

1816 Main Ave., Secramento CA, 95838

**ਸੈਕਰਾਮੈਂਟੋ, ਕੈਲੀਫੋਰਨੀਆ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

*ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

ਸਨਿਚਰਵਾਰ, 10 ਜੂਨ 2017

# ਸਿੱਖ, ਸਾਕੇ ਅਤੇ ਸਿਆਸਤ

ਫੌਜ ਵੱਲੋਂ 33 ਵਰ੍ਹੇ ਪਹਿਲਾਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਕੀਤੇ ਸਾਕਾ ਨੀਲਾ ਤਾਰਾ ਨਾਲ ਸਬੰਧਤ ਸਮਾਗਮ ਪਿਛਲੇ ਸਾਲਾਂ ਵਾਂਗ ਐਤਕੀਂ ਵੀ ਕਰਵਾਇਆ ਗਿਆ। ਐਤਕੀਂ ਵੀ ਦੋ ਮੁੱਖ ਧਿਰਾਂ ਆਹਮੋ-ਸਾਹਮਣੇ ਸਨ, ਪਰ ਇਸ ਵਾਰ ਇਹ ਸਮਾਗਮ ਅਮਨ-ਅਮਾਨ ਨਾਲ ਸਿਰੇ ਚੜ੍ਹ ਗਿਆ। ਇਹ ਦਿਨ ਸਿੱਖਾਂ ਲਈ ਸੋਗ ਵਾਲਾ ਦਿਨ ਹੈ, ਪਰ ਸਿਆਸਤ ਅੰਦਰਲੀ ਖਿੱਚ-ਧੂਹ ਅਤੇ ਚੌਧਰ ਕਾਰਨ ਹਰ ਸਾਲ ਇਸ ਦਿਨ ਇਹੀ ਦੌੜ ਲੱਗੀ ਰਹਿੰਦੀ ਹੈ ਕਿ ਕਿਹੜੀ ਧਿਰ ਆਪਣੀ ਹੋਂਦ ਵੱਧ ਕਾਰਗਰ ਢੰਗ ਨਾਲ ਦਰਜ ਕਰਦੀ ਹੈ। ਬਿਨਾ ਸ਼ੱਕ ਇਸ ਮਾਮਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਾਬਜ਼ ਧਿਰ ਦਾ ਹੱਥ ਸਦਾ ਉਪਰ ਰਿਹਾ ਹੈ। ਲੰਘੇ ਦਸ ਸਾਲ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੋਣ ਕਾਰਨ ਇਹ ਹੱਥ ਰਤਾ ਕੁ ਵਧੇਰੇ ਹੀ ਉਪਰ ਸੀ ਅਤੇ ਸ਼ਾਇਦ ਇਸੇ ਗਰੂਰ ਵਿਚ ਸੱਤਾਧਾਰੀਆਂ ਨੇ ਆਪਣੀਆਂ ਮਨਆਈਆਂ ਵੀ ਕੀਤੀਆਂ। ਇਸ ਵਾਰ ਵੀ ਉਨ੍ਹਾਂ ਦੀ ਹੀ ਚੱਲਣੀ ਸੀ ਅਤੇ ਚੱਲੀ ਵੀ, ਪਰ ਅਜਿਹੇ ਮੌਕੇ ਉਤੇ ਸਿਆਸਤ ਦੀ ਥਾਂ ਧਾਰਮਿਕ ਅਕੀਦੇ ਨਾਲ ਜੁੜਿਆ ਹਰ ਆਮ ਸਿੱਖ ਸਵਾਲ ਵਿਚ ਘਿਰਿਆ ਹੋਇਆ ਸੀ। ਪਿਛਾਂਹ ਝਾਤੀ ਮਾਰੀ ਜਾਵੇ ਤਾਂ ਸਪਸ਼ਟ ਨਜ਼ਰ ਆਉਂਦਾ ਹੈ ਕਿ ਧਰਮ ਅਤੇ ਸਿਆਸਤ ਦੇ ਸੁੱਚੇ-ਸੱਚੇ ਸੁਮੇਲ ਦੀ ਥਾਂ ਜਦੋਂ ਜਦੋਂ ਸਿਆਸਤ ਦਾ ਭਾਰ ਧਰਮ ਉਤੇ ਵਧੇਰੇ ਪਿਆ ਹੈ, ਤਾਂ ਸਿੱਖਾਂ ਅੱਗੇ ਸੰਕਟ ਦੀ ਵਾਛੜ ਹੁੰਦੀ ਰਹੀ ਹੈ। ਬੇਸ਼ੱਕ, ਸੰਕਟਾਂ ਦੀ ਇਹ ਮਾਰ ਭਾਵੇਂ ਸਿਆਸਤ ਵਿਚੋਂ ਹੀ ਪੈਂਦੀ ਰਹੀ ਸੀ, ਪਰ ਨੁਕਤਾ ਇਹ ਵੀ ਹੈ ਕਿ ਸਿਆਸਤ ਕਿਸ ਅੰਦਾਜ਼ ਅਤੇ ਕਿਸ ਸੁਰ ਵਿਚ ਕੀਤੀ ਜਾਂਦੀ ਰਹੀ ਹੈ। ਦਰਅਸਲ, ਜਦੋਂ ਸਾਰਾ ਕੁਝ ਸਿਆਸਤ ਦੀ ਗਲੀਆਂ ਵਿਚ ਹੀ ਤੈਅ ਹੋਣ ਲਗਦਾ ਹੈ ਤਾਂ ਅਜਿਹੇ ਸਮਾਗਮਾਂ ਮੌਕੇ ਤਣਾਅ ਵਾਲੀਆਂ ਤੰਦਾਂ ਕੱਸੀਆਂ ਹੀ ਜਾਂਦੀਆਂ ਹਨ। ਪਹਿਲਾਂ-ਪਹਿਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸਾਰੀਆਂ ਧਿਰਾਂ ਨੂੰ ਸੱਦਾ ਦਿੱਤਾ ਸੀ ਕਿ ਇਹ ਸਮਾਗਮ ਅਮਨ-ਅਮਾਨ ਨਾਲ ਸਿਰੇ ਚਾੜ੍ਹਿਆ ਜਾਵੇ। ਦੂਜੀਆਂ ਪੰਥਕ ਧਿਰਾਂ ਨੇ ਇਸ ਬਾਰੇ ਭਰੋਸਾ ਵੀ ਦਿੱਤਾ, ਪਰ ਜਦੋਂ ਸਿਆਸੀ ਆਗੂਆਂ ਦੇ ਬਿਆਨ ਆਉਣੇ ਸ਼ੁਰੂ ਹੋਏ ਤਾਂ ਨਾਲ ਹੀ ਸਮਾਗਮ ਮੌਕੇ ਤਣਾਅ ਸਿਰੇ ਉਤੇ ਪੁੱਜਣ ਦੇ ਖਦਸ਼ੇ ਵੀ ਉਭਰਨੇ ਅਰੰਭ ਹੋ ਗਏ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਇਹ ਬਿਆਨ ਹਕੀਕਤ ਤੋਂ ਕੋਹਾਂ ਦੂਰ ਸੀ ਅਤੇ ਬੇਲੋੜਾ ਵੀ, ਕਿ ਕਾਂਗਰਸ ਸਰਕਾਰ ਮੁਤਵਾਜ਼ੀ ਜਥੇਦਾਰਾਂ ਰਾਹੀਂ ਸਮਾਗਮ ਵਿਚ ਵਿਘਨ ਪਾਉਣਾ ਚਾਹੁੰਦੀ ਹੈ। ਇਸ ਬਿਆਨ ਤੋਂ ਸਾਫ ਹੋ ਗਿਆ ਕਿ ਇਹ ਆਗੂ ਸੌੜੀ ਸਿਆਸਤ ਤੋਂ ਪਾਰ ਜਾਣ ਲਈ ਤਿਆਰ ਨਹੀਂ। ਸਿਤਮਜ਼ਰੀਫੀ ਤਾਂ ਇਹ ਵੀ ਹੋਈ ਕਿ ਪ੍ਰੋ. ਬਡੂੰਗਰ ਦੀ ਸੁਰ ਵੀ ਨਾਲ ਦੀ ਨਾਲ ਹੀ ਇਸੇ ਤਰ੍ਹਾਂ ਦੀ ਹੋ ਗਈ। ਜੱਗ ਜਾਣਦਾ ਹੈ ਕਿ ਪ੍ਰੋ. ਬਡੂੰਗਰ ਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਚੋਣ ਕਿਨ੍ਹਾਂ ਹਾਲਾਤ ਵਿਚ ਅਤੇ ਕਿਨ੍ਹਾਂ ਕਾਰਨਾਂ ਕਰ ਕੇ ਹੋਈ ਸੀ। ਬਾਦਲਾਂ ਖਿਲਾਫ ਲੋਕਾਂ ਦੇ ਰੋਹ ਅਤੇ ਰੋਸ ਨੂੰ ਸ਼ਾਂਤ ਕਰਨ ਲਈ ਪ੍ਰੋ. ਬਡੂੰਗਰ ਵਰਗੇ 'ਸਭ ਨੂੰ ਸਵੀਕਾਰ' ਆਗੂ ਨੂੰ ਸ਼੍ਰੋਮਣੀ ਕਮੇਟੀ ਦੀ ਕਮਾਨ ਸੌਂਪੀ ਗਈ ਸੀ। ਉਨ੍ਹਾਂ ਨੇ ਆਪਣੀ ਉਦਾਰ ਪਹੁੰਚ ਦਾ ਮੁਜਾਹਰਾ ਵੀ ਕੀਤਾ, ਪਰ ਸਿਆਸਤ ਦੇ ਗਲਬੇ ਕਾਰਨ ਉਨ੍ਹਾਂ ਦੀ ਉਦਾਰਤਾ ਨੂੰ ਵੀ ਹੁਣ ਵਾਂਗ, ਹਰ ਵਾਰ ਪਿਛਾਂਹ ਮੁੜਨਾ ਪਿਆ ਹੈ।

ਖੈਰ! ਹੁਣ ਸਵਾਲਾਂ ਦਾ ਸਵਾਲ ਇਹ ਹੈ ਕਿ ਸਿੱਖ ਸਿਆਸਤ ਦਾ ਅਗਲਾ ਮੁਹਾਣ ਕੁਝ ਆਗੂਆਂ ਦੇ ਹਿਸਾਬ ਨਾਲ ਹੀ ਚੱਲਦਾ ਜਾਣਾ ਹੈ ਜਾਂ ਇਹ ਆਮ ਸਿੱਖਾਂ ਦੀਆਂ ਭਾਵਨਾਵਾਂ ਮੁਤਾਬਕ ਵੀ ਆਪਣਾ ਰਾਹ ਅਖਤਿਆਰ ਕਰ ਸਕਦਾ ਹੈ! ਅਸਲ ਵਿਚ ਇਹੀ ਰਾਹ ਸਭ ਤੋਂ ਔਖਾ ਹੈ ਜਿਸ ਨੂੰ ਪੰਜਾਬੀ ਮੁਹਾਵਰੇ ਅੰਦਰ 'ਚੌਥੀ ਕੂਟ' ਵੀ ਕਿਹਾ ਜਾਂਦਾ ਹੈ ਅਤੇ ਫਿਲਹਾਲ ਕੋਈ ਵੀ ਧਿਰ ਕਿਸੇ 'ਚੌਥੀ ਕੂਟ' ਵੱਲ ਪੈਰ ਵਧਾਉਣ ਦਾ ਜੇਰਾ ਕਰਦੀ ਨਜ਼ਰ ਨਹੀਂ ਆ ਰਹੀ। ਹਰ ਪਾਸੇ ਸਿਆਸਤ ਅਤੇ ਚੌਧਰ ਦੀ ਢੋਲ-ਵਜਾਈ ਹੋ ਰਹੀ ਹੈ। ਅੱਜ ਦੀ ਸਿਆਸਤ ਤਹਿਤ ਸਿੱਖਾਂ ਉਤੇ ਹੀ ਨਹੀਂ, ਜਾਂ ਪੰਜਾਬੀਆਂ ਉਤੇ ਹੀ ਨਹੀਂ, ਬਲਕਿ ਹਰ ਸਾਧਾਰਨ ਸ਼ਖਸ ਦੁਆਲੇ ਚੁਫੇਰਿਓਂ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਮੁਲਕ ਦੀ ਸੱਤਾ ਉਤੇ ਅੱਜ ਜਿਹੜੀ ਜਮਾਤ ਬੈਠੀ ਹੈ, ਉਸ ਦੇ ਦਾਈਏ ਕੁਝ ਹੋਰ ਹਨ ਅਤੇ ਇਸ ਜਮਾਤ ਦੇ ਇਨ੍ਹਾਂ ਦਾਈਆਂ ਬਾਰੇ ਹੁਣ ਕਿਸੇ ਨੂੰ ਭੁਲੇਖਾ ਨਹੀਂ ਰਹਿਣਾ ਚਾਹੀਦਾ। ਇਸ ਲਈ ਅਗਲਾ ਕਦਮ ਉਠਾਉਣ ਵੇਲੇ ਇਸ ਜਮਾਤ ਦੀ ਸਿਆਸਤ ਧਿਆਨ ਵਿਚ ਰਹਿਣੀ ਚਾਹੀਦੀ ਹੈ ਅਤੇ ਇਸ ਮੁਤਾਬਕ ਹੀ ਅਗਲੀ ਨੀਤੀ-ਰਣਨੀਤੀ ਤੈਅ ਹੋਣੀ ਚਾਹੀਦੀ ਹੈ। ਹੁਣ ਸ਼ਾਇਦ ਉਹ ਦਿਨ ਦੂਰ ਨਹੀਂ ਜਦੋਂ ਇਸ ਜਮਾਤ ਦੀ ਸਿਆਸਤ ਨੇ ਆਮ ਬੰਦੇ ਉਤੇ ਪੱਕੀ ਕਾਠੀ ਪਾਉਣ ਦਾ ਸਿਲਸਿਲਾ ਅਰੰਭ ਦੇਣਾ ਹੈ। ਟੁੱਟਵੇਂ ਰੂਪ ਵਿਚ ਇਹ ਸਿਲਸਿਲਾ ਤਾਂ ਚੱਲ ਹੀ ਰਿਹਾ ਹੈ। ਇਸ ਲਈ ਮਸਲਾ ਇਸ ਸਿਆਸਤ ਨੂੰ ਸਮਝਣ ਅਤੇ ਰਣਨੀਤੀ ਘੜਨ ਦਾ ਹੈ। ਇਹ ਤਦ ਹੀ ਸੰਭਵ ਹੈ, ਜੇ ਚੌਧਰ ਦੀ ਸਿਆਸਤ ਛੱਡ ਕੇ ਲੋਕ-ਹਿਤੂ ਰਾਹ ਅਖਤਿਆਰ ਕੀਤਾ ਜਾਵੇ। ਇਸ ਕਾਰਜ ਲਈ ਲੋਕਾਂ ਤੱਕ ਰਸਾਈ ਕਰਨੀ ਪਵੇਗੀ। ਇਤਿਹਾਸ ਵਿਚ ਬਥੇਰੀਆਂ ਮਿਸਾਲਾਂ ਹਨ ਕਿ ਜਦੋਂ ਵੀ ਲੋਕਾਂ ਵੱਲ ਮੂੰਹ ਕੀਤਾ ਗਿਆ, ਭਰਪੂਰ ਹੁੰਗਾਰਾ ਮਿਲਿਆ ਹੈ। ਸੋ, ਮਸਲਾ ਇਹ ਹੈ ਕਿ ਲੋਕਾਂ ਨਾਲ ਜੁੜੇ ਮਸਲਿਆਂ ਬਾਰੇ ਵਿਚਾਰਾਂ ਕੀਤੀਆਂ ਜਾਣ। ਇਕ ਇਕ ਸ਼ਖਸ ਨੂੰ ਜੋੜ ਕੇ ਕਾਫਲਾ ਬਣਾਇਆ ਜਾਵੇ। ਕਾਫਲੇ ਤੋਂ ਬਗੈਰ ਅੱਜ ਵਰਤਾਈ ਜਾ ਰਹੀ ਸੌੜੀ ਸਿਆਸਤ ਨੂੰ ਪਛਾੜਿਆ ਨਹੀਂ ਜਾ ਸਕੇਗਾ। ਪਿਛਲੇ ਸਮਿਆਂ ਦੌਰਾਨ ਮੁਤਵਾਜ਼ੀ ਧਿਰ ਨੇ ਬਰਾਬਰ ਦੀ ਧਿਰ ਵਜੋਂ ਸਿਰ ਚੁੱਕਣ ਦੇ ਹੀਲੇ ਬਥੇਰੇ ਕੀਤੇ ਹਨ, ਪਰ ਕਾਮਯਾਬੀ ਨਾ ਮਿਲਣ ਦਾ ਇਕ ਵੱਡਾ ਕਾਰਨ ਇਹ ਹੈ ਕਿ ਇਕ ਤਾਂ ਅਜਿਹੇ ਯਤਨ ਐਨ ਮੌਕੇ ਉਤੇ ਆਣ ਕੇ ਕੀਤੇ ਜਾਂਦੇ ਹਨ; ਦੂਜੇ, ਹੀਲਿਆਂ ਦਾ ਸਿਲਸਿਲਾ ਝੱਟ ਟੁੱਟ-ਬਿਖਰ ਜਾਂਦਾ ਰਿਹਾ ਹੈ। ਇਸੇ ਕਰ ਕੇ ਇਹ ਵੇਲਾ ਅਜਿਹੀਆਂ ਮੋਰੀਆਂ ਮੁੰਦਣ ਦਾ ਹੈ, ਚੌਧਰ ਦਿਖਾਉਣ ਦਾ ਨਹੀਂ। ਮੋਰੀਆਂ ਮੁੰਦਣ ਦੀ ਦੇਰ ਹੈ, ਸੌੜੀ ਸਿਆਸਤ ਦਾ ਫਸਤਾ ਆਪੇ ਵੱਢਿਆ ਜਾਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### *ਕਬਿੱਤ ਫੇਸ-ਬੁੱਕ ਦਾ!*

ਪਾਈ ਜਾਣ ਫੋਟੋ ਬਹੁਤੇ ਟੌਹਰਾਂ ਕੱਢ ਕੇ, ਪੁੱਛੀ ਜਾਣ ਦੱਸੋ ਜੀ ਕਿੱਦਾਂ ਦੀ 'ਲੁੱਕ' ਜੀ।<br>
ਟੋਟਕੇ ਪਾਉਂਦੇ ਨੇ ਬਹੁਤੇ ਵਿਦਵਾਨਾਂ ਦੇ, ਦੋਸਤਾਂ 'ਚ ਆਪਣੀ ਬਣਾਉਂਦੇ ਠੁੱਕ ਜੀ।<br>
ਕੇਕ ਵਾਲੀ ਫੋਟੋ ਪਾ ਅਸੀਸਾਂ ਮੰਗਦੇ, ਕੋਈ ਦੱਸੇ, ਗਿਆ ਹੈ ਫਲਾਣਾ ਮੁੱਕ ਜੀ।<br>
ਕਈਆਂ ਦੀਆਂ ਪੋਸਟਾਂ ਹਲੂਣਾ ਦਿੰਦੀਆਂ, ਕੁਝ ਤਾਂ ਪਰੋਸੀ ਜਾਂਦੇ ਨਿੱਕ-ਸੁੱਕ ਜੀ।<br>
ਘੜੀ ਘੜੀ ਕਈ ਤਾਂ ਲਿਖੀ ਜਾਣ 'ਵਾਲ' 'ਤੇ, ਭੁੱਲ ਜਾਂਦੇ ਹੋਣੇ ਉਹ ਰੋਟੀ ਟੁੱਕ ਜੀ।<br>
ਤਾਅਨੇ ਮਿਹਣੇ ਮਾਰਦੇ ਗੁਸੈਲੀ ਭਾਸ਼ਾ 'ਚ, ਕਈਆਂ ਨੇ ਬਣਾ'ਤੀ ਐ ਕਲੇਸ਼-ਬੁੱਕ ਜੀ!

# ਪੰਜਾਬ ਦੀ ਸਿਆਸਤ ਅਤੇ ਨਵਾਂ ਸਿਆਸੀ ਮੰਚ

*ਪੰਜਾਬ ਵਿਚ ਮੁੱਢੋਂ-ਸੁੱਢੋਂ ਸਿਆਸਤ ਬਦਲਣ ਦਾ ਇਕ ਹੰਭਲਾ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਨਾਕਾਮ ਹੋ ਗਿਆ। ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਹਾਰ ਤੋਂ ਬਾਅਦ ਦੇ ਹਾਲਾਤ ਬਾਰੇ ਸਾਰੇ ਮਾਹਿਰ ਆਪੋ-ਆਪਣੀ ਰਾਏ ਦੇ ਰਹੇ ਹਨ। ਆਮ ਆਦਮੀ ਪਾਰਟੀ ਦੀ ਟਿਕਟ ਉਤੇ ਪਟਿਆਲਾ ਲੋਕ ਸਭਾ ਹਲਕੇ ਤੋਂ ਚੋਣ ਜਿੱਤੇ ਡਾ. ਧਰਮਵੀਰ ਗਾਂਧੀ ਨੇ ਪੰਜਾਬ ਦੀ ਸਿਆਸਤ ਅਤੇ ਸਿਆਸੀ ਧਿਰਾਂ ਦੀ ਪਹੁੰਚ ਬਾਰੇ ਕੁਝ ਨੁਕਤੇ ਆਪਣੇ ਇਸ ਲੇਖ ਵਿਚ ਉਠਾਏ ਹਨ। -ਸੰਪਾਦਕ*

ਆਲਮੀ ਮੰਡੀ ਵਿਚ 2008 ਦੌਰਾਨ ਆਏ ਮੰਦਵਾੜੇ ਕਾਰਨ ਸੰਸਾਰ ਭਰ ਵਿਚ ਕਈ ਰੂਪਾਂ ਵਿਚ ਚੱਲੀ ਹੋਈ ਰੋਸ ਲਹਿਰ, ਭਾਰਤ ਤੇ ਪੰਜਾਬ ਅੰਦਰ ਵੀ ਆਪਣੇ ਨਿਵੇਕਲੇ ਤਰੀਕੇ ਨਾਲ ਪ੍ਰਗਟ ਹੋਈ। ਦਿਲਚਸਪ ਪੱਖ ਇਹ ਸੀ ਕਿ ਲੋਕਾਈ ਵਿਚ ਪਨਪ ਰਹੇ ਰੋਸ ਦਾ ਪ੍ਰਗਟਾਵਾ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਦੇ ਰੂਪ ਵਿਚ ਹੋਇਆ ਜੋ ਬਾਅਦ ਵਿਚ 'ਆਮ ਆਦਮੀ ਪਾਰਟੀ' (ਆਪ) ਵਿਚ ਤਬਦੀਲ ਹੋ ਗਈ। ਪੰਜਾਬ ਅੰਦਰ ਚੁਣਾਵੀ ਰਾਜਨੀਤੀ ਦੇ ਪਿੜ ਵਿਚ, ਇਸ ਰੋਸ ਫੁਟਾਰੇ ਦਾ ਪਹਿਲਾ ਠੋਸ ਪ੍ਰਤੀਕਰਮ 2014 ਦੀਆਂ ਪਾਰਲੀਮਾਨੀ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਉਭਾਰ ਦੇ ਰੂਪ ਵਿਚ ਸੀ। ਪੰਜਾਬ ਦੇ ਲੋਕਾਂ ਨੇ ਅਣਕਿਆਸੇ ਢੰਗ ਨਾਲ ਮੋਦੀ ਲਹਿਰ ਦੇ ਉਲਟ ਭੁਗਤ ਕੇ 'ਆਪ' ਦੇ ਚਾਰ ਉਮੀਦਵਾਰ ਜਿਤਾਏ। ਇਹ ਨਿਰਾਲਾ ਪ੍ਰਦਰਸ਼ਨ ਨਾ ਕੇਵਲ ਪੰਜਾਬ ਅੰਦਰ ਹੁਕਮਰਾਨ ਪਾਰਟੀ-ਸ਼੍ਰੋਮਣੀ ਅਕਾਲੀ ਦਲ, ਦੇ ਕੁ-ਸ਼ਾਸਨ ਦੇ ਖ਼ਿਲਾਫ਼ ਸੀ, ਬਲਕਿ ਕਾਂਗਰਸ ਦੀ ਭ੍ਰਿਸ਼ਟ ਸੋਚ ਤੇ ਨੀਤੀਆਂ ਦੇ ਖ਼ਿਲਾਫ਼ ਵੀ ਸੀ।



ਡਾ. ਧਰਮਵੀਰ ਗਾਂਧੀ
ਫੋਨ: +91-90138-69336

ਪੰਜਾਬ ਦੇ ਇਸ ਵਰਤਾਰੇ ਨੇ ਸਥਾਪਿਤ ਤੇ ਰਵਾਇਤੀ ਪਾਰਟੀਆਂ ਨੂੰ ਇਕ ਵਾਰ ਤਾਂ ਝੰਜੋੜ ਕੇ ਰੱਖ ਦਿੱਤਾ। ਇਸ ਵਰਤਾਰੇ ਦਾ ਬਾਅਦ ਵਿਚ ਕੀ ਬਣਿਆ, ਗੱਲ ਇਸ 'ਤੇ ਵੀ ਕਰਾਂਗੇ, ਪਰ ਪਹਿਲਾਂ ਚਰਚਾ ਪੰਜਾਬ ਅਤੇ ਇਸ ਦੇ ਸੰਤਾਪ ਦੀ।

ਅੱਸੀਵਿਆਂ ਦੇ ਅੱਧ ਤਕ ਪੰਜਾਬ ਵਿਚ ਹਰੇ ਇਨਕਲਾਬ ਦੇ ਮੁੱਢਲੇ ਚਕਾ-ਚੌਂਧ ਵਾਲੇ ਜਲਵੇ ਦਾ ਖਤਮ ਹੋ ਜਾਣਾ ਅਤੇ ਰਾਜ ਦਾ ਚੌਤਰਫੇ ਸੰਕਟ ਦੀ ਗ੍ਰਿਫ਼ਤ ਵਿਚ ਆ ਜਾਣਾ ਬੜੀ ਖ਼ਤਰਨਾਕ ਅਲਾਮਤ ਸੀ। ਕਿਸਾਨੀ ਸੰਕਟ, ਸਨਅਤੀ ਖੜੋਤ, ਬੇਰੁਜ਼ਗਾਰੀ, ਨਸ਼ਿਆਂ ਦੀ ਵਬਾਅ, ਵਿਦਿਅਕ ਤੇ ਸਿਹਤ ਪ੍ਰਬੰਧਾਂ ਦੇ ਢਹਿਢੇਰੀ ਹੋਣਾ ਆਦਿ ਤੱਕ ਇਸੇ ਸੰਕਟ ਦੀ ਪੈਦਾਇਸ਼ ਸਨ।

ਵੱਖ ਵੱਖ ਕੇਂਦਰ ਸਰਕਾਰਾਂ, ਕੌਮੀ ਪਾਰਟੀਆਂ ਅਤੇ ਨਵਜੰਮੀ 'ਆਪ' ਨੇ ਪੰਜਾਬ ਅਤੇ ਪੰਜਾਬੀਅਤ ਦੇ ਮਾਮਲਿਆਂ ਨੂੰ ਜਮਹੂਰੀ ਢੰਗ ਨਾਲ ਨਜਿੱਠਣ ਦੀ ਬਜਾਏ, ਚਾਲਾਕੀ ਵਰਤਣ ਦਾ ਸੱਤ ਦਹਾਕੇ ਪੁਰਾਣਾ ਹੁਕਮਰਾਨੀ ਲਹਿਜਾ ਨਹੀਂ ਤਿਆਗਿਆ। ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਦੀ ਅਮੀਰ ਜ਼ਿਮੀਂਦਾਰਾ ਜਮਾਤ ਵੱਲੋਂ ਹਰੇ ਇਨਕਲਾਬ ਅਤੇ ਸੱਤਾ ਦੇ ਫ਼ਾਇਦੇ ਚੁੱਕ ਕੇ ਕਾਰਪੋਰੇਟ ਭਾਰਤ ਨਾਲ ਇਕ ਮਿਕ ਹੋ ਜਾਣ ਦੇ ਸਿੱਟੇ ਵਜੋਂ, ਪੰਜਾਬ ਅਤੇ ਸਿੱਖ ਕਿਸਾਨੀ ਦੇ ਹਿੱਤਾਂ ਨੂੰ ਤਿਲਾਂਜਲੀ ਦੇ ਦਿੱਤੀ ਗਈ ਅਤੇ ਫਿਰ ਸਿਆਸੀ ਆਰਥਿਕ ਹਿੱਤਾਂ ਦੀ ਪੂਰਤੀ ਲਈ, ਸਿੱਖ ਧਰਮ ਦੀਆਂ ਸਰਵ-ਉਚ ਧਾਰਮਿਕ ਸੰਸਥਾਵਾਂ ਤਕ ਨੂੰ ਵਰਤ ਕੇ ਜਿਥੇ ਉਨ੍ਹਾਂ ਦੇ ਅਕਸ ਨੂੰ ਅਕਹਿ ਹਾਨੀ ਪਹੁੰਚਾਈ ਗਈ, ਉਥੇ ਰਾਜ ਦੀ ਭਲਾਈ ਨਾਲ ਜੁੜੇ ਸਾਰੇ ਹਿਤ ਵੀ ਵਿਸਾਰ ਦਿੱਤੇ ਗਏ।

ਆਮ ਆਦਮੀ ਪਾਰਟੀ ਸ਼ਹਿਰੀ ਤੇ ਪੇਂਡੂ, ਮੱਧਵਰਗੀ ਤੇ ਗ਼ਰੀਬ, ਨੌਜਵਾਨ ਤੇ ਬਜ਼ੁਰਗ, ਮਰਦਾਂ ਤੇ ਔਰਤਾਂ, ਪਛੜੇ ਵਰਗਾਂ ਤੇ ਦਲਿਤਾਂ, ਸਿੱਖਾਂ ਤੇ ਮੁਸਲਿਮਾਂ, ਦੁਕਾਨਦਾਰਾਂ ਤੇ ਪ੍ਰੋਫ਼ੈਸ਼ਨਲਾਂ, ਦਸਤਕਾਰਾਂ ਤੇ ਕਿਸਾਨਾਂ ਅਤੇ ਐਨ ਆਰ ਆਈਜ਼, ਗੱਲ ਕੀ, ਸਭਨਾਂ ਵਾਸਤੇ ਆਸ ਦੀ ਨਵੀਂ ਕਿਰਨ ਬਣ ਕੇ ਸਾਹਮਣੇ ਆਈ। ਪੰਜਾਬੀਆਂ ਨੇ ਨਾ 'ਆ ਵੇਖਿਆ ਨਾ ਤਾਅ'। 'ਡੁੱਬਦੇ ਨੂੰ ਤਿਨਕੇ ਦਾ ਸਹਾਰਾ' ਦੇ ਅਖਾਣ ਵਾਂਗ ਬਾਹਾਂ ਖੋਲ੍ਹ ਕੇ ਇਸ ਪਾਰਟੀ ਨੂੰ ਕਲਾਵੇ ਵਿਚ ਲੈ ਲਿਆ, ਪਰ ਇਹ ਸੁਹਾਵਣਾ ਮਿਲਾਪ ਟਿਕਾਊ ਸਾਬਤ ਨਾ ਹੋਇਆ ਅਤੇ ਆਮ ਆਦਮੀ ਪਾਰਟੀ ਦਾ 'ਮਿਸ਼ਨ 2017' ਇਛਤ ਤਬਦੀਲੀ ਲਿਆਉਣ ਦੀ ਬਜਾਏ ਸਾਰੀਆਂ ਬੁਰੀਆਂ ਅਲਾਮਤਾਂ ਵਿਚ ਗ੍ਰਸੀ ਕੌਮੀ ਪਾਰਟੀ, ਕਾਂਗਰਸ ਦੀ ਸੱਤਾ ਉਤੇ ਵਾਪਸੀ ਦਾ ਆਧਾਰ ਬਣ ਗਿਆ।

ਆਮ ਆਦਮੀ ਪਾਰਟੀ ਉਸ ਮੱਧ ਵਰਗ ਦੀ ਨੁਮਾਇੰਦਗੀ ਕਰਦੀ ਸੀ ਜਿਹੜਾ ਦਹਾਕਿਆਂ ਬੱਧੀ ਸਿਆਸਤ ਨੂੰ ਕੂੜ ਦਸਦਾ ਤੇ ਮੰਨ ਰਿਹਾ ਸੀ ਅਤੇ ਇਸ ਤੋਂ ਪਾਸੇ ਰਹਿਣ ਦੀ ਵਕਾਲਤ ਕਰਦਾ ਸੀ। ਹਰ ਪੱਧਰ 'ਤੇ ਭ੍ਰਿਸ਼ਟਾਚਾਰ ਫੈਲ ਜਾਣ ਅਤੇ ਖੁਸ਼ਹਾਲੀ ਤੇ ਤਰੱਕੀ ਦੀ ਤੋਰ ਮੱਠੀ ਪੈਣ ਤੋਂ ਦੁਖੀ ਇਸ ਦਾ ਇਕ ਹਿੱਸਾ ਆਪਣੀਆ ਸਿਆਸੀ ਲਾਲਸਾਵਾਂ ਤੇ ਉਮੀਦਾਂ ਦੀ ਪੂਰਤੀ ਲਈ ਸਿਆਸਤ ਵਿਚ ਇਸ ਆਦਰਸ਼ ਨੂੰ ਸਾਹਮਣੇ ਰੱਖ ਕੇ ਆ ਗਿਆ ਕਿ ਉਸ ਦਾ ਦਾਖ਼ਲਾ ਸਿਆਸੀ ਤਹਿਜ਼ੀਬ ਤੇ ਸਭਿਆਚਾਰ ਵਿਚ ਤਬਦੀਲੀ ਲਿਆਏਗਾ। ਇਸ ਵਸੋਂ ਵਰਗ ਨੂੰ ਜਾਪਦਾ ਸੀ ਕਿ ਭ੍ਰਿਸ਼ਟਾਚਾਰ ਤੋਂ ਮੁਕਤੀ ਵਾਸਤੇ ਸੁ-ਸ਼ਾਸਨ ਜ਼ਰੂਰੀ ਹੈ ਅਤੇ ਸੁ-ਸ਼ਾਸਨ ਸੱਤਾ ਪ੍ਰਾਪਤੀ ਤੋਂ ਬਿਨਾਂ ਸੰਭਵ ਨਹੀਂ ਸੀ।

ਨਤੀਜੇ ਵਜੋਂ ਅੱਛੇ ਪ੍ਰਸ਼ਾਸਨ ਜਾਂ ਸੁ-ਸ਼ਾਸਨ ਲਈ ਸੱਤਾ ਪ੍ਰਾਪਤੀ ਨੂੰ ਇਕੋ ਇਕ ਟੀਚਾ ਬਣਾ ਕੇ ਪੰਜਾਬ ਅੰਦਰ ਦੋ ਸਾਲ ਚੱਲੇ 'ਮਿਸ਼ਨ 2017' ਦੀ ਸਾਰੀ ਧੂੰਆਂਧਾਰ ਸਿਆਸੀ ਕਵਾਇਦ ਦੌਰਾਨ 'ਵਿਵਸਥਾ ਪਰਿਵਰਤਨ' ਦਾ ਨਾਅਰਾ 'ਬਾਦਲ ਭਜਾਓ, ਪੰਜਾਬ ਬਚਾਓ' ਉਤੇ ਜਾ ਟਿਕਿਆ। ਚਾਹੀਦਾ ਤਾਂ ਇਹ ਸੀ ਵਿਵਸਥਾ ਪਰਿਵਰਤਨ ਲਈ ਸਿਧਾਂਤਾਂ ਤੇ ਸੰਕਲਪਾਂ ਉਤੇ ਆਧਾਰਿਤ ਖ਼ਾਕਾ ਉਲੀਕਿਆ ਜਾਂਦਾ ਅਤੇ ਸਿਧਾਂਤਾਂ ਉਤੇ ਪਹਿਰਾ ਦਿੰਦਿਆਂ ਸਿਆਸੀ ਤੇ ਸਮਾਜਿਕ ਸੰਵਾਦ ਰਚਾਇਆ ਜਾਂਦਾ। ਇਸ ਤੋਂ ਉਲਟ ਪਾਰਟੀ ਉਪਰ ਹਾਵੀ ਲੀਡਰਸ਼ਿਪ ਨੇ ਉਸਾਰੂ, ਗੰਭੀਰ ਤੇ ਸਿਹਤਮੰਦ ਸਿਆਸੀ ਸੰਵਾਦ ਦੀਆਂ ਧੱਜੀਆਂ ਉਡਾ ਦਿੱਤੀਆਂ ਅਤੇ ਪੰਜਾਬ ਦੀ ਤਰਾਸਦੀ ਜਾਂ ਰਾਜ ਨੂੰ ਦਰਪੇਸ਼ ਮੁੱਦਿਆਂ ਦੇ ਕਿਸੇ ਵਿਚਾਰ ਨੂੰ 'ਬਾਦਲ ਵਿਰੋਧੀ ਮੁਹਿੰਮ' ਵਿਚ ਅੜਿੱਕਾ ਦਸਦਿਆਂ ਅਜਿਹੀ ਹਰ ਕੋਸ਼ਿਸ਼ ਦਬਾਉਣ ਲਈ ਟਿੱਲ ਲਾ ਦਿੱਤਾ। ਇਸ ਧਿਰ ਨੇ ਪਾਰਦਰਸ਼ਤਾ, ਸੱਚ, ਇਨਸਾਫ, ਬਦਲਵੀਂ ਸਿਆਸਤ ਅਤੇ 'ਵਿਵਸਥਾ ਪ੍ਰੀਵਰਤਨ' ਦੇ ਸਾਰੇ ਵਿਚਾਰ, ਵਿਰੋਧੀ ਸੁਰ ਗਰਦਾਨ ਦਿੱਤੇ ਅਤੇ ਆਜ਼ਾਦਾਨਾ ਸੋਚ ਨੂੰ ਦਬਾਉਣ ਲਈ, ਅਜਿਹੀ ਗੱਲ ਕਰਨ ਵਾਲੇ ਹਰ ਬੰਦੇ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ। ਪਾਰਟੀ ਅੰਦਰ ਕੇਂਦਰਵਾਦ ਭਾਰੂ ਹੋ ਗਿਆ। 'ਵਿਵਸਥਾ ਪਰਿਵਰਤਨ' ਦੀ ਬਜਾਏ 'ਸੱਤਾ ਤਬਦੀਲੀ' ਇਕ ਮਾਤਰ ਉਦੇਸ਼ ਰਹਿ ਗਿਆ। ਅਜਿਹੇ ਸਾਰੇ ਅਨਸਰ ਪਾਰਟੀ ਅੰਦਰ ਇਕੱਠੇ ਹੋ ਗਏ ਜੋ ਸੱਤਾ ਦੀ ਪੌੜੀ ਚੜ੍ਹਨਾ ਲੋਚਦੇ ਸਨ। ਜਦੋਂ ਸੱਤਾ ਹਥਿਆਉਣਾ ਹੀ ਇਕੋ ਇਕ ਉਦੇਸ਼ ਬਣ ਜਾਏ, ਉਦੋਂ ਸਿਧਾਂਤਾਂ ਤੇ ਆਦਰਸ਼ਾਂ ਦੀ ਬਲੀ ਸਭ ਤੋਂ ਪਹਿਲਾਂ ਦਿੱਤੀ ਜਾਂਦੀ ਹੈ। ਇਹੀ ਕੁਝ ਸਭ ਦੇ ਸਾਹਮਣੇ ਵਾਪਰਿਆ। ਦੋ ਸਾਲ ਚੱਲੇ ਇਸ ਸਿਆਸੀ ਦੰਗਲ ਦੇ ਨੀਝ ਤੇ ਰੀਝ ਨਾਲ ਦੇਖ ਰਹੇ 'ਸਿੱਧੇ ਪ੍ਰਸਾਰਨ' ਦੇ ਦਰਸ਼ਕਾਂ ਅਤੇ 'ਵਿਵਸਥਾ ਪਰੀਵਰਤਨ' ਤੇ 'ਕੁੱਝ ਵੱਖਰਾ ਹੋਣ' ਦੀ ਝਾਕ ਲਾਈ ਬੈਠੇ ਪੰਜਾਬੀ ਵੋਟਰਾਂ ਨੂੰ ਸਾਰੇ ਅਸੂਲਾਂ ਦੀਆਂ ਧੱਜੀਆਂ ਉਡਾਉਂਦੇ ਕੇਵਲ ਸੱਤਾ ਦੇ ਲੋਭੀਆਂ ਦੇ ਚਿਹਰੇ ਜਦੋਂ ਦਿਸਣੇ ਸ਼ੁਰੂ ਹੋ ਗਏ ਤਾਂ ਉਨ੍ਹਾਂ ਨੇ ਨਵਾਂ ਅਜ਼ਮਾਉਣ ਦਾ ਇਰਾਦਾ ਤਿਆਗਣਾ ਹੀ ਬਿਹਤਰ ਸਮਝਿਆ। ਪੰਜਾਬ ਅੰਦਰ 'ਸੱਤਾ ਤਬਦੀਲੀ' ਜ਼ਰੂਰ ਹੋਈ, ਅਗਾਂਹ ਵੱਲ ਨਹੀਂ, ਪਿਛਾਂਹ ਵੱਲ!




*ਆਮ ਆਦਮੀ ਪਾਰਟੀ ਸ਼ਹਿਰੀ ਤੇ ਪੇਂਡੂ, ਮੱਧਵਰਗੀ ਤੇ ਗ਼ਰੀਬ, ਨੌਜਵਾਨ ਤੇ ਬਜ਼ੁਰਗ, ਮਰਦਾਂ ਤੇ ਔਰਤਾਂ, ਪਛੜੇ ਵਰਗਾਂ ਤੇ ਦਲਿਤਾਂ, ਸਿੱਖਾਂ ਤੇ ਮੁਸਲਿਮਾਂ, ਦੁਕਾਨਦਾਰਾਂ ਤੇ ਪ੍ਰੋਫ਼ੈਸ਼ਨਲਾਂ, ਦਸਤਕਾਰਾਂ ਤੇ ਕਿਸਾਨਾਂ ਅਤੇ ਐਨ ਆਰ ਆਈਜ਼, ਗੱਲ ਕੀ, ਸਭਨਾਂ ਵਾਸਤੇ ਆਸ ਦੀ ਨਵੀਂ ਕਿਰਨ ਬਣ ਕੇ ਸਾਹਮਣੇ ਆਈ। ਪੰਜਾਬੀਆਂ ਨੇ ਨਾ 'ਆ ਵੇਖਿਆ ਨਾ ਤਾਅ'। 'ਡੁੱਬਦੇ ਨੂੰ ਤਿਨਕੇ ਦਾ ਸਹਾਰਾ' ਦੇ ਅਖਾਣ ਵਾਂਗ ਬਾਹਾਂ ਖੋਲ੍ਹ ਕੇ ਇਸ ਪਾਰਟੀ ਨੂੰ ਕਲਾਵੇ ਵਿਚ ਲੈ ਲਿਆ*

ਪੰਜਾਬੀਆਂ ਲਈ ਇਕੀਵੀ ਸਦੀ ਦਾ ਪਹਿਲਾ ਸਬਕ- ਮੱਧਵਰਗੀ ਇਨਕਲਾਬ 'ਇਕ ਕਦਮ ਅੱਗੇ, ਦੋ ਕਦਮ ਪਿੱਛੇ' ਵਾਲਾ 'ਇਤਿਹਾਸ' ਸਿਰਜ ਗਿਆ। ਇਨ੍ਹਾਂ ਦੋ ਸਾਲਾਂ ਵਿਚ ਪੰਜਾਬ ਦਾ ਖੇਤੀ ਸੰਕਟ, ਬੇਰੁਜ਼ਗਾਰੀ, ਸੂਬਾਈ ਹੱਕ, ਨਸ਼ਿਆਂ ਦੀ ਸਮੱਸਿਆ ਅਤੇ ਵਿਦਿਆ ਤੇ ਸਿਹਤ ਵਰਗੇ ਮਸਲੇ ਹਾਸ਼ੀਏ ਵੱਲ ਹੀ ਧੱਕੇ ਜਾਂਦੇ ਰਹੇ। ਇਨ੍ਹਾਂ ਦੀ ਥਾਂ ਚਿਹਰਿਆਂ ਦੀ ਸਿਆਸਤ ਨੇ ਚੌਹੀਂ ਪਾਸੀਂ ਘੜਮੱਸ ਪਾਈ ਰੱਖਿਆ। ਇਸ ਸਭ ਦੇ ਨਤੀਜੇ ਵਜੋਂ ਪੰਜਾਬ ਅੰਦਰ ਸੂਬਾਈ ਮੁੱਦਿਆਂ ਨੂੰ ਸੰਬੋਧਤ ਹੋਣ ਵਾਸਤੇ ਇਕ ਨਵੇਂ ਮੰਚ ਦੀ ਲੋੜ ਦਾ ਡੂੰਘਾ ਅਹਿਸਾਸ ਪੈਦਾ ਹੋ ਗਿਆ ਹੈ।

ਪੰਜਾਬ ਨੂੰ ਅਜ ਇਕ ਐਸੀ ਖ਼ੇਤਰੀ ਪਾਰਟੀ ਦੀ ਲੋੜ ਹੈ ਜੋ: 1) ਆਪਣੇ ਲਈ ਪੂੰਜੀ ਇਕੱਤਰ ਕਰਨ ਦੇ ਲਾਲਚ ਵਿਚ ਭਾਰਤੀ ਕਾਰਪੋਰੇਟ ਖੇਤਰ ਦੇ ਸੇਵਾਦਾਰ ਨਾ ਹੋ ਕੇ ਰਾਜ ਦੀ ਹੇਠਲੀ ਕਿਸਾਨੀ, ਦਲਿਤਾਂ, ਪਛੜਿਆਂ ਤੇ ਦੱਬੇ ਕੁਚਲੇ ਸਿੱਖ ਤੇ ਹਿੰਦੂ ਭਾਈਚਾਰਿਆਂ ਦੀ ਬਤੌਰ 'ਪੰਜਾਬੀ' ਬਰਾਬਰੀ ਵਾਲੀ ਨੁਮਾਇੰਦਗੀ ਕਰ ਸਕਦੀ ਹੋਵੇ; 2) ਖਿੰਡਾਅ ਦਾ ਸ਼ਿਕਾਰ ਹੋ ਚੁੱਕੇ ਅਤੇ ਸਾਹ-ਸੱਤਹੀਣ ਹੋਏ ਪੰਜਾਬੀ ਸਮਾਜ ਨੂੰ ਇਕਜੁਟ ਕਰਨ ਲਈ ਅਤੀਤ ਦੀਆਂ ਗ਼ਲਤੀਆਂ ਤੋਂ ਵੱਡੇ ਦਿਲ ਨਾਲ ਸਬਕ ਸਿੱਖਣ ਦੇ ਜਜ਼ਬੇ ਨਾਲ ਲੈਸ ਹੋਵੇ ਤੇ ਅੱਗੇ ਤੋਂ ਸੁਧਰਨ ਦੇ ਸੰਕਲਪ ਨੂੰ ਪ੍ਰਨਾਈ ਹੋਵੇ ਤਾਂ ਕਿ ਪੰਜਾਬੀਅਤ ਸਚਮੁਚ ਇਕਮੁੱਠ ਤਾਕਤ ਬਣ ਸਕੇ; ਅਤੇ 3) ਪੰਜਾਬ ਦੇ ਮੁੱਦਿਆਂ ਉਤੇ ਦਲੇਰਾਨਾ ਸਿਆਸੀ ਪਹੁੰਚ ਅਪਣਾ ਕੇ ਅਤੇ ਜਮਹੂਰੀ ਅਸੂਲਾਂ ਦਾ ਝੰਡਾ ਬੁਲੰਦ ਕਰ ਕੇ 'ਫੈਡਰਲ ਭਾਰਤ' ਦੀ ਸਥਾਪਨਾ ਅਤੇ ਰਾਜਾਂ ਲਈ ਅੰਦਰੂਨੀ ਖੁਦਮੁਖਤਿਆਰੀ ਵਾਸਤੇ ਸੰਘਰਸ਼ ਕਰ ਸਕੇ।

ਅਜਿਹੇ ਮੰਚ ਦੀ ਉਸਾਰੀ ਲਈ ਪੰਜਾਬੀਆਂ ਦਰਮਿਆਨ ਭਰਪੂਰ ਵਿਚਾਰ ਵਟਾਂਦਰੇ ਤੇ ਗੰਭੀਰ ਸਿਆਸੀ ਸੰਵਾਦ ਦਾ ਦੌਰ ਚਲਾਉਣ ਦੀ ਜ਼ਰੂਰਤ ਹੈ। ਇਸੇ ਲਈ ਮੇਰੀ ਉਨ੍ਹਾਂ ਸਾਰੇ ਵਾਲੰਟੀਅਰਾਂ ਤੇ ਬੁੱਧੀਜੀਵੀਆਂ ਜਿਵੇਂ ਵਕੀਲਾਂ, ਡਾਕਟਰਾਂ, ਪ੍ਰੋਫ਼ੈਸਰਾਂ ਤੇ ਵਿਗਿਆਨੀਆਂ, ਸਿਆਸੀ ਤੇ ਸਮਾਜਿਕ ਵਾਲੰਟੀਅਰਾਂ, ਟਰੇਡ ਯੂਨੀਅਨਾਂ ਅਤੇ ਨੌਜਵਾਨ ਤੇ ਵਿਦਿਆਰਥੀ ਜਥੇਬੰਦੀਆਂ ਜੋ ਜਮਹੂਰੀਅਤ ਆਧਾਰਤ ਫੈਡਰਲ ਭਾਰਤ ਵਿਚ ਅਨੇਕਤਾ ਅੰਦਰ ਏਕਤਾ ਦੀ ਕਾਮਨਾ ਕਰਦੇ ਹਨ, ਨੂੰ ਅਪੀਲ ਹੈ ਕਿ ਉਹ ਅੱਗੇ ਆਉਣ ਅਤੇ ਇਸ ਪੰਜਾਬ ਹਿਤੈਸ਼ੀ ਉਪਰਾਲੇ ਲਈ ਯਥਾ-ਸ਼ਕਤੀ ਯੋਗਦਾਨ ਪਾਉਣ। ਮੈਂ ਵੀ ਅਜਿਹੇ ਉਪਰਾਲੇ ਵਿਚ ਪੂਰੀ ਤਨਦੇਹੀ ਨਾਲ ਸ਼ਾਮਲ ਹੋਣਾ ਆਪਣਾ ਸੁਭਾਗ ਸਮਝਾਂਗਾ।

# ਮੰਡੀ ਦੇ ਰਹਿਮ ਉਪਰ ਖੇਤੀ ਅਤੇ ਕਿਸਾਨ

***ਭਾਰਤ ਸਰਕਾਰ ਕਾਰਪੋਰੇਟ ਲਾਣੇ ਨੂੰ ਸਿਰਫ ਛੋਟਾਂ ਹੀ ਨਹੀਂ ਦੇ ਰਹੀ, ਬਲਕਿ ਜਦੋਂ ਕਦੇ ਇਸ ਉਤੇ ਸੰਕਟ ਦੇ ਬੱਦਲ ਆਉਂਦੇ ਹਨ ਤਾਂ ਸਰਕਾਰ ਅਤੇ ਇਸ ਦਾ ਸਮੁੱਚਾ ਅਮਲਾ-ਫੈਲਾ ਸੰਕਟ ਦੇ ਹੱਲ ਲਈ ਜੁਟ ਜਾਂਦਾ ਹੈ। ਵਾਰ ਵਾਰ ਭਰੋਸਾ ਦਿੱਤਾ ਜਾਂਦਾ ਹੈ ਕਿ ਇਨ੍ਹਾਂ ਦੇ ਨਿਵੇਸ਼ ਉਤੇ ਕੋਈ ਉਲਟ ਅਸਰ ਨਹੀਂ ਪੈਣ ਦਿੱਤਾ ਜਾਵੇਗਾ। ਦੂਜੇ ਪਾਸੇ ਸੰਕਟ ਵਿਚ ਘਿਰੇ ਕਿਸਾਨਾਂ ਬਾਰੇ ਸਰਕਾਰ ਢੰਗ ਨਾਲ ਚਰਚਾ ਵੀ ਨਹੀਂ ਕਰਦੀ। ਭਾਰਤੀ ਹੁਕਮਰਾਨਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਖੇਤੀ ਅਤੇ ਕਿਸਾਨੀ ਕਿਸ ਤਰ੍ਹਾਂ ਦੇ ਘੋਰ ਸੰਕਟ ਨਾਲ ਜੂਝ ਰਾਹੀਂ ਹੈ, ਇਸ ਦਾ ਖੁਲਾਸਾ ਮਸ਼ਹੂਰ ਖੇਤੀ ਵਿਗਿਆਨੀ ਦਵਿੰਦਰ ਸ਼ਰਮਾ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। -ਸੰਪਾਦਕ***

'ਮੌਸਮ ਵਿਭਾਗ ਨੇ ਐਤਕੀਂ ਆਮ ਮਾਨਸੂਨ ਦੀ ਪੇਸ਼ੀਨਗੋਈ ਕੀਤੀ ਹੈ। ਅੰਦਾਜ਼ਾ ਹੈ ਕਿ ਜੇ ਮਾਨਸੂਨ ਚੰਗੀ ਰਹਿੰਦੀ ਹੈ ਤਾਂ ਇਕ ਵਾਰ ਫਿਰ ਅੰਨ ਦੀ ਰਿਕਾਰਡ ਪੈਦਾਵਾਰ ਹੋਵੇਗੀ ਅਤੇ ਖੇਤੀ ਵਾਧਾ ਦਰ 2016-17 ਦੇ 4.4 ਫ਼ੀਸਦੀ ਦੇ ਅੰਕੜੇ ਨੂੰ ਵੀ ਟੱਪ ਜਾਵੇਗੀ।' ਇਹ ਗੱਲ ਖੇਤੀ ਮੰਤਰੀ ਰਾਧਾਮੋਹਨ ਸਿੰਘ ਨੇ ਤਿੰਨ ਸਾਲ ਵਿਚ ਖੇਤੀ ਖੇਤਰ ਵਿਚ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਉਪਰ ਮੀਡੀਆ ਨਾਲ ਗੱਲਬਾਤ ਕਰਦਿਆਂ ਕਹੀ ਹੈ।

ਚੰਗੀ ਮਾਨਸੂਨ ਹਮੇਸ਼ਾ ਅਰਥਚਾਰੇ ਦੇ ਚਿਹਰੇ ਉਪਰ ਰੌਣਕ ਲਿਆਉਣ ਦਾ ਕੰਮ ਕਰਦੀ ਹੈ ਅਤੇ ਹਰ ਹਿੰਦੁਸਤਾਨੀ ਆਉਣ ਵਾਲੇ ਸਾਲਾਂ ਵਿਚ ਚੰਗੀ ਮਾਨਸੂਨ ਦੀ ਦੁਆ ਹੀ ਕਰੇਗਾ। ਇਹੀ

**ਡਾ. ਦਵਿੰਦਰ ਸ਼ਰਮਾ**
**ਅਨੁਵਾਦ: ਬੂਟਾ ਸਿੰਘ**

ਵਜ੍ਹਾ ਹੈ ਕਿ ਸਾਬਕਾ ਖੇਤੀ ਮੰਤਰੀ (ਮਰਹੂਮ) ਚਤੁਰਾਨਨ ਮਿਸ਼ਰਾ ਅਕਸਰ ਕਿਹਾ ਕਰਦੇ ਸਨ- 'ਅਸਲੀ ਖੇਤੀ ਮੰਤਰੀ ਤਾਂ ਮਾਨਸੂਨ ਹੈ। ਜੇ ਮਾਨਸੂਨ ਚੰਗੀ ਹੈ ਤਾਂ ਖੇਤੀ ਪੈਦਾਵਾਰ ਚੰਗੀ ਹੋਵੇਗੀ ਅਤੇ ਜੇ ਨਹੀਂ, ਤਾਂ ਪੈਦਾਵਾਰ ਘੱਟ ਹੋਵੇਗੀ।' ਲਿਹਾਜ਼ਾ ਇਹ ਗੱਲ ਹੈਰਾਨੀ ਗੱਲ ਨਹੀਂ ਕਿ ਇਸ ਸਾਲ ਖ਼ੁਰਾਕੀ ਅਨਾਜਾਂ ਦੀ ਪੈਦਾਵਾਰ 2733.80 ਲੱਖ ਟਨ ਰਹੀ ਜੋ ਹੁਣ ਤਕ ਦਾ ਰਿਕਾਰਡ ਹੈ। 2014-15 ਅਤੇ 2015-16 ਦੇ ਲਗਾਤਾਰ ਦੋ ਸੋਕਿਆਂ ਤੋਂ ਬਾਅਦ ਖੇਤੀ ਪੈਦਾਵਾਰ ਵਧੀ ਹੈ। ਉਮੀਦ ਹੈ ਕਿ ਖੇਤੀ ਵਾਧਾ ਦਰ ਵਿਚ ਇਜ਼ਾਫ਼ਾ ਆਰਥਿਕ ਤਰੱਕੀ ਦੀ ਦਰ ਨੂੰ ਵਧਾਉਣ ਵਿਚ ਸਹਾਈ ਸਾਬਤ ਹੋਵੇਗਾ।

ਨਿਸ਼ਚੇ ਹੀ ਇਹ ਅੰਕੜੇ ਸੁਖਾਵਾਂ ਅਹਿਸਾਸ ਕਰਾਉਂਦੇ ਹਨ, ਲੇਕਿਨ ਇਨ੍ਹਾਂ ਅੰਕੜਿਆਂ ਦੀ ਤਹਿ ਵਿਚ ਜਾਈਏ ਤਾਂ ਖੇਤੀ ਦਾ ਗੰਭੀਰ ਸੰਕਟ ਦਿਖਾਈ ਦਿੰਦਾ ਹੈ। ਲੰਮੇ ਸਮੇਂ ਤੋਂ ਸਾਡੀਆਂ ਨਜ਼ਰਾਂ ਤੋਂ ਓਹਲੇ ਪਿੰਡ ਆਪਣੀ ਹੋਂਦ ਬਚਾਉਣ ਦੀ ਲੜਾਈ ਲੜ ਰਹੇ ਹਨ। ਫਿਰ ਵੀ ਖੇਤੀ ਖੇਤਰ ਲਗਾਤਾਰ ਉਦਾਸੀਨਤਾ ਦਾ ਸ਼ਿਕਾਰ ਹੈ ਅਤੇ ਇਸ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਸ਼ਾਇਦ ਹੀ ਕੋਈ ਐਸਾ ਦਿਨ ਗੁਜ਼ਰਦਾ ਹੈ ਜਦੋਂ ਮੁਲਕ ਦੇ ਕਿਸੇ ਨਾ ਕਿਸੇ ਕੋਨੇ ਤੋਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਨਾ ਆਉਂਦੀਆਂ ਹੋਣ। ਇਹ ਇਸ ਗੱਲ ਦਾ ਸਬੂਤ ਹੈ ਕਿ ਹਿੰਦੁਸਤਾਨ ਵਿਚ ਖੇਤੀ-ਕਿਸਾਨੀ ਕਿੰਨੀ ਭਿਆਨਕ ਤਰਾਸਦੀ ਵਿਚੋਂ ਗੁਜ਼ਰ ਰਹੀ ਹੈ। ਕਿਸਾਨ ਖ਼ੁਦਕੁਸ਼ੀਆਂ ਦੇ ਮਾਮਲੇ ਤੇਜ਼ੀ ਨਾਲ ਵਧੇ ਹਨ। ਹਾਲਾਤ ਕਿੰਨੇ ਮਾੜੇ ਹਨ, ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਮੁਲਕ ਦਾ ਅੰਨ ਦਾ ਭੜੋਲਾ ਕਿਹਾ ਜਾਣ ਵਾਲਾ ਪੰਜਾਬ ਹੁਣ ਕਿਸਾਨ ਖ਼ੁਦਕੁਸ਼ੀਆਂ ਦੇ ਲਿਹਾਜ਼ ਨਾਲ ਸੰਵੇਦਨਸ਼ੀਲ ਖੇਤਰ ਬਣ ਗਿਆ ਹੈ।

**ਬੇਈਮਾਨ ਮੰਡੀ ਦੇ ਭਰੋਸੇ ਛੱਡੇ ਭਾਅ:** ਇਸ ਹਫ਼ਤੇ ਆਈ ਇਕ ਰਿਪੋਰਟ ਨਾਲ ਮੱਧ ਪ੍ਰਦੇਸ਼ ਦੇ ਪਿਆਜ ਉਤਪਾਦਕ ਕਿਸਾਨਾਂ ਦੀ ਤਰਸਯੋਗ ਹਾਲਤ ਸਾਹਮਣੇ ਆਈ। ਪਹਿਲਾਂ ਹੀ ਆਲੂ ਦੀ ਜ਼ਬਰਦਸਤ ਪੈਦਾਵਾਰ ਨੇ ਕਿਸਾਨਾਂ ਨੂੰ ਆਪਣੀ ਜਿਣਸ ਕੌਡੀਆਂ ਦੇ ਭਾਅ ਵੇਚਣ ਲਈ ਮਜਬੂਰ ਕਰ ਦਿੱਤਾ ਸੀ। ਹੁਣ ਖ਼ਬਰ ਆਈ ਹੈ ਕਿ ਇੰਦੌਰ ਦੇ ਸੈਂਕੜੇ ਪਿਆਜ ਉਤਪਾਦਕ ਕਿਸਾਨਾਂ ਨੂੰ ਖੇਤੀ ਵਿਚ ਖੜ੍ਹੀ ਫ਼ਸਲ ਨੂੰ ਜਾਂ ਤਾਂ ਸਾੜਨ ਜਾਂ ਉਸ ਨੂੰ ਪਸ਼ੂਆਂ ਨੂੰ ਚਾਰਨ ਲਈ ਮਜਬੂਰ ਹੋਣਾ ਪਿਆ ਹੈ। ਇੰਦੌਰ ਵਿਚ ਇਕ ਕਿਲੋ ਪਿਆਜ ਦਾ ਭਾਅ 50 ਪੈਸੇ ਤੋਂ ਤਿੰਨ ਰੁਪਏ ਦੀ ਦਰ ਨਾਲ ਮਿਲ ਰਿਹਾ ਹੈ। ਇਸ ਤੋਂ ਪਹਿਲਾਂ ਚੰਗਾ ਭਾਅ ਨਾ ਮਿਲਣ ਕਾਰਨ ਮਹਾਰਾਸ਼ਟਰ ਦੇ ਕਿਸਾਨਾਂ ਨੂੰ ਆਪਣੀ ਜਿਣਸ ਸੜਕਾਂ ਉਪਰ ਸੁੱਟਣ ਲਈ ਮਜਬੂਰ ਹੋਣਾ ਪਿਆ ਸੀ।

ਇਹ ਕਹਾਣੀ ਕੇਵਲ ਪਿਆਜ ਦੀ ਨਹੀਂ ਹੈ। ਮੱਧ ਪ੍ਰਦੇਸ਼, ਛੱਤੀਸਗੜ੍ਹ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਕਰਨਾਟਕ ਵਿਚ ਗੁੱਸੇ ਵਿਚ ਆਏ ਕਿਸਾਨ ਆਪਣੀ ਟਮਾਟਰਾਂ ਦੀ ਫ਼ਸਲ ਸੜਕਾਂ ਉਪਰ ਸੁੱਟ ਰਹੇ ਹਨ। ਟਮਾਟਰਾਂ ਦੀ ਪੈਦਾਵਾਰ ਦੀ ਸਭ ਤੋਂ ਰੁਝੇਵੇਂ ਵਾਲੀ ਰੁੱਤ ਵਿਚ ਆਂਧਰਾ ਪ੍ਰਦੇਸ਼ ਦੀਆਂ ਕੁਝ ਮੰਡੀਆਂ ਵਿਚ ਟਮਾਟਰ ਦਾ ਔਸਤ ਭਾਅ 30 ਪੈਸੇ ਕਿਲੋ ਤੋਂ 3 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਵਿਚਕਾਰ ਰਿਹਾ। ਮੰਡੀ ਵਿਚ ਭਾਅ ਡਿਗ ਜਾਣ 'ਤੇ ਅਕਸਰ ਹੀ ਇਸ ਨੂੰ ਮੌਸਮੀ ਸਮੱਸਿਆ ਦਾ ਨਾਂ ਦੇ ਕੇ ਪੱਲਾ ਝਾੜ ਲਿਆ ਜਾਂਦਾ ਹੈ, ਲੇਕਿਨ ਜ਼ਰਾ ਉਸ ਕਿਸਾਨ ਦੇ ਬਾਰੇ ਸੋਚੋ ਜਿਸ ਨੂੰ ਖੇਤ ਵਿਚ ਲੱਕ ਤੋੜਵੀਂ ਮਿਹਨਤ ਕਰਨ ਅਤੇ ਚੰਗੀ ਫ਼ਸਲ ਪੈਦਾ ਕਰਨ ਦੇ ਬਾਵਜੂਦ ਭਾਅ ਘੱਟ ਹੋਣ ਕਾਰਨ ਫ਼ਸਲ ਦਾ ਵਾਜਬ ਮੁੱਲ ਨਹੀਂ ਮਿਲਦਾ।

ਮੰਡੀ ਦੇ ਇਸ ਤਰ੍ਹਾਂ ਲੁੜਕ ਜਾਣ ਨਾਲ ਕਿਸਾਨਾਂ ਦੇ ਜੀਵਨ-ਗੁਜ਼ਾਰੇ ਉਪਰ ਕਿਸ ਤਰ੍ਹਾਂ ਦਾ ਅਸਰ ਪੈਂਦਾ ਹੈ, ਇਸ ਦਾ ਖ਼ਿਆਲ ਹੀ ਭਿਆਨਕ ਹੈ। ਦਾਲਾਂ ਦੀ ਮਿਸਾਲ ਹੀ ਲਓ। ਦਾਲਾਂ ਦੇ ਪ੍ਰਚੂਨ ਮੁੱਲ ਵਿਚ ਹੋਏ ਬੇਮਿਸਾਲ ਵਾਧੇ ਪਿੱਛੋਂ ਸਰਕਾਰ ਨੇ ਦਾਲਾਂ ਤੱਕ ਆਮ ਬੰਦੇ ਦੀ ਪਹੁੰਚ ਵਧਾਉਣ ਲਈ ਦੋ-ਪੱਖੀ ਨੀਤੀ ਅਖ਼ਤਿਆਰ ਕੀਤੀ। ਇਕ ਪਾਸੇ ਸਰਕਾਰ ਨੇ ਮੌਜ਼ੰਬੀਕ ਨਾਲ ਉਥੇ ਦਾਲਾਂ ਦੀ ਖੇਤੀ ਕਰਨ ਦਾ ਸਮਝੌਤਾ ਕੀਤਾ। ਇਸ ਤਹਿਤ ਹਿੰਦੁਸਤਾਨ ਮੌਜ਼ੰਬੀਕ ਵਿਚ ਪੈਦਾ ਹੋਈਆਂ ਦਾਲਾਂ ਖ਼ਰੀਦੇਗਾ। ਦੂਜੇ ਪਾਸੇ ਸਰਕਾਰ ਨੇ ਘਰੇਲੂ ਪੈਦਾਵਾਰ ਨੂੰ ਵਧਾਉਣ ਲਈ ਘੱਟੋ-ਘੱਟ ਸਹਾਇਕ ਮੁੱਲ ਤੋਂ ਉਪਰ ਵਾਧੂ ਬੋਨਸ ਦੇਣ ਦਾ ਐਲਾਨ ਕੀਤਾ; ਪਰ ਜਦੋਂ ਅਰਹਰ ਸਮੇਤ ਹੋਰ ਦਾਲਾਂ ਦੀ ਪੈਦਾਵਾਰ ਵਧ ਕੇ 220 ਲੱਖ ਟਨ ਹੋ ਗਈ ਅਤੇ ਮੰਡੀ ਧੜੰਮ ਕਰ ਕੇ ਡਿਗ ਗਈ, ਤਾਂ ਸਰਕਾਰ ਨੇ ਕੇਵਲ ਵਾਧੂ ਸਟਾਕ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਹੀ ਦਾਲਾਂ ਖ਼ਰੀਦੀਆਂ ਅਤੇ ਜ਼ਿਆਦਾਤਰ ਕਿਸਾਨਾਂ ਨੂੰ ਮੰਡੀ ਦੇ ਮੂੰਹ ਧੱਕ ਦਿੱਤਾ।



ਅੰਨ ਦਾ ਕੁਚੱਜਾ ਇੰਤਜ਼ਾਮ ਜਾਰੀ ਹੈ। ਜੇ ਤੁਹਾਨੂੰ ਲਗਦਾ ਹੈ ਕਿ 2017 ਟਮਾਟਰ ਉਤਪਾਦਕ ਕਿਸਾਨਾਂ ਲਈ ਖ਼ਾਸ ਤੌਰ 'ਤੇ ਮਾੜਾ ਸਾਲ ਰਿਹਾ, ਜਦੋਂ ਵਧੇਰੇ ਪੈਦਾਵਾਰ ਨਾਲ ਬੇਮਿਸਾਲ ਅੰਬਾਰ ਲੱਗ ਗਏ, ਤਾਂ ਤੁਸੀਂ ਗ਼ਲਤਫ਼ਹਿਮੀ ਵਿਚ ਹੋ। ਇਹ ਕਹਾਣੀ ਇਸ ਤੋਂ ਪਹਿਲਾਂ 2016, 2015 ਅਤੇ 2014 ਵਿਚ ਦੁਹਰਾਈ ਜਾ ਚੁੱਕੀ ਹੈ। ਇਸ ਤੋਂ ਵੀ ਪਹਿਲਾਂ 2013, 2012 ਅਤੇ 2011 ਵਿਚ ਵੀ ਕਿਸਾਨਾਂ ਨੂੰ ਹਰਜਾ ਝੱਲਣਾ ਪਿਆ ਸੀ। ਜੇ ਤੁਸੀਂ ਇੰਟਰਨੈੱਟ ਉਪਰ ਖੋਜ ਕਰੋ ਤਾਂ ਤੁਹਾਨੂੰ ਚੰਗੀ ਫ਼ਸਲ ਅਤੇ ਮਾਯੂਸ ਕਿਸਾਨਾਂ ਦਾ ਇਕ ਪੈਟਰਨ ਮਿਲ ਜਾਵੇਗਾ। ਟਮਾਟਰ ਤੋਂ ਇਲਾਵਾ ਹੋਰ ਫ਼ਸਲਾਂ ਦੇ ਮਾਮਲੇ ਵੀ ਇਹੀ ਹਨ। ਇਹੀ ਕਹਾਣੀ ਮੁਲਕ ਦੇ ਜ਼ਿਆਦਾਤਰ ਹਿੱਸਿਆਂ ਵਿਚ ਪਿਆਜ, ਆਲੂ, ਦਾਲਾਂ, ਗੋਭੀ, ਸਰੋਂ, ਸੋਇਆਬੀਨ, ਕਪਾਹ, ਮਿਰਚ, ਕੈਸਟਰ, ਇਥੋਂ ਤਕ ਕਿ ਕਣਕ ਤੇ ਚੌਲਾਂ ਦੇ ਮਾਮਲੇ ਵਿਚ ਮਿਲੇਗੀ। ਹਰ ਥਾਂ, ਹਰ ਵਾਰ ਇਹੀ ਮਿਲੇਗਾ ਕਿ ਸੰਕਟ ਵਿਚ ਘਿਰੇ ਕਿਸਾਨ ਭਾਈਚਾਰੇ ਨੂੰ ਬਚਾਉਣ ਲਈ ਸਰਕਾਰ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ।

**ਕਾਰਪੋਰੇਟ ਨੂੰ ਗੱਫੇ, ਕਿਸਾਨਾਂ ਨੂੰ ਠੁੱਠ:** ਹੁਣ ਇਸ ਦਾ ਮੁਕਾਬਲਾ 2015 ਵਿਚ ਸਟਾਕ ਮਾਰਕੀਟ ਦੇ ਢਹਿ-ਢੇਰੀ ਹੋਣ ਨਾਲ ਕਰੋ। ਮੰਡੀ ਲੁੜਕਣ ਦੇ ਚੰਦ ਘੰਟਿਆਂ ਦੇ ਅੰਦਰ ਹੀ ਵਿੱਤ ਮੰਤਰੀ ਅਰੁਣ ਜੇਤਲੀ ਹਰਕਤ ਵਿਚ ਆ ਗਿਆ ਸੀ ਅਤੇ ਪ੍ਰੈੱਸ ਮਿਲਣੀ ਕਰ ਕੇ ਨਿਵੇਸ਼ਕਾਂ ਨੂੰ ਇਹ ਯਕੀਨ ਦਿਵਾ ਰਿਹਾ ਸੀ ਕਿ ਘਟਨਾਵਾਂ ਉਪਰ ਸਰਕਾਰ ਦੀ ਨਜ਼ਰ ਹੈ। ਇਸ ਕੰਮ ਲਈ ਬਾਕਾਇਦਾ 'ਵਾਰ ਰੂਮ' ਬਣਾਇਆ ਗਿਆ। ਮੁੱਖ ਆਰਥਿਕ ਸਲਾਹਕਾਰ ਅਰਵਿੰਦ ਸੁਬਰਾਮਨੀਅਮ ਪੂਰਾ ਦਿਨ ਮੋਰਚੇ ਉਪਰ ਤਾਇਨਾਤ ਰਿਹਾ; ਲੇਕਿਨ ਜਦੋਂ ਗੱਲ ਫ਼ਸਲਾਂ ਦੇ ਭਾਵਾਂ ਵਿਚ ਬੇਮਿਸਾਲ ਗਿਰਾਵਟ ਦਾ ਸਾਹਮਣਾ ਕਰ ਰਹੇ ਕਿਸਾਨਾਂ ਦੀ ਆਉਂਦੀ ਹੈ, ਜਿਸ ਨਾਲ ਲੱਖਾਂ ਛੋਟੇ ਅਤੇ ਥੋੜ੍ਹੀ ਜ਼ਮੀਨ ਵਾਲੇ ਕਿਸਾਨਾਂ ਦੀ ਰੋਟੀ-ਰੋਜ਼ੀ ਹੀ ਖ਼ਤਮ ਹੋ ਜਾਂਦੀ ਹੈ, ਤਾਂ ਸਰਕਾਰ ਦੇ ਕੰਨਾਂ ਉਪਰ ਜੂੰਅ ਵੀ ਨਹੀਂ ਸਰਕਦੀ। ਇਸ ਤਰ੍ਹਾਂ ਦੋਨਾਂ ਦੇ ਪ੍ਰਤੀ ਨਾ-ਬਰਾਬਰ ਵਤੀਰਾ ਸਪਸ਼ਟ ਨਜ਼ਰ ਆਉਂਦਾ ਹੈ।

ਲੇਕਿਨ ਇਹ ਨਾਬਰਾਬਰੀ ਇਥੇ ਹੀ ਖ਼ਤਮ ਨਹੀਂ ਹੁੰਦੀ। ਪਿਛਲੇ ਦਿਨੀਂ ਵਪਾਰ ਮੰਤਰੀ ਨਿਰਮਲਾ ਸੀਤਾਰਮਨ ਨੇ ਦੱਸਿਆ, 'ਵਪਾਰ ਨੂੰ ਸੁਖ਼ਾਲਾ ਬਣਾਉਣ ਦੇ ਮਨੋਰਥ ਨਾਲ ਸਰਕਾਰ ਨੇ 7000 ਵੱਡੇ, ਛੋਟੇ ਅਤੇ ਮਾਈਕਰੋ ਉਪਾਅ ਕੀਤੇ ਹਨ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਸੂਬਿਆਂ ਨੇ ਵੀ ਇਹ ਮਹਿਸੂਸ ਕੀਤਾ ਹੈ ਕਿ ਵਪਾਰ ਨੂੰ ਮੋਕਲਾ ਬਣਾਉਣਾ ਮੁੱਖ ਏਜੰਡਾ ਹੈ ਅਤੇ ਉਨ੍ਹਾਂ ਨੂੰ ਵੀ ਇਸ ਰਸਤੇ ਉਪਰ ਚਲਣ ਦਾ ਫ਼ਾਇਦਾ ਸਮਝ ਆ ਗਿਆ ਹੈ।' ਇੰਨਾ ਹੀ ਨਹੀਂ, ਮੁੱਖ ਆਰਥਿਕ ਸਲਾਹਕਾਰ ਕਹਿ ਚੁੱਕੇ ਹਨ ਕਿ ਕਾਰਪੋਰੇਟ ਖੇਤਰ ਦੇ ਮਾੜੇ ਕਰਜ਼ਿਆਂ ਨੂੰ ਵੱਟੇ ਖ਼ਾਤੇ ਪਾ ਦੇਣ ਵਿਚ ਹੀ ਸਮਝਦਾਰੀ ਹੈ, ਕਿਉਂਕਿ 'ਸਰਮਾਏਦਾਰੀ ਇਸੇ ਤਰ੍ਹਾਂ ਕੰਮ ਕਰਦੀ ਹੈ।'

ਜਦੋਂ ਗੱਲ ਖੇਤੀ ਦੀ ਆਉਂਦੀ ਹੈ ਤਾਂ ਬਹੁਤ ਕੋਸ਼ਿਸ਼ਾਂ ਕਰਨ 'ਤੇ ਵੀ ਨਿਵੇਸ਼ ਦੇ ਦਰਜਨ ਤੋਂ ਵੱਧ ਪ੍ਰੋਗਰਾਮ ਨਹੀਂ ਗਿਣਾ ਸਕਦੇ। ਅਗਲੇ ਪੰਜ ਸਾਲਾਂ ਵਿਚ ਕਿਸਾਨਾਂ ਦੀ ਆਮਦਨੀ ਨੂੰ ਦੁੱਗਣਾ ਕਰਨਾ, ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, ਪ੍ਰਧਾਨ ਮੰਤਰੀ ਖੇਤੀ ਸਿੰਜਾਈ ਯੋਜਨਾ, ਈ-ਨੈਸ਼ਨਲ ਐਗਰੀਕਲਚਰਲ ਮਾਰਕੀਟ (ਈ-ਨੈਮ), ਸੌਇਲ ਹੈਲਥ ਕਾਰਡ, ਨੀਮ ਦੇ ਲੇਪ ਵਾਲਾ ਯੂਰੀਆ, ਹਰ ਬੂੰਦ ਉਪਰ ਵਧੇਰੇ ਫ਼ਸਲ ਆਦਿ ਐਸੀਆਂ ਕੁਝ ਕੁ ਯੋਜਨਾਵਾਂ ਹਨ। ਇਨ੍ਹਾਂ ਤੋਂ ਇਲਾਵਾ, ਸਿੱਧੀ ਖ਼ਾਦ ਸਬਸਿਡੀ ਦੇਣਾ ਅਤੇ ਮੰਡੀ ਵਿਚ ਦਖ਼ਲ ਦੇਣ ਦੇ ਪ੍ਰੋਗਰਾਮ ਕੁਝ ਪ੍ਰੋਗਰਾਮ ਵੀ ਹਨ। ਜੇ ਇਨ੍ਹਾਂ ਕੁਲ ਪ੍ਰੋਗਰਾਮਾਂ ਨੂੰ ਜੋੜ ਲਿਆ ਜਾਵੇ, ਤਾਂ ਵੀ ਸਰਕਾਰ ਖੇਤੀ ਖੇਤਰ ਵਿਚ ਛੋਟੇ ਜਾਂ ਵੱਡੇ 50 ਪ੍ਰੋਗਰਾਮਾਂ (ਜਿਨ੍ਹਾਂ ਵਿਚ ਥੋੜ੍ਹੇ ਫੇਰ-ਬਦਲ ਨਾਲ ਪਹਿਲਾਂ ਤੋਂ ਹੀ ਚਲੇ ਆ ਰਹੇ ਪ੍ਰੋਗਰਾਮ/ਪ੍ਰੋਜੈਕਟ ਵੀ ਸ਼ਾਮਲ ਹਨ) ਦੀ ਸੂਚੀ ਨਹੀਂ ਬਣਾ ਸਕਦੀ।

***ਸਰਕਾਰੀ ਨੀਤੀਆਂ ਜ਼ਿਆਦਾਤਰ ਕਿਸਾਨਾਂ ਨੂੰ (ਮੁਲਕ ਦੇ ਤਕਰੀਬਨ 83 ਫ਼ੀਸਦੀ ਕਿਸਾਨਾਂ ਕੋਲ 5 ਏਕੜ ਤੋਂ ਘੱਟ ਜ਼ਮੀਨ ਹੈ) ਨਜ਼ਰਅੰਦਾਜ਼ ਕਰ ਰਹੀਆਂ ਹਨ ਅਤੇ ਆਪਣੇ ਗੁਜ਼ਾਰੇ ਲਈ ਖੇਤੀ ਉਪਰ ਨਿਰਭਰ ਕਿਸਾਨਾਂ ਤੋਂ ਤੇਜ਼ੀ ਨਾਲ ਦੂਰ ਹੋ ਰਹੀਆਂ ਹਨ। ਉਨ੍ਹਾਂ ਦਾ ਧਿਆਨ ਕਾਰਪੋਰੇਟ ਖੇਤੀ ਨੂੰ ਉਤਸ਼ਾਹਤ ਕਰਨ ਉਪਰ ਕੇਂਦਰਤ ਹੈ। ਈ-ਨੈਮ ਪਹਿਲ, ਜਿਸ ਦੇ ਤਹਿਤ 585 ਬਾਕਾਇਦਾ ਥੋਕ ਮੰਡੀਆਂ ਨੂੰ ਜੋੜਨ ਦਾ ਪ੍ਰਸਤਾਵ ਹੈ, ਹਕੀਕਤ ਵਿਚ ਜਿਣਸਾਂ ਦੇ ਵਪਾਰ ਦਾ ਅਨਿੱਖੜ ਹਿੱਸਾ ਹੈ। ਠੇਕਾ ਆਧਾਰਿਤ ਖੇਤੀ ਨੂੰ ਲੈ ਕੇ ਨਮੂਨੇ ਦਾ ਕਾਨੂੰਨ ਪਹਿਲਾਂ ਹੀ ਸੂਬਿਆਂ ਨੂੰ ਭੇਜਿਆ ਜਾ ਚੁੱਕਾ ਹੈ ਅਤੇ ਜ਼ਮੀਨ ਪਟੇ ਉਪਰ ਲੈਣ ਤੇ ਜ਼ਮੀਨ ਐਕਵਾਇਰ ਕਰਨ ਲਈ ਕਾਰਗਰ ਕਾਨੂੰਨੀ ਚੌਖਟਾ ਵੀ ਛੇਤੀ ਹੀ ਆਉਣ ਵਾਲਾ ਹੈ।***

ਫ਼ਸਲੀ ਕਰਜ਼ਾ ਮੁਆਫ਼ੀ ਦੀ ਮੰਗ ਵੀ ਲਗਾਤਾਰ ਆਲੋਚਨਾ ਹੁੰਦੀ ਰਹਿੰਦੀ ਹੈ; ਜਦਕਿ ਇੰਡੀਆ ਰੇਟਿੰਗਜ਼ ਨੇ ਹਿਸਾਬ ਲਗਾਇਆ ਹੈ ਕਿ ਸੰਕਟ ਵਿਚ ਫਸੇ 4 ਲੱਖ ਕਰੋੜ ਰੁਪਏ ਦੇ ਕਾਰਪੋਰੇਟ ਕਰਜ਼ੇ ਉਪਰ ਨੇੜ-ਭਵਿਖ ਵਿਚ ਲਕੀਰ ਮਾਰੀ ਜਾ ਸਕਦੀ ਹੈ, ਪਰ ਭਾਰਤੀ ਰਿਜ਼ਰਵ ਬੈਂਕ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਉਹ ਜਾਣ-ਬੁਝ ਕੇ ਕਰਜ਼ਾ ਨਾ ਮੋੜਨ ਵਾਲਿਆਂ ਦੇ ਨਾਂ ਵੀ ਨਸ਼ਰ ਕਰਨ ਦੇ ਪੱਖ ਵਿਚ ਨਹੀਂ ਹੈ। ਸਿਰਫ਼ 6857 ਕੰਪਨੀਆਂ ਨੇ ਮਿਲ ਕੇ 94649 ਕਰੋੜ ਦਾ ਕਰਜ਼ਾ ਡਕਾਰ ਲਿਆ ਹੈ। ਰਿਜ਼ਰਵ ਬੈਂਕ ਪਹਿਲਾਂ ਹੀ ਐਲਾਨ ਕਰ ਚੁੱਕਾ ਹੈ ਕਿ ਉਹ 36359 ਕਰੋੜ ਰੁਪਏ ਦੀ ਕਰਜ਼ਾ ਮੁਆਫ਼ੀ ਦੇ ਵੀ ਪੱਖ ਵਿਚ ਨਹੀਂ ਜੋ ਉਤਰ ਪ੍ਰਦੇਸ਼ ਵਿਚ ਐਲਾਨੀ ਗਈ ਹੈ। ਇਸ ਤਰ੍ਹਾਂ ਰਿਜ਼ਰਵ ਬੈਂਕ ਨੇ ਉਨ੍ਹਾਂ ਸੂਬਿਆਂ ਨੂੰ ਕਰੜਾ ਸੰਦੇਸ਼ ਦਿੱਤਾ ਜਿਨ੍ਹਾਂ ਉਪਰ ਕਰਜ਼ਾ ਮੁਆਫ਼ ਕਰਨ ਦਾ ਦਬਾਓ ਹੈ।

ਇਹ ਦਿਲਚਸਪ ਹੈ ਕਿ ਰਿਜ਼ਰਵ ਬੈਂਕ ਦੀ ਇਮਾਨਦਾਰ ਕਰਜ਼ਾ-ਸੰਸਕ੍ਰਿਤੀ ਉਦੋਂ ਹੀ ਪ੍ਰਭਾਵਿਤ ਹੁੰਦੀ ਹੈ, ਜਦੋਂ ਕਿਸਾਨ ਕਰਜ਼ਾ ਨਹੀਂ ਮੋੜਦੇ। ਮਾੜੇ ਕਰਜ਼ੇ ਮੁਆਫ਼ ਕਰਨ ਦੀ ਸਹੂਲਤ ਕੇਵਲ ਕਾਰਪੋਰੇਟ ਸੈਕਟਰ ਲਈ ਹੈ। ਸਾਨੂੰ ਦੱਸਿਆ ਜੁ ਗਿਆ ਹੈ ਕਿ ਸਰਮਾਏਦਾਰੀ ਇਸੇ ਤਰ੍ਹਾਂ ਕੰਮ ਕਰਦੀ ਹੈ। ਅਗਲੇ ਪੰਜ ਸਾਲਾਂ ਵਿਚ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨ ਨੂੰ ਲੈ ਕੇ ਬਹਿਸ ਪਿਛਲੇ ਕੁਝ ਮਹੀਨਿਆਂ ਵਿਚ ਖ਼ੁਦ ਹੀ ਦੁੱਗਣੀ ਹੋ ਗਈ ਹੈ, ਲੇਕਿਨ ਹਰ ਸਾਲ ਗੁਜ਼ਰਨ ਨਾਲ ਕਿਸਾਨਾਂ ਨੂੰ ਲਗਾਤਾਰ ਜਿਸ ਡੂੰਘੇ ਤੋਂ ਡੂੰਘੇ ਸੰਕਟ ਵਿਚ ਸੁੱਟਿਆ ਜਾ ਰਿਹਾ ਹੈ, ਉਸ ਵਿਚੋਂ ਕੱਢਣ ਲਈ ਸਰਕਾਰ ਕੋਈ ਕੋਸ਼ਿਸ਼ ਨਹੀਂ ਕਰ ਰਹੀ।

ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨ ਦਾ ਵਾਅਦਾ ਭਾਵੇਂ ਦੁਹਰਾਇਆ ਜਾਂਦਾ ਹੋਵੇ, ਲੇਕਿਨ ਇਸ ਨੂੰ ਅਮਲੀ ਜਾਮਾ ਪਹਿਨਾਉਣ ਦਾ ਕੋਈ ਠੋਸ ਖ਼ਾਕਾ ਨਜ਼ਰ ਨਹੀਂ ਆਉਂਦਾ। ਇਹ ਕਹਿਣਾ ਕਿ ਕਰਜ਼ੇ ਦੀ ਹੱਦ ਨੂੰ ਇਕ ਲੱਖ ਕਰੋੜ ਤੋਂ ਵਧਾ ਕੇ 10 ਲੱਖ ਕਰੋੜ ਕਰਨ ਦੇ ਪਿਛੇ ਲਗਾਤਾਰ ਸੰਕਟ ਵਿਚ ਘਿਰੇ ਖੇਤੀ ਖੇਤਰ ਨੂੰ ਕਰਜ਼ੇ ਦੀ ਮਦਦ ਦੇਣ ਦੀ ਮਨਸ਼ਾ ਕੰਮ ਕਰਦੀ ਹੈ, ਆਪਣੇ ਆਪ ਵਿਚ ਅੱਖੀਂ ਘੱਟਾ ਪਾਉਣ ਦੀ ਕੋਸ਼ਿਸ਼ ਹੈ। ਇਹ ਖੇਤੀ ਲਾਗਤ ਉਪਰ ਕਿਸਾਨਾਂ ਨੂੰ 50 ਫ਼ੀਸਦੀ ਲਾਭ ਦੇਣ ਦੇ ਵਾਅਦੇ ਨੂੰ ਪੂਰਾ ਕਰਨ ਦੀ ਭਾਜਪਾ ਦੀ ਨਾਕਾਮੀ ਤੋਂ ਲੋਕਾਂ ਦਾ ਧਿਆਨ ਹਟਾਉਣ ਦੀ ਚਤੁਰਾਈ ਹੈ।

ਫ਼ੌਰੀ ਜ਼ਰੂਰਤ ਇਹ ਹੈ ਕਿ ਇਕ ਲੱਖ ਕਰੋੜ ਰੁਪਏ ਦੇ ਵਾਧੂ ਖੇਤੀ ਕਰਜ਼ਾ ਵਾਪਸ ਲਿਆ ਜਾਵੇ ਅਤੇ ਇਸ ਦੀ ਜਗ੍ਹਾ ਵਾਜਬ ਖੇਤੀ ਮੁੱਲਾਂ ਰਾਹੀਂ ਕਿਸਾਨਾਂ ਦੇ ਲਾਭ ਨੂੰ 50 ਫ਼ੀਸਦੀ ਵਧਾਉਣ ਤੋਂ ਸ਼ੁਰੂਆਤ ਕੀਤੀ ਜਾਵੇ। ਖ਼ੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਮ ਚੋਣਾਂ ਤੋਂ ਪਹਿਲਾਂ ਇਹ ਵਾਅਦਾ ਕੀਤਾ ਸੀ, ਲੇਕਿਨ ਉਸ ਦੀ ਸਰਕਾਰ ਹੁਣ ਇਸ ਤੋਂ ਮੁੱਕਰ ਗਈ ਹੈ ਅਤੇ ਉਸ ਨੇ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਦੇ ਕੇ ਕਿਹਾ ਹੈ ਕਿ ਅਜਿਹਾ ਕਰਨਾ ਸੰਭਵ ਨਹੀਂ।

**ਕਾਰਪੋਰੇਟ ਖੇਤੀ ਨੂੰ ਹੱਲਾਸ਼ੇਰੀ:** ਸਰਕਾਰੀ ਨੀਤੀਆਂ ਜ਼ਿਆਦਾਤਰ ਕਿਸਾਨਾਂ ਨੂੰ (ਮੁਲਕ ਦੇ ਤਕਰੀਬਨ 83 ਫ਼ੀਸਦੀ ਕਿਸਾਨਾਂ ਕੋਲ 5 ਏਕੜ ਤੋਂ ਘੱਟ ਜ਼ਮੀਨ ਹੈ) ਨਜ਼ਰਅੰਦਾਜ਼ ਕਰ ਰਹੀਆਂ ਹਨ ਅਤੇ ਆਪਣੇ ਗੁਜ਼ਾਰੇ ਲਈ ਖੇਤੀ ਉਪਰ ਨਿਰਭਰ ਕਿਸਾਨਾਂ ਤੋਂ ਤੇਜ਼ੀ ਨਾਲ ਦੂਰ ਹੋ ਰਹੀਆਂ ਹਨ। ਉਨ੍ਹਾਂ ਦਾ ਧਿਆਨ ਕਾਰਪੋਰੇਟ ਖੇਤੀ ਨੂੰ ਉਤਸ਼ਾਹਤ ਕਰਨ ਉਪਰ ਕੇਂਦਰਤ ਹੈ। ਈ-ਨੈਮ ਪਹਿਲ, ਜਿਸ ਦੇ ਤਹਿਤ 585 ਬਾਕਾਇਦਾ ਥੋਕ ਮੰਡੀਆਂ ਨੂੰ ਜੋੜਨ ਦਾ ਪ੍ਰਸਤਾਵ ਹੈ, ਹਕੀਕਤ ਵਿਚ ਜਿਣਸਾਂ ਦੇ ਵਪਾਰ ਦਾ ਅਨਿੱਖੜ ਹਿੱਸਾ ਹੈ। ਠੇਕਾ ਆਧਾਰਿਤ ਖੇਤੀ ਨੂੰ ਲੈ ਕੇ ਨਮੂਨੇ ਦਾ ਕਾਨੂੰਨ ਪਹਿਲਾਂ ਹੀ ਸੂਬਿਆਂ ਨੂੰ ਭੇਜਿਆ ਜਾ ਚੁੱਕਾ ਹੈ ਅਤੇ ਜ਼ਮੀਨ ਪਟੇ ਉਪਰ ਲੈਣ ਤੇ ਜ਼ਮੀਨ ਐਕਵਾਇਰ ਕਰਨ ਲਈ ਕਾਰਗਰ ਕਾਨੂੰਨੀ ਚੌਖਟਾ ਵੀ ਛੇਤੀ ਹੀ ਆਉਣ ਵਾਲਾ ਹੈ।

ਜੇ ਇਸ ਨੂੰ ਨੈਸ਼ਨਲ ਸਕਿਲ ਡਿਵੈਲਪਮੈਂਟ ਕੌਂਸਲ ਦੇ ਤਹਿਤ ਬਣਾਏ ਚੌਖਟੇ ਨਾਲ ਜੋੜ ਕੇ ਦੇਖਿਆ ਜਾਵੇ ਜਿਸ ਦਾ ਮਨੋਰਥ 2022 ਤਕ ਖੇਤੀ ਆਧਾਰਿਤ ਆਬਾਦੀ ਨੂੰ ਮੌਜੂਦਾ 58 ਫ਼ੀਸਦੀ ਤੋਂ ਘਟਾ ਕੇ 38 ਫ਼ੀਸਦੀ ਕਰਨ ਦਾ ਟੀਚਾ ਪੂਰਾ ਕਰਨਾ ਹੈ, ਤਾਂ ਕਾਰਪੋਰੇਟ ਖੇਤੀ ਵੱਲ ਵਧਣ ਦੀ ਕਵਾਇਦ ਸਾਫ਼ ਨਜ਼ਰ ਆਉਂਦੀ ਹੈ। ਉਸ ਵਕਤ ਜਦੋਂ 'ਇੰਡੀਆ ਸਪੈਂਡ' ਮੁਤਾਬਕ ਪਿਛਲੇ ਤਿੰਨ ਸਾਲਾਂ ਵਿਚ ਹਰ ਸਾਲ ਔਸਤ ਮਹਿਜ਼ 2.13 ਲੱਖ ਨਵੀਂ ਨੌਕਰੀਆਂ ਹੀ ਪੈਦਾ ਕੀਤੀਆਂ ਗਈਆਂ, ਕਿਸਾਨਾਂ ਨੂੰ ਖੇਤੀ ਤੋਂ ਬਾਹਰ ਕੱਢ ਕੇ ਉਨ੍ਹਾਂ ਨੂੰ ਬੇਰੋਜ਼ਗਾਰ ਨੌਜਵਾਨਾਂ ਦੀ ਭੀੜ ਦਾ ਹਿੱਸਾ ਬਣਾ ਦੇਣਾ ਆਰਥਿਕ ਤੌਰ 'ਤੇ ਅਕਲਮੰਦੀ ਵਾਲਾ ਫ਼ੈਸਲਾ ਨਹੀਂ ਕਿਹਾ ਜਾ ਸਕਦਾ।

ਕਿਸੇ ਵੀ ਸਰਕਾਰ ਦੇ ਲਈ ਤਿੰਨ ਸਾਲ ਦਾ ਵਕਤ ਬਹੁਤ ਅਹਿਮ ਹੈ। ਇਹ ਵਕਤ ਹੈ, ਜਦੋਂ ਸਰਕਾਰ ਰੁਕ ਕੇ ਆਪਣੇ ਕੰਮਾਂ ਦਾ ਜਾਇਜ਼ਾ ਲਵੇ ਅਤੇ 'ਸਭ ਕਾ ਸਾਥ, ਸਭ ਕਾ ਵਿਕਾਸ' ਦੇ ਨਾਅਰੇ ਨੂੰ ਮੁੱਖ ਰੱਖਦੇ ਹੋਏ ਨੀਤੀਆਂ ਵਿਚ ਜ਼ਰੂਰੀ ਸੁਧਾਰ ਕਰੇ। ਸਭ ਤੋਂ ਪਹਿਲਾਂ ਅਤੇ ਜ਼ਰੂਰੀ ਨੀਤੀਗਤ ਸੁਧਾਰ ਇਹ ਹੋਵੇਗਾ ਕਿ ਰਿਕਾਰਡ ਅਨਾਜ ਪੈਦਾਵਾਰ ਨੂੰ ਖੇਤੀ ਦੀ ਚੰਗੀ ਸਿਹਤ ਦੇ ਸੰਕੇਤ ਦੇ ਤੌਰ 'ਤੇ ਦੇਖਣਾ ਬੰਦ ਕੀਤਾ ਜਾਵੇ। ਇਹ ਵਕਤ ਹੈ ਜਦੋਂ ਖੇਤੀ ਵਿਕਾਸ ਦੇ ਅੰਕੜਿਆਂ ਨਾਲ ਮੋਹ ਤੋਂ ਬਾਹਰ ਆਇਆ ਜਾਵੇ ਅਤੇ ਇਸ ਦੀ ਥਾਂ ਕਿਸਾਨਾਂ ਦੀ ਭਲਾਈ ਦੀ ਚਿੰਤਾ ਕੀਤੀ ਜਾਵੇ, ਜਿਸ ਦਾ ਆਗਾਜ਼ ਖੇਤੀ ਆਮਦਨੀ ਵਿਚ ਚੋਖੇ ਵਾਧੇ ਨਾਲ ਹੋ ਸਕਦਾ ਹੈ।

2016-17 ਦਾ ਆਰਥਿਕ ਸਰਵੇਖਣ ਦੱਸਦਾ ਹੈ ਕਿ ਹਿੰਦੁਸਤਾਨ ਦੇ 17 ਸੂਬਿਆਂ ਵਿਚ ਖੇਤੀ ਪਰਿਵਾਰਾਂ ਦੀ ਔਸਤ ਆਮਦਨੀ 20 ਹਜ਼ਾਰ ਰੁਪਏ ਹੈ ਜੋ ਮੁਲਕ ਦੀ ਔਸਤ ਆਮਦਨੀ ਤੋਂ ਤਕਰੀਬਨ ਅੱਧੀ ਹੈ। ਇਹ ਸ਼ਹਿਰ ਵਿਚ ਰਹਿਣ ਵਾਲੇ, ਤਰੱਕੀ ਕਰ ਰਹੇ ਮੋਬਾਈਲ ਫ਼ੋਨ ਵਾਲੇ ਨਾਗਰਿਕ ਦੇ ਸਾਲਾਨਾ ਬਿੱਲ ਤੋਂ ਵੀ ਘੱਟ ਹੈ। ਇਹ ਬਦਕਿਸਮਤੀ ਹੈ ਕਿ ਨੀਤੀ ਆਯੋਗ ਅਤੇ ਪ੍ਰਧਾਨ ਮੰਤਰੀ ਦਫ਼ਤਰ ਮਰੀਜ਼ ਲਈ ਉਹੀ ਗ਼ਲਤ ਨੁਸਖ਼ੇ ਦੁਹਰਾ ਰਹੇ ਹਨ ਜਿਨ੍ਹਾਂ ਨੇ ਮੌਜੂਦਾ ਸੰਕਟ ਨੂੰ ਪੈਦਾ ਕੀਤਾ ਹੈ।

ਖ਼ੁਰਾਕੀ ਅਨਾਜ ਦੀ ਪੈਦਾਵਾਰ ਵਧਾਉਣਾ, ਪੈਦਾਵਾਰੀ ਲਾਗਤ ਘਟਾਉਣਾ ਅਤੇ ਖੇਤੀ ਭਾਵਾਂ ਨੂੰ ਮੰਡੀ ਦੇ ਰਹਿਮ ਉਪਰ ਛੱਡ ਦੇਣਾ, ਹਕੀਕਤ ਵਿਚ ਉਨ੍ਹਾਂ ਗ਼ਲਤ ਨਿਰਣਿਆਂ ਦਾ ਹਿੱਸਾ ਹੈ ਜਿਨ੍ਹਾਂ ਨੇ ਖੇਤੀ ਨੂੰ ਡੂੰਘੀ ਦਲਦਲ ਵਿਚ ਧੱਕ ਦਿੱਤਾ ਹੈ। ਇਸ ਨੇ ਬਿਨਾ ਕਿਸੇ ਛੋਟ ਦੇ ਖੇਤੀ ਲਾਗਤਾਂ ਪੈਦਾ ਕਰਨ ਵਾਲਿਆਂ ਨੂੰ ਫ਼ਾਇਦਾ ਪਹੁੰਚਾਇਆ ਹੈ। ਅਸਲੀ ਕਹਾਣੀ ਇਹੀ ਹੈ। ਨੀਤੀ ਆਯੋਗ ਨੇ ਪੂਰੇ ਮੁਲਕ ਲਈ ਮੁਹਾਰਤ ਦੇ ਜਿਸ ਪੱਧਰ ਦਾ ਟੀਚਾ ਰੱਖਿਆ ਹੈ, ਪੰਜਾਬ ਪਹਿਲਾਂ ਹੀ ਉਹ ਹਾਸਲ ਕਰ ਚੁੱਕਾ ਹੈ। 98 ਫ਼ੀਸਦੀ ਪੱਕੀ ਸਿੰਜਾਈ ਸਹੂਲਤ (ਦੁਨੀਆ ਦਾ ਕੋਈ ਵੀ ਮੁਲਕ ਇਸ ਦੇ ਨਜ਼ਦੀਕ ਨਹੀਂ ਹੈ) ਅਤੇ ਦੁਨੀਆ ਵਿਚ ਖ਼ੁਰਾਕੀ ਅਨਾਜਾਂ ਦੇ ਮਾਮਲੇ ਵਿਚ ਸਭ ਤੋਂ ਜ਼ਿਆਦਾ ਝਾੜ ਹਾਸਲ ਕਰਨ ਵਾਲੇ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ।

ਇਹ ਹਾਰ ਕਿਸਾਨਾਂ ਦੀ ਨਹੀਂ ਹੈ, ਇਹ ਅਰਥ ਸ਼ਾਸਤਰੀਆਂ ਅਤੇ ਨੀਤੀ ਘਾੜਿਆਂ ਦੀ ਹੈ ਜਿਨ੍ਹਾਂ ਨੇ ਕਿਸਾਨਾਂ ਨੂੰ ਮੰਝਧਾਰ ਵਿਚ ਸੁੱਟ ਕੇ ਪਾਸਾ ਵੱਟ ਲਿਆ ਹੈ। ਨਿਰਾਸ਼ਾ ਦੇ ਇਸ ਦੌਰ ਵਿਚ ਕੇਵਲ ਖੇਤੀ ਦੇ ਕੋਲ ਹੀ ਆਰਥਿਕਤਾ ਨੂੰ ਦੁਬਾਰਾ ਖੜ੍ਹਾ ਕਰਨ ਦੀ ਸਮਰੱਥਾ ਹੈ। ਅੱਗੇ ਦਾ ਆਰਥਿਕ ਰਸਤਾ ਫਿਰ ਹੀ ਬਣਾਇਆ ਜਾ ਸਕਦਾ ਹੈ, ਜਦੋਂ ਸਰਕਾਰ ਕਰੈਡਿਟ ਰੇਟਿੰਗ ਏਜੰਸੀਆਂ ਵਲੋਂ ਦਿਖਾਏ ਰਸਤੇ ਨੂੰ ਛੱਡਣ ਦਾ ਫ਼ੈਸਲਾ ਕਰੇ। ਇਹ ਸੰਭਵ ਹੈ, ਬਸ਼ਰਤੇ ਸਰਕਾਰ ਖੇਤੀ ਨੂੰ ਆਰਥਿਕ ਵਾਧੇ ਅਤੇ ਟਿਕਾਊ ਵਿਕਾਸ ਦਾ ਧੁਰਾ ਬਣਾਉਣ ਲਈ ਜ਼ਰੂਰੀ ਸਿਆਸੀ ਦਲੇਰੀ ਜੁਟਾ ਸਕੇ।

## ਤੀਜੇ ਘੱਲੂਘਾਰੇ ਦੀ ਯਾਦ ਨੂੰ ਸਮਰਪਿਤ

# ਤੁਝੇ ਯਾਦ ਹੋ ਕਿ ਨਾ ਯਾਦ ਹੋ, ਮੁਝੇ ਯਾਦ ਹੈ ਵੋ ਦਰਦ ਭਰੀ ਦਾਸਤਾਂ



ਕਰਮਜੀਤ ਸਿੰਘ ਚੰਡੀਗੜ੍ਹ
ਫੋਨ: 91-99150-91063

ਜਿਉਂ ਹੀ ਤੀਜੇ ਘੱਲੂਘਾਰੇ ਦਾ ਸਾਕਾ ਨੇੜੇ-ਨੇੜੇ ਆਉਂਦਾ ਹੈ, ਤਿਉਂ-ਤਿਉਂ ਇਕ ਅਨਮੋਲ ਹੀਰਾ ਸਾਡੀਆਂ ਯਾਦਾਂ ਵਿਚ ਉਤਰ ਆਉਂਦਾ ਹੈ, ਜੋ ਸਾਡੇ ਦਿਲ-ਦਿਮਾਗ 'ਤੇ ਤੇਜ਼ ਰੌਸ਼ਨੀ ਸੁੱਟ ਕੇ ਅਲੋਪ ਹੋ ਗਿਆ ਸੀ, ਜੋ ਚੌਦਵੀਂ ਦੇ ਚੰਦ ਵਾਂਗ ਪੰਜਾਬ ਦੇ ਅਸਮਾਨ 'ਤੇ ਚਮਕਿਆ ਸੀ। ਅੱਜ ਦੇ ਗੱਭਰੂਆਂ ਨੂੰ ਸ਼ਾਇਦ ਇਹ ਪੂਰਾ ਇਲਮ ਨਹੀਂ ਕਿ ਸੰਤ ਜਰਨੈਲ ਸਿੰਘ ਕੌਣ ਸਨ? ਉਸ ਦੌਰ ਦੇ ਰਾਜਸੀ ਅਤੇ ਧਾਰਮਿਕ ਰਹਿਬਰਾਂ ਨੂੰ ਵੀ ਬਸ ਇੱਥੋਂ ਤੱਕ ਹੀ ਪਤਾ ਸੀ ਕਿ ਕੋਈ ਇਨਸਾਨ ਨਿਰਭਉ ਅਤੇ ਨਿਰਵੈਰ ਹੋ ਕੇ ਸਿੱਖ ਕੌਮ ਨਾਲ ਹੋਈਆਂ ਤੇ ਹੋ ਰਹੀਆਂ ਬੇਇਨਸਾਫੀਆਂ ਅਤੇ ਧੱਕਿਆਂ ਵਿਰੁਧ ਬੁਲੰਦ ਆਵਾਜ਼ ਵਿਚ ਕੌਮ ਦੀ ਗੱਲ ਹੀ ਨਹੀਂ ਕਰਦਾ, ਸਗੋਂ ਧੱਕਾ ਕਰਨ ਵਾਲਿਆਂ ਨੂੰ ਸਿੱਖ ਰਵਾਇਤਾਂ ਮੁਤਾਬਕ ਸਬਕ ਵੀ ਸਿਖਾਉਂਦਾ ਹੈ। ਅਜਿਹੇ ਲੋਕਾਂ ਦੀ ਵੀ ਕਮੀ ਨਹੀਂ ਸੀ, ਜੋ ਇਹੋ ਜਿਹੇ ਵਰਤਾਰੇ ਵਿਚੋਂ ਆਪੋ-ਆਪਣੀਆਂ ਰਾਜਨੀਤਕ ਰੋਟੀਆਂ ਸੇਕਣ ਲਈ ਬੜੇ ਉਤਾਵਲੇ ਹੁੰਦੇ ਸਨ ਤੇ ਲੋੜ ਅਨੁਸਾਰ ਇਸ ਹਸਤੀ ਦੇ ਨੇੜੇ-ਨੇੜੇ ਹੋਣ ਦਾ ਯਤਨ ਕਰਦੇ ਸਨ। ਪਰ ਇਹ ਭੇਤ ਵਿਰਲਿਆਂ 'ਚੋਂ ਵਿਰਲਿਆਂ ਨੂੰ ਪਤਾ ਸੀ ਕਿ ਇਹ ਮਹਾਨ ਹਸਤੀ ਇਤਿਹਾਸ ਦਾ ਮੂੰਹ ਦੂਜੇ ਪਾਸੇ ਘੁਮਾਉਣ ਲਈ ਹੀ ਪੰਜਾਬ ਦੀ ਸਰਜ਼ਮੀਨ 'ਤੇ ਉਤਰੀ ਹੈ।

ਦੂਰ-ਅੰਦੇਸ਼ ਨਿਗਾਹਾਂ ਨੂੰ ਹੀ ਪਤਾ ਸੀ ਕਿ ਉਸ ਦੇ ਤੁਰ ਜਾਣ ਪਿੱਛੋਂ ਇਤਿਹਾਸ ਇਕ ਨਵਾਂ ਮੋੜ ਕੱਟੇਗਾ, ਜਿਸ ਨੂੰ ਰਾਜਨੀਤਕ ਵਿਗਿਆਨ ਦੇ ਮੁਹਾਵਰੇ ਵਿਚ ਪੈਰਾਡਾਈਮ-ਸ਼ਿਫਟ ਕਹਿੰਦੇ ਹਨ। ਦੂਜੇ ਸ਼ਬਦਾਂ ਵਿਚ ਇਤਿਹਾਸ ਦੀ ਨਵੀਂ ਕਾਲ-ਵੰਡ ਹੋਵੇਗੀ ਜਿਸ ਵਿਚ ਸਿੱਖ ਇਤਿਹਾਸ ਨੂੰ ਨਵੇਂ ਅੰਦਾਜ਼ ਵਿਚ ਪੇਸ਼ ਕੀਤਾ ਜਾਵੇਗਾ, ਨਵੀਂ ਸ਼ਕਲ ਵਿਚ ਪ੍ਰਭਾਸ਼ਿਤ ਕੀਤਾ ਜਾਵੇਗਾ। ਤੇ ਹੋਇਆ ਵੀ ਕੁਝ ਇਸ ਤਰ੍ਹਾਂ ਹੀ। ਵਿਦਵਾਨਾਂ ਲਈ ਇਹ ਖੋਜ ਦਾ ਵਿਸ਼ਾ ਬਣ ਗਿਆ ਕਿ ਸੰਤ ਜਰਨੈਲ ਸਿੰਘ ਤੋਂ ਪਹਿਲਾਂ ਸਿੱਖਾਂ ਦੀ ਰਾਜਨੀਤਕ ਅਤੇ ਧਾਰਮਿਕ ਤਰਜ਼-ਏ-ਜ਼ਿੰਦਗੀ ਦੇ ਰੰਗ-ਢੰਗ ਤੇ ਲੱਛਣ ਕਿਹੋ ਜਿਹੇ ਸਨ ਅਤੇ ਸੰਤ ਜਰਨੈਲ ਸਿੰਘ ਦੇ ਵਿਛੜਨ ਤੋਂ ਪਿੱਛੋਂ ਉਹ ਕਿਹੜੀਆਂ ਵੱਡੀਆਂ ਤਬਦੀਲੀਆਂ ਆਈਆਂ, ਜਿਨ੍ਹ ਨੇ ਨਾ ਕੇਵਲ ਸਿੱਖ ਇਤਿਹਾਸ ਨੂੰ ਹੀ ਸਗੋਂ ਭਾਰਤ ਦੇ ਰਾਜਨੀਤਕ ਤਾਣੇ-ਬਾਣੇ ਨੂੰ ਸਿਰ ਤੋਂ ਪੈਰਾਂ ਤੱਕ ਹਿਲਾ ਦਿੱਤਾ। ਉਸ ਦੇ ਜਾਣ ਪਿੱਛੋਂ ਮੜ੍ਹਕ ਨਾਲ ਜਿਉਣ ਵਾਲੇ ਗੱਭਰੂਆਂ ਦੀ ਜ਼ਿੰਦਗੀ ਫਿਰ ਉਹ ਨਹੀਂ ਸੀ ਰਹੀ ਜੋ ਪਹਿਲਾਂ ਵਾਲੀ ਸੀ। ਸੈਂਕੜੇ ਨੌਜਵਾਨ ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਪੜ੍ਹਾਈਆਂ ਵਿਚੇ ਹੀ ਛੱਡ ਕੇ ਉਸ ਧਰਮਯੁੱਧ ਵਿਚ ਸ਼ਾਮਲ ਹੋ ਗਏ ਜਿਸ ਨੂੰ ਬਾਅਦ ਵਿਚ ਖਾਲਿਸਤਾਨ ਦਾ ਨਾਂ ਦਿੱਤਾ ਗਿਆ।


ਸੰਤ ਜਰਨੈਲ ਸਿੰਘ ਨੇ ਜਿਸ ਪਾਸੇ ਵੀ ਨਜ਼ਰ ਭਰ ਕੇ ਵੇਖਿਆ, ਖਾਲਸਾ ਪੰਥ ਦੇ ਜਿਸ ਹਿੱਸੇ ਨੂੰ ਵੀ ਆਵਾਜ਼ ਮਾਰੀ, ਉਹ ਵਹੀਰਾਂ ਘੱਤ ਕੇ ਦਰਬਾਰ ਸਾਹਿਬ ਵੱਲ ਹੋ ਤੁਰੇ। ਜੇ ਉਸ ਨੇ ਕਲਮਾਂ ਵਾਲਿਆਂ ਨੂੰ ਹੋਕਾ ਦਿੱਤਾ ਤਾਂ ਦਾਨਿਸ਼ਵਰਾਂ ਨੂੰ ਇਉਂ ਮਹਿਸੂਸ ਹੋਇਆ ਕਿ ਇਸ ਅਨੋਖੇ ਫਕੀਰ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ ਜਿਸ ਨੇ ਹੋਸ਼ ਨੂੰ ਜੋਸ਼ ਦਾ ਰੰਗ ਦੇ ਦਿੱਤਾ ਹੈ, ਜਿਸ ਨੇ ਕਹਿਣੀ ਤੇ ਕਰਨੀ ਦੇ ਸਾਰੇ ਫਾਸਲੇ ਮਿਟਾ ਦਿੱਤੇ ਹਨ ਅਤੇ ਜੋ ਪੁਰਾਤਨ ਇਤਿਹਾਸ ਨੂੰ ਨਵੇਂ ਮੁਹਾਵਰੇ 'ਚ ਪੇਸ਼ ਕਰ ਰਿਹਾ ਹੈ। ਜੇ ਉਸ ਨੇ ਫੌਜੀਆਂ ਨੂੰ ਵੀ ਸੱਦਾ ਦਿੱਤਾ ਤਾਂ ਉਨ੍ਹਾਂ ਨੂੰ ਵੀ ਇੰਜ ਮਹਿਸੂਸ ਹੋਇਆ ਜਿਵੇਂ ਉਨ੍ਹਾਂ ਨੂੰ ਲੰਮੇ ਅਰਸੇ ਪਿਛੋਂ ਕੋਈ 'ਆਪਣਾ ਜਰਨੈਲ' ਮਿਲਿਆ ਹੈ ਜਿਸ ਦੀ ਅਗਵਾਈ ਹੇਠ ਲੜਨ ਲਈ ਉਨ੍ਹਾਂ ਨੂੰ ਖਾਲਸਾ ਰਾਜ ਦੀ ਮੰਜ਼ਿਲ ਦੇ ਇਸ਼ਾਰੇ ਮਿਲਣਗੇ। ਉਨ੍ਹਾਂ ਨੂੰ ਮਹਿਸੂਸ ਹੋਇਆ ਜਿਵੇਂ ਕਿਸੇ ਸ਼ਾਮ ਸਿੰਘ ਅਟਾਰੀਵਾਲੇ ਨੇ ਜਾਂ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਨੂੰ ਆਵਾਜ਼ ਮਾਰੀ ਹੈ ਤਾਂ ਜੋ ਖਾਲਸਾ ਪੰਥ ਦੇ ਖੁੱਸੇ ਰਾਜ ਨੂੰ ਮੁੜ ਬਹਾਲ ਕੀਤਾ ਜਾ ਸਕੇ।

ਉਸ ਵਿਚ ਕਹਿਣੀ ਤੇ ਕਰਨੀ ਦਾ ਪੂਰਾ ਸੁਮੇਲ ਸੀ। ਪਿਛਲੀ ਸਦੀ ਵਿਚ ਓੜਕਾਂ ਦਾ ਪਿਆਰ ਹਾਸਲ ਕਰਨ ਵਿਚ ਜੇ ਕੋਈ ਵਿਅਕਤੀ ਕਾਮਯਾਬ ਹੋਇਆ ਤਾਂ ਇਹ ਮਾਣ ਸੰਤ ਜਰਨੈਲ ਸਿੰਘ ਨੂੰ ਹੀ ਮਿਲ ਸਕਿਆ ਸੀ। ਉਸ ਤੋਂ ਪਿਛਲੀ ਸਦੀ ਵਿਚ ਇਹ ਪਿਆਰ ਮਹਾਰਾਜਾ ਰਣਜੀਤ ਸਿੰਘ ਨੂੰ ਹਾਸਲ ਹੋਇਆ ਸੀ। ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਸਮੇਂ ਜਦੋਂ ਗੁਜਰਾਤ ਦੀ ਲੜਾਈ ਵਿਚ ਸਿੱਖ ਫੌਜੀਆਂ ਨੇ ਅੰਗਰੇਜ਼ਾਂ ਅੱਗੇ ਹਥਿਆਰ ਸੁੱਟੇ ਤਾਂ ਹਥਿਆਰ ਸੁੱਟਣ ਵਾਲਿਆਂ ਵਿਚੋਂ ਆਖਰੀ ਫੌਜੀ ਨੇ ਅੱਖਾਂ ਵਿਚ ਹੰਝੂ ਲਿਆ ਕੇ ਇਹ ਸ਼ਬਦ ਆਖੇ, 'ਰਣਜੀਤ (ਮਹਾਰਾਜਾ ਰਣਜੀਤ ਸਿੰਘ) ਅੱਜ ਮਰਿਆ ਹੈ।' ਇਹ ਉਹ ਉਦਾਸ ਪਲ ਸਨ ਜਦੋਂ ਰਣਜੀਤ-ਪਿਆਰ ਤੇ ਖਾਲਸਾ-ਪਿਆਰ ਇਕ ਹੋ ਕੇ ਉਸ ਸਿੱਖ ਫੌਜੀ ਦੀ ਹੂਕ 'ਚ ਉਤਰ ਆਏ ਸਨ। ਇਉਂ ਹੀ ਇਕ ਦੌਰ ਅਜਿਹਾ ਵੀ ਸੀ ਜਦੋਂ ਸਿੱਖ ਅਤੇ ਸੰਤ ਜਰਨੈਲ ਸਿੰਘ ਦਾ ਅੰਤਰੀਵ ਦਰਦ ਇਕ-ਮਿਕ ਹੋ ਗਿਆ ਸੀ।

ਸੰਤ ਜਰਨੈਲ ਸਿੰਘ ਕੋਈ ਹਿਸਾਬ-ਕਿਤਾਬ ਲਾਉਣ ਵਾਲਾ ਤੇ ਨਫੇ-ਨੁਕਸਾਨ ਦੀਆਂ ਗਿਣਤੀਆਂ-ਮਿਣਤੀਆਂ ਵਿਚ ਪੈਣ ਵਾਲਾ ਚਲਾਕ ਸਿਆਸਤਦਾਨ ਨਹੀਂ ਸੀ। ਉਸ ਦੀ ਧਾਰਮਿਕ ਸ਼ਖਸੀਅਤ ਦਾ ਰਾਜਨੀਤਕ ਪੱਖ ਅਜੇ ਰੌਸ਼ਨ ਕੀਤਾ ਜਾਣਾ ਹੈ। ਉਹ ਚਾਹੁੰਦਾ ਤਾਂ ਕਿਸੇ ਸਸਤੀ ਸ਼ੋਹਰਤ ਲਈ ਜਾਂ ਕਿਸੇ ਪਦਵੀ ਲਈ ਸਿੱਖ ਸੰਘਰਸ਼ ਨੂੰ ਲਟਕਾ ਸਕਦਾ ਸੀ। ਪਰ ਉਹ ਯੂਨਾਨੀ ਦੁਖਾਂਤ ਦੇ ਨਾਇਕ ਵਾਂਗ ਸਭ ਕੁਝ ਜਾਣਦਾ ਹੋਇਆ ਸ਼ਹਾਦਤ ਦੀ ਮੰਜ਼ਿਲ ਵੱਲ ਤੇਜ਼ੀ ਨਾਲ ਵਧ ਰਿਹਾ ਸੀ। ਇੱਥੇ ਅਸੀਂ ਸਪੇਨ ਦੇ ਮਹਾਨ ਚਿੱਤਰਕਾਰ ਸਲਵਾਡੋਰ ਡਾਲੀ ਨੂੰ ਯਾਦ ਕਰਦੇ ਹਾਂ ਜੋ ਬੜੇ ਸੁੱਚੇ ਮਾਣ ਨਾਲ ਕਿਹਾ ਕਰਦਾ ਸੀ ਕਿ ਡਾਲੀ ਬਿਨਾ ਸਪੇਨ ਕਿਸ ਕੰਮ ਦਾ ਹੈ। ਖਾਲਸਾ ਪੰਥ ਨੇ ਉਹ ਸਮਾਂ ਵੀ ਵੇਖਿਆ ਜਦੋਂ ਲੋਕ ਆਖਿਆ ਕਰਦੇ ਸਨ ਸੰਤ ਜਰਨੈਲ ਸਿੰਘ ਬਿਨਾ ਜੀਵਨ ਕਾਹਦਾ ਹੈ। ਸੰਤ ਜਰਨੈਲ ਸਿੰਘ ਤੇ ਖਾਲਸਾ ਪੰਥ ਨੇ ਜਿਵੇਂ ਇਕ ਦੂਜੇ ਨੂੰ ਇਸ਼ਕ ਕੀਤਾ, ਉਸ ਦੀ ਉਚੀ ਪੱਧਰ ਦੀ ਉਦਾਸ ਸ਼ਾਇਰੀ ਇਕ ਦਿਨ ਅਸੀਂ ਜ਼ਰੂਰ ਸੁਣਾਂਗੇ। ਪਰ ਆਤਮਿਕ ਤੌਰ 'ਤੇ ਸੁੱਕੇ ਅਤੇ ਰੁੱਖੇ ਕਿਸਮ ਦੇ ਨਾਸ਼ੁਕਰੇ ਆਲੋਚਕਾਂ ਨੂੰ ਇਸ ਮਹਾਂਬਲੀ ਦੀ ਮਹਾਨਤਾ ਤੇ ਮਹੱਤਤਾ ਤੋਂ ਮੁਨਕਰ ਹੋਣ ਦਾ ਹੱਕ ਹੋ ਸਕਦਾ ਹੈ ਪਰ ਉਨ੍ਹਾਂ ਦੀ ਬੇਵਫਾਈ ਦੇ ਗੀਤ ਵੀ ਸਾਡੇ ਨਾਲ-ਨਾਲ ਰਹਿਣਗੇ।

ਸਿੰਘ ਆਦਰਸ਼ ਵਾਲੇ ਇਸ ਮਹਾਨ ਵਿਅਕਤੀ 'ਤੇ ਇਹ ਇਲਜ਼ਾਮ ਲਾਉਣਾ ਵੀ ਮਾਨਸਿਕ ਗਰੀਬੀ ਦਾ ਸ਼ਿਕਾਰ ਹੋਣਾ ਹੈ ਕਿ ਉਸ ਨੇ ਇਕ ਭੋਲੀ ਭਾਲੀ ਕੌਮ ਦੇ ਮਾਸੂਮ ਜਜ਼ਬਿਆਂ ਨੂੰ ਭੜਕਾ ਕੇ ਗੁੰਮਰਾਹ ਕੀਤਾ। ਜੇ ਫਿਰ ਇਉਂ ਹੀ ਕਹਿਣਾ ਹੈ ਤਾਂ ਵਿਦਵਾਨਾਂ ਨੂੰ ਇਹ ਆਖਣਾ ਚਾਹੀਦਾ ਹੈ ਕਿ ਉਸ ਨੇ ਭੜਕਾਹਟ ਦੀ ਉਹ ਵੰਨਗੀ ਪੈਦਾ ਕੀਤੀ, ਜਿਸ ਦੀ ਇਤਿਹਾਸਕ ਲੋੜ ਸੀ। ਅਜਿਹਾ ਕਰਦਿਆਂ ਉਹ ਸਿੱਖ ਇਤਿਹਾਸ ਵਿਚੋਂ ਹੀ ਆਪਣੀ ਕੌਮ ਨੂੰ ਮੁਖਾਤਿਬ ਹੋਇਆ। ਉਸ ਨੇ ਸਿੱਖ ਮਨਾਂ ਦੇ ਘਰਾਂ ਅੱਗੇ ਪਿਆਰ ਭਰੇ ਗੁੱਸੇ ਨਾਲ ਕੁਝ ਇਸ ਤਰ੍ਹਾਂ ਦੀ ਦਸਤਕ ਦਿੱਤੀ ਜਿਸ ਦੇ ਦਰਵਾਜ਼ੇ 200 ਵਰ੍ਹੇ ਤੋਂ ਬੰਦ ਪਏ ਸਨ। ਜਦੋਂ ਉਹ ਖੁੱਲ੍ਹੇ ਤਾਂ ਉਹ ਜਜ਼ਬਿਆਂ ਦਾ ਇਕ ਤੂਫਾਨ ਹੀ ਤਾਂ ਸੀ। ਕਈ ਵਾਰ ਕੌਮਾਂ ਦੇ ਮਨਾਂ ਵਿਚ ਇਹ ਅਲੋਕਾਰ ਦਸ਼ਾ ਵੀ ਵਾਪਰਦੀ ਹੈ ਕਿ ਅਮੋੜ ਜਜ਼ਬੇ ਲੰਮੀਆਂ ਤਾਣ ਕੇ ਸੌਂ ਜਾਂਦੇ ਹਨ। ਕਿਉਂ ਸੌਂ ਜਾਂਦੇ ਹਨ? ਇਸ ਦਾ ਕਿਸੇ ਇਤਿਹਾਸ, ਦਰਸ਼ਨ, ਸਮਾਜ ਵਿਗਿਆਨ ਜਾਂ ਤਰਕ ਸ਼ਾਸਤਰ ਕੋਲ ਕੋਈ ਸਿੱਧ ਪੱਧਰਾ ਜਵਾਬ ਨਹੀਂ ਹੁੰਦਾ। ਪਰ ਕੀ ਇਹ ਜਜ਼ਬਿਆਂ ਦਾ ਹੜ੍ਹ ਉਸ ਦੇ ਵਸ ਵਿਚ ਸੀ? ਨਿਰਭਉ ਤੇ ਨਿਰਵੈਰ ਦ੍ਰਿਸ਼ਟੀ ਰਾਹੀਂ ਇਹ ਜਵਾਬ ਦੇਣਾ ਬਣਦਾ ਹੈ ਕਿ ਇਹ ਹੜ੍ਹ ਉਸ ਦੇ ਵਸ ਵਿਚ ਸੀ ਵੀ ਤੇ ਕਿਸੇ ਹੱਦ ਤੱਕ ਨਹੀਂ ਵੀ ਸੀ। ਜਿੰਨਾ ਚਿਰ ਉਹ ਜੀਵਿਆ ਇਹ ਤੂਫਾਨ ਉਸ ਦੇ ਅਧੀਨ ਹੋ ਕੇ ਚੱਲਿਆ ਪਰ ਜਦੋਂ ਉਹ ਤੁਰ ਗਿਆ, ਉਦੋਂ ਤੂਫਾਨੀ ਲਹਿਰ ਦਾ ਇਕ ਹਿੱਸਾ ਬੇਕਾਬੂ ਵੀ ਹੋ ਗਿਆ। ਪਰ ਇਹ ਮਿਹਣਾ ਉਸ ਨੂੰ ਕਿਉਂ ਦਿੱਤਾ ਜਾਵੇ? ਆਖਿਰਕਾਰ ਉਹ ਇਨਸਾਨ ਹੀ ਸੀ। ਕੀ ਕੋਈ ਲਹਿਰ ਇਹ ਦਾਅਵਾ ਕਰ ਸਕਦੀ ਹੈ ਕਿ ਉਹ ਗਲਤੀਆਂ ਤੋਂ ਪੂਰੀ ਤਰ੍ਹਾਂ ਮੁਕਤ ਹੈ? ਇਕ ਪਲ ਰੁਕੋ ਅਤੇ ਆਪਣੇ ਦਿਲ-ਦਿਮਾਗ 'ਤੇ ਭਾਰ ਪਾ ਕੇ ਕੁਝ ਕੌੜੀਆਂ ਹਕੀਕਤਾਂ ਦੇ ਸਾਹਮਣੇ ਹੋਵੋ।

ਸੰਤ ਜਰਨੈਲ ਸਿੰਘ ਕੋਲ ਕਿਹੜਾ ਕੋਈ ਪੱਕਾ ਤੇ ਸਥਾਈ ਰਾਜਨੀਤਕ ਸਿਸਟਮ ਸੀ? ਕਿੰਨਾ ਕੁ ਵਕਤ ਸੀ ਉਸ ਕੋਲ ਕਿ ਉਸ ਸਾਰੇ ਸਿਲਸਿਲੇ ਨੂੰ ਇਕ ਤਰਤੀਬ ਵਿਚ ਬੰਨ੍ਹ ਲੈਂਦਾ?



ਸੰਤ ਜਰਨੈਲ ਸਿੰਘ

ਕਿੰਨੇ ਕੁ ਵਸੀਲੇ ਸਨ? ਉਨ੍ਹਾਂ ਹਾਲਤਾਂ ਵੱਲ ਵੀ ਧਿਆਨ ਦਿਓ ਜਿਨ੍ਹਾਂ ਹਾਲਤਾਂ ਦਾ ਉਹ ਕੱਲਮ-ਕੱਲਾ ਹੀ ਸਾਹਮਣਾ ਕਰ ਰਿਹਾ ਸੀ। ਭਾਰਤ ਦੀ ਸੰਚਾਰ ਸਲਤਨਤ (ਅਖਬਾਰਾਂ, ਰਸਾਲੇ, ਰੇਡੀਓ, ਦੂਰਦਰਸ਼ਨ ਵਗੈਰਾ-ਵਗੈਰਾ) ਦਾ ਝੂਠ ਦਾ ਤੂਫਾਨ, ਭਾਰਤ ਦੀਆਂ ਵਿਰੋਧੀ ਰਾਜਸੀ ਪਾਰਟੀਆਂ ਦੀ ਸਿੱਖ ਲਹਿਰ ਪ੍ਰਤੀ ਧਾਰਨ ਕੀਤੀ ਸੁਰ ਵਿਚ ਦੁਸ਼ਮਣੀ ਅਤੇ ਵਿਰੋਧਤਾ ਦਾ ਤੂਫਾਨ ਅਤੇ ਉਹ ਤੂਫਾਨ ਵੀ ਨਾਲ ਹੀ ਜਿਸ ਨੂੰ ਉਨ੍ਹਾਂ ਲੋਕਾਂ ਨੇ ਸ਼ੁਰੂ ਕੀਤਾ ਸੀ, ਜਿਨ੍ਹਾਂ ਨੂੰ ਅਸੀਂ ਗਲਤੀ ਨਾਲ ਆਪਣੇ ਕਹਿ ਦਿੰਦੇ ਹਾਂ। ਫਿਰ ਵੀ ਜੇ ਇਨ੍ਹਾਂ ਵਿਰੋਧੀ ਹਾਲਤਾਂ ਤੇ ਸੀਮਤ ਸਾਧਨਾਂ ਵਿਚ ਉਹ ਖਾਲਸਾ ਪੰਥ ਦੀ ਲਹਿਰ ਨੂੰ ਜਿੱਥੇ ਪਹੁੰਚਾ ਗਿਆ, ਉਹ 20ਵੀਂ ਸਦੀ ਦਾ ਸਭ ਤੋਂ ਵੱਡਾ ਚਮਤਕਾਰ ਸੀ।

### ਹਮ ਤੁਮਹੇਂ ਖੁਦਾ ਨਹੀਂ ਕਹਿਤੇ ਮਗਰ ਸ਼ਾਨ-ਏ-ਖੁਦਾ ਤੁਮ ਹੋ

2 ਜੂਨ 1984 ਨੂੰ 'ਪਾਪ ਦੀ ਜੰਜ' ਨੇ 'ਸੱਚਖੰਡ' ਵੱਲ ਮਾਰਚ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਦੂਜੇ ਪਾਸੇ ਸੱਚਖੰਡ ਦੇ ਚਰਨਾਂ ਵਿਚ ਇਕ ਅਜਿਹਾ ਸੂਰਬੀਰ ਯੋਧਾ ਤੇ ਸੂਰਮਾ ਦੋ ਹੱਥ ਕਰਨ ਲਈ ਮੁਕਾਬਲੇ ਵਾਸਤੇ ਤਿਆਰ ਬੈਠਾ ਸੀ ਜਿਸ ਨੂੰ ਦਰਦਮੰਦਾਂ ਦੇ ਇਕ ਦਰਦੀ ਤੇ ਮਹਾਨ ਮੁਸਲਿਮ ਸ਼ਾਇਰ ਅਫਜ਼ਲ ਅਹਿਸਨ ਰੰਧਾਵਾ ਨੇ ਦਰਬਾਰ ਸਾਹਿਬ ਦੇ ਸਾਕੇ ਬਾਰੇ ਲਿਖੀ ਆਪਣੀ ਮਸ਼ਹੂਰ ਤੇ ਇਤਿਹਾਸ ਨੂੰ ਰੌਸ਼ਨ ਕਰਨ ਵਾਲੀ ਦਰਦਨਾਕ ਕਵਿਤਾ ਵਿਚ 'ਜਰਨੈਲਾਂ ਦਾ ਜਰਨੈਲ' ਕਿਹਾ ਸੀ। ਇਸੇ ਕਵਿਤਾ ਵਿਚ ਖਾਲਸਾ ਪੰਥ ਨਾਲ ਆਪਣਾ ਦੁਖ ਸਾਂਝਾ ਕਰਦਿਆਂ ਅਤੇ ਕਿਸੇ ਡੂੰਘੀ ਅਪਣੱਤ ਤੇ ਸਾਂਝ ਦੇ ਜਜ਼ਬੇ ਵਿਚ ਰੰਧਾਵਾ ਨੇ ਢੱਠੇ ਅਕਾਲ ਤਖਤ ਨੂੰ 'ਆਪਣਾ ਅਕਾਲ ਤਖਤ' ਕਹਿ ਕੇ ਹੰਝੂ ਵਹਾਏ ਸਨ।

ਜਿਸ ਥਾਂ 'ਤੇ ਜਰਨੈਲਾਂ ਦਾ ਜਰਨੈਲ ਆਪਣੇ ਅਤਿ ਪਿਆਰੇ ਤੇ ਹੋਣਹਾਰ ਜਰਨੈਲ, ਜਨਰਲ ਸ਼ੁਬੇਗ ਸਿੰਘ ਨਾਲ ਬੈਠਾ ਸੀ, ਇਹ ਉਹੀ ਪਵਿੱਤਰ ਥਾਂ ਸੀ ਜਿੱਥੇ ਪਿਛਲੀ ਤੋਂ ਪਿਛਲੀ ਅਤੇ ਫਿਰ ਉਸ ਤੋਂ ਪਿਛਲੀ ਸਦੀ ਵਿਚ ਭਾਈ ਗੁਰਬ ਸਿੰਘ ਤੇ ਸਾਥੀ ਦਰਬਾਰ ਸਾਹਿਬ ਦੀ ਰਾਖੀ ਲਈ ਅਬਦਾਲੀ ਦੇ ਲਸ਼ਕਰਾਂ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋਏ ਸਨ। ਇੰਜ ਇਤਿਹਾਸ ਇਕ ਵਾਰ ਮੁੜ ਆਪਣੇ ਆਪ ਨੂੰ ਦੁਹਰਾ ਰਿਹਾ ਸੀ, ਪਰ ਇਕ ਨਵੇਂ, ਨਿਵੇਕਲੇ ਅਤੇ ਅਨੋਖੇ ਅੰਦਾਜ਼ ਵਿਚ। ਇਕ ਵਾਰ ਮੁੜ ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਅਤੇ ਚੱਪੜਚਿੜੀ ਦੀ ਜੰਗ ਦੇ ਨਜ਼ਾਰੇ ਮੁਕਾਬਲੇ ਲਈ ਤਿਆਰ ਬੈਠੇ ਸਿੰਘ ਸੂਰਮਿਆਂ ਦੀਆਂ ਯਾਦਾਂ ਵਿਚ ਉਤਰ ਆਏ ਸਨ। ਇਤਿਹਾਸ ਦੀ ਇਕ ਅਸਲੋਂ ਹੀ ਨਵੀਂ ਹੈਰਾਨਕੁਨ ਅਤੇ ਅਸਾਵੀਂ ਜੰਗ ਲਈ ਮੈਦਾਨ ਤਿਆਰ ਸੀ ਜਿੱਥੇ ਤੋਪਾਂ, ਟੈਂਕਾਂ ਤੇ ਆਧੁਨਿਕ ਹਥਿਆਰਾਂ ਨਾਲ ਲੈਸ ਇਕ ਲੱਖ ਫੌਜ ਦਾ ਮੁਕਾਬਲਾ ਉਂਗਲਾਂ 'ਤੇ ਗਿਣੇ ਜਾਣ ਵਾਲੇ ਸਿੰਘਾਂ ਨੇ ਕਰਨਾ ਸੀ ਅਤੇ ਇੰਜ ਦੁਨੀਆਂ ਦੇ ਇਤਿਹਾਸ ਵਿਚ ਬਹਾਦਰੀ ਦਾ ਇਕ ਨਵਾਂ ਕਾਂਡ ਸ਼ਾਮਲ ਹੋਣਾ ਸੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਏਸ਼ੀਆ ਦੇ ਇਤਿਹਾਸ ਨੇ ਜਿਹੜਾ ਮੋੜ ਕੱਟਣਾ ਸੀ, ਉਸ ਮੋੜ ਦਾ ਫੈਸਲਾ ਕਰਨ ਦੀ ਥਾਂ ਰੱਬ ਦੇ ਘਰ ਦਰਬਾਰ ਸਾਹਿਬ ਵਿਚ ਇਕਾਗਰ ਹੋ ਗਈ ਸੀ ਅਤੇ ਜੇ ਜੰਗ ਇਕ ਕਵਿਤਾ ਵੀ ਹੁੰਦੀ ਹੈ ਅਤੇ ਇਹ ਸ਼ਮਸ਼ੀਰਾਂ ਦਾ ਵਜਦ ਹੁੰਦੀ ਹੈ ਤਾਂ ਫਿਰ ਇਤਿਹਾਸਕਾਰ ਕਿਸੇ ਦਰਦਨਾਕ ਕਵਿਤਾ ਦੀ ਉਡੀਕ ਕਰ ਰਹੇ ਸਨ।

ਕਿਵੇਂ ਸਮਝਿਆ ਜਾਵੇ ਸੰਤ ਜੀ ਨੂੰ? ਉਸ ਦੀ ਸ਼ਖਸੀਅਤ ਨੂੰ ਸਮਝਣ ਲਈ ਸਾਨੂੰ ਬਹੁਤ ਡੂੰਘਾ ਉਤਰਨਾ ਪੈਣਾ ਹੈ। ਇਸ ਮਹਾਨ ਹਸਤੀ ਦਾ ਦਰਦ ਅਜੇ ਵਿਵੇਕ-ਸੁਰ ਵਿਚ ਪੇਸ਼ ਨਹੀਂ ਹੋ ਸਕਿਆ। ਗਿਆਨ ਤੇ ਧਿਆਨ ਦੀਆਂ ਉਹ ਬਿਰਤੀਆਂ ਅਜੇ ਤੱਕ ਵੀ ਨਹੀਂ ਜਾਗੀਆਂ ਜਿਨ੍ਹਾਂ ਨੇ ਖਾਲਸਾ ਪੰਥ ਦੇ ਇਸ ਅਨਮੋਲ ਹੀਰੇ ਦਾ ਮੁੱਲ ਪਾਉਣਾ ਹੈ। ਸਾਨੂੰ ਇਹ ਗੱਲ ਕਦੇ ਵੀ ਭੁੱਲਣੀ ਨਹੀਂ ਚਾਹੀਦੀ ਕਿ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਉਤੇ ਅਤੇ ਉਨ੍ਹਾਂ ਦੇ ਇਰਦ-ਗਿਰਦ ਸਿਆਸੀ ਕੂੜ ਦੀ ਵੱਡੀ ਚਾਦਰ ਤਣੀ ਹੋਈ ਹੈ।

ਮੀਡੀਆ, ਸਰਕਾਰਾਂ ਅਤੇ ਅਖੌਤੀ ਕਿਸਮ ਦੇ ਵਿਦਵਾਨ ਜਦੋਂ ਕਦੇ ਵੀ ਆਪਣੀਆਂ ਲਿਖਤਾਂ ਵਿਚ ਸੰਤ ਜਰਨੈਲ ਸਿੰਘ ਦਾ ਜ਼ਿਕਰ ਕਰਦੇ ਹਨ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਜਿਵੇਂ ਉਹ ਇਤਿਹਾਸ ਦੇ ਸਭ ਤੋਂ ਵੱਡੇ ਖਲਨਾਇਕ ਹੋਣ। ਬਹੁਤ ਸਾਰੀਆਂ ਅਖਬਾਰਾਂ ਤਾਂ ਉਨ੍ਹਾਂ ਦੇ ਨਾਲ 'ਸੰਤ' ਸ਼ਬਦ ਲਾਉਣ ਤੋਂ ਵੀ ਗੁਰੇਜ਼ ਕਰਦੀਆਂ ਹਨ। ਭਾਵੇਂ ਅਕਾਲ ਤਖਤ ਵੱਲੋਂ ਉਨ੍ਹਾਂ ਨੂੰ ਸ਼ਹੀਦ ਦਾ ਰੁਤਬਾ ਬਖਸ਼ਿਆ ਗਿਆ ਹੈ, ਪਰ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਸੰਤ ਜਰਨੈਲ ਸਿੰਘ ਦੇ ਇਤਿਹਾਸਕ ਰੋਲ ਅਤੇ ਪ੍ਰਾਪਤੀਆਂ ਬਾਰੇ ਦੋ ਸ਼ਬਦ ਵੀ ਕਦੇ ਨਹੀਂ ਕਹੇ। ਇੱਥੋਂ ਤੱਕ ਕਿ ਸੰਤ ਜਰਨੈਲ ਸਿੰਘ ਜਿਸ ਟਕਸਾਲ ਦੇ ਮੁਖੀ ਰਹੇ, ਉਨ੍ਹਾਂ ਬਾਰੇ ਇਸ ਸੰਸਥਾ ਨੇ ਇਸ ਮਹਾਂਪੁਰਸ਼ ਦੇ ਵੱਖ ਵੱਖ ਪੱਖਾਂ ਬਾਰੇ ਜਾਣੂ ਕਰਾਉਣ ਲਈ ਨਾ ਕਦੇ ਵਿਦਵਾਨਾਂ ਨੂੰ ਸੱਦਾ ਦਿੱਤਾ ਅਤੇ ਨਾ ਹੀ ਉਨ੍ਹਾਂ ਦੀ ਜੀਵਨੀ ਲਿਖਾਈ।

ਸਾਰੀ ਦੁਨੀਆਂ ਜਾਣਦੀ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਸਭਾ ਵਿਚ ਸੰਤ ਜਰਨੈਲ ਸਿੰਘ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਉਹ ਕਾਂਗਰਸ ਦਾ ਬੰਦਾ ਸੀ। ਪਰ ਟਕਸਾਲ ਨੇ ਚੁੱਪ ਧਾਰੀ ਰੱਖੀ। ਹਾਂ, ਉਸੇ ਟਕਸਾਲ ਨੇ ਜਿਸ ਦੇ ਕਦੇ ਸੰਤ ਜਰਨੈਲ ਸਿੰਘ ਮੁਖੀ ਰਹੇ ਸਨ। ਬਾਅਦ ਵਿਚ ਇਹੀ ਟਕਸਾਲ ਕਦੇ ਪ੍ਰਕਾਸ਼ ਸਿੰਘ ਬਾਦਲ ਲਈ, ਕਦੇ ਉਸ ਦੇ ਪੁੱਤਰ ਸੁਖਬੀਰ ਬਾਦਲ ਲਈ ਅਤੇ ਕਦੇ ਉਸ ਦੀ ਨੂੰਹ ਹਰਸਿਮਰਤ ਲਈ ਜ਼ਿੰਦਗੀ ਵਿਚ ਉਨ੍ਹਾਂ ਦੀ ਕਾਮਯਾਬੀ ਲਈ ਅਰਦਾਸਾਂ ਕਰਦੀ ਰਹੀ। ਜਿਨ੍ਹਾਂ ਵੀਰਾਂ ਨੇ ਹਿੰਮਤ ਕਰਕੇ ਉਨ੍ਹਾਂ ਦੀ ਜੀਵਨੀ ਲਿਖੀ ਵੀ, ਉਨ੍ਹਾਂ ਨੂੰ ਸ਼ਾਇਦ ਹੀ ਕਦੇ ਸਨਮਾਨਿਤ ਕੀਤਾ ਗਿਆ ਹੋਵੇ। ਸੰਤ ਜੀ ਦੀ ਸ਼ਹੀਦੀ ਨੂੰ 33 ਸਾਲ ਬੀਤਣ ਲੱਗੇ ਹਨ ਅਤੇ ਹੁਣ ਤੱਕ ਉਨ੍ਹਾਂ ਦੇ ਜੀਵਨ ਦੇ ਵੱਖ ਵੱਖ ਪੱਖਾਂ ਬਾਰੇ ਦਰਜਨਾਂ ਕਿਤਾਬਾਂ ਲਿਖੀਆਂ ਜਾ ਸਕਦੀਆਂ ਸਨ। ਟਕਸਾਲ ਦੇ ਕਿੰਨੇ ਹਿੱਸੇ ਹੋ ਗਏ ਹਨ ਪਰ ਦਮਦਮੀ ਟਕਸਾਲ ਤੋਂ ਵੱਖਰੀਆਂ ਹੋਣ ਵਾਲੀਆਂ ਟਕਸਾਲਾਂ ਨੇ ਵੀ ਸ਼ਾਇਦ ਹੀ ਵਿਦਵਾਨਾਂ ਤੇ ਇਤਿਹਾਸਕਾਰਾਂ ਦੀਆਂ ਸੇਵਾਵਾਂ ਹਾਸਲ ਕੀਤੀਆਂ ਹੋਣ। ਇਕ ਜਿਉਂਦਾ ਜਾਗਦਾ ਇਤਿਹਾਸ ਸਾਡੀਆਂ ਅੱਖਾਂ ਸਾਹਮਣੇ ਸਾਕਾਰ ਰੂਪ ਵਿਚ ਨਜ਼ਰ ਆ ਰਿਹਾ ਹੈ ਪਰ ਇਸੇ ਇਤਿਹਾਸ ਨੇ ਥੋੜ੍ਹੇ ਸਮੇਂ ਪਿੱਛੋਂ ਅਲੋਪ ਹੋ ਜਾਣਾ ਹੈ, ਲੇਕਿਨ ਅਸੀਂ ਇਨ੍ਹਾਂ ਯਾਦਾਂ ਨੂੰ ਵੱਡੀਆਂ ਪੁਸਤਕਾਂ ਦੇ ਰੂਪ ਵਿਚ ਨਹੀਂ ਛਾਪ ਸਕੇ। ਇਹ ਬੇਪ੍ਰਵਾਹੀ ਹੈ ਜਾਂ ਲਾਪ੍ਰਵਾਹੀ? ਕਿਸ 'ਤੇ ਇਲਜ਼ਾਮ ਲਾਇਆ ਜਾਵੇ?

ਬੇਗਾਨਿਆਂ ਅਤੇ ਦੁਸ਼ਮਣਾਂ ਨੇ ਤਾਂ ਸੰਤ ਜੀ ਦੀ ਹਸਤੀ ਨੂੰ ਵਿਗਾੜ ਕੇ ਪੇਸ਼ ਕੀਤਾ ਹੀ ਕੀਤਾ ਹੈ ਤੇ ਕਰ ਵੀ ਰਹੇ ਹਨ ਪਰ ਜਿਨ੍ਹਾਂ ਨੂੰ ਅਸੀਂ ਕਦੇ ਭੁੱਲ-ਭੁਲੇਖੇ ਆਪਣੇ ਆਖ ਬਹਿੰਦੇ ਹਾਂ, ਉਨ੍ਹਾਂ ਵਿਚ ਵੀ ਤਾਂ ਉਹ ਸਮਰੱਥਾ, ਯੋਗਤਾ ਅਤੇ ਦੀਵਾਨਗੀ ਨਹੀਂ ਜੋ ਸੰਤ ਜਰਨੈਲ ਸਿੰਘ 'ਤੇ ਪਈ ਧੁੰਦ ਨੂੰ ਲਾਂਭੇ ਕਰਕੇ ਇਸ ਮਹਾਨ ਸ਼ਖਸੀਅਤ ਦੇ ਰੋਲ ਤੇ ਉਸ ਦੇ ਨਿਰਮਲ ਸਰੂਪ 'ਤੇ ਡੂੰਘੀ ਝਾਤ ਪੁਆ ਸਕਦੇ।


ਅੱਜ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਇਸ ਮਹਾਨ ਨਾਇਕ ਬਾਰੇ ਅਸਲ ਗੱਲ ਜਾਣਨਾ ਚਾਹੁੰਦੇ ਹਨ। ਪਰ ਉਨ੍ਹਾਂ ਨੂੰ ਉਹੋ ਕੁਝ ਪਰੋਸਿਆ ਜਾ ਰਿਹਾ ਹੈ, ਜੋ ਸਾਡੇ ਦੁਸ਼ਮਣ ਚਾਹੁੰਦੇ ਹਨ। ਇਸ ਦੇ ਬਾਵਜੂਦ ਫੈਸ਼ਨ ਵਾਂਗ ਨੌਜਵਾਨ ਮੁੰਡੇ-ਕੁੜੀਆਂ ਉਨ੍ਹਾਂ ਦੇ ਨਾਂ ਦੀਆਂ ਕਮੀਜ਼ਾਂ ਪਾਉਂਦੇ ਹਨ, ਕਾਰਾਂ ਤੇ ਸਕੂਟਰਾਂ 'ਤੇ ਉਨ੍ਹਾਂ ਦੇ ਨਾਂ ਦੇ ਸਟਿਕਰ ਲਾਉਂਦੇ ਹਨ, ਫੇਸਬੁਕ 'ਤੇ ਉਨ੍ਹਾਂ ਦੀਆਂ ਤਸਵੀਰਾਂ ਪੋਸਟ ਕਰਦੇ ਹਨ, ਘਰਾਂ ਵਿਚ ਉਨ੍ਹਾਂ ਦੀਆਂ ਤਸਵੀਰਾਂ ਫਰੇਮ ਕਰਾ ਕੇ ਕੰਧਾਂ 'ਤੇ ਸਜਾਉਂਦੇ ਹਨ। ਪਰ ਉਹ ਕਿਉਂ ਸ਼ਹੀਦ ਹੋਏ? ਉਨ੍ਹਾਂ ਦੇ ਧੁਰ ਅੰਦਰ ਕੌਮ ਦਾ ਦਰਦ ਕਿਹੋ ਜਿਹਾ ਸੀ? ਕਿਹੜੇ ਲੋਕਾਂ ਨੇ ਉਨ੍ਹਾਂ ਦਾ ਵਿਰੋਧ ਕੀਤਾ ਤੇ ਉਹੋ ਹੀ ਫਿਰ ਕਿਉਂ ਅਤੇ ਕਿਵੇਂ ਹਕੂਮਤਾਂ ਦੇ ਮਾਲਕ ਬਣ ਬੈਠੇ? ਕਿਹੜੀ ਥਾਂ 'ਤੇ ਅਸੀਂ ਮਾਰ ਖਾ ਗਏ? ਹੁਣ ਕੀ ਕੀਤਾ ਜਾਵੇ? ਕੌਮਾਂਤਰੀ ਪੱਧਰ 'ਤੇ ਆਪਣੇ ਦੁਖ ਨੂੰ ਬੌਧਿਕ ਰੂਪ ਕਿਵੇਂ ਦਈਏ? ਕਿਹੜੇ ਲੋਕਾਂ ਦੀ ਪੰਥਕ ਏਕਤਾ ਹੋਵੇ? ਲਹਿਰ ਦੇ ਜਜ਼ਬਾਤੀ ਰੂਪ ਨੂੰ ਬੌਧਿਕ ਰੂਪ ਅਰਥਾਤ ਵਿਚਾਰਧਾਰਕ ਰੂਪ ਨਾਲ ਕਿਵੇਂ ਜੋੜਿਆ ਜਾਵੇ? ਜਿਹੜਾ 'ਜ਼ਖਮ' ਸਾਨੂੰ ਭਾਰਤੀ ਸਟੇਟ ਨੇ ਦਿੱਤਾ, ਉਸ ਨੂੰ 'ਸੂਰਜ' ਕਿਵੇਂ ਬਣਾਇਆ ਜਾਵੇ ਤਾਂ ਜੋ ਅਸੀਂ ਇਸ ਦੀ ਰੌਸ਼ਨੀ 'ਚ ਅਗਲੇ ਰਾਹਾਂ ਦੀ ਸਿਰਜਣਾ ਕਰ ਸਕੀਏ।

ਸੰਤ ਜਰਨੈਲ ਸਿੰਘ ਵਰਤਾਰੇ ਦੀ ਸਹੀ ਵਿਆਖਿਆ ਲਈ ਸਾਨੂੰ ਤਰਕ ਅਤੇ ਅਨੁਭਵ ਦੇ ਨਵੇਂ ਮਾਡਲਾਂ ਦੀ ਤਲਾਸ਼ ਕਰਨੀ ਪਵੇਗੀ। ਜਿਸ ਦਾਇਰੇ ਵਿਚ ਖਲੋ ਕੇ ਉਹ ਬੋਲ ਰਿਹਾ ਸੀ ਉਸ ਦਾ ਇਕ ਵਿਸ਼ੇਸ਼ ਮੁਹਾਵਰਾ ਸੀ ਅਤੇ ਇਸ ਮੁਹਾਵਰੇ ਦੀ ਸਮਝ ਨਾਲ ਹੀ ਅਸੀਂ ਮੌਜੂਦਾ ਹਾਲਾਤ ਦੇ ਬਹੁਤ ਸਾਰੇ ਪਹਿਲੂਆਂ ਦਾ ਮੂੰਹ ਮੱਥਾ ਨਿਖਾਰ ਸਕਾਂਗੇ। ਉਸ ਦੀ ਸ਼ਹਾਦਤ ਤੋਂ ਪਿੱਛੋਂ ਚੀਜ਼ਾਂ, ਬੰਦੇ, ਰਿਸ਼ਤੇ ਤੇ ਜੀਵਨ ਦੀਆਂ ਕਦਰਾਂ ਕੀਮਤਾਂ ਬਦਲ ਚੁਕੀਆਂ ਸਨ। ਪਰ ਕਿਹੋ ਜਿਹੀ ਸੀ ਇਹ ਤਬਦੀਲੀ? ਭਾਰਤੀ ਰਾਜ ਪ੍ਰਬੰਧ ਦੀਆਂ ਮੌਜੂਦਾ ਪ੍ਰਣਾਲੀਆਂ ਦੀਆਂ ਬੇਰਹਿਮ ਪਰਤਾਂ ਨਾਲ ਬਹੁਪੱਖੀ ਸੰਘਰਸ਼ ਕਰਕੇ ਹੀ ਸਿੱਖ ਮਨਾਂ ਵਿਚ ਆਈ ਇਸ ਮਹਾਂਤਬਦੀਲੀ ਕੇ ਨਕਸ਼ ਵੇਖ ਸਕਾਂਗੇ।

ਸੰਤ ਜਰਨੈਲ ਸਿੰਘ ਨੇ ਸਿੱਖੀ ਦੇ ਮੌਲਿਕ ਸਰੂਪ ਤੇ ਖਾਲਸ ਸਰੂਪ ਨੂੰ ਜਗਾਇਆ ਅਤੇ ਖੁਦ ਚਸ਼ਮਦੀਦ ਗਵਾਹ ਬਣ ਕੇ ਇਸ ਨੂੰ ਆਪਣੇ ਅਮਲਾਂ ਨਾਲ ਸਾਕਾਰ ਕੀਤਾ। ਉਸ ਨੇ ਰਾਜਨੀਤੀ ਦੀ ਨਵੀਂ ਵਿਆਕਰਣ ਸਿਰਜੀ, ਜਿਸ ਦੇ ਰੂਹਾਨੀ ਅਤੇ ਦੁਨਿਆਵੀ ਨਕਸ਼ ਅਜੇ ਵਿਦਵਾਨਾਂ ਨੇ ਸਾਡੇ ਸਾਹਮਣੇ ਲਿਆਉਣੇ ਹਨ। ਇਹ ਅੱਜ ਦੇ ਨੌਜਵਾਨਾਂ ਲਈ ਸਭ ਤੋਂ ਵੱਡੀ ਚੁਣੌਤੀ ਹੈ। ਉਸ ਨੇ ਭਾਰਤੀ ਸਟੇਟ ਨੂੰ ਇਹ ਅਹਿਸਾਸ ਵੀ ਕਰਵਾ ਦਿੱਤਾ ਕਿ ਸਿੱਖ ਬੇਚੈਨ ਹੈ, ਬਾਗੀ ਹੈ ਅਤੇ ਉਹ ਆਪਣੇ ਹੱਕ ਲਈ ਲੜੇਗਾ, ਵਾਰ ਵਾਰ ਲੜੇਗਾ ਅਤੇ ਆਖਰੀ ਸਮੇਂ ਤੱਕ ਲੜੇਗਾ। 20ਵੀਂ ਸਦੀ ਵਿਚ ਉਸ ਨੇ ਆਪਣੀ ਕੌਮ ਨੂੰ ਇਕ ਹੋਰ ਚਮਤਕਾਰ ਦੇ ਵੀ ਦਰਸ਼ਨ ਕਰਵਾਏ; ਇਕ ਸੰਤ ਦਾ ਸਿਪਾਹੀ ਰੂਪ ਪ੍ਰਤੱਖ ਕੀਤਾ ਤੇ ਇੰਜ ਸੰਤ ਦੀ ਖਾਲਸਾਈ ਪਰਿਭਾਸ਼ਾ ਦੇ ਝੰਡੇ ਪੰਜਾਬ ਦੀ ਸਰਜ਼ਮੀਨ 'ਤੇ ਗੱਡ ਦਿੱਤੇ। ਹੁਣ ਇਹ ਕੰਮ ਆਉਣ ਵਾਲੀ ਪਨੀਰੀ ਦਾ ਹੈ, ਜੋ ਸੰਤ ਜਰਨੈਲ ਸਿੰਘ ਵਿਚਲੇ ਦਿਸਦੇ ਅਤੇ ਅਣਦਿਸਦੇ ਪੱਖਾਂ ਨੂੰ ਕੌਮ ਸਾਹਮਣੇ ਪੇਸ਼ ਕਰੇ, ਕਿਉਂਕਿ ਉਹ ਸਿੱਖਾਂ ਦੀ ਧਾਰਮਿਕ, ਇਤਿਹਾਸਕ ਅਤੇ ਰਾਜਸੀ ਸ਼ਾਨ ਅਤੇ ਸਵੈਮਾਣ ਦੀ ਮੁੜ ਬਹਾਲੀ ਦਾ ਇਤਿਹਾਸਕ ਪ੍ਰਤੀਕ ਸੀ।

# ਦਹਿਸ਼ਤਗਰਦੀ: ਬੰਦਾ ਆਖਰ ਬੰਦਾ ਕਦੋਂ ਬਣੂ?

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਦਹਿਸ਼ਤਗਰਦੀ ਨਾਲ ਸਿੱਧੀ ਲੜਾਈ ਲੜਨ ਦੇ ਸਰਕਾਰਾਂ ਦੇ ਮੁਖੀਆਂ ਦੇ ਵਾਰ-ਵਾਰ ਕੀਤੇ ਜਾਂਦੇ ਐਲਾਨਾਂ ਦੇ ਬਾਵਜੂਦ ਇਸ ਵਰਤਾਰੇ ਨੂੰ ਠੱਲ੍ਹ ਨਹੀਂ ਪੈ ਰਹੀ। ਸਰਕਾਰੀ ਤੰਤਰ ਦੀ ਸਾਰੀ ਚੌਕਸੀ ਧਰੀ-ਧਰਾਈ ਰਹਿ ਜਾਂਦੀ ਹੈ ਤੇ ਉਹ ਹਰ ਵਾਰੀ ਕਿਸੇ ਨਵੇਂ ਟਿਕਾਣੇ ਨੂੰ ਨਿਸ਼ਾਨਾ ਬਣਾ ਕੇ ਆਮ ਲੋਕਾਂ ਦਾ ਖੂਨ ਵਗਾਉਣ ਦੇ ਬਾਅਦ ਕਦੀ ਬਚ ਕੇ ਨਿਕਲ ਜਾਂਦੇ ਹਨ ਤੇ ਕਦੇ ਓਸੇ ਥਾਂ ਮਾਰ ਦਿੱਤੇ ਜਾਂਦੇ ਹਨ। ਬਿਨਾ ਸ਼ੱਕ ਉਹ ਖੁਦ ਮਾਰੇ ਜਾਣ, ਜਿਹੜੇ ਬੇਦੋਸ਼ੇ ਲੋਕਾਂ ਨੂੰ ਉਹ ਮਰਨ ਤੋਂ ਪਹਿਲਾਂ ਮੌਤ ਦੀ ਝੋਲੀ ਪਾ ਦਿੰਦੇ ਹਨ, ਉਨ੍ਹਾਂ ਲਈ ਕਾਤਲਾਂ ਦਾ ਮਰਨਾ ਜਾਂ ਨਾ ਮਰਨਾ ਕੋਈ ਅਰਥ ਨਹੀਂ ਰੱਖਦਾ। ਪੰਜਾਬੀ ਦੇ ਪ੍ਰਸਿੱਧ ਮੁਹਾਵਰੇ 'ਆਪ ਮਰੇ ਜੱਗ ਪਰਲੋ' ਵਾਲੀ ਕਹਾਣੀ ਹੁੰਦੀ ਹੈ। ਮ੍ਰਿਤਕ ਕਦੀ ਆਪਣੇ ਕਾਤਲ ਦਾ ਹਸ਼ਰ ਵੇਖਣ ਨਹੀਂ ਆਉਣੇ ਹੁੰਦੇ। ਇਹ ਸਰਕਾਰਾਂ ਦਾ ਕੰਮ ਹੁੰਦਾ ਹੈ ਕਿ ਉਹ ਕਿਸੇ ਕਾਤਲ ਨੂੰ ਮਾਰ ਦੇਣ ਜਾਂ ਮਰੇ ਹੋਏ ਦੀਆਂ ਫੋਟੋ ਪੇਸ਼ ਕਰ ਕੇ ਸਿਹਰਾ ਲੈ ਲੈਣ। ਇਹ ਰਾਜਨੀਤੀ ਦੀ ਲੋੜ ਦਾ ਰੋਗ ਹੈ।

ਤਾਜ਼ਾ ਰਿਪੋਰਟਾਂ ਇਹ ਹਨ ਕਿ ਜਿਹੜੇ ਆਈ.ਐਸ.ਆਈ.ਐਸ. ਵਾਲਿਆਂ ਨੇ ਪਿਛਲੇ ਕੁਝ ਸਾਲਾਂ ਤੋਂ ਇਰਾਕ ਅਤੇ ਸੀਰੀਆ ਵਿਚ ਆਪਣਾ ਅੱਡਾ ਜਮਾ ਕੇ ਸਾਰੀ ਦੁਨੀਆਂ 'ਚ ਦਹਿਸ਼ਤ ਪਾਈ ਹੋਈ ਸੀ, ਉਨ੍ਹਾਂ ਦੇ ਪੈਰ ਜਦੋਂ ਉਖੜੇ ਜਾਪਣ ਲੱਗੇ ਤਾਂ ਹਾਰ ਮੰਨਣ ਦੀ ਨੌਬਤ ਨਹੀਂ ਆਈ, ਸਗੋਂ ਨਵਾਂ ਖਤਰਾ ਬਣ ਗਿਆ ਹੈ। ਉਹ ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚ ਵੀ ਇੱਕੋ ਵੇਲੇ ਜਾ ਸਰਗਰਮ ਹੋਏ ਤੇ ਫਿਲੀਪੀਨ ਵਿਚ ਵੀ ਉਨ੍ਹਾਂ ਦੀ ਹੋਂਦ ਮਹਿਸੂਸ ਕੀਤੀ ਜਾਣ ਲੱਗ ਪਈ ਹੈ। ਫਿਲੀਪੀਨ ਵਿਚ ਕਿਸੇ ਸਮੇਂ ਖੱਬੇ ਪੱਖੀ ਰੰਗ ਦੇ ਗਰੁਪਾਂ ਤੇ ਸਰਕਾਰ ਦੀਆਂ ਫੋਰਸਾਂ ਦੀ ਟੱਕਰ ਹੋਇਆ ਕਰਦੀ ਸੀ, ਹੁਣ ਉਥੇ ਆਈ. ਐਸ. ਆਈ. ਐਸ. ਵੱਲੋਂ ਸਰਕਾਰੀ ਫੌਜਾਂ ਨਾਲ ਭੇੜ ਭਿੜਿਆ ਜਾਂਦਾ ਹੈ। ਪਾਕਿਸਤਾਨ ਤੇ ਅਫਗਾਨਿਸਤਾਨ ਦੀ ਸਥਿਤੀ ਉਸ ਤੋਂ ਵੱਖਰੀ ਹੈ। ਫਿਲੀਪੀਨ ਵਿਚ ਉਨ੍ਹਾਂ ਦਾ ਅਤੇ ਫੌਜ ਦਾ ਭੇੜ ਹੈ, ਪਰ ਪਾਕਿਸਤਾਨ ਤੇ ਅਫਗਾਨਿਸਤਾਨ ਵਿਚਲੇ ਪਹਿਲੇ ਸਰਗਰਮ ਤਾਲਿਬਾਨ ਧੜੇ ਵੀ ਇਹ ਮੰਨ ਕੇ ਉਨ੍ਹਾਂ ਨਾਲ ਭਿੜਨ ਲੱਗੇ ਹਨ ਕਿ ਨਵਿਆਂ ਦੇ ਆਉਣ ਨਾਲ ਸਾਡਾ ਹੁਣ ਤੱਕ ਦਾ ਦਬਦਬਾ ਖਤਰੇ ਵਿਚ ਪੈ ਸਕਦਾ ਹੈ। ਜੰਮੂ-ਕਸ਼ਮੀਰ ਵਿਚ ਕਈ ਵਾਰ ਇਹ ਗੱਲ ਸਾਹਮਣੇ ਆਈ ਹੈ ਕਿ ਇੱਕ ਅਤਿਵਾਦੀ ਧੜਾ ਕੋਈ ਵਾਰਦਾਤ ਕਰੇ ਤਾਂ ਦੂਜਾ ਆਪਣੇ ਆਪ ਨੂੰ ਪਹਿਲੇ ਧੜੇ ਨਾਲੋਂ ਤਕੜਾ ਦੱਸਣ ਲਈ ਕਿਸੇ ਥਾਂ ਉਸ ਤੋਂ ਵੱਡੀ ਖੁਰਾਫਾਤ ਕਰ ਦਿੰਦਾ ਹੈ। ਦੋਵਾਂ ਧੜਿਆਂ ਦੀਆਂ ਵਾਰਦਾਤਾਂ ਵਿਚ ਆਮ ਲੋਕ ਮਾਰੇ ਜਾਂਦੇ ਹਨ ਤੇ ਜਿਹੜੀਆਂ ਸਰਕਾਰੀ ਫੋਰਸਾਂ ਇਹ ਸਮਝ ਬੈਠਦੀਆਂ ਹਨ ਕਿ ਇਨ੍ਹਾਂ ਦੋਵਾਂ ਧੜਿਆਂ ਦੇ ਇਸ ਆਪਸੀ ਭੇੜ ਵਿਚ ਉਲਝਣ ਨਾਲ ਇਨ੍ਹਾਂ ਦਾ ਸਾਡੇ ਤੋਂ ਧਿਆਨ ਹਟ ਜਾਵੇਗਾ, ਅਚਾਨਕ ਉਹ ਅਤਿਵਾਦੀਆਂ ਦਾ ਹੋਰ ਵੀ ਵੱਡਾ ਖਤਰਾ ਸਾਹਮਣੇ ਖੜਾ ਵੇਖਦੀਆਂ ਹਨ। ਇਰਾਕ ਤੋਂ ਨਿਕਲ ਕੇ ਅਫਗਾਨਿਸਤਾਨ ਤੇ ਪਾਕਿਸਤਾਨ ਵਿਚ ਆਏ ਆਈ. ਐਸ. ਆਈ. ਐਸ. ਵਾਲਿਆਂ ਨਾਲ ਪੁਰਾਣੇ ਵੱਖ-ਵੱਖ ਧੜਿਆਂ ਦੀ ਟੱਕਰ ਹੁਣ ਖੈਬਰ ਪਖਤੂਨਖਵਾ ਤੋਂ ਲੈ ਕੇ ਪਾਕਿਸਤਾਨ ਦੇ ਪੰਜਾਬ ਸੂਬੇ ਤੱਕ ਕਹਿਰ ਮਚਾਈ ਜਾ ਰਹੀ ਹੈ।

ਸਥਿਤੀ ਦਾ ਦੂਜਾ ਪਾਸਾ ਇਹ ਹੈ ਕਿ ਜਿਹੜੇ ਆਮ ਲੋਕ ਇਹ ਨਹੀਂ ਜਾਣਦੇ ਕਿ ਕਦੋਂ ਦਹਿਸ਼ਤਗਰਦ ਕਿਸ ਥਾਂ ਆ ਕੇ ਕਿੰਨੇ ਲੋਕਾਂ ਨੂੰ ਮਾਰ ਦੇਣਗੇ, ਉਹ ਸਿਰਫ ਦਹਿਸ਼ਤਗਰਦੀ ਦੇ ਕੁਹਾੜੇ ਹੇਠ ਨਹੀਂ, ਤਣਾਓ ਦੇ ਮਾਹੌਲ ਵਿਚ ਕਈ ਹੋਰ ਰੰਗਾਂ ਦੀ ਹਿੰਸਾ ਦੀ ਲਪੇਟ ਵਿਚ ਆਣ ਕੇ ਵੀ ਮਰੀ ਜਾਂਦੇ ਹਨ। ਫਰਾਂਸ ਦੇ ਇੱਕ ਸ਼ਹਿਰ ਵਿਚ ਕ੍ਰਿਸਮਸ ਮਨਾਉਣ ਲਈ ਜਿਹੜੇ ਲੋਕ ਇੱਕ ਵਾਰ ਗਏ ਅਤੇ ਉਥੇ ਇੱਕ ਟਰੱਕ ਵਾਲੇ ਅਤਿਵਾਦੀ ਦੇ ਕਹਿਰ ਦਾ ਸ਼ਿਕਾਰ ਹੋ ਗਏ ਸਨ, ਉਨ੍ਹਾਂ ਨਾਲ ਵਾਪਰੇ ਉਸ ਕਾਂਡ ਤੋਂ ਬਾਅਦ ਲੋਕਾਂ ਨੇ ਰੌਣਕ-ਮੇਲੇ ਵਾਲੀਆਂ ਥਾਂਵਾਂ ਉਤੇ ਜਾਣਾ ਨਹੀਂ ਛੱਡ ਦੇਣਾ ਤੇ ਜਦੋਂ ਉਹ ਕਿਤੇ ਜਾਂਦੇ ਹਨ ਤਾਂ ਕਈ ਵਾਰ ਉਹ ਕੁਝ ਹੁੰਦਾ ਹੈ, ਜਿਹੜਾ ਮੈਨਚੈਸਟਰ ਵਿਚ ਹੋਇਆ ਹੈ। ਫਿਲੀਪੀਨ ਵਿਚ ਹੁਣ ਜਿਹੜਾ ਖੂਨੀ ਕਾਂਡ ਵਾਪਰਿਆ ਹੈ, ਉਸ ਦਾ ਸ਼ਿਕਾਰ ਬਣਨ ਵਾਲੇ ਲੋਕ ਆਪਣੇ ਵੱਲੋਂ ਸੁਰੱਖਿਅਤ ਮਾਹੌਲ ਵਿਚ ਚਾਰ ਘੜੀਆਂ ਗੁਜ਼ਾਰਨ ਗਏ ਸਨ, ਪਰ ਘਰ ਨਹੀਂ ਮੁੜ ਸਕੇ। ਇਹ ਸਾਡੇ ਵਿਚੋਂ ਕਿਸੇ ਨਾਲ ਵੀ ਹੋ ਸਕਦਾ ਹੈ। ਤੁਰਕੀ ਦੇ ਇਸਤਾਂਬੁਲ ਵਿਚ ਨਵੇਂ ਸਾਲ ਮੌਕੇ ਇਹੋ ਕੁਝ ਹੋਵੇ ਤਾਂ ਇਸ ਨੂੰ ਇੱਕ ਖਾਸ ਕਿਸਮ ਦੇ ਮੁਲਕਾਂ ਨਾਲ ਜੋੜ ਕੇ ਵੇਖਿਆ ਤੇ ਪ੍ਰਚਾਰਿਆ ਜਾਂਦਾ ਹੈ, ਪਰ ਬਰਾਕ ਓਬਾਮਾ ਤੇ ਡੋਨਾਲਡ ਟਰੰਪ ਦੇ ਰਾਜ ਵਿਚ ਵੀ ਏਦਾਂ ਹੋ ਜਾਂਦਾ ਹੈ। ਹਰ ਘਟਨਾ ਦਹਿਸ਼ਤਗਰਦੀ ਦੀ ਨਹੀਂ ਹੁੰਦੀ, ਪਰ ਦਹਿਸ਼ਤਗਰਦੀ ਤੋਂ ਬਿਨਾ ਹੋਈ ਘਟਨਾ ਵੀ ਦਹਿਸ਼ਤ ਪਾਉਂਦੀ ਹੈ। ਅਮਰੀਕਾ ਵਿਚ ਜਦੋਂ ਗੈਰ ਗੋਰੇ ਲੋਕਾਂ ਦੇ ਚਰਚ ਉਤੇ ਕਿਸੇ ਨੇ ਮੌਤ ਦਾ ਛੱਟਾ ਦਿੱਤਾ ਸੀ, ਦਹਿਸ਼ਤ ਉਸ ਦੇ ਨਾਲ ਵੀ ਪਈ ਸੀ। ਪੰਜਾਬ ਦੇ ਲੋਕਾਂ ਨੂੰ ਇਹ ਗੱਲ ਕਦੇ ਨਹੀਂ ਭੁੱਲਣੀ ਕਿ ਵਿਸਕਾਨਸਿਨ ਦੇ ਗੁਰਦੁਆਰਾ ਓਕ ਕਰੀਕ ਵਿਚ ਇੱਕ ਨਸਲਵਾਦੀ ਨੇ ਆਣ ਕੇ ਬਿਨਾ ਵਜ੍ਹਾ ਕਹਿਰ ਗੁਜ਼ਾਰਿਆ ਸੀ। ਉਸ ਤੋਂ ਬਾਅਦ ਲੋਕ ਗੁਰਦੁਆਰੇ ਜਾਣਾ ਨਹੀਂ ਛੱਡ ਗਏ।



ਇੱਕ ਤੀਸਰੀ ਘਟਨਾ ਕੁਝ ਸਮਾਂ ਪਹਿਲਾਂ ਇੱਕ ਯੂਰਪੀ ਦੇਸ਼ ਦੇ ਹਵਾਈ ਹਾਦਸੇ ਬਾਰੇ ਹੈ। ਜਦੋਂ ਇਹ ਜਹਾਜ਼ ਹਾਦਸਾ ਵਾਪਰਿਆ ਤਾਂ ਬਾਅਦ ਵਿਚ ਇਹ ਖੁਲਾਸਾ ਹੋਇਆ ਸੀ ਕਿ ਜਹਾਜ਼ ਦਾ ਇੱਕ ਪਾਇਲਟ ਕਈ ਦਿਨਾਂ ਤੋਂ ਏਦਾਂ ਦਾ ਹਾਦਸਾ ਕਰਨ ਦੀ ਤਿਆਰੀ ਕਰਦਾ ਰਿਹਾ ਸੀ। ਭਲਕ ਨੂੰ ਇਸ ਤਰ੍ਹਾਂ ਦਾ ਕੋਈ ਹੋਰ ਪਾਗਲ ਵੀ ਨਿਕਲ ਸਕਦਾ ਹੈ, ਪਰ ਲੋਕ ਇਸ ਡਰੋਂ ਆਪਣੀਆਂ ਲੋੜਾਂ ਲਈ ਜਹਾਜ਼ ਦਾ ਸਫਰ ਕਰਨਾ ਨਹੀਂ ਛੱਡ ਸਕਦੇ।

ਜਦੋਂ ਅਸੀਂ ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਚਰਚਾ ਕਰਦੇ ਹਾਂ ਤਾਂ ਆਖਰੀ ਗੱਲ ਇਹ ਸੁਣਨ ਨੂੰ ਮਿਲਦੀ ਹੈ ਕਿ ਹਰ ਦੇਸ਼ ਵਿਚ ਹਰ ਤਰ੍ਹਾਂ ਦੇ ਸੁਰੱਖਿਆ ਪ੍ਰਬੰਧ ਕਰੜੇ ਕੀਤੇ ਜਾਣੇ ਚਾਹੀਦੇ ਹਨ ਤੇ ਅਤਿਵਾਦੀਆਂ ਨਾਲ ਲੜਾਈ ਵਿਚ ਕੋਈ ਲਿਹਾਜ ਨਹੀਂ ਕਰਨਾ ਚਾਹੀਦਾ। ਜਿਹੜੇ ਪ੍ਰਬੰਧਾਂ ਦੀ ਅਸੀਂ ਆਸ ਕਰਦੇ ਹਾਂ, ਉਹ ਸੁਰੱਖਿਆ ਫੋਰਸਾਂ ਵੱਲੋਂ ਕੀਤੇ ਜਾਣੇ ਹੁੰਦੇ ਹਨ, ਪਰ ਹੁਣ ਕਈ ਲੋਕ ਸੁਰੱਖਿਆ ਫੋਰਸਾਂ ਤੋਂ ਤ੍ਰਹਿਕਣ ਲੱਗੇ ਹਨ। ਅਫਗਾਨਿਸਤਾਨ ਵਿਚ ਜਦੋਂ ਅਮਰੀਕਾ ਦੀ ਫੌਜ ਅਤਿਵਾਦੀ ਤਾਲਿਬਾਨ ਟੋਲਿਆਂ ਨਾਲ ਲੜਨ ਵਾਸਤੇ ਆਈ ਤਾਂ ਇੱਕ ਤੋਂ ਵੱਧ ਵਾਰ ਸਧਾਰਨ ਲੋਕਾਂ ਨੂੰ ਦਹਿਸ਼ਤਗਰਦ ਸਮਝ ਕੇ ਮਾਰ ਦਿੱਤਾ ਸੀ। ਕਹਿੰਦੇ ਸਨ ਕਿ ਅੰਦਾਜ਼ੇ ਦੀ ਗਲਤੀ ਹੋਈ ਹੈ। ਕਿਸੇ ਦੀ ਮੌਤ ਹੋਈ ਸੀ ਤੇ ਜਦੋਂ ਉਸ ਦੀ ਅਰਥੀ ਜਾ ਰਹੀ ਸੀ, ਉਸੇ ਦਿਨ ਅਮਰੀਕੀ ਫੌਜ ਨੂੰ ਉਧਰੋਂ ਤਾਲਿਬਾਨ ਦਾ ਕਾਫਲਾ ਲੰਘਣ ਦੀ ਸੂਹ ਹੋਣ ਕਾਰਨ ਉਨ੍ਹਾਂ ਨੇ ਗੋਲੀ ਚਲਾ ਕੇ ਅਰਥੀ ਪਿੱਛੇ ਜਾਂਦੇ ਲੋਕ ਮਾਰ ਦਿੱਤੇ ਸਨ। ਇੱਕ ਬਰਾਤ ਇਸੇ ਤਰ੍ਹਾਂ ਮਾਰ ਹੇਠ ਆ ਗਈ ਸੀ। ਹਾਲੇ ਕੁਝ ਹਫਤੇ ਪਹਿਲਾਂ ਇੱਕ ਦੁਖਾਂਤ ਇਰਾਕ ਵਿਚ ਵਾਪਰਿਆ ਹੈ। ਦਹਿਸ਼ਤਗਰਦਾਂ ਦੇ ਕਬਜ਼ੇ ਵਾਲੇ ਖੇਤਰ ਵਿਚ ਜਿਹੜੇ ਲੋਕ ਫਸੇ ਹੋਏ ਸਨ, ਅਮਰੀਕੀ ਗੱਠਜੋੜ ਦੀਆਂ ਫੌਜਾਂ ਦਾ ਜ਼ੋਰ ਵਧਣ ਨਾਲ ਉਨ੍ਹਾਂ ਨੂੰ ਇਹ ਸੱਦਾ ਸੁਣ ਗਿਆ ਕਿ ਜਿੰਨੇ ਲੋਕ ਨਿਕਲ ਸਕਦੇ ਹਨ, ਨਿਕਲ ਆਓ। ਉਹ ਲੋਕ ਜਦੋਂ ਉਥੋਂ ਨਿਕਲਣ ਲਈ ਹਿੰਮਤ ਕਰ ਕੇ ਉਠੇ ਤਾਂ ਪਿੱਛੋਂ ਅਤਿਵਾਦੀਆਂ ਨੇ ਗੋਲੀਆਂ ਚਲਾ ਦਿੱਤੀਆਂ। ਚੱਲਦੀ ਗੋਲੀ ਵਿਚ ਜਿਹੜੇ ਲੋਕ ਨਿਕਲ ਕੇ ਆਏ, ਉਨ੍ਹਾਂ ਨੂੰ ਅਤਿਵਾਦੀਆਂ ਦਾ ਕਾਫਲਾ ਸਮਝ ਕੇ ਅਮਰੀਕੀ ਫੌਜ ਨੇ ਬੰਦੂਕਾਂ ਤੱਤੀਆਂ ਕਰ ਲਈਆਂ। ਮਸਾਂ ਚੌਥਾ ਹਿੱਸਾ ਲੋਕ ਹੀ ਨਿਕਲੇ ਹੋਣਗੇ, ਬਾਕੀ ਦੁਵੱਲੀ ਗੋਲੀਬਾਰੀ ਵਿਚ ਫਸ ਕੇ ਮਾਰੇ ਗਏ। ਫਿਲੀਪੀਨ ਵਿਚ ਅਤਿਵਾਦੀਆਂ ਨੇ ਪਿਛਲੇ ਦਿਨੀਂ ਇੱਕ ਇਲਾਕੇ ਉਤੇ ਕਬਜ਼ਾ ਕਰ ਲਿਆ ਤਾਂ ਉਥੇ ਹਵਾਈ ਹਮਲੇ ਕੀਤੇ ਗਏ। ਪਾਇਲਟ ਨੂੰ ਭੁਲੇਖਾ ਲੱਗ ਜਾਣ ਨਾਲ ਉਸ ਨੇ ਆਪਣੇ ਦੇਸ਼ ਦੀ ਇੱਕ ਫੌਜੀ ਟੁਕੜੀ ਦੇ ਕਈ ਲੋਕ ਭੁੰਨ ਦਿੱਤੇ। ਉਹ ਅਣਿਆਈ ਮੌਤ ਹੀ ਮਾਰੇ ਗਏ।

ਬੰਦੂਕਾਂ ਦੇ ਬੋਝ ਨਾਲ ਤਣਾਓ ਹੇਠ ਕੰਮ ਕਰਦੀਆਂ ਫੋਰਸਾਂ ਦੇ ਜਵਾਨਾਂ ਦੀ ਮਾਨਸਿਕ ਹਾਲਤ ਇਸ ਵੇਲੇ ਉਨ੍ਹਾਂ ਲੋਕਾਂ ਵਰਗੀ ਹੋ ਚੁਕੀ ਹੈ, ਜਿਨ੍ਹਾਂ ਵਿਰੁਧ ਲੜਨ ਅਤੇ ਅਮਨ ਕਾਇਮ ਕਰਨ ਵਾਸਤੇ ਉਨ੍ਹਾਂ ਨੂੰ ਸਰਕਾਰਾਂ ਨੇ ਲਾਇਆ ਸੀ। ਗੋਲੀ ਤੇ ਮੋਰਚੇ ਦੀ ਮਾਨਸਿਕਤਾ ਵਿਚ ਆਮ ਲੋਕ ਹਰ ਥਾਂ ਫਸੇ ਜਾਪਦੇ ਹਨ। ਇਹ ਗੰਦੀ ਖੇਡ ਬੀਤੇ ਚਾਲੀ ਕੁ ਸਾਲਾਂ ਵਿਚ ਏਡਾ ਵੱਡਾ ਪਿੜ ਮੱਲ ਬੈਠੀ ਹੈ ਕਿ ਸੰਸਾਰ ਦਾ ਕੋਈ ਕੋਨਾ ਸ਼ਾਂਤ ਨਹੀਂ ਦਿਸਦਾ। ਹਰ ਥਾਂ ਅੱਗ ਵਰ੍ਹਦੀ ਤੇ ਮੌਤ ਨੱਚਦੀ ਹੈ, ਜਿਸ ਦੇ ਵਿਚਾਲੇ ਏਦਾਂ ਦੇ ਲੋਕ ਵੀ ਫਸੇ ਦਿਖਾਈ ਦਿੰਦੇ ਹਨ, ਜਿਹੜੇ ਦਹਿਸ਼ਤਗਰਦੀ ਨੂੰ ਆਪਣੇ ਤੋਂ ਦੂਰ ਦੀ ਖੇਡ ਮੰਨਦੇ ਹਨ। ਕਮਿਊਨਿਸਟਾਂ ਦੇ ਰੂਸ ਤੇ ਅਮਰੀਕਾ ਦੇ ਤਣਾਓ ਵਾਲੇ ਦੌਰ ਵਿਚ ਚਾਲੀ ਸਾਲ ਪਹਿਲਾਂ ਅਮਰੀਕਾ ਦਾ ਇੱਕ ਫੌਜੀ ਜਰਨੈਲ ਆਪਣੇ ਦੇਸ਼ ਉਤੇ ਰੂਸ ਵੱਲੋਂ ਹਮਲੇ ਦੇ ਡਰ ਕਾਰਨ ਏਨੇ ਤਣਾਓ ਵਿਚ ਸੀ ਕਿ ਇੱਕ ਦਿਨ 'ਹਮਲਾ, ਮਿਜ਼ਾਈਲ, ਫਾਇਰ' ਚੀਕਦਾ ਫੌਜੀ ਕਮਾਂਡ ਵਾਲੀ ਇਮਾਰਤ ਦੀ ਪੰਜਵੀਂ ਛੱਤ ਤੋਂ ਛਾਲ ਮਾਰ ਕੇ ਮਰ ਗਿਆ ਸੀ। ਇਸੇ ਤਣਾਓ ਵਿਚ ਜੇ ਕਿਸੇ ਤਰ੍ਹਾਂ ਉਸ ਕੋਲੋਂ ਕਿਸੇ ਮਿਜ਼ਾਈਲ ਦਾ ਬਟਨ ਦੱਬਿਆ ਜਾਂਦਾ ਤੇ ਅੱਗੋਂ ਰੂਸ ਦਾ ਕੋਈ ਅਫਸਰ ਇੱਦਾਂ ਬਟਨ ਦੱਬ ਦਿੰਦਾ ਤਾਂ ਹੁਣ ਵਾਲੀ ਧਰਤੀ ਉਦੋਂ ਖਤਮ ਹੋ ਜਾਂਦੀ। ਹਾਲੇ ਤੱਕ ਬਚੀ ਹੋਈ ਹੈ, ਕਿੰਨਾ ਚਿਰ ਬਚੇਗੀ, ਕਹਿ ਸਕਣਾ ਔਖਾ ਹੈ। ਜਾਰਜ ਬਰਨਾਰਡ ਸ਼ਾਅ ਇੱਕ ਇਹੋ ਜਿਹੀ ਗੱਲ ਕਹਿ ਗਿਆ ਸੀ, ਜਿਹੜੀ ਮਨੁੱਖਤਾ ਦੇ ਸਾਰੇ 'ਵਿਕਾਸ' ਨੂੰ ਸੌਖੀ ਤਰ੍ਹਾਂ ਬਿਆਨ ਕਰ ਸਕਦੀ ਹੈ। ਉਸ ਨੇ ਕਿਹਾ ਸੀ, 'ਹੁਣ ਅਸੀਂ ਪੰਛੀਆਂ ਵਾਂਗ ਆਕਾਸ਼ ਵਿਚ ਉਡਣਾ ਅਤੇ ਮੱਛੀਆਂ ਵਾਂਗ ਸਮੁੰਦਰ ਵਿਚ ਤਰਨਾ ਸਿੱਖ ਲਿਆ ਹੈ, ਇੱਕੋ ਗੱਲ ਰਹਿ ਗਈ ਹੈ ਕਿ ਅਸੀਂ ਅਜੇ ਬੰਦਿਆਂ ਵਾਂਗ ਧਰਤੀ ਉਤੇ ਚੱਲਣਾ ਸਿੱਖਣਾ ਹੈ।' ਮੁਸ਼ਕਿਲ ਗੱਲ ਇਹੋ ਹੈ ਕਿ ਜੋ ਗੱਲਾਂ ਬੰਦੇ ਨੇ ਸਭ ਤੋਂ ਪਹਿਲਾਂ ਸਿੱਖੀਆਂ ਸਨ, ਉਨ੍ਹਾਂ ਨੂੰ ਭੁਲਾ ਬੈਠਾ ਹੈ। ਸਭ ਤੋਂ ਪਹਿਲੀ ਗੱਲ ਚੱਲਣਾ ਅਤੇ ਸਮਾਜੀ ਸਮਝ ਨਾਲ 'ਬੰਦੇ ਦਾ ਦਾਰੂ ਬੰਦਾ' ਹੋਣ ਬਾਰੇ ਸਿੱਖੀ ਸੀ। ਇਸੇ ਅਕਲ ਨੇ ਬੰਦੇ ਨੂੰ ਜੰਗਲਾਂ ਤੋਂ ਨਗਰਾਂ ਵਿਚ ਲਿਆ ਕੇ ਨਾਗਰਿਕ ਬਣਾਇਆ ਸੀ ਤੇ ਉਹ ਹੀ ਗੱਲ ਹੁਣ ਬੰਦਾ ਭੁਲਾ ਬੈਠਾ ਜਾਪਦਾ ਹੈ। ਸਭ ਪ੍ਰਾਪਤੀਆਂ ਕਰ ਚੁਕਾ ਇਹ ਬੰਦਾ ਇੱਕ ਵਾਰ ਫਿਰ ਬੰਦਾ ਕਦੋਂ ਬਣੇਗਾ, ਇਸ ਦਾ ਪਤਾ ਨਹੀਂ।

# ਬਹੁ-ਧਰਮੀ ਊਸ਼ਮਾ ਰੇਖੀ


## ਨਿੱਕ-ਸੁੱਕ

ਗੁਲਜ਼ਾਰ ਸਿੰਘ ਸੰਧੂ

ਮੇਰੇ ਸਾਹਮਣੇ ਊਸ਼ਮਾ ਜਰਅੰਗੇਜ਼ ਸਮਾਂਦਰੀ ਰੇਖੀ ਦੀ ਸਵੈ ਜੀਵਨੀ ਪਈ ਹੈ, 'ਲੁਕਿੰਗ ਬੈਕ ਵਿਧ ਏ ਟਵਿੰਕਲ' (ਮਟਕ ਨਾਲ ਜੀਵੀ ਜ਼ਿੰਦਗੀ)। ਮੈਂ ਊਸ਼ਮਾ ਨੂੰ 1990 ਤੋਂ ਦੇਖਦਾ ਆਇਆ ਹਾਂ, ਆਪਣੀ ਪੰਜਾਬ ਰੈਡ ਕਰਾਸ ਦੀ ਸਕੱਤਰੀ ਦੇ ਸਮੇਂ ਤੋਂ। ਉਦੋਂ ਉਹ 66 ਵਰ੍ਹੇ ਦੀ ਸੀ, ਚਮਕ ਦਮਕ ਵਾਲੀ ਪੰਜਾਬਣ। ਬਣਦੀ-ਫਬਦੀ ਤੇ ਰੰਗ ਦੀ ਗੋਰੀ, ਛੈਲ-ਛਬੀਲੀ ਪੋਠੋਹਾਰਨ। ਉਸ ਦੀ ਸਵੈ-ਜੀਵਨੀ ਨੇ ਮੇਰੀ ਸੋਚ ਦੀ ਫੂਕ ਕੱਢ ਦਿੱਤੀ ਹੈ। ਉਹ ਪੋਠੋਹਾਰਨ ਦੀ ਨਹੀਂ, ਈਰਾਨ ਦੀ ਜੰਮੀ ਜਾਈ ਹੈ। ਕਿਸੇ ਸਮੇਂ ਈਰਾਨ (ਪਰਸ਼ੀਆ) ਦੀ ਰਾਜਧਾਨੀ ਰਹਿ ਚੁਕੇ ਸ਼ਹਿਰ ਕਾਜ਼ਵਿਨ ਦੇ ਮੁਸਲਮਾਨ ਮਾਪਿਆਂ ਦੀ ਧੀ। ਪੰਜ ਭੈਣਾਂ-ਭਰਾਵਾਂ ਦੀ ਭੈਣ। ਬਾਹਾਈ ਮੱਤ ਨੂੰ ਪ੍ਰਣਾਏ ਈਰਾਨੀਆਂ ਦੀ ਔਲਾਦ।

ਬਾਹਾਈ ਸ਼ਰਧਾਲੂ ਆਪਣੀ ਧਨ ਦੌਲਤ ਤੇ ਆਪਾ ਦੂਜੇ ਸ਼ਰਧਾਲੂਆਂ ਨੂੰ ਵੰਡਦੇ ਹਨ। ਜਦੋਂ ਇਕ ਅਮਰੀਕੀ ਸ਼ਰਧਾਲੂ ਨੂੰ ਪਤਾ ਲੱਗਾ ਕਿ ਕਾਨਪੁਰ ਦੇ ਪ੍ਰੋਫੈਸਰ ਪ੍ਰੀਤਮ ਸਿੰਘ ਦੇ ਔਲਾਦ ਨਹੀਂ ਤਾਂ ਉਸ ਨੇ ਉਸ ਦੀ ਪਤਨੀ ਵਿਦਿਆਵਤੀ ਨੂੰ ਬੱਚਾ ਗੋਦ ਲੈਣ ਦੀ ਸਲਾਹ ਦਿੱਤੀ।

ਫੇਰ ਕੀ ਸੀ ਹਿੰਦੁਸਤਾਨ, ਅਮਰੀਕਾ ਤੇ ਈਰਾਨ ਤੋਂ ਬਾਹਾਈ ਮੱਤ ਦੇ ਬੱਚਿਆਂ ਦੀ ਲਾਈਨ ਲਗ ਗਈ। ਪ੍ਰੀਤਮ ਸਿੰਘ ਤੇ ਵਿਦਿਆਵਤੀ ਮੁੰਡੇ ਦੀ ਥਾਂ ਕੁੜੀ ਗੋਦ ਲੈਣਾ ਚਾਹੁੰਦੇ ਸਨ। ਉਨ੍ਹਾਂ ਨੇ ਈਰਾਨ ਦੇ ਮੁਸਲਿਮ ਮਾਪਿਆਂ ਦੀ ਜੰਮੀ ਜਾਈ ਚਾਰ ਸਾਲਾ ਜਰਅੰਗੇਜ਼ ਚੁਣ ਲਈ। ਇਹ ਜੀਵਨੀ ਉਸ ਬੱਚੀ ਤੋਂ ਬੁੱਢੀ ਹੋਈ 94 ਸਾਲਾਂ ਦੀ ਉਮਰੇ ਪਹੁੰਚੀ ਕਮਿਊਨਿਸ ਕਾਰਕੁਨ ਊਸ਼ਮਾ ਜਰਅੰਗੇਜ਼ ਸਮਾਂਦਰੀ ਰੇਖੀ ਦੇ ਉਤਾਰਾਂ-ਚੜ੍ਹਾਵਾਂ, ਹੌਸਲੇ ਦੇ ਸੰਘਰਸ਼ ਦੀ ਕਹਾਣੀ ਹੈ। ਉਹ ਅੱਜ ਦੇ ਦਿਨ ਅਰੁਨਾ ਆਸਫ ਅਲੀ ਟਰੱਸਟ ਚੰਡੀਗੜ੍ਹ ਦੀ ਸੰਸਥਾਪਕ ਤੇ ਪੰਜਾਬ ਇਸਤਰੀ ਸਭਾ ਦੀ ਪ੍ਰਧਾਨ ਵਜੋਂ ਜਾਣੀ ਜਾਂਦੀ ਹੈ।



ਊਸ਼ਮਾ ਰੇਖੀ

ਗੋਦ ਲੈਣ ਵਾਲੇ ਪਿਤਾ ਪ੍ਰੀਤਮ ਸਿੰਘ ਨੇ ਉਸ ਨੂੰ ਪੋਲੀਟੀਕਲ ਸਾਇੰਸ ਦੀ ਵਿਦਿਆ ਦਿਵਾਈ ਤਾਂ ਉਹ ਸੁਤੰਤਰਤਾ ਸੰਗਰਾਮ ਵਿਚ ਕੁੱਦ ਪਈ। ਖੱਬੇ ਪੱਖੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਮੈਂਬਰ ਬਣ ਕੇ ਪਹਿਲਾਂ ਵਿਦਿਆਰਥਣਾਂ ਦੀ ਮੁਖੀ ਹੋ ਨਿਬੜੀ। ਬਾਹਾਈ ਮੱਤ ਵਾਲੇ ਪ੍ਰੀਤਮ ਸਿੰਘ ਨੇ ਉਸ ਨੂੰ ਪੈਸੇ ਦੇਣੇ ਹੀ ਬੰਦ ਨਹੀਂ ਕੀਤੇ, ਉਹ ਜਿੱਥੇ ਨੌਕਰੀ ਕਰਨ ਲਗਦੀ ਆਪਣਾ ਰਸੂਖ ਵਰਤ ਕੇ ਉਸ ਨੂੰ ਕਢਵਾ ਦਿੰਦਾ। ਇੱਕ ਚੰਗੀ ਨੌਕਰੀ ਤੋਂ ਕਢਵਾਉਣ ਲਈ ਪਿਤਾ ਨੇ ਊਸ਼ਮਾ ਦੇ ਮਾਲਿਕਾਂ ਨੂੰ ਇਹ ਵੀ ਲਿਖਿਆ ਕਿ ਉਹ ਰੂਸੀ ਜਾਸੂਸ ਹੈ। ਉਹ ਡਟੀ ਰਹੀ। ਖਾਲਿਸਤਾਨੀ ਚੜ੍ਹਤ ਦੇ ਦਿਨਾਂ ਵਿਚ ਭਾਰਤ-ਪਾਕਿ ਸੀਮਾ 'ਤੇ ਪੰਜਾਬ ਇਸਤਰੀ ਸਭਾ ਦਾ ਜਥਾ ਲਿਜਾ ਕੇ 'ਅਸੀਂ ਪੰਜਾਬ ਦੇ ਹੋਰ ਟੁਕੜੇ ਨਹੀਂ ਹੋਣ ਦਿਆਂਗੇ' ਦਾ ਨਾਅਰਾ ਲਾਉਣ ਵਾਲੀ ਊਸ਼ਮਾ ਹੀ ਸੀ।

ਮੁਸਲਿਮ ਮਾਪਿਆਂ ਦੀ ਜੰਮੀ-ਜਾਈ ਸਿੱਖਾਂ ਦੀ ਪਾਲੀ ਤੇ ਕਰਤਾਰਪੁਰ ਦੇ ਪੰਜਾਬੀ ਸੋਨਾ ਵਪਾਰੀ ਬ੍ਰਿਜ ਆਹਲੂਵਾਲੀਆ ਨਾਲ ਵਿਆਹ ਕਰਕੇ ਊਸ਼ਮਾ ਰੇਖੀ ਬਣਨ ਵਾਲੀ ਇਸ ਮਹਿਲਾ ਦੀ ਜੀਵਨੀ ਪੜ੍ਹਨ ਵਾਲੀ ਵੀ ਹੈ ਤੇ ਇਸਤਰੀ ਸ਼ਕਤੀ ਦੀ ਲਖਾਇਕ ਵੀ। ਮੈਂ ਉਸ ਨੂੰ ਹਿੰਦੂ, ਮੁਸਲਿਮ ਤੇ ਸਿੱਖ ਧਰਮਾਂ ਵਿਚੋਂ ਲੰਬੀ ਸੈਕੂਲਰ ਹਸਤੀ ਵਜੋਂ ਵੇਖਦਾ ਹਾਂ।

ਖੂਬੀ ਇਹ ਕਿ ਇਹ ਪੁਸਤਕ ਊਸ਼ਮਾ ਦੀ ਧੀ ਜ਼ੋਇਆ ਦੀ ਸਹੇਲੀ ਕੰਵਲਪ੍ਰੀਤ ਨੇ ਅੰਤਾਂ ਦੀ ਸਹਿਜ ਤੇ ਸੌਖੀ ਅੰਗਰੇਜ਼ੀ ਵਿਚ ਖੁਦ ਊਸ਼ਮਾ ਬਣ ਕੇ ਉਤਮ ਪਰਖ ਵਿਚ ਲਿਖੀ ਹੈ, ਊਸ਼ਮਾ ਨਾਲ ਸੈਂਕੜੇ ਮੁਲਾਕਾਤਾਂ ਕਰਕੇ। ਕੰਵਲਪ੍ਰੀਤ ਦੀ ਸੋਚ, ਸਹਿਜ ਤੇ ਭਾਸ਼ਾ ਨੂੰ ਸਲਾਮ!

**ਅੰਤਿਕਾ:** ਸ਼ਾਹਿਦ ਕਬੀਰ

ਜ਼ਿੰਦਗੀ ਏਕ ਆਂਸੂਓਂ ਕਾ ਜਾਮ ਥਾ
ਪੀ ਗਏ ਕੁਛ ਔਰ ਕੁਛ ਛਲਕਾ ਗਏ।

# ਘਰ ਵਿਚ ਬੰਬ ਬਣਾਉਂਦੇ ਇੰਜੀਨੀਅਰ ਨੇ ਫੜੇ ਜਾਣ ਦੇ ਡਰੋਂ ਕੀਤੀ ਖੁਦਕੁਸ਼ੀ

**ਪਟਿਆਲਾ:** ਦਰਸ਼ਨ ਨਗਰ ਦੇ ਵਸਨੀਕ ਕੰਪਿਊਟਰ ਇੰਜੀਨੀਅਰ ਰਜਤਵੀਰ ਸਿੰਘ ਸੋਢੀ ਅਤੇ ਉਸ ਦੇ ਪਿਤਾ ਤੇ ਮਾਰਕੀਟ ਕਮੇਟੀ ਦੇ ਸੇਵਾ ਮੁਕਤ ਸਕੱਤਰ ਹਰਪ੍ਰੀਤ ਸਿੰਘ ਵੱਲੋਂ ਘਰ ਵਿਚ ਹੀ ਬੰਬ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਨ੍ਹਾਂ ਬੰਬਾਂ ਦੀ ਪਰਖ ਲਈ ਉਨ੍ਹਾਂ ਵੱਲੋਂ ਅਰਬਨ ਅਸਟੇਟ ਨੇੜਲੀ ਪਾਰਕ ਵਿਚ ਧਮਾਕੇ ਵੀ ਕੀਤੇ ਜਾਂਦੇ ਸਨ। ਪੁਲਿਸ ਨੇ ਇਨ੍ਹਾਂ ਵਿਚੋਂ ਪਿਤਾ ਨੂੰ ਕਾਬੂ ਕਰ ਲਿਆ ਪਰ ਰਜਤਵੀਰ ਸੋਢੀ ਨੇ ਮੱਥੇ 'ਤੇ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲਿਸ ਨੇ ਉਨ੍ਹਾਂ ਦੇ ਘਰੋਂ ਵੱਡੀ ਮਾਤਰਾ ਵਿਚ ਹਥਿਆਰ ਤੇ ਹੋਰ ਗੋਲੀ ਸਿੱਕਾ ਵੀ ਬਰਾਮਦ ਕੀਤਾ ਹੈ, ਜਿਸ ਵਿਚ ਕੁੱਕਰ ਬੰਬ, ਕੁਝ ਪਾਈਪ ਬੰਬ ਅਤੇ ਬੰਬ ਬਣਾਉਣ ਵਾਲੀ ਧਮਾਕਾਖੇਜ਼ ਸਮੱਗਰੀ, ਦੋ ਪਿਸਤੌਲ, 12 ਬੋਰ ਦੀਆਂ ਤਿੰਨ ਰਾਈਫਲਾਂ ਅਤੇ ਭਾਰੀ ਮਾਤਰਾ ਵਿਚ ਕਾਰਤੂਸ ਸ਼ਾਮਲ ਹਨ। ਦੋਵਾਂ ਖਿਲਾਫ਼ ਥਾਣਾ ਸਦਰ ਪਟਿਆਲਾ ਵਿਚ ਕੇਸ ਦਰਜ ਕੀਤਾ ਗਿਆ ਹੈ।

ਪੁਲਿਸ ਮੁਤਾਬਕ ਪਿੰਡ ਫਲੌਲੀ ਕੋਲੋਂ ਭਾਵੇਂ ਰਜਤਵੀਰ ਫਰਾਰ ਹੋ ਗਿਆ ਸੀ, ਪਰ ਹਰਪ੍ਰੀਤ ਸਿੰਘ ਨੂੰ ਦਬੋਚ ਲਿਆ ਗਿਆ, ਜਿਸ ਦੀ ਰਿਟਜ਼ ਕਾਰ ਵਿਚੋਂ ਕੁੱਕਰਨੁਮਾ ਧਮਾਕਾਖੇਜ਼ ਸਮੱਗਰੀ ਬਰਾਮਦ ਹੋਈ, ਜਦੋਂ ਕਿ ਰਜਤਵੀਰ ਸਿੰਘ ਸਕਾਰਪੀਓ ਗੱਡੀ ਰਾਹੀਂ ਫਰਾਰ ਹੋ ਗਿਆ, ਜਦੋਂ ਹਰਪ੍ਰੀਤ ਸਿੰਘ ਦੀ ਪਤਨੀ ਨੂੰ ਨਾਲ ਲੈ ਕੇ ਪੁਲਿਸ ਨੇ ਦਰਸ਼ਨ ਨਗਰ ਵਿਚਲੇ ਇਨ੍ਹਾਂ ਦੇ ਇਕ ਹੋਰ ਮਕਾਨ ਉਤੇ ਛਾਪਾ ਮਾਰਿਆ ਤਾਂ ਇਸ ਦੇ ਉਪਰਲੇ ਕਮਰੇ ਵਿਚ ਰਜਤਵੀਰ ਸਿੰਘ ਦੀ ਲਾਸ਼ ਪਈ ਮਿਲੀ, ਜਿਸ ਦੇ ਮੱਥੇ 'ਤੇ ਗੋਲੀ ਲੱਗੀ ਹੋਈ ਸੀ ਤੇ ਪਿਸਤੌਲ ਵੀ ਕੋਲ ਪਿਆ ਸੀ। ਪੁਲਿਸ ਦਾ ਕਹਿਣਾ ਹੈ ਕਿ ਉਸ ਨੇ ਕਾਨੂੰਨੀ ਕਾਰਵਾਈ ਦੇ ਡਰੋਂ ਖੁਦਕੁਸ਼ੀ ਕਰ ਲਈ। ਇਸ ਮਾਮਲੇ ਨੂੰ ਆਈ.ਐਸ.ਆਈ. ਤੇ ਮੁਹਾਲੀ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਚਾਰ ਮੁਲਜ਼ਮਾਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ ਪਰ ਡੀ.ਆਈ.ਜੀ. ਦਾ ਕਹਿਣਾ ਹੈ ਕਿ ਅਜੇ ਜਾਂਚ ਕੀਤੀ ਜਾ ਰਹੀ ਹੈ।

## ਰਜਤਵੀਰ ਦੀ ਮਾਂ ਨੇ ਵੀ ਮੌਤ ਗਲੇ ਲਾਈ

**ਪਟਿਆਲਾ:** ਘਰ ਵਿਚ ਬੰਬ ਬਣਾਉਂਦਿਆਂ ਫੜੇ ਜਾਣ 'ਤੇ ਗੋਲੀ ਮਾਰ ਕੇ ਖੁਦਕੁਸ਼ੀ ਕਰਨ ਵਾਲੇ ਇੰਜੀਨੀਅਰ ਰਜਤਵੀਰ ਸਿੰਘ ਸੋਢੀ ਦੇ ਫੁੱਲ ਪਾਉਣ ਪਿੱਛੋਂ ਉਸ ਦੀ ਮਾਂ ਕਿਰਨਜੋਤ ਕੌਰ ਨੇ ਵੀ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਉਹ ਪਾਵਰਕੌਮ ਵਿਚ ਸੀਨੀਅਰ ਸਹਾਇਕ ਵਜੋਂ ਤਾਇਨਾਤ ਸੀ ਅਤੇ ਡਬਲ ਐਮ.ਏ. ਕੀਤੀ ਹੋਈ ਸੀ।

ਉਧਰ ਪੁਲਿਸ ਰਿਮਾਂਡ ਉਤੇ ਚੱਲ ਰਹੇ ਰਜਤਵੀਰ ਦੇ ਪਿਤਾ ਤੇ ਮਾਰਕੀਟ ਕਮੇਟੀ ਦੇ ਸੇਵਾ ਮੁਕਤ ਸਕੱਤਰ ਹਰਪ੍ਰੀਤ ਸਿੰਘ ਤੋਂ ਪੁਲਿਸ ਵੱਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਘਰੇ ਉਨ੍ਹਾਂ ਦੀ ਮੁਟਿਆਰ ਧੀ ਦਾ ਰੋ ਰੋ ਕੇ ਬੁਰਾ ਹਾਲ ਹੈ, ਜੋ ਪੀ.ਐਚ.ਡੀ. ਕਰ ਰਹੀ ਹੈ।

# ਜ਼ਮੀਨ ਕੁਰਕੀ ਬਾਰੇ ਦਾਅਵਾ ਮਹਿਜ ਅੱਖਾਂ ਪੂੰਝਣ ਦਾ ਯਤਨ

**ਚੰਡੀਗੜ੍ਹ:** ਮੰਤਰੀ ਮੰਡਲ ਵੱਲੋਂ ਪੰਜਾਬ ਸਹਿਕਾਰੀ ਸੁਸਾਇਟੀਜ਼ ਕਾਨੂੰਨ 1961 ਦੀ ਧਾਰਾ 67-ਏ ਨੂੰ ਖਤਮ ਕਰ ਕੇ ਕਿਸਾਨ ਦੀ ਜ਼ਮੀਨ ਦੀ ਕੁਰਕੀ ਨਾ ਹੋਣ ਦਾ ਦਾਅਵਾ ਮਹਿਜ਼ ਅੱਖਾਂ ਪੂੰਝਣ ਦਾ ਯਤਨ ਹੈ। ਕਿਉਂਕਿ ਇਸੇ ਕਾਨੂੰਨ ਦੀ ਧਾਰਾ 63-ਸੀ ਕੁਰਕੀ ਕਰਨ ਦਾ ਅਧਿਕਾਰ ਦਿੰਦੀ ਹੈ। ਇਸੇ ਧਾਰਾ ਤਹਿਤ ਵਧੇਰੇ ਕੁਰਕੀਆਂ ਹੁੰਦੀਆਂ ਹਨ ਜਦਕਿ ਸ਼ਾਹੂਕਾਰਾਂ ਦੇ ਕਰਜ਼ਿਆਂ ਕਰ ਕੇ ਹੁੰਦੀਆਂ ਕੁਰਕੀਆਂ ਵੱਖਰੀਆਂ ਹਨ।

ਅਸਲ ਵਿਚ ਧਾਰਾ 67 ਏ ਖਤਮ ਕਰਨ ਦਾ ਮੁੱਖ ਮੰਤਵ ਸਿਆਸੀ ਲਾਹਾ ਲੈਣਾ ਹੈ, ਪਰ ਅਸਲੀਅਤ ਵਿਚ ਇਸ ਨਾਲ ਕਿਸਾਨਾਂ ਨੂੰ ਕੋਈ ਰਾਹਤ ਨਹੀਂ ਮਿਲੇਗੀ। ਇਸ ਧਾਰਾ ਉਤੇ ਅਮਲ 1986 ਵਿਚ ਬਰਨਾਲਾ ਸਰਕਾਰ ਦੌਰਾਨ ਰਜਿਸਟਰਾਰ ਦਫਤਰ ਵੱਲੋਂ ਜਾਰੀ ਪੱਤਰ ਨਾਲ ਹੀ ਰੋਕ ਦਿੱਤਾ ਗਿਆ ਸੀ। ਪੰਜਾਬ ਵਿਚ ਧਾਰਾ 67-ਏ ਤਹਿਤ ਲੰਮੇ ਸਮੇਂ ਤੋਂ ਕੋਈ ਕੁਰਕੀ ਨਹੀਂ ਹੋਈ। ਸਹਿਕਾਰੀ ਸੁਸਾਇਟੀਜ਼ ਕਾਨੂੰਨ ਵਿਚ ਧਾਰਾ 63-ਸੀ ਸਹਿਕਾਰੀ ਸੁਸਾਇਟੀ ਅਤੇ ਸੰਸਥਾਵਾਂ ਦਾ ਕੁਰਕੀ ਦਾ ਕੰਮ ਕਰਦੀ ਹੈ। ਪਿਛਲੇ ਸਮੇਂ ਵਿਚ ਇਸੇ ਧਾਰਾ ਤਹਿਤ ਕਿਸਾਨਾਂ ਦੀ ਗ੍ਰਿਫਤਾਰੀ ਜਾਂ ਕੁਰਕੀ ਦੇ ਹੁਕਮ ਦਿੱਤੇ ਜਾਂਦੇ ਰਹੇ ਹਨ।

ਧਾਰਾ 63-ਸੀ ਨੂੰ ਖਤਮ ਕੀਤੇ ਬਿਨਾਂ ਕੁਰਕੀ ਦਾ ਖਤਰਾ ਘਟਾਇਆ ਨਹੀਂ ਜਾ ਸਕਦਾ। ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਪ੍ਰੋ. ਸੁਖਪਾਲ ਸਿੰਘ ਨੇ ਕਿਹਾ ਕਿ ਕਰਜ਼ੇ ਕਾਰਨ ਖੁਦਕੁਸ਼ੀ ਵਾਲੇ ਸਰਵੇ ਦੌਰਾਨ ਸਹਿਕਾਰੀ ਕਰਜ਼ੇ

## ਧਾਰਾ 63-ਸੀ ਵਿਚ ਵੀ ਹੈ ਕੁਰਕੀ ਦਾ ਨਾਗਵਲ



ਨਾਲ ਜੁੜੀ ਕੁਰਕੀ ਦੇ ਮਾਮਲਿਆਂ ਦੀ ਥਾਂ ਗ੍ਰਿਫਤਾਰੀ ਡਰੋਂ ਖੁਦਕੁਸ਼ੀ ਕਰਨ ਦੇ ਕੁਝ ਮਾਮਲੇ ਜ਼ਰੂਰ ਸਾਹਮਣੇ ਆਏ ਸਨ। ਸ਼ਾਹੂਕਾਰਾਂ ਨਾਲ ਸਬੰਧਤ ਕੁਰਕੀ ਦੇ ਵੀ ਕਈ ਮਾਮਲੇ ਰਿਪੋਰਟ ਕੀਤੇ ਗਏ ਹਨ ਹਾਲਾਂਕਿ ਇਸ ਬਾਰੇ ਕੋਈ ਠੋਸ ਅੰਕੜੇ ਮੌਜੂਦ ਨਹੀਂ ਹਨ। ਕੁਰਕੀ ਦੇ ਵਧੇਰੇ ਮਾਮਲੇ ਸੂਦਖੋਰਾਂ ਨਾਲ ਸਬੰਧਤ ਹਨ। ਵਪਾਰਕ ਬੈਂਕ ਅਤੇ ਸ਼ਾਹੂਕਾਰ ਸਿਵਲ ਅਦਾਲਤ ਰਾਹੀਂ ਕੁਰਕੀ ਦਾ ਹੁਕਮ ਲੈ ਕੇ ਆਉਂਦੇ ਹਨ। ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ ਲਈ ਅਦਾਲਤੀ ਰਾਹ ਖੁੱਲ੍ਹਾ ਹੈ ਅਤੇ ਇਨ੍ਹਾਂ ਦਾ ਕੰਮ ਤਾਂ ਕੁਲੈਕਟਰ ਤੱਕ ਹੀ ਸਰ ਜਾਂਦਾ ਹੈ।

ਸਹਿਕਾਰੀ ਸੁਸਾਇਟੀਜ਼ ਕਾਨੂੰਨ ਦੀ ਧਾਰਾ 67-ਏ ਤਹਿਤ ਡਿਪਟੀ ਰਜਿਸਟਰਾਰ ਨੂੰ ਕੁਰਕੀ ਦਾ ਹੁਕਮ ਦੇਣ ਦਾ ਅਧਿਕਾਰ ਹੈ। ਧਾਰਾ 63-ਸੀ ਵਿਚ ਸਬੰਧਤ ਕਿਸਾਨ ਦੇ ਕਰਜ਼ੇ ਬਾਰੇ ਪਹਿਲਾਂ ਸਾਲਸ ਨਿਯੁਕਤ ਕੀਤਾ ਜਾਂਦਾ ਹੈ, ਜਿਸ ਦੀ ਰਿਪੋਰਟ ਮਗਰੋਂ ਰਜਿਸਟਰਾਰ ਸਹਿਕਾਰੀ ਸਭਾਵਾਂ ਵੱਲੋਂ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ। ਉਪਰੰਤ ਜ਼ਿਲ੍ਹਾ ਕੁਲੈਕਟਰ (ਡਿਪਟੀ ਕਮਿਸ਼ਨਰ) ਸਬੰਧਤ ਕਿਸਾਨ ਦੀ ਗ੍ਰਿਫਤਾਰੀ ਜਾਂ ਜ਼ਮੀਨ ਦੀ ਕੁਰਕੀ ਦੇ ਹੁਕਮ ਜਾਰੀ ਕਰਦਾ ਹੈ।

## ਧਾਰਾ 67-ਏ ਖਤਮ ਕਰਨ 'ਤੇ ਕਿਸਾਨਾਂ ਦਾ ਤਰਕ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਵੱਲੋਂ ਕਿਸਾਨਾਂ ਦੀ ਕੁਰਕੀ ਰੋਕਣ ਲਈ ਧਾਰਾ 67-ਏ ਖਤਮ ਕਰਨ ਦੇ ਕੀਤੇ ਫੈਸਲੇ 'ਤੇ ਕਿਸਾਨਾਂ ਨੇ ਸੁਆਲ ਉਠਾਇਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਸਹਿਕਾਰੀ ਐਕਟ ਦੀ ਧਾਰਾ 67-ਏ ਖਤਮ ਕਰਨ ਦਾ ਐਲਾਨ ਕਰ ਕੇ ਦਾਅਵਾ ਕੀਤਾ ਹੈ ਕਿ ਇਸ ਨਾਲ ਕਰਜ਼ਦਾਰ ਕਿਸਾਨਾਂ ਦੀ ਕੁਰਕੀ ਬੰਦ ਹੋ ਜਾਵੇਗੀ, ਜਦਕਿ ਧਾਰਾ 67-ਏ ਤਾਂ ਕਰਜ਼ੇ ਦੀ ਵਸੂਲੀ ਲਈ ਕਿਸਾਨ ਦੀ ਗ੍ਰਿਫਤਾਰੀ ਵਾਸਤੇ ਵਰੰਟ ਜਾਰੀ ਕਰਨ ਦੀ ਸ਼ੁਰੂਆਤ ਹੁੰਦੀ ਹੈ। ਕੁਰਕੀ ਤਾਂ ਇਸ ਕਾਨੂੰਨ ਦੀ ਧਾਰਾ 63-ਬੀ ਅਤੇ 63-ਸੀ ਅਧੀਨ ਇਕ ਲੰਮੀ ਪੈਰਵਾਈ ਤੋਂ ਬਾਅਦ ਹੁੰਦੀ ਹੈ, ਜਿਸ ਨੂੰ ਕੈਪਟਨ ਸਰਕਾਰ ਨੇ ਛੂਹਿਆ ਤੱਕ ਵੀ ਨਹੀਂ। ਕਿਸਾਨਾਂ ਦਾ ਕਹਿਣਾ ਹੈ ਕਿ ਸਹਿਕਾਰੀ ਐਕਟ ਦੀ ਧਾਰਾ 67-ਏ ਤਾਂ ਬਰਨਾਲਾ ਸਰਕਾਰ ਵੇਲੇ ਤੋਂ ਸਸਪੈਂਡ ਕੀਤੀ ਹੋਈ ਹੈ ਅਤੇ ਪਿਛਲੇ 30 ਸਾਲਾਂ ਵਿਚ ਇਸ ਧਾਰਾ ਅਧੀਨ ਪੰਜਾਬ ਵਿਚ ਕਦੀ ਵੀ ਇਕ ਵੀ ਕਿਸਾਨ ਦੀ ਗ੍ਰਿਫਤਾਰੀ ਅੱਜ ਤੱਕ ਨਹੀਂ ਹੋਈ।

ਮਹਿਰਾਂ ਮੁਤਾਬਕ ਸਹਿਕਾਰੀ ਬੈਂਕਾਂ ਦਾ ਕਰਜ਼ਾ ਪੰਜਾਬ ਵਿਚ ਬੈਂਕਾਂ ਤੋਂ ਲਏ ਕਰਜ਼ੇ ਦਾ ਸਿਰਫ 10-15 ਫੀਸਦੀ ਹੈ। ਇਕ ਅੰਦਾਜ਼ੇ ਮੁਤਾਬਕ ਪੰਜਾਬ ਵਿਚ ਕੁੱਲ ਕਿਸਾਨੀ ਕਰਜ਼ੇ 80,000 ਕਰੋੜ ਤੋਂ ਵੀ ਵਧ ਹਨ ਜਿਨ੍ਹਾਂ ਵਿਚ 50,000 ਕਰੋੜ ਰਾਸ਼ਟਰੀ ਬੈਂਕਾਂ ਦੇ, 13,000 ਕਰੋੜ ਆੜ੍ਹਤੀਆਂ ਤੇ 15,000 ਕਰੋੜ ਸਹਿਕਾਰੀ ਬੈਂਕਾਂ ਦੇ ਹਨ।

## ਸਰਕਾਰ ਦੇ ਫੈਸਲੇ ਨਾਲ ਕੁਰਕੀ ਨਹੀਂ ਰੁਕੇਗੀ: ਰਾਜੇਵਾਲ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਹੈ ਕਿ ਕੈਪਟਨ ਸਰਕਾਰ ਵੱਲੋਂ ਸਹਿਕਾਰੀ ਐਕਟ ਦੀ ਧਾਰਾ 67 ਏ ਖਤਮ ਕਰਨ ਨਾਲ ਕਰਜ਼ਈ ਕਿਸਾਨਾਂ ਦੀਆਂ ਜ਼ਮੀਨਾਂ ਦੀ ਕੁਰਕੀ ਨਹੀਂ ਰੁਕ ਸਕੇਗੀ। ਜ਼ਮੀਨ ਦੀ ਕੁਰਕੀ ਤਾਂ ਇਸ ਕਾਨੂੰਨ ਦੀ ਧਾਰਾ 63 ਬੀ ਅਤੇ 63 ਸੀ ਅਧੀਨ ਇਕ ਲੰਬੀ ਪੈਰਵੀ ਤੋਂ ਬਾਅਦ ਹੁੰਦੀ ਹੈ, ਜਿਸ ਸਬੰਧੀ ਸਰਕਾਰ ਖਾਮੋਸ਼ ਹੈ।

## ਕਾਂਗਰਸ ਦਾ ਐਲਾਨ ਕਿਸਾਨਾਂ ਨਾਲ ਧੋਖਾ: ਮਜੀਠੀਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਹੈ ਕਿ ਕਾਂਗਰਸ ਸਰਕਾਰ ਸਹਿਕਾਰੀ ਕਾਨੂੰਨ 'ਚੋਂ ਕਰਜ਼ਈ ਕਿਸਾਨਾਂ ਦੀ ਜ਼ਮੀਨ ਕੁਰਕ ਕਰਨ ਵਾਲੀ ਧਾਰਾ ਖਤਮ ਕਰਨ ਦਾ ਐਲਾਨ ਕਰ ਕੇ ਕਿਸਾਨਾਂ ਨਾਲ ਵੱਡਾ ਧੋਖਾ ਕਰ ਰਹੀ ਹੈ ਤੇ ਅਜਿਹਾ ਕਰ ਕੇ ਕਾਂਗਰਸ ਕਿਸਾਨਾਂ ਲਈ ਮੁਕੰਮਲ ਕਰਜ਼ਾ ਮੁਆਫੀ ਅਤੇ ਭਲਾਈ ਸਕੀਮਾਂ ਵਿਚ ਵਾਧਾ ਕਰਨ ਦੇ ਚੋਣ ਵਾਅਦਿਆਂ ਤੋਂ ਖਹਿੜਾ ਛੁਡਾ ਰਹੀ ਹੈ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇਹ ਸਭ ਕੁਝ ਮਹਿਜ਼ ਲੋਕਾਂ ਦਾ ਧਿਆਨ ਖਿੱਚਣ ਲਈ ਕੀਤਾ ਗਿਆ ਹੈ।

# ਪੰਜਾਬੀ ਨੂੰ ਚੰਡੀਗੜ੍ਹ 'ਚ ਬਣਦਾ ਹੱਕ ਦਿਵਾਉਣ ਲਈ ਹੰਭਲਾ

**ਚੰਡੀਗੜ੍ਹ:** ਚੰਡੀਗੜ੍ਹ ਪੰਜਾਬੀ ਮੰਚ ਦੇ ਸੱਦੇ 'ਤੇ ਪੰਜਾਬੀ ਹਿਤੈਸ਼ੀਆਂ ਨੇ ਵੱਡੀ ਗਿਣਤੀ 'ਚ ਇਕੱਠਿਆਂ ਹੋ ਕੇ ਮਾਂ ਬੋਲੀ ਨੂੰ ਬਣਦਾ ਸਨਮਾਨ ਦਿਵਾਉਣ ਲਈ ਵਿਸ਼ਾਲ ਧਰਨਾ ਦਿੱਤਾ। ਚੰਡੀਗੜ੍ਹ ਦੇ ਸੈਕਟਰ 17 ਪਲਾਜ਼ਾ 'ਚ ਚੰਡੀਗੜ੍ਹ ਪੰਜਾਬੀ ਮੰਚ ਦੇ ਬੈਨਰ ਹੇਠ ਇਕੱਠੇ ਹੋਏ 500 ਤੋਂ ਵੱਧ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਨੇ ਚੰਡੀਗੜ੍ਹ ਪ੍ਰਸ਼ਾਸਨ ਤੋਂ ਇਕਮੁੱਠ ਹੋ ਕੇ ਮੰਗ ਕੀਤੀ ਕਿ ਚੰਡੀਗੜ੍ਹ 'ਚ ਪੰਜਾਬੀ ਨੂੰ ਪਹਿਲੀ ਭਾਸ਼ਾ ਦਾ ਦਰਜਾ ਦਿੱਤਾ ਜਾਵੇ ਅਤੇ ਕੰਮਕਾਜ ਦੀ ਭਾਸ਼ਾ ਬਣਾਉਂਦਿਆਂ ਉਸ ਨੂੰ ਪ੍ਰਸ਼ਾਸਨਿਕ ਭਾਸ਼ਾ ਐਲਾਨਿਆ ਜਾਵੇ।

ਧਰਨੇ ਦੀ ਅਗਵਾਈ ਕਰ ਰਹੇ ਪੰਜਾਬੀ ਮੰਚ ਦੇ ਪ੍ਰਧਾਨ ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਚੰਡੀਗੜ੍ਹ 'ਚ ਇਕ ਵੀ ਵਿਅਕਤੀ ਅਜਿਹਾ ਨਹੀਂ ਜਿਸ ਦੀ ਮਾਂ ਬੋਲੀ ਅੰਗਰੇਜ਼ੀ ਹੋਵੇ, ਪਰ ਚੰਡੀਗੜ੍ਹ ਪ੍ਰਸ਼ਾਸਨ ਨੇ ਬੜੇ ਸ਼ਰਾਰਤੀ ਢੰਗ ਨਾਲ ਪੰਜਾਬੀ ਨੂੰ ਦਰਕਿਨਾਰ ਕਰ ਕੇ ਅੰਗਰੇਜ਼ੀ ਸਥਾਨਕ ਲੋਕਾਂ 'ਤੇ ਥੋਪ ਦਿੱਤੀ। ਪਦਮਸ੍ਰੀ ਸੁਰਜੀਤ ਪਾਤਰ ਨੇ ਕਿਹਾ ਕਿ ਪਹਿਲੀ ਨਵੰਬਰ ਨੂੰ ਪੰਜਾਬ ਰਾਜ ਭਵਨ ਦਾ ਘਿਰਾਓ ਕਰਨ ਤੋਂ ਪਹਿਲਾਂ ਅਕਤੂਬਰ ਮਹੀਨੇ



ਵਿਚ ਹਰ ਪੰਜਾਬੀ ਆਪਣੀਆਂ ਮੰਗਾਂ ਨੂੰ ਲੈ ਕੇ ਪੰਜਾਬ ਦੇ ਗਵਰਨਰ ਦੇ ਨਾਂ ਪੱਤਰ ਲਿਖੇ, ਜਿਸ ਨਾਲ ਰਾਜ ਭਵਨ ਪੰਜਾਬੀ ਦੀਆਂ ਚਿੱਠੀਆਂ ਨਾਲ ਭਰ ਜਾਵੇ।

ਧਰਨੇ ਨੂੰ ਵੱਖੋ-ਵੱਖ ਰਾਜਨੀਤਕ ਪਾਰਟੀਆਂ ਨੇ ਵੀ ਸਮਰਥਨ ਦਿੱਤਾ ਜਿਨ੍ਹਾਂ 'ਚ ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ, ਵਿਰੋਧੀ ਧਿਰ ਦੀ ਡਿਪਟੀ ਲੀਡਰ ਅਤੇ ਵਿਧਾਇਕ ਸਰਬਜੀਤ ਕੌਰ ਮਾਣੂਕੇ, ਮਨਜੀਤ ਸਿੰਘ ਸਿੱਧੂ ਤੋਂ ਇਲਾਵਾ ਪੰਜਾਬ ਕਾਂਗਰਸ ਦੇ ਬੁਲਾਰੇ ਰਿੰਪਲ ਮਿੱਢਾ, ਸਵਰਾਜ ਪਾਰਟੀ ਪੰਜਾਬ ਦੇ ਪ੍ਰਧਾਨ ਪ੍ਰੋ. ਮਨਜੀਤ ਸਿੰਘ ਆਦਿ ਸ਼ਾਮਲ ਸਨ।

# ਡੇਰਾ ਮੁਖੀ ਖਿਲਾਫ ਜਬਰ ਜਨਾਹ ਕੇਸ ਦੀ ਸੁਣਵਾਈ ਤੋਂ ਰੋਕ ਹਟੀ

**ਚੰਡੀਗੜ੍ਹ:** ਸਾਧਵੀ ਜਬਰ ਜਨਾਹ ਦੇ ਦੋਸ਼ ਵਿਚ ਫਸੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਵੱਲੋਂ ਪੀੜਤਾਂ ਦੇ ਬਿਆਨਾਂ ਦੀ ਕਾਪੀ ਮੁਹੱਈਆ ਕਰਵਾਉਣ ਦੀ ਮੰਗ ਕਰਦੀ ਅਰਜ਼ੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਏ.ਬੀ. ਚੌਧਰੀ ਦੀ ਇਕਹਿਰੀ ਬੈਂਚ ਨੇ ਖਾਰਜ ਕਰ ਦਿੱਤੀ ਹੈ। ਇਸ ਦੇ ਨਾਲ ਹੀ ਪੰਚਕੂਲਾ ਸੀ.ਬੀ.ਆਈ. ਕੋਰਟ ਵਿਚ ਚੱਲ ਰਹੇ ਜਬਰ ਜਨਾਹ ਦੇ ਟਰਾਇਲ 'ਤੇ ਲੱਗੀ



ਰੋਕ ਹਟਾ ਦਿੱਤੀ ਹੈ। ਹਾਈ ਕੋਰਟ ਵੱਲੋਂ ਅਰਜ਼ੀ ਖਾਰਜ ਕਰਨ ਦਾ ਫੈਸਲਾ ਇਸ ਲਈ ਅਹਿਮੀਅਤ ਰੱਖਦਾ ਹੈ, ਕਿਉਂਕਿ ਟਰਾਇਲ 'ਤੇ ਰੋਕ ਹਟਣ ਨਾਲ ਇਸ ਮਾਮਲੇ ਵਿਚ ਹੁਣ ਕਿਸੇ ਵੇਲੇ ਵੀ ਫੈਸਲਾ ਆ ਸਕਦਾ ਹੈ ਕਿਉਂਕਿ ਮਾਮਲੇ ਵਿਚ ਲਗਭਗ ਸਾਰੇ ਗਵਾਹ ਮੁਕੰਮਲ ਹੋ ਚੁੱਕੇ ਹਨ ਤੇ ਸਿਰਫ ਫੈਸਲਾ ਸੁਣਾਉਣਾ ਬਾਕੀ ਰਹਿ ਗਿਆ ਹੈ।

# ਪੰਥਕ ਧਿਰਾਂ ਵੱਲੋਂ ਬੇਅਦਬੀ ਕਾਂਡ 'ਤੇ ਕੈਪਟਨ ਸਰਕਾਰ ਘੇਰਨ ਦੀ ਤਿਆਰੀ

## ਦੋਸ਼ੀਆਂ ਨੂੰ ਫੜਨ ਲਈ ਪਹਿਲੀ ਜੁਲਾਈ ਤੱਕ ਦਾ ਅਲਟੀਮੇਟਮ

**ਜੈਤੋ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਨੂੰ ਦੋ ਸਾਲ ਬੀਤਣ 'ਤੇ ਬਰਗਾੜੀ ਦੇ ਗੁਰਦੁਆਰੇ ਵਿਚ ਕਰਵਾਏ ਗਏ ਪਸ਼ਚਾਤਾਪ ਸਮਾਗਮ ਦੌਰਾਨ ਮੁਤਵਾਜ਼ੀ ਜਥੇਦਾਰਾਂ ਨੇ ਮਤਾ ਪਾਸ ਕਰ ਕੇ ਸਰਕਾਰ ਨੂੰ ਬੇਅਦਬੀ ਘਟਨਾਵਾਂ ਦੇ ਮੁਲਜ਼ਮਾਂ ਨੂੰ ਫੜਨ ਲਈ ਪਹਿਲੀ ਜੁਲਾਈ ਤੱਕ ਦਾ ਅਲਟੀਮੇਟਮ ਦਿੱਤਾ ਹੈ। ਮਤਾ ਪਾਸ ਕੀਤਾ ਗਿਆ ਹੈ ਕਿ ਜੇ ਮੁਲਜ਼ਮ ਨਾ ਫੜੇ ਗਏ ਤਾਂ ਸਿੱਖ ਕੌਮ ਤਿੱਖਾ ਸੰਘਰਸ਼ ਕਰੇਗੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਕੈਪਟਨ ਸਰਕਾਰ ਨੂੰ ਵਾਅਦਾ ਚੇਤੇ ਕਰਾਉਂਦਿਆਂ ਕਿਹਾ ਕਿ ਉਹ ਬੇਅਦਬੀ ਦੀਆਂ ਘਟਨਾਵਾਂ ਅਤੇ ਉਸ ਨਾਲ ਜੁੜੇ ਬਹਿਬਲ ਕਾਂਡ ਦੇ ਮੁਲਜ਼ਮਾਂ ਨੂੰ ਫੜਨ ਲਈ ਤੁਰਤ ਕਾਰਵਾਈ ਕਰੇ। ਜਥੇਦਾਰ ਅਮਰੀਕ ਸਿੰਘ ਅਜਨਾਲਾ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰੇ।



ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਬੇਅਦਬੀ ਘਟਨਾਵਾਂ ਦੀ ਗਿਣਤੀ ਦੋ ਸੌ ਦੇ ਕਰੀਬ ਦੱਸਦਿਆਂ ਇਨ੍ਹਾਂ ਨੂੰ ਬਾਦਲ ਸਰਕਾਰ ਦੇ ਮੱਥੇ ਦਾ ਦਾਗ ਦੱਸਿਆ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਤੋਂ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ ਕਿਉਂਕਿ ਅਕਾਲੀ ਤੇ ਕਾਂਗਰਸੀ ਆਗੂ ਘਿਉ-ਖਿਚੜੀ ਹਨ। ਜ਼ਿਕਰਯੋਗ ਹੈ ਕਿ ਦੋ ਸਾਲ ਪਹਿਲਾਂ ਬਰਗਾੜੀ ਨੇੜਲੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿਚੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋ ਗਿਆ ਸੀ। ਉਸ ਤੋਂ ਕੁਝ ਦਿਨਾਂ ਬਾਅਦ ਸਰੂਪ ਦੇ ਪੱਤਰੇ ਪਿੰਡ ਬਰਗਾੜੀ ਦੀ ਫਿਰਨੀ ਤੋਂ ਮਿਲੇ ਸਨ। ਇਸ ਤੋਂ ਬਾਅਦ ਬਹਿਬਲ ਕਲਾਂ ਵਿਖੇ ਪ੍ਰਦਰਸ਼ਨ ਦੌਰਾਨ ਪੁਲਿਸ ਦੀ ਗੋਲੀ ਨਾਲ ਦੋ ਨੌਜਵਾਨ ਮਾਰੇ ਗਏ ਸਨ।

## ਕੈਪਟਨ ਸਰਕਾਰ ਵਲੋਂ ਕੇਂਦਰ ਕੋਲ ਪਹੁੰਚ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਰਗਾੜੀ ਵਿਚ ਗੋਲੀਬਾਰੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਘਟਨਾਵਾਂ 'ਚ ਦੋਸ਼ੀ ਪਾਏ ਜਾਣ ਵਾਲਿਆਂ ਨੂੰ ਸਖਤ ਤੇ ਮਿਸਾਲੀ ਸਜ਼ਾ ਦਿਵਾਉਣ ਦਾ ਅਹਿਦ ਲਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਨ੍ਹਾਂ ਘਟਨਾਵਾਂ 'ਚ ਸ਼ਾਮਲ ਵਿਅਕਤੀਆਂ ਨੂੰ ਸਖਤ ਸਜ਼ਾ ਯਕੀਨੀ ਬਣਾਉਣ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਕੇਂਦਰ ਨੂੰ ਅਪੀਲ ਕੀਤੀ ਕਿ ਉਹ ਨਵੰਬਰ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਸਬੰਧਤ ਤਿੰਨ ਮਾਮਲਿਆਂ ਦੀ ਜਾਂਚ 'ਚ ਤੇਜ਼ੀ ਲਿਆਉਣ ਲਈ ਸੀ.ਬੀ.ਆਈ. ਨੂੰ ਆਖੇ।



ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਦੀ ਅਗਵਾਈ ਹੇਠ ਜਾਂਚ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ ਜੋ ਬਰਗਾੜੀ ਸਣੇ ਬੇਅਦਬੀ ਦੀਆਂ ਸਾਰੀਆਂ ਘਟਨਾਵਾਂ ਦੀ ਜਾਂਚ ਕਰਨ ਤੋਂ ਇਲਾਵਾ ਇਸ ਵਿਚ ਵਿਵਾਦਤ ਐਸ.ਐਸ.ਪੀ. ਚਰਨਜੀਤ ਸਿੰਘ ਦੀ ਭੂਮਿਕਾ ਦੀ ਵੀ ਜਾਂਚ ਹੋਵੇਗੀ।

# ਹਰਪ੍ਰੀਤ ਕੌਰ ਦਾ ਪਲੇਠਾ ਕਾਵਿ-ਸੰਗ੍ਰਹਿ 'ਦਹਿਲੀਜ਼ ਦੇ ਆਰ-ਪਾਰ' ਰਿਲੀਜ਼

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਮੈਂਬਰ ਹਰਪ੍ਰੀਤ ਕੌਰ ਧੂਤ ਦਾ ਪਲੇਠਾ ਕਾਵਿ-ਸੰਗ੍ਰਹਿ 'ਦਹਿਲੀਜ਼ ਦੇ ਆਰ ਪਾਰ' ਪਿਛਲੇ ਦਿਨੀਂ ਸਭਾ ਵਲੋਂ ਰਿਲੀਜ਼ ਕੀਤਾ ਗਿਆ। ਇਸ ਪੁਸਤਕ ਵਿਚ ਵੱਖ ਵੱਖ ਵਿਸ਼ਿਆਂ ਨੂੰ ਛੂਹਦੀਆਂ ਉਸ ਦੀਆਂ 75 ਰਚਨਾਵਾਂ ਸ਼ਾਮਲ ਹਨ। ਸਮਾਗਮ ਦਾ ਅਰੰਭ ਕਰਦਿਆਂ ਹਰਜਿੰਦਰ ਪੰਧੇਰ ਨੇ ਆਏ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਕਾਵਿ-ਪੁਸਤਕ ਬਾਰੇ ਜਾਣਕਾਰੀ ਦਿਤੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬੀ ਯੂਨੀਵਰਸਟੀ, ਪਟਿਆਲਾ ਤੋਂ ਡਾ. ਮੋਹਨ ਤਿਆਗੀ ਨੇ ਕਿਹਾ ਕਿ ਹਰਪ੍ਰੀਤ ਕੌਰ ਨਾਰੀ ਸੰਵੇਦਨਾ ਦੀ ਕਵਿਤ੍ਰੀ ਹੈ। ਉਸ ਦੀ ਕਵਿਤਾ ਵਿਚ ਯੁੱਗ ਚੇਤਨਾ ਅਤੇ ਸਮਕਾਲੀ ਸਮਾਜਿਕ ਸਰੋਕਾਰਾਂ ਦੀ ਭਰਵੀਂ ਚਰਚਾ ਹੋਈ ਹੈ। ਹੰਸ ਰਾਜ ਮਹਿਲਾ ਕਾਲਜ, ਜਲੰਧਰ ਤੋਂ ਪ੍ਰੋ. ਨਵਰੂਪ ਕੌਰ ਨੇ ਹਰਪ੍ਰੀਤ ਦੀ ਕਾਵਿਕ ਸੁੰਦਰਤਾ ਦੀ ਤਾਰੀਫ ਕੀਤੀ।

ਪੁਸਤਕ ਬਾਰੇ ਰਚਾਏ ਗਏ ਸੰਵਾਦ ਵਿਚ ਡਾ. ਮੋਹਨ ਤਿਆਗੀ, ਹਰਜਿੰਦਰ ਪੰਧੇਰ, ਤ੍ਰਿਪਤ ਸਿੰਘ ਭੱਟੀ, ਹਰਨੇਕ ਸਿੰਘ, ਪ੍ਰੋ. ਨਵਰੂਪ ਕੌਰ, ਦਿਲ ਨਿੱਜਰ, ਮਲਕੀਤ ਸਿੰਘ ਬੋਪਾਰਾਏ, ਬੱਲ ਬਹਾਦਰ ਸਿੰਘ ਅਤੇ ਹੋਰ ਹਾਜ਼ਰ ਸੱਜਣਾਂ ਨੇ ਹਿੱਸਾ ਲਿਆ। ਹਰਪ੍ਰੀਤ ਕੌਰ ਨੇ ਆਪਣੇ ਕਾਵਿ-ਸੰਗ੍ਰਹਿ ਵਿਚੋਂ ਕੁਝ ਚੋਣਵੀਆਂ ਕਵਿਤਾਵਾਂ ਦਾ ਪਾਠ ਕੀਤਾ।



ਇਸ ਮੌਕੇ ਸਭਾ ਨੇ ਪ੍ਰੋ. ਨਵਰੂਪ ਕੌਰ ਨੂੰ 'ਪਰਵਾਸ ਤੋਂ ਆਵਾਸ ਵੱਲ' (ਉਤਰੀ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ) ਅਤੇ 'ਦਿਸਹੱਦਿਆਂ ਦੇ ਆਰ-ਪਾਰ' (ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਹਿ) ਦਾ ਸੈਟ ਭੇਟ ਕੀਤਾ। ਇਸ ਉਪਰੰਤ ਹੋਏ ਕਵੀ ਦਰਬਾਰ ਵਿਚ ਉਕਤ ਸੱਜਣਾਂ ਤੋਂ ਇਲਾਵਾ ਜਯੋਤੀ ਸਿੰਘ, ਬਲਜੀਤ ਕੌਰ ਸੰਘਾ, ਮਨਜੀਤ ਕੌਰ ਸੰਧੂ, ਗੁਰਪ੍ਰੀਤ ਕੌਰ ਅਤੇ ਮ੍ਰਿਗਇੰਦਰ ਪੰਧੇਰ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਸਮਾਗਮ ਦੌਰਾਨ ਆਏ ਮਹਿਮਾਨਾਂ ਦੀ ਮੇਜ਼ਬਾਨੀ ਹਰਪ੍ਰੀਤ ਕੌਰ ਦੇ ਜੀਵਨ ਸਾਥੀ ਸਰਬਜੀਤ ਸਿੰਘ ਧੂਤ ਨੇ ਕੀਤੀ।

## ਦਸ ਕਰੋੜੀ ਕਣਕ ਘੁਟਾਲੇ 'ਚ 14 ਇੰਸਪੈਕਟਰ ਮੁਅੱਤਲ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ 10 ਕਰੋੜ ਰੁਪਏ ਦੇ ਕਣਕ ਘੁਟਾਲੇ ਦੇ ਮਾਮਲੇ ਵਿਚ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ 14 ਇੰਸਪੈਕਟਰ ਮੁਅੱਤਲ ਕਰ ਦਿੱਤੇ ਹਨ। ਮੁਅੱਤਲੀ ਦੇ ਹੁਕਮ ਸੈਂਟਰਲ ਵਿਜੀਲੈਂਸ ਕਮਿਸ਼ਨ (ਸੀ.ਵੀ.ਸੀ.) ਟੀਮ ਦੀ ਰਿਪੋਰਟ ਤੋਂ ਬਾਅਦ ਜਾਰੀ ਕੀਤੇ ਗਏ ਹਨ, ਜਿਸ ਨੂੰ 45000 ਕੁਇੰਟਲ ਕਣਕ ਦੇ ਘੁਟਾਲੇ ਦੀ ਜਾਂਚ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

ਸਰਕਾਰੀ ਬੁਲਾਰੇ ਨੇ ਦੱਸਿਆ ਕਿ ਐਨ. ਐਫ. ਐਸ.ਏ. ਕਣਕ ਦੀ ਬਲੈਕ ਵਿਚ ਵਿਕਰੀ ਨਾਲ ਸਬੰਧਤ ਸ਼ਿਕਾਇਤਾਂ ਦੇ ਆਧਾਰ 'ਤੇ ਸੀ. ਵੀ. ਸੀ. ਜਾਂਚ ਦੇ ਹੁਕਮ ਜਾਰੀ ਕੀਤੇ ਗਏ ਸਨ।


Gill Financial & Insurance Services
31080 Union City Blvd# 201, Union City, CA 94587

Insurance

*Auto *Home *Business *Life
*OBAMACARE Health Insurance

Save up to 25%

*ਆਟੋ *ਹੋਮ
*ਬਿਜਨਸ *ਲਾਈਫ
*ਓਬਾਮਾਕੇਅਰ
ਹੈਲਥ ਇੰਸ਼ੋਰੈਂਸ

Now Hiring
*Insurance Agents
*Customer Service
Managers
(Salary+Bonus)



Manjit Gill
CA Ins Lic#OB23990

Call Manjit Gill, Ph: 510-888-1180



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426



HIGH QUALITY PICTURE
HD TVI, SDI, IP



We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS

Call Sukhpal for your next security solution purchase

2 YEAR WARRANTY



Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net

# ਖੂਬ ਰਿਹਾ ਸੈਨ ਹੋਜ਼ੇ ਦਾ ਖੇਡ ਅਤੇ ਸਭਿਆਚਾਰਕ ਮੇਲਾ

**ਸੈਨ ਹੋਜ਼ੇ (ਬਿਊਰੋ):** ਇਥੇ ਐਵਰਗਰੀਨ ਪਾਰਕ ਵਿਚ ਲੰਘੀ 28 ਮਈ ਨੂੰ ਹੋਏ ਵਿਸਾਖੀ ਮੇਲੇ ਵਿਚ ਜਿਥੇ ਕਬੱਡੀ, ਕੁਸ਼ਤੀਆਂ ਅਤੇ ਵਾਲੀਬਾਲ ਦੀਆਂ ਖੇਡਾਂ ਹੋਈਆਂ, ਉਥੇ ਗਾਇਕੀ ਦਾ ਵੀ ਪਿੜ ਬੱਝਿਆ, ਜਿਸ ਦਾ ਦਰਸ਼ਕਾਂ ਨੇ ਭਰਪੂਰ ਅਨੰਦ ਮਾਣਿਆ। ਇਹ ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਵਾਨ ਕੀਤਾ






ਗਿਆ 21ਵਾਂ ਵਿਸਾਖੀ ਮੇਲਾ ਸੀ। ਮੇਲੇ ਦੀ ਖਾਸੀਅਤ ਇਹ ਰਹੀ ਕਿ ਦਰਸ਼ਕਾਂ ਵਿਚ 60 ਫੀਸਦੀ ਤੋਂ ਵੀ ਵੱਧ ਬੀਬੀਆਂ ਸ਼ਾਮਲ ਸਨ।



ਸਭਿਆਚਾਰਕ ਮੇਲਾ ਇੰਨਾ ਭਰਿਆ ਹੋਇਆ ਸੀ ਕਿ ਦਰਸ਼ਕ ਸ਼ਾਮੀਂ 8 ਵਜੇ ਤਕ ਗਾਇਕੀ ਦਾ ਅਨੰਦ ਮਾਣਦੇ ਰਹੇ। ਮੇਲੇ ਦਾ ਅਰੰਭ ਅਰਦਾਸ ਨਾਲ ਹੋਇਆ, ਜਿਸ ਪਿਛੋਂ ਬੀਬੀਆਂ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਗਾ ਕੇ ਹਾਜਰੀ ਲਵਾਈ। ਹਰਭਜਨ ਮਾਨ, ਸ਼ੰਕਰ ਸਾਹਨੀ, ਜਤਿੰਦਰ ਦੱਤ ਅਤੇ ਸਤਵਿੰਦਰ ਸੱਤੀ ਨੇ ਆਪਣੀ ਸਾਫ-ਸੁਥਰੀ ਅਤੇ ਸਭਿਆਚਾਰਕ ਗਾਇਕੀ ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਮੰਚ ਸੰਚਾਲਨ ਸਟੇਜਾਂ ਦੀ ਰਾਣੀ ਕਰਕੇ ਜਾਣੀ ਜਾਂਦੀ ਆਸ਼ਾ ਸ਼ਰਮਾ ਨੇ ਆਪਣੇ ਖਾਸ ਅੰਦਾਜ਼ ਵਿਚ ਸ਼ੇਅਰੋ-ਸ਼ਾਇਰੀ ਨਾਲ ਸ਼ਿੰਗਾਰ ਕੇ ਕੀਤਾ। ਦਰਸ਼ਕਾਂ, ਖਾਸ ਕਰ ਬੀਬੀਆਂ ਵਿਚ ਹਰਭਜਨ ਮਾਨ ਨਾਲ ਤਸਵੀਰਾਂ ਖਿਚਾਉਣ ਦਾ ਖਾਸ ਹੀ ਉਤਸ਼ਾਹ ਵੇਖਿਆ ਗਿਆ। ਕਈ ਦਰਸ਼ਕ ਉਸ ਨਾਲ ਸ਼ੈਲਫੀ ਲੈਣ ਲਈ ਕਾਫੀ ਕਾਹਲੇ ਸਨ। ਹਰਭਜਨ ਮਾਨ ਨੇ ਵੀ ਛੇਤੀ ਕੀਤੇ ਕਿਸੇ ਨੂੰ ਨਾਰਾਜ਼ ਨਹੀਂ ਹੋਣ ਦਿਤਾ।

ਅਜੇ ਅਕਾਦਮੀ ਦੇ ਉਸਤਾਦਾਂ-ਜਸਪਾਲ ਸਿੰਘ ਅਤੇ ਸੁਖਵਿੰਦਰ ਸਿੰਘ ਗੋਗੀ ਦੀਆਂ ਤਿਆਰ ਕੀਤੀਆਂ ਭੰਗੜਾ ਟੀਮਾਂ ਨੇ ਭੰਗੜੇ ਦਾ ਖੂਬ ਧਮੱਚੜ ਪਾਇਆ। ਕਈ ਦਰਸ਼ਕਾਂ ਨੂੰ ਉਨ੍ਹਾਂ ਦੀ ਰੀਸੇ ਅੱਡੀ-ਟੱਪਾ ਕਰਦੇ ਵੇਖਿਆ ਗਿਆ। ਛੋਟ ਛੋਟੇ ਬੱਚਿਆਂ ਦੇ ਗਿੱਧੇ ਤੇ ਭੰਗੜੇ ਨੇ ਸਭ ਦਾ ਮਨ ਮੋਹ ਲਿਆ।

ਵਾਲੀਬਾਲ ਮੈਚਾਂ ਵਿਚ ਐਵਰਗਰੀਨ ਸੈਨ ਹੋਜ਼ੇ, ਫਾਲਸਨ ਕਿੰਗਜ਼, ਲਿਵਿੰਗਸਟਨ, ਸੈਂਟਾ ਕਲਾਰਾ, ਚੜ੍ਹਦੀ ਕਲਾ ਕਲੱਬ, ਫਰਿਜ਼ਨੋ ਅਤੇ ਨੌਰ ਕੈਲ ਕਲੱਬ ਦੀਆਂ ਟੀਮਾਂ ਭਿੜੀਆਂ। ਪਹਿਲਾ ਇਨਾਮ ਚੜ੍ਹਦੀ ਕਲਾ ਕਲੱਬ ਫਰਿਜ਼ਨੋ ਨੇ ਜਿੱਤਿਆ, ਜਦੋਂਕਿ ਦੂਜਾ ਇਨਾਮ ਸੈਂਟਾ ਕਲਾਰਾ ਦੇ ਹਿੱਸੇ ਆਇਆ।

ਕਬੱਡੀ ਅਤੇ ਕੁਸ਼ਤੀਆਂ ਦੇ ਮੁਕਾਬਲੇ ਜੈਟ ਸਿੰਘ ਦੀ ਯਾਦ ਵਿਚ ਕਰਵਾਏ ਗਏ। ਕਬੱਡੀ ਓਪਨ ਦਾ ਪਹਿਲਾ ਇਨਾਮ ਯੂਬਾ ਸਿਟੀ ਸਪੋਰਟਸ ਕਲੱਬ ਨੇ ਜਿੱਤਿਆ, ਜਿਸ ਦੇ ਮੈਨੇਜਰ ਦਵਿੰਦਰ ਨਿੱਜਰ ਸਨ। ਦੂਜਾ ਇਨਾਮ ਮਲਟੀਕਲਚਰਲ ਸਪੋਰਟਸ ਕਲੱਬ ਦੇ ਹਿੱਸੇ ਆਇਆ। ਇਸ ਟੀਮ ਦੇ ਮੈਨੇਜਰ ਸਨ, ਪਾਲੀ ਸਿੰਘ।

ਕਬੱਡੀ ਅੰਡਰ 21 ਮੈਚਾਂ ਵਿਚ ਗੁਰਦੁਆਰਾ ਸੈਨ ਹੋਜ਼ੇ ਕਬੱਡੀ ਸਪੋਰਟਸ ਕਲੱਬ ਦੀ ਟੀਮ ਨੇ ਜਿੱਤਿਆ, ਜਿਸ ਦੇ ਮੈਨੇਜਰ ਉਪਕਾਰ ਸਿੰਘ ਸਨ। ਦੂਜਾ ਇਨਾਮ ਯੂਬਾ ਸਿਟੀ ਦੀ ਟੀਮ ਨੂੰ ਮਿਲਿਆ। ਮੁਕਾਬਲੇ ਵਿਚ ਭਿੜੀਆਂ ਦੂਜੀਆਂ ਦੋ ਟੀਮਾਂ ਸਨ-ਕਿੰਗਜ਼ ਸਪੋਰਟਸ ਕਲੱਬ ਅਤੇ ਮਲਟੀਕਲਚਰਲ ਸਪੋਰਟਸ ਕਲੱਬ।





ਕੁਸ਼ਤੀਆਂ ਦੇ ਮੁਕਾਬਲੇ ਬਹੁਤ ਦਿਲਚਸਪ ਰਹੇ। ਇਨ੍ਹਾਂ ਮੁਕਾਬਲਿਆਂ ਦੀ ਖਾਸ ਖਿੱਚ ਓਲੰਪੀਅਨ ਅਰਜੁਨ ਭੁੱਲਰ ਅਤੇ ਫਰੇਜ਼ਰ ਵੈਲੀ ਯੂਨੀਵਰਸਿਟੀ ਕੈਨੇਡਾ ਦੇ ਨੌਜਵਾਨਾਂ ਦੀ ਟੀਮ ਸੀ। ਇਨ੍ਹਾਂ ਵਿਚ ਪੰਜ ਕੁੜੀਆਂ ਅਤੇ ਸੱਤ ਲੜਕੇ ਸ਼ਾਮਲ ਸਨ, ਜਿਨ੍ਹਾਂ ਦਾ ਮੁਕਾਬਲਾ ਮੈਨਲੋ ਕਾਲਜ ਨਾਲ ਹੋਇਆ। ਮੁਕਾਬਲੇ ਬਹੁਤ ਦਿਲਚਸਪ ਰਹੇ। ਅਰਜਨ ਭੁੱਲਰ ਦੀ ਟੀਮ ਨੇ ਮੁਕਾਬਲਾ ਜਿੱਤ ਕੇ ਪਹਿਲੇ ਇਨਾਮ ਅਤੇ ਟਰਾਫੀ 'ਤੇ ਕਬਜ਼ਾ ਕੀਤਾ। ਟਰਾਫੀ ਇੰਗਲੈਂਡ ਦੇ ਜੈਟ ਸਿੰਘ ਨੂੰ ਸਮਰਪਿਤ ਸੀ, ਜੋ ਭਰ ਜਵਾਨੀ ਵਿਚ ਹੀ ਇਸ ਜਹਾਨੋਂ ਤੁਰ ਗਿਆ ਸੀ।



ਕੁਸ਼ਤੀ ਮੁਕਾਬਲੇ ਅਤੇ ਕਬੱਡੀ ਮੈਚ ਵੇਖਣ ਲਈ ਦਰਸ਼ਕਾਂ ਦੀ ਬਹੁਤ ਵਡੀ ਭੀੜ ਖੇਡ ਮੈਦਾਨ ਦੇ ਦੁਆਲੇ ਘੇਰਾ ਘੱਤੀ ਬੈਠੀ ਸੀ। ਦਰਸ਼ਕਾਂ ਲਈ ਲੰਗਰ-ਪਾਣੀ ਦਾ ਵਧੀਆ ਪ੍ਰਬੰਧ ਸੀ।






ਮੇਲੇ ਦਾ ਪ੍ਰਬੰਧ ਕਰਨ ਵਿਚ ਜਸਵੀਰ ਸਿੰਘ ਪਵਾਰ, ਸਤਵਿੰਦਰ ਸਰਾਂ, ਸਰਬਜੀਤ ਸਿੰਘ ਸੰਧੂ, ਜਸਵਿੰਦਰ ਸਿੰਘ ਸੋਹਲ, ਰਾਮਕਮਲ ਸਿੰਘ ਭੰਡਾਲ, ਮੈਨੀ ਭੰਡਾਲ, ਪਰੇਮਜੀਤ ਸਿੰਘ ਤੱਖਰ, ਬਾਬ ਢਿੱਲੋਂ, ਸੁਰਜੀਤ ਸਿੰਘ ਬੈਂਸ, ਗੁਰਬਖਸ਼ ਢਿੱਲੋਂ, ਭਿੰਦੀ ਢਿੱਲੋਂ, ਰਾਮਾ ਭੰਡਾਲ, ਚਰਨ ਸਿੰਘ ਭੰਡਾਲ, ਸਰਬਜੀਤ ਸਿੰਘ ਮੁਲਤਾਨੀ, ਇੰਦਰਜੀਤ ਸਿੰਘ ਥਿੰਦ ਅਤੇ ਗੁਰਪ੍ਰੀਤ ਸਿੰਘ ਸੇਠੀ ਨੇ ਮੋਹਰੀ ਰੋਲ ਨਿਭਾਇਆ।




ਮੇਲੇ ਦੇ ਮੁਖ ਗੋਲਡ ਸਪਾਂਸਰ ਸਨ-ਬਾਬ ਢਿੱਲੋਂ, ਪ੍ਰੀਤਮ ਸਿੰਘ ਗਰੇਵਾਲ, ਦੇਵ ਗਰੇਵਾਲ, ਸੁਰਜੀਤ ਸਿੰਘ ਬੈਂਸ ਅਤੇ ਰਾਜ ਭਨੋਟ। ਸਿਲਵਰ ਸਪਾਂਸਰਾਂ ਵਿਚ ਮੰਗਲ ਸਿੰਘ ਭੰਡਾਲ, ਮੈਨੀ ਭੰਡਾਲ, ਹਰਦੇਵ ਸਿੰਘ ਤੱਖਰ, ਸੁਖਦੇਵ ਸਿੰਘ ਬੈਨੀਵਾਲ, ਬੂਟਾ ਤੇ ਪਰੀਤਲ ਗਰੇਵਾਲ ਅਤੇ ਹਰਪਰਵਿੰਦਰ ਸਿੰਘ ਪਵਾਰ ਦੇ ਨਾਂ ਸ਼ਾਮਲ ਹਨ।



*(ਹੋਰ ਤਸਵੀਰਾਂ ਅਗਲੇ ਪੰਨੇ 'ਤੇ ਦੇਖੋ)*









# ਸੈਨ ਹੋਜ਼ੇ ਦਾ ਖੇਡ ਤੇ ਸਭਿਆਚਾਰਕ ਮੇਲਾ: ਤਸਵੀਰਾਂ ਦੀ ਜ਼ੁਬਾਨੀ





























# ਅਰੁੰਧਤੀ ਦੀ ਰਾਏ

ਅਰੁੰਧਤੀ ਰਾਏ ਦਾ ਨਵਾਂ ਨਾਵਲ 'ਦਿ ਮਿਨਿਸਟਰੀ ਆਫ ਅਟਮੋਸਟ ਹੈਪੀਨੈੱਸ'




## ਕਲਾ ਪਰਿਕਰਮਾ

ਕੀਰਤ ਕਾਸ਼ਣੀ


ਮਸ਼ਹੂਰ ਲਿਖਾਰੀ ਅਤੇ ਨਾਬਰ ਕਾਰਕੁਨ ਅਰੁੰਧਤੀ ਰਾਏ ਦੇ ਨਵੇਂ ਨਾਵਲ 'ਦਿ ਮਿਨਿਸਟਰੀ ਆਫ ਅਟਮੋਸਟ ਹੈਪੀਨੈੱਸ' ਦੀ ਆਮਦ ਦੇ ਨਾਲ ਹੀ ਉਸ ਦੇ ਵਿਚਾਰਾਂ ਅਤੇ ਰਾਵਾਂ ਬਾਰੇ ਚਰਚਾ ਇਕ ਵਾਰ ਫਿਰ ਛਿੜ ਪਈ ਹੈ। ਇਹ ਨਾਵਲ 20 ਵਰ੍ਹਿਆਂ ਪਿਛੋਂ ਆਇਆ ਹੈ। ਉਸ ਦਾ ਪਹਿਲਾ ਨਾਵਲ 'ਦਿ ਗੌਡ ਆਫ ਸਮਾਲ ਥਿੰਗਜ਼' 1997 ਵਿਚ ਛਪਿਆ ਸੀ ਅਤੇ ਇਸ ਨੂੰ ਵੱਕਾਰੀ 'ਮੈਨ ਬੁੱਕਰ ਪੁਰਸਕਾਰ' ਮਿਲਣ ਕਾਰਨ ਅਰੁੰਧਤੀ ਰਾਏ ਰਾਤੋ-ਰਾਤ ਸਟਾਰ ਲਿਖਾਰੀ ਬਣ ਗਈ ਸੀ। ਇਸ ਨਾਵਲ ਦੀ ਖਾਸੀਅਤ ਇਸ ਵਿਚਲਾ ਸੰਘਣਾ ਬਿਰਤਾਂਤ ਅਤੇ ਭਾਸ਼ਾ ਉਤੇ ਕਮਾਲ ਦੀ ਪਕੜ ਸੀ। ਸਿੱਟੇ ਵਜੋਂ ਇਹ ਨਾਵਲ ਭਾਰਤੀ ਭਾਸ਼ਾਵਾਂ ਤੋਂ ਇਲਾਵਾ ਸੰਸਾਰ ਦੀਆਂ ਕਈ ਹੋਰ ਭਾਸ਼ਾਵਾਂ ਵਿਚ ਵੀ ਅਨੁਵਾਦ ਹੋਇਆ। ਸੰਸਾਰ ਭਰ ਵਿਚ ਇਸ ਬਾਰੇ ਵੱਡੀ ਪੱਧਰ 'ਤੇ ਚਰਚਾ ਹੋਈ। ਰਵਾਇਤੀ ਖੱਬੇਪੱਖੀਆਂ ਬਾਰੇ ਟਿੱਪਣੀਆਂ ਤਾਂ ਭਾਰਤ ਵਿਚ ਕੁਝ ਜ਼ਿਆਦਾ ਹੀ ਚਰਚਿਤ ਹੋਈਆਂ ਸਨ।

ਅਰੁੰਧਤੀ ਦੇ ਨਵੇਂ ਨਾਵਲ ਦੀ ਉਡੀਕ ਬੜੀ ਬੇਸਬਰੀ ਨਾਲ ਕੀਤੀ ਜਾ ਰਹੀ ਸੀ। ਅਜਿਹਾ ਨਹੀਂ ਕਿ ਅਰੁੰਧਤੀ ਰਾਏ ਇੰਨੇ ਵਰ੍ਹੇ ਖਾਮੋਸ਼ ਬੈਠੀ ਰਹੀ, ਉਸ ਦੀਆਂ ਵਾਰਤਕ ਦੀਆਂ ਕਈ ਕਿਤਾਬਾਂ ਪ੍ਰਕਾਸ਼ਤ ਹੋਈਆਂ ਅਤੇ ਇਹ ਕਿਤਾਬਾਂ ਵੀ ਕੋਈ ਆਮ ਕਿਤਾਬਾਂ ਨਹੀਂ ਸਨ; ਸਗੋਂ ਇਨ੍ਹਾਂ ਵਿਚ ਲੋਕਾਂ ਨਾਲ ਜੁੜੇ ਵੱਖ-ਵੱਖ ਮੁੱਦੇ ਬਹੁਤ ਜ਼ੋਰਦਾਰ ਢੰਗ ਨਾਲ ਉਠਾਏ ਗਏ ਹਨ। ਇਨ੍ਹਾਂ ਮੁੱਦਿਆਂ ਵਿਚ ਕਸ਼ਮੀਰ ਦੀ ਆਜ਼ਾਦੀ, ਭਾਰਤ ਦੀਆਂ ਆਰਥਿਕ ਨੀਤੀਆਂ, ਨਰੇਂਦਰ ਮੋਦੀ ਦੀ ਤਾਜਪੋਸ਼ੀ ਅਤੇ ਲੋਕਾਂ ਨਾਲ ਜੁੜੇ ਹੋਰ ਅਹਿਮ ਮੁੱਦੇ ਸ਼ਾਮਲ ਹਨ।

ਦਰਅਸਲ ਇਹੀ ਉਹ ਮੁੱਦੇ ਹਨ ਜਿਹੜੇ ਹੁਣ ਇਕ ਇਕ ਕਰ ਕੇ ਬਹੁਤ ਖੂਬਸੂਰਤ ਢੰਗ ਨਾਲ ਅਛੋਪਲੇ ਜਿਹੇ 'ਦਿ ਮਿਨਿਸਟਰੀ ਆਫ ਅਟਮੋਸਟ ਹੈਪੀਨੈੱਸ' ਦੇ ਬਿਰਤਾਂਤ ਦਾ ਹਿੱਸਾ ਬਣ ਗਏ ਹਨ। ਇਸ ਬਿਰਤਾਂਤ ਨੂੰ ਉਸ ਨੇ ਆਪਣੀ ਭਾਸ਼ਾਈ ਪਕੜ ਨਾਲ ਇਕ ਵਾਰ ਫਿਰ ਸੋਨੇ 'ਤੇ ਸੁਹਾਗਾ ਵਾਂਗ ਬਣਾ ਦਿੱਤਾ।

ਇਸ ਨਾਵਲ ਦੀ ਨਾਇਕਾ ਅੰਜਮ ਹੈ ਜਿਹੜੀ ਦਿੱਲੀ ਵਿਚ ਵਸਦੀ ਹੈ। ਭਾਰਤ ਦੀ ਸੱਤਾ ਦੇ ਕੇਂਦਰ 'ਦਿੱਲੀ' ਵਿਚ ਵੱਸਦੇ ਸੱਤਾਹੀਣ ਲੋਕਾਂ ਉਤੇ ਨਿਤ ਦਿਨ ਕੀ ਬੀਤਦੀ ਹੈ, ਇਸ ਦਾ ਨਕਸ਼ਾ ਅਰੁੰਧਤੀ ਰਾਏ ਨੇ ਅੰਜਮ ਰਾਹੀਂ ਬਹੁਤ ਮਾਰਮਿਕ ਢੰਗ ਨਾਲ ਖਿੱਚਿਆ ਹੈ। ਇਕ ਮੋੜ 'ਤੇ ਆ ਕੇ ਤਾਂ ਜਿਉਂਦੇ ਅਤੇ ਮ੍ਰਿਤਕ ਬੰਦਿਆਂ ਵਿਚਕਾਰ ਫ਼ਰਕ ਕਰਨਾ ਵੀ ਮੁਸ਼ਕਿਲ ਹੋ ਜਾਂਦਾ ਹੈ!

ਨਾਵਲ ਦੀ ਕਹਾਣੀ ਤਕਰੀਬਨ 50 ਵਰ੍ਹਿਆਂ ਤੱਕ ਫੈਲੀ ਹੋਈ ਹੈ। ਕਹਾਣੀ ਅਗਾਂਹ ਤੋਰਨ ਲਈ ਨਾਵਲ ਵਿਚ ਇਕ ਹੋਰ ਔਰਤ ਜੋ ਆਰਕੀਟੈਕਟ ਹੈ, ਦੀ ਕਹਾਣੀ ਨਾਲੋ-ਨਾਲ ਚੱਲੀ ਜਾਂਦੀ ਹੈ। ਦਰਅਸਲ ਸਮੁੱਚੇ ਨਾਵਲ ਦੀਆਂ ਤੰਦਾਂ ਇਸ




*ਅਰੁੰਧਤੀ ਰਾਏ ਪਹਿਲੇ ਨਾਵਲ 'ਦਿ ਗੌਡ ਆਫ ਸਮਾਲ ਥਿੰਗਜ਼' ਦਾ ਮੱਥਾ।*

ਔਰਤ ਨਾਲ ਹੀ ਜੁੜੀਆਂ ਹੋਈਆਂ ਹਨ ਅਤੇ ਇਕ ਇਕ ਕਰ ਕੇ ਸਾਰੀਆਂ ਪਰਤਾਂ ਉਧੜਦੀਆਂ ਜਾਂਦੀਆਂ ਹਨ। ਕਹਾਣੀ ਦੇ ਤਣਾਅ ਅਤੇ ਕਸਾਅ ਨੂੰ ਥੋੜ੍ਹਾ ਰਵਾਂ ਕਰਨ ਲਈ ਮੁਹੱਬਤ ਵੀ ਤਰੌਂਕੀ ਗਈ ਹੈ, ਪਰ ਇਹ ਕਹਾਣੀ ਇਕ ਕਸ਼ਮੀਰੀ ਜਹਾਦੀ ਨਾਲ ਜੁੜਨ ਕਰ ਕੇ ਚਿਣਗਾਂ ਛੱਡਦੀ ਜਾਪਦੀ ਹੈ। ਇਹ ਔਰਤ ਬਹੁਤ ਸਾਰੀਆਂ ਸ਼ੈਆਂ ਨੂੰ ਆਪਣੇ ਨਾਲੋਂ ਰਤਾ ਕੁ ਵਿਥ 'ਤੇ ਰੱਖ ਕੇ ਦੇਖਦੀ-ਪਰਖਦੀ ਹੈ। ਸਿੱਟੇ ਵਜੋਂ ਤਣਾਅ ਦੀਆਂ ਤੰਦਾਂ ਕਦੇ ਢਿੱਲੀਆਂ ਅਤੇ ਬਹੁਤ ਵਾਰ ਐਨ ਕੱਸੀਆਂ ਜਾਂਦੀਆਂ ਹਨ। ਕਸ਼ਮੀਰ ਬਾਰੇ ਬਿਰਤਾਂਤ ਧਿਆਨ ਖਿੱਚਦਾ ਹੈ।

ਨਾਵਲ ਵਿਚ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ਦੇ ਨਾਲ-ਨਾਲ ਦੰਗਿਆਂ ਦੀ ਸਿਆਸਤ ਬਾਰੇ ਵੀ ਵੇਰਵੇ ਪਰੋਏ ਹੋਏ ਹਨ। ਵੇਸਵਾਗਿਰੀ ਨਾਲ ਜੁੜੀ ਔਰਤ ਦੀ ਟਿੱਪਣੀ ਦੇਖੋ: 'ਆਮ' ਆਦਮੀ ਤਾਂ ਮਹਿੰਗਾਈ, ਬੱਚਿਆਂ ਦੇ ਸਕੂਲ ਦਾਖ਼ਲਿਆਂ, ਪਤੀਆਂ ਹੱਥੋਂ ਕੁੱਟਮਾਰ, ਤੀਵੀਆਂ ਦੇ ਧੋਖੇ, ਹਿੰਦੂ-ਮੁਸਲਿਮ ਦੰਗੇ, ਹਿੰਦ-ਪਾਕਿ ਜੰਗ ਬਾਰੇ ਫ਼ਿਕਰਾਂ ਵਿਚ ਪਿਆ ਰਹਿੰਦਾ ਹੈ, ਪਰ ਇਹ ਸਭ ਤਾਂ ਸਾਡੇ ਅੰਦਰ ਵਾਪਰਦਾ ਹੈ। ਦੰਗੇ ਸਾਡੇ ਅੰਦਰ ਪਏ ਹਨ। ਜੰਗ ਸਾਡੇ ਅੰਦਰ ਪੁੜੀ ਹੋਈ ਹੈ। ਭਾਰਤ ਤੇ ਪਾਕਿਸਤਾਨ ਸਾਡੇ ਅੰਦਰ ਉਸਰੇ ਹੋਏ ਹਨ। ਇਹ ਕਹਾਣੀ ਕਦੇ ਮੁੱਕਦੀ ਹੀ ਨਹੀਂ।...

ਅਜਿਹੇ ਵੇਰਵਿਆਂ ਨਾਲ ਨਾਵਲ ਭਰਿਆ ਪਿਆ ਹੈ ਅਤੇ ਪਾਠਕ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਅਰੁੰਧਤੀ ਰਾਏ ਕੋਲ ਅਜਿਹੀਆਂ ਭਾਰੀਆਂ-ਗੌਰੀਆਂ ਗੱਲਾਂ ਵੀ ਬਹੁਤ ਸਹਿਜ ਤੇ ਸਲੀਕੇ ਨਾਲ ਸੁਣਾਉਣ ਦੀ ਕਲਾ ਹੈ। ਇਹ ਕਲਾ ਉਸ ਨੇ ਕੋਈ ਇਕ ਦਿਨ ਵਿਚ ਹਾਸਲ ਨਹੀਂ ਕੀਤੀ, ਸਗੋਂ ਜ਼ਿੰਦਗੀ ਦੀਆਂ ਜ਼ਿਦਾਂ ਨਾਲ ਖਹਿ ਖਹਿ ਕੇ ਕਮਾਈ ਹੋਈ ਹੈ।

24 ਨਵੰਬਰ 1961 ਨੂੰ ਜਨਮੀ ਦਾ ਪਿਓ ਰਾਜੀਬ ਰਾਏ ਬੰਗਾਲੀ ਹਿੰਦੂ ਸੀ ਅਤੇ ਮਾਂ ਮੈਰੀ ਰਾਏ ਮਲਿਆਲੀ-ਸੀਰੀਆਈ ਇਸਾਈ ਔਰਤ ਸੀ। ਅਰੁੰਧਤੀ ਦੋ ਵਰ੍ਹਿਆਂ ਦੀ ਸੀ ਜਦੋਂ ਉਸ ਦੇ ਮਾਪਿਆਂ ਵਿਚਕਾਰ ਤਲਾਕ ਹੋ ਗਿਆ। ਅਰੁੰਧਤੀ ਨੂੰ ਉਸ ਦੇ ਨਾਨਾ-ਨਾਨੀ ਨੇ ਹੀ ਪਾਲਿਆ ਅਤੇ ਪੜ੍ਹਾਇਆ।

### ਸ਼ਬਦ ਅਤੇ ਕਰਮ ਦੀ ਜੁਗਲਬੰਦੀ

*ਅਰੁੰਧਤੀ ਰਾਏ ਦੀ ਭਾਸ਼ਾ ਅਤੇ ਮੁੱਦਿਆਂ ਉਤੇ ਪਕੜ ਦੀ ਹਰ ਅਲੋਚਕ ਅਤੇ ਪਾਠਕ ਨੇ ਸ਼ਲਾਘਾ ਕੀਤੀ ਹੈ। ਸ਼ਬਦਾਂ ਦੀ ਲੜੀ ਅਤੇ ਮੁੱਦਿਆਂ ਦੀ ਜੁਗਲਬੰਦੀ ਨਾਲ ਉਹ ਅਜਿਹਾ ਬਿਰਤਾਂਤ ਸਿਰਜਦੀ ਹੈ ਕਿ ਪਾਠਕ ਅਸ਼ ਅਸ਼ ਕਰ ਉਠਦਾ ਹੈ। ਉਸ ਦਾ ਇਹ ਬਿਰਤਾਂਤ ਖੁਦ ਦਾ ਸਿਰਜਿਆ ਹੋਇਆ ਹੈ। ਇਸ ਬਿਰਤਾਂਤ ਦਾ ਸੰਘਣਾਪਣ ਉਸ ਦੀ ਲਿਖਤ ਦੇ ਸੇਕ ਨੂੰ ਦੂਣ-ਸਵਾਇਆ ਕਰ ਦਿੰਦਾ ਹੈ। ਉਸ ਨੇ ਇਹ ਸਾਰਾ ਕੁਝ ਜ਼ਿੰਦਗੀ ਦੇ ਪਿੜ ਅੰਦਰ ਜੂਝਦਿਆਂ ਹਾਸਲ ਕੀਤਾ ਹੈ, ਇਸੇ ਕਰ ਕੇ ਉਸ ਦੇ ਬਿਰਤਾਂਤ ਵਿਚ ਲੋਹੜੇ ਦੀ ਇਕਾਗਰਤਾ ਅਤੇ ਵੱਖ ਵੱਖ ਚੀਜ਼ਾਂ ਨੂੰ ਸਮਝਣ ਦੀ ਸਮਰੱਥਾ ਹੈ। ਉਹ ਵਕਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਸਿੱਧਾ ਝਾਕਦੀ ਹੈ। ਇਹੀ ਗੱਲ ਪਾਠਕ ਨੂੰ ਉਹਦੇ ਲਈ ਮੁਹੱਬਤਾਂ ਦੇ ਚਸ਼ਮੇ ਖੋਲ੍ਹ ਦਿੰਦੀ ਹੈ। ਬੱਸ! ਇਸ ਨੂੰ ਹੀ ਉਹ ਆਪਣੀ ਅਸਲ ਕਮਾਈ ਆਖਦੀ ਹੈ।*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਜੂਨ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-277



*ਬਾਲਪੁਣੇ ਦੀਆਂ ਬਾਤਾਂ ਯਾਰੋ, ਜਿਉਂ ਮਿਸ਼ਰੀ ਦੀਆਂ ਡਲੀਆਂ।
ਫੁੱਲਾਂ ਨਾਲੋਂ ਹੌਲੀਆਂ ਜਾਪਣ, ਮਹਿਕਦੀਆਂ ਜਿਉਂ ਕਲੀਆਂ।
ਮੀਂਹ ਆਵੇ ਜਾਂ ਨ੍ਹੇਰੀ ਜਾਵੇ, ਫਰਕ ਨਾ ਪੈਂਦਾ ਕਾਈ।
ਵਕਤ ਇਉਂ ਪੱਬ ਪੋਲੇ ਧਰਦਾ, ਜਿਵੇਂ ਲਾਡ ਲਡਾਵੇ ਮਾਈ।*

## ਕੈਪਸ਼ਨ ਮੁਕਾਬਲਾ-275



'ਮਦਰ ਇੰਡੀਆ' ਦਾ ਅਸਲੀ ਚਿਹਰਾ
ਜਿੱਥੇ ਜੂਨ ਹੰਢਾਵੇ ਇਹ ਨਾਰੀ।
ਨਾ ਕੋਈ ਭਾਰ ਵੰਡਾਵੇ ਇਸ ਦਾ
ਲੱਖ ਤਨ ਮਨ ਤੋਂ ਹੈ ਦੁਖਿਆਰੀ।
ਕਦੇ ਪੂਜਿਆ ਆਖ 'ਦੁਰਗਾ ਮਾਤਾ'
ਕਦੇ ਪੁਜਾਰੀਆਂ ਬਣਾ'ਤੀ ਦੇਵ ਦਾਸੀ।
ਮਗਰਮੱਛ ਦੇ ਨਿੱਤ ਹੰਝੂ ਵਹਾਈਏ
ਪਰ ਹਾਲ ਹੈ ਸਭ ਆਦਿਵਾਸੀ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਮਿੱਟੀ ਵਿਚੋਂ ਉਗੀਏ ਜੰਮੀਏ
ਮਿੱਟੀ ਚੱਟੀਏ ਖਾਈਏ।
ਦੋ ਵਕਤ ਦੀ ਬੁਰਕੀ ਖਾਤਰ
ਪਸ਼ੂ ਦੀ ਜੂਨ ਹੰਡਾਈਏ।
ਘਰ-ਘਾਟ ਨਾ ਦਰਦੀ ਕੋਈ
ਕੀਹਨੂੰ ਦੁੱਖ ਸੁਣਾਈਏ।
ਮਿੱਟੀ ਢੋਂਦੇ ਢੋਂਦੇ ਆਖਰ ਨੂੰ
ਮਿੱਟੀ ਹੀ ਹੋ ਜਾਈਏ।
***-ਚੰਨ, ਫੋਨ: 908-788-8427***

---

ਦਸ ਦਸ ਇੱਟਾਂ ਚਿਣ ਕੇ ਸਿਰ 'ਤੇ
ਮੰਜਲੋ ਮੰਜਲੀ ਚੜ੍ਹਦੀ ਜਾਵੇ।
ਹੱਡ ਭੰਨਵੀਂ ਮਿਹਨਤ ਕਰਦੀ
ਸਾਰੇ ਟੱਬਰ ਤਾਈਂ ਰਜਾਵੇ।
ਤਾਅਨੇ ਮਿਹਣੇ ਸਾਰੇ ਸਹਿੰਦੀ
ਫਿਰ ਵੀ ਨਿਰਬਲ ਇਹ ਕਹਾਵੇ।
***-ਜਗਜੀਤ ਸਿੰਘ ਪੰਧੇਰ***

---

ਚੁੱਲ੍ਹਾ-ਚੌਂਕਾ ਸਾਰਾ ਸਾਂਭੇ,
ਟੱਬਰ ਦੇ ਲਈ ਪਾਣੀ ਢੋਵੇ।
ਕੁੱਖ ਵਿਚ ਭਾਵੇਂ ਬੱਚਾ ਹੋਵੇ,
ਸਿਰ ਤੇ ਬਰਾਬਰ ਇੱਟਾਂ ਢੋਵੇ।
ਕੁੱਖ ਦੇ ਅੰਦਰ, ਕੁੱਖ ਦੇ ਬਾਹਰ,
ਮਰਦ ਸਮਾਜ ਦਾ ਝੱਲਦੀ ਕਹਿਰ।
ਸਦੀਆਂ ਤੋਂ ਗੁਲਾਮ ਬਣਾਈ,
ਗੱਲੀਂ ਬਾਤੀਂ ਪੂਜਣ ਔਰਤ।
ਹਉਕਿਆਂ ਭਰੀ ਚੁੱਪ ਜਦ ਟੁੱਟ ਗਈ,
ਵਾਂਗ ਜਵਾਲਾ ਫਟ ਜਾਊ ਔਰਤ।
ਪਸ਼ੂਆਂ ਵਰਗੀ ਜੂਨ ਹੰਢਾਉਂਦੀ,
ਚੰਡੀ ਦੇ ਰੂਪ 'ਚ ਵਟ ਜਾਊ ਔਰਤ।
***-ਦਵਿੰਦਰ ਕੌਰ***

---

ਸਿਸਟਮ ਦੇ ਝੰਬਿਆਂ ਕੀਤਾ ਪਰਵਾਸ
ਮਨਮੋਹਨ ਆਵੇ, ਭਾਵੇਂ ਮੋਦੀ
ਮਿਲਿਆ ਨਾ ਕੋਈ ਧਰਵਾਸ।
ਢੇਰ ਇੱਟਾਂ ਦੇ ਢੋਏ ਸਿਰ 'ਤੇ
ਨਾ ਲੈ ਸਕੇ ਬੱਚਿਆਂ ਦੀ ਸਾਰ।
ਮਾਰੋ ਨਾਅਰਾ ਹਾਅ ਦਾ ਲੋਕੋ
ਕਿਰਤੀ ਵੀ ਹੱਕਾਂ ਲਈ ਹੱਕਦਾਰ।
***-ਅਮਰਜੀਤ ਸਿੰਘ ਤੂਰ***

---

ਦਸਾਂ ਨਹੁੰਆਂ ਦੀ ਕਿਰਤ ਕਮਾਈ
ਇੱਟਾਂ ਸਿਰ 'ਤੇ ਚੁੱਕ ਕੇ ਭਾਈ।
ਮਿਹਨਤ ਕਰਕੇ ਬੱਚੇ ਪਾਲੇ
ਚਾਰੇ ਪਾਸੇ ਦਿਸੇ ਰੁਸ਼ਨਾਈ।
ਬੇਰੁਜ਼ਗਾਰੀ ਦੇ ਵਿਚ ਬੰਦਿਆ
ਮਜ਼ਦੂਰੀ ਕਰਨੀ ਪੈਂਦੀ ਚਾਈਂ ਚਾਈਂ।
***-ਗਿਆਨੀ ਜਗਜੀਤ ਕੌਰ, ਚੰਡੀਗੜ੍ਹ***

---

ਬੜੀ ਭੈੜੀ ਏ ਗਰੀਬੀ ਯਾਰੋ,
ਬੜਾ ਕੁਝ ਸਿਖਾ ਦਿੰਦੀ।
ਗਰੀਬੀ ਵੀ ਗਰੀਬ ਨਾਲ
ਕਿੰਨੇ ਹੀ ਮਖੌਲ ਕਰਾ ਦਿੰਦੀ।
ਜਦ ਜ਼ਿੰਦਗੀ ਦੇ ਸੁਪਨਿਆਂ 'ਤੇ
ਪੈਂਦੀ ਹੈ ਕਬੀਲਦਾਰੀ ਭਾਰੀ,
ਤਾਹੀਓਂ ਜਵਾਨੀ ਵਿਚ ਹੀ
ਬੁਢਾਪੇ ਦੇ ਦਰਸ਼ਨ ਕਰਾ ਦਿੰਦੀ।
***-ਮਨਦੀਪ ਗਿੱਲ ਧੜਾਕ***
***ਫੋਨ: 91-99881-11134***

---

ਮਿੱਟੀ 'ਚ ਮਿੱਟੀ ਹੋ ਕਾਮਾ
ਸਾਰਾ ਦਿਨ ਟੋਕਰੀ ਢੋਂਦਾ।
ਚੁੱਕ ਸਿਰ 'ਤੇ ਪੀਂਜ ਇੱਟਾਂ ਦੀ
ਸੜਕ, ਪੁਲ, ਘਰ ਬਣਾਉਂਦਾ।
ਨਹੀਂ ਇਲਮ ਉਸ ਦੀਆਂ ਚੀਸਾਂ ਦੀ
ਸਭ ਨੇਤਾ ਕੁਨਬਾਪਰਵਰੀ ਕਰਦੇ।
ਜਾਗੋ ਕਿਰਤੀਓ, ਹੋਵੋ ਇਕਜੁੱਟ,
ਆਪਣੇ ਹੱਕਾਂ ਲਈ ਕਿਉਂ ਨ੍ਹੀਂ ਲੜਦੇ?
***-ਦਰਸ਼ਨਪਾਲ ਦੋਸਾਂਝ***

---

ਦਿਨ ਰਾਤ ਮਿਹਨਤ ਕਰਨੀ ਪੈਂਦੀ
ਸਿਰ ਉਪਰ ਇੱਟ ਧਰਨੀ ਪੈਂਦੀ।
ਘਰੋਂ ਦੂਰ ਆ ਕਰਦੇ ਹਾਂ ਮਜਦੂਰੀ
ਫਿਰ ਵੀ ਮਿਹਨਤ ਨਾ ਮਿਲਦੀ ਪੂਰੀ।
ਠੇਕੇਦਾਰ ਕੰਮ ਲੈਂਦਾ ਠੋਕ ਕੇ
ਪੈਸੇ ਰੱਖਦਾ ਸਾਡੇ ਰੋਕ ਕੇ।
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਫੂਲਕਾ ਨੇ ਵਿਧਾਨ ਸਭਾ ਦੇ ਸਪੀਕਰ ਨੂੰ ਲਿਖਿਆ ਪੱਤਰ

**ਚੰਡੀਗੜ੍ਹ (ਬਿਊਰੋ):** ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ ਨੇ ਵਿਧਾਨ ਸਭਾ ਦੇ ਸਪੀਕਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਆਉਂਦੇ ਵਿਧਾਨ ਸਭਾ ਦੇ ਇਜਲਾਸ 'ਚ ਸਰਕਾਰ ਵੱਲੋਂ ਪੇਸ਼ ਕੀਤੇ ਜਾ ਰਹੇ ਬਿੱਲਾਂ ਦੀ ਕਾਪੀ ਵਿਰੋਧੀ ਧਿਰ ਨੂੰ ਪਹਿਲਾ ਮੁਹੱਈਆ ਕਰਵਾਈ ਜਾਵੇ ਤਾਂ ਜੋ ਮੈਂਬਰ ਇਸ ਨੂੰ ਪੜ੍ਹ ਸਕਣ ਅਤੇ ਕਾਰਵਾਈ ਵਿਚ ਭਾਗ ਲੈ ਸਕਣ।

ਪੱਤਰ 'ਚ ਫੂਲਕਾ ਨੇ ਕਿਹਾ ਕਿ ਸਰਕਾਰ ਵੱਲੋਂ ਪਿਛਲੇ ਇਜਲਾਸ 'ਚ ਪੇਸ਼ ਕੀਤੇ ਲਾਅ ਆਫੀਸਰ ਬਿੱਲ ਵਿਰੋਧੀ ਧਿਰ ਨੂੰ ਪਹਿਲਾਂ ਨਾ ਮਿਲਣ ਕਾਰਨ ਉਹ ਇਸ ਦੀ ਬਹਿਸ ਵਿਚ ਹਿੱਸਾ ਨਹੀਂ ਲੈ ਸਕੇ ਸਨ। ਜੋ ਕਿ ਵਿਧਾਨ ਸਭਾ ਦੇ ਨਿਯਮਾਂ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਂ ਵਾਲੀ ਦੇ ਰੂਲ 115 ਦੇ ਅਧੀਨ ਬਿਲ ਪੇਸ਼ ਕਰਨ ਲਈ 15 ਦਿਨ ਦਾ ਨੋਟਿਸ ਦੇਣਾ ਪੈਂਦਾ ਹੈ, ਪਰ ਲਾਅ ਆਫੀਸਰਜ਼ ਬਿੱਲ ਦੇ ਕੇਸ ਵਿਚ ਅਜਿਹਾ ਨਹੀਂ ਕੀਤਾ ਗਿਆ। ਫੂਲਕਾ ਨੇ ਕਿਹਾ ਕਿ ਆਉਣ ਵਾਲੇ ਵਿਧਾਨ ਸਭਾ ਇਜਲਾਸ 'ਚ ਸਰਕਾਰ ਬਹੁਤ ਸਾਰੇ ਅਹਿਮ ਬਿੱਲ ਪੇਸ਼ ਕਰਨ ਜਾ ਰਹੀ ਹੈ ਅਤੇ ਅਜਿਹੀ ਸੂਰਤ ਵਿਚ ਇਹ ਜ਼ਰੂਰੀ ਹੈ ਕਿ ਇਨ੍ਹਾਂ ਬਿੱਲਾਂ ਦੀ ਕਾਪੀ ਪਹਿਲਾਂ ਤੋਂ ਹੀ ਮੈਂਬਰਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ।

## ਤਾਏ ਦੇ ਮੁੰਡੇ ਦੀ ਹੱਤਿਆ

**ਤਰਨ ਤਾਰਨ:** ਪਿੰਡ ਗੰਡੀਵਿੰਡ ਵਿਚ ਗੁਰਪ੍ਰੀਤ ਸਿੰਘ ਉਰਫ ਕਾਲਾ ਨੂੰ ਉਸ ਦੇ ਚਚੇਰੇ ਭਰਾ ਹਰਪ੍ਰੀਤ ਸਿੰਘ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਮੁਲਜ਼ਮਾਂ ਦੀ ਸ਼ਨਾਖਤ ਸੋਖਾ ਸਿੰਘ ਵਜੋਂ ਹੋਈ ਹੈ। ਹਰਪ੍ਰੀਤ ਸਿੰਘ ਤਾਏ ਦੇ ਲੜਕੇ ਗੁਰਪ੍ਰੀਤ ਸਿੰਘ ਨੂੰ ਮੋਟਰਸਾਈਕਲ 'ਤੇ ਬਿਠਾ ਕੇ ਲੈ ਗਿਆ ਅਤੇ ਤਕਰਾਰ ਬਾਅਦ ਉਸ ਨੂੰ ਆਪਣੇ ਲਾਇਸੈਂਸੀ ਪਿਸਤੌਲ ਨਾਲ ਗੋਲੀਆਂ ਮਾਰ ਦਿੱਤੀਆਂ।

# ਰਾਣਾ ਮਾਮਲੇ 'ਤੇ ਕੈਪਟਨ ਸਰਕਾਰ ਨੂੰ ਪਿਆ ਚੁਫੇਰਿਓਂ ਘੇਰਾ

**ਚੰਡੀਗੜ੍ਹ:** ਪੰਜਾਬ ਦੇ ਸਿੰਜਾਈ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦੀਆਂ ਕੰਪਨੀਆਂ ਦੇ ਮੁਲਾਜ਼ਮਾਂ ਵੱਲੋਂ ਰੇਤੇ ਦੀਆਂ ਖੱਡਾਂ ਦੀ ਕਰੋੜਾਂ ਰੁਪਏ ਦੀ ਬੋਲੀ ਲਾਉਣ ਦਾ ਮੁੱਦਾ ਆਮਦਨ ਕਰ ਵਿਭਾਗ ਕੋਲ ਪੁੱਜ ਗਿਆ ਹੈ। ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਮਦਨ ਕਰ ਵਿਭਾਗ (ਪੜਤਾਲ) ਦੀ ਡਾਇਰੈਕਟਰ ਜਨਰਲ ਮਧੂ ਮਹਾਜਨ ਨੂੰ ਸ਼ਿਕਾਇਤ ਦੇ ਕੇ ਮੰਗ ਕੀਤੀ ਹੈ ਕਿ ਰਾਣਾ ਗੁਰਜੀਤ ਦੇ ਬੇਨਾਮੀ ਖਾਤਿਆਂ ਦੀ ਉਚ ਪੱਧਰੀ ਜਾਂਚ ਕੀਤੀ ਜਾਵੇ। ਸ੍ਰੀ ਖਹਿਰਾ ਨੇ ਦੋਸ਼ ਲਾਏ ਹਨ ਕਿ ਖੱਡਾਂ ਦੀ ਬੋਲੀ ਦੌਰਾਨ ਰਾਣਾ ਗੁਰਜੀਤ ਤੇ ਉਨ੍ਹਾਂ ਦੇ ਪਰਿਵਾਰ ਦੀਆਂ ਕੰਪਨੀਆਂ ਦੇ ਮੁਲਾਜ਼ਮਾਂ ਨੇ ਬੇਨਾਮੀ ਖਾਤਿਆਂ ਦੀ ਵਰਤੋਂ ਕੀਤੀ ਹੈ।

ਉਧਰ ਅਕਾਲੀ ਦਲ ਨੇ ਵੀ ਕਾਂਗਰਸ ਸਰਕਾਰ ਨੂੰ ਘੇਰਨ ਦੀ ਤਿਆਰੀ ਕਰ ਲਈ ਹੈ। ਦੱਸਣਯੋਗ ਹੈ ਕਿ ਰਾਣਾ ਗੁਰਜੀਤ ਸਿੰਘ ਅਜਿਹੇ ਦੋਸ਼ਾਂ ਨੂੰ ਰੱਦ ਕਰਕੇ ਕਹਿ ਚੁੱਕੇ ਹਨ ਕਿ ਖੱਡਾਂ ਦੀ ਬੋਲੀ ਲਾਉਣ ਵਾਲੇ ਮੁਲਾਜ਼ਮ ਪਹਿਲਾਂ ਹੀ ਉਨ੍ਹਾਂ ਦੀਆਂ ਕੰਪਨੀਆਂ ਵਿਚੋਂ ਨੌਕਰੀਆਂ ਛੱਡ ਚੁੱਕੇ ਹਨ। ਦੋਸ਼ ਲਾਇਆ ਗਿਆ ਹੈ ਕਿ ਰਾਣਾ ਗੁਰਜੀਤ ਦੇ ਖਾਨਸਾਮੇ ਰਹੇ ਅਮਿਤ ਬਹਾਦੁਰ ਅਤੇ 3 ਹੋਰ ਮੁਲਾਜ਼ਮਾਂ ਨੇ 26.51 ਕਰੋੜ ਰੁਪਏ, 9.31 ਕਰੋੜ ਰੁਪਏ, 4.11 ਕਰੋੜ ਰੁਪਏ ਅਤੇ 10.58 ਕਰੋੜ ਰੁਪਏ ਦੀਆਂ 4 ਖੱਡਾਂ ਖਰੀਦੀਆਂ ਹਨ। ਅਮਿਤ ਬਹਾਦੁਰ ਨੇ 13.5 ਕਰੋੜ ਰੁਪਏ 23 ਮਈ ਨੂੰ ਆਰ.ਟੀ.ਜੀ.ਐਸ. ਰਾਹੀਂ ਪੰਜਾਬ ਸਰਕਾਰ ਦੇ ਖਾਤੇ 'ਚ ਜਮ੍ਹਾਂ ਕਰਵਾਏ ਹਨ।

ਸ੍ਰੀ ਖਹਿਰਾ ਨੇ ਡਾਇਰੈਕਟਰ ਜਨਰਲ ਦੇ ਧਿਆਨ ਵਿਚ ਲਿਆਂਦਾ ਕਿ ਅਮਿਤ ਬਹਾਦੁਰ ਦੀ ਸਾਲ 2015-16 ਦੀ ਆਮਦਨ ਕਰ ਰਿਟਰਨ ਵਿਚ ਤਨਖਾਹ 11 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੇ ਸਾਲਾਨਾ ਆਮਦਨ 92,680 ਰੁਪਏ ਦਰਸਾਈ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਸਬੰਧਤ ਮੰਤਰੀ ਨੂੰ ਬਚਾਉਣ ਵਿਚ ਲੱਗੀ ਹੈ ਅਤੇ ਹਾਲੇ ਤੀਕ ਸਰਕਾਰ ਨੇ ਅਮਿਤ ਬਹਾਦੁਰ ਵੱਲੋਂ ਜਮ੍ਹਾਂ ਕਰਵਾਏ 13.50 ਕਰੋੜ ਰੁਪਏ ਦੇ ਸਰੋਤ ਖਾਤਿਆਂ ਨੂੰ ਜਨਤਕ ਨਹੀਂ ਕੀਤਾ। 'ਆਪ' ਪੰਜਾਬ ਦੇ ਮੀਤ ਪ੍ਰਧਾਨ ਅਮਨ ਅਰੋੜਾ ਨੇ ਤਾੜਨਾ ਕੀਤੀ ਕਿ ਜੇ ਰਾਣਾ ਗੁਰਜੀਤ ਸਿੰਘ ਨੂੰ ਫੌਰੀ ਵਜ਼ਾਰਤ 'ਚੋਂ ਨਾ ਕੱਢਿਆ ਤਾਂ ਮੁਜ਼ਾਹਰੇ ਕੀਤੇ ਜਾਣਗੇ।



## ਰਾਣੇ ਨੂੰ ਕਲੀਨ ਚਿੱਟ ਦੇਣ ਦੀ ਤਿਆਰੀ: ਖਹਿਰਾ

**ਚੰਡੀਗੜ੍ਹ:** ਆਪ ਦੇ ਸੀਨੀਅਰ ਆਗੂ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਹੁ-ਕਰੋੜੀ ਮਾਈਨਿੰਗ ਸਕੈਂਡਲ ਵਿਚ ਫਸੇ ਸਿੰਜਾਈ ਅਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਨੂੰ ਬਰਖਾਸਤ ਕਰਨ ਦੀ ਥਾਂ ਜਸਟਿਸ ਨਾਰੰਗ ਕਮਿਸ਼ਨ ਰਾਹੀਂ ਕਲੀਨ ਚਿੱਟ ਦੇਣ ਦੇ ਰਾਹ ਤੁਰ ਪਏ ਹਨ। ਸ੍ਰੀ ਖਹਿਰਾ ਨੇ ਕਿਹਾ ਕਿ ਆਪਣੇ ਰਸੋਈਏ ਅਤੇ ਨੌਕਰਾਂ ਦੇ ਨਾਮ ਉਤੇ ਕਰੋੜਾਂ ਰੁਪਏ ਦੀਆਂ ਬੇਨਾਮੀ ਰੇਤ ਬਜਰੀ ਖੱਡਾਂ ਲੈਣ ਦੇ ਮਾਮਲੇ ਵਿਚ ਕੈਪਟਨ ਸਰਕਾਰ ਜਾਂਚ ਦੇ ਨਾਂ ਉਤੇ ਕੋਝਾ ਮਜ਼ਾਕ ਕਰ ਰਹੀ ਹੈ। ਉਨ੍ਹਾਂ ਰਾਣਾ ਗੁਰਜੀਤ ਸਿੰਘ ਦਾ ਪਾਸਪੋਰਟ ਜ਼ਬਤ ਕਰਨ ਅਤੇ ਰੇਤਾ ਬਜਰੀ ਦੀਆਂ ਖੱਡਾਂ ਦੀ ਹੋਈ ਬੋਲੀ ਨੂੰ ਰੱਦ ਕਰਕੇ ਨਵੇਂ ਸਿਰਿਓਂ ਮਾਫੀਆ ਮੁਕਤ ਬੋਲੀ ਕਰਵਾਉਣ ਦੀ ਮੰਗ ਕੀਤੀ।



## ਰਾਣੇ ਦੇ ਦਾਅਵੇ ਸੱਚ ਤੋਂ ਕੋਹਾਂ ਦੂਰ

**ਚੰਡੀਗੜ੍ਹ:** ਪੰਜਾਬ ਦੇ ਸਿੰਜਾਈ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਭਾਵੇਂ ਰੇਤ ਦੀ ਖੱਡ ਦੀ 26 ਕਰੋੜ ਰੁਪਏ ਦੀ ਸਫਲ ਬੋਲੀ ਦੇਣ ਵਾਲੇ ਆਪਣੇ ਖਾਨਸਾਮੇ ਅਮਿਤ ਬਹਾਦੁਰ ਨਾਲ ਕੋਈ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ, ਪਰ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਰਾਣਾ ਗੁਰਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਮਾਲਕੀ ਵਾਲੀ ਕੰਪਨੀ ਅਤੇ ਉਨ੍ਹਾਂ ਦੇ ਭਰਾ ਨੇ ਉਸ ਕੰਪਨੀ ਤੋਂ 2015-16 ਵਿਚ 5.79 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ, ਜਿਸ ਦੇ ਡਾਇਰੈਕਟਰਾਂ ਵਿਚ ਬਹਾਦੁਰ ਵੀ ਸ਼ਾਮਲ ਸੀ।

ਇਸ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰ ਦੀ ਕੰਪਨੀ ਰਾਣਾ ਪੌਲੀਕੌਟ ਲਿਮਟਿਡ ਨੇ ਅਮਿਤ ਬਹਾਦੁਰ ਦੀ ਮਾਲਕੀ ਵਾਲੀ ਫਲਾਅਲੈੱਸ ਟਰੇਡਰਜ਼ (ਪ੍ਰਾ.) ਲਿਮਟਿਡ ਤੋਂ 3.84 ਕਰੋੜ ਰੁਪਏ ਤੇ ਉਨ੍ਹਾਂ ਦੇ ਭਰਾ ਰਾਣਾ ਰਣਜੀਤ ਸਿੰਘ (ਰਾਣਾ ਗਰੁੱਪ ਦਾ ਸਹਿ-ਬਾਨੀ) ਨੇ 1.45 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਇਹ ਕਰਜ਼ਾ 'ਕਾਰੋਬਾਰੀ ਮਕਸਦ' ਲਈ 2015-16 ਵਿਚ ਦਿੱਤਾ ਗਿਆ ਸੀ। ਬਹਾਦੁਰ 21 ਮਾਰਚ 2017 ਤੱਕ ਕੰਪਨੀ ਦਾ ਡਾਇਰੈਕਟਰ ਸੀ।

ਕੰਪਨੀ ਵੱਲੋਂ ਰਜਿਸਟਰਾਰ ਆਫ਼ ਕੰਪਨੀਜ਼ ਕੋਲ ਦਾਖ਼ਲ 2016-17 ਦੀ ਬੈਲੈਂਸ ਸ਼ੀਟ ਮੁਤਾਬਕ ਕੰਪਨੀ ਦੀਆਂ ਨਕਦ ਜਮ੍ਹਾਂ ਰਕਮਾਂ ਵਿਚ ਵਾਧਾ 'ਅੰਤਰ-ਕਾਰਪੋਰੇਟ ਵਿਆਜ-ਰਹਿਤ ਕਰਜ਼ਿਆਂ' ਰਾਹੀਂ ਹੋਇਆ। ਕੰਪਨੀ ਨੇ ਰਾਣਾ ਪਰਿਵਾਰ ਦੀ ਮਾਲਕੀ ਵਾਲੀਆਂ ਕੰਪਨੀਆਂ ਵਿਚ ਵੀ ਸ਼ੇਅਰਾਂ ਦੀ ਖਰੀਦ ਰਾਹੀਂ 22.48 ਕਰੋੜ ਰੁਪਏ ਦਾ ਨਿਵੇਸ਼ ਕੀਤਾ ਸੀ।

## ਪੁਲਾੜ ਵੱਲ ਇਕ ਹੋਰ ਸਫਲ ਉਡਾਣ

**ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼):** ਭਾਰਤ ਨੇ ਆਪਣੇ ਸਭ ਤੋਂ ਭਾਰੀ ਰਾਕੇਟ ਜੀ.ਐਸ.ਐਲ.ਵੀ. ਐਮ.ਕੇ.3-ਡੀ ਨੂੰ ਸਫਲਤਾਪੂਰਵਕ ਦਾਗ ਕੇ ਇਤਿਹਾਸ ਸਿਰਜ ਦਿੱਤਾ। ਇਸ 43.43 ਮੀਟਰ ਲੰਮੇ ਰਾਕੇਟ ਨੇ ਇਥੇ ਸਤੀਸ਼ ਧਵਨ ਪੁਲਾੜ ਕੇਂਦਰ ਦੇ ਦੂਜੇ ਲਾਂਚ ਪੈਡ ਤੋਂ ਉਡਾਣ ਭਰੀ। ਇਹ ਪੁਲਾੜ ਵਾਹਨ ਦੇਸ਼ ਦਾ ਹੁਣ ਤੱਕ ਦਾ ਸਭ ਤੋਂ ਭਾਰੀ ਸੰਚਾਰ ਉਪਗ੍ਰਹਿ ਜੀਸੈਟ-19 ਲੈ ਕੇ ਗਿਆ। ਪੁਲਾੜ ਵਾਹਨ ਨੇ ਉਡਾਣ ਭਰਨ ਤੋਂ 16 ਮਿੰਟ ਬਾਅਦ 3136 ਕਿਲੋ ਵਜ਼ਨੀ ਉਪਗ੍ਰਹਿ ਨੂੰ ਪੁਲਾੜ ਪੰਧ ਉਤੇ ਪਾ ਦਿੱਤਾ।

# ਮੈਮੋਰੀਅਲ ਡੇਅ ਪਰੇਡ ਵਿਚ ਸਿੱਖ ਭਾਈਚਾਰਾ ਸ਼ਾਮਲ ਹੋਇਆ

**ਸਪਰਿੰਗਫੀਲਡ, ਓਹਾਇਓ (ਬਿਊਰੋ):** ਦੇਸ਼ ਦੀ ਖਾਤਰ ਸ਼ਹੀਦ ਹੋਏ ਅਮਰੀਕੀ ਫੌਜੀਆਂ ਨੂੰ ਯਾਦ ਕਰਨ ਲਈ ਇਥੇ ਮੈਮੋਰੀਅਲ ਡੇਅ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮੇਂ ਕੀਤੀ ਗਈ ਪਰੇਡ ਵਿਚ ਸਿੱਖ ਭਾਈਚਾਰੇ ਨੇ ਵੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਜਦੋਂ ਪਰੇਡ ਸ਼ਹਿਰ ਦੇ ਵੱਖ ਵੱਖ ਬਾਜ਼ਾਰਾਂ ਵਿਚੋਂ ਲੰਘੀ ਤਾਂ ਸੜਕ ਦੇ ਦੋਵੇਂ ਪਾਸੀਂ ਖੜ੍ਹੇ ਸ਼ਹਿਰੀਆਂ ਨੇ ਹੱਥਾਂ ਵਿਚ ਅਮਰੀਕੀ ਝੰਡੇ ਲੈ ਕੇ ਸਭ ਨੂੰ ਜੀਅ ਆਇਆਂ ਕਿਹਾ।

ਵੱਖ ਵੱਖ ਵਿਭਾਗਾਂ, ਜਥੇਬੰਦੀਆਂ, ਵਿਦਿਅਕ ਤੇ ਧਾਰਮਿਕ ਅਦਾਰਿਆਂ ਦੀਆਂ ਝਲਕੀਆਂ, ਇਸ ਪਰੇਡ ਦੀ ਵਿਸ਼ੇਸ਼ ਖਿੱਚ ਸਨ। ਇਸ ਪਰੇਡ ਵਿਚ ਇੱਥੋਂ ਦੇ ਸ਼ਹੀਦਾਂ ਦੀਆਂ ਤਸਵੀਰਾਂ ਰਾਹੀਂ ਉਨ੍ਹਾਂ ਨੂੰ ਯਾਦ ਕੀਤਾ ਗਿਆ। ਇਸ ਤੋਂ ਇਕ ਦਿਨ ਪਹਿਲਾਂ ਸ਼ਹੀਦ ਫੌਜੀਆਂ ਦੀਆਂ ਕਬਰਾਂ 'ਤੇ ਗੁਲਦਸਤੇ ਭੇਟ ਕੀਤੇ ਗਏ ਤੇ ਅਮਰੀਕੀ ਝੰਡੇ ਲਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਪਰੇਡ ਦਾ ਪ੍ਰਬੰਧ ਕਲਾਰਕ ਕਾਊਂਟੀ ਵੈਟਰਨ ਕੌਂਸਲ ਨੇ ਕੀਤਾ।

ਪਰੇਡ ਵਿਚ ਸਪਰਿੰਗਫੀਲਡ ਦੇ ਵਾਸੀ ਸ. ਅਵਤਾਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਬੀਬੀ ਸਰਬਜੀਤ ਕੌਰ ਆਪਣੇ ਪਰਿਵਾਰ ਸਮੇਤ ਪਿਛਲੇ 19 ਸਾਲਾਂ ਤੋਂ ਸ਼ਮੂਲੀਅਤ ਕਰਦੇ ਆ ਰਹੇ ਹਨ ਤਾਂ ਜੋ ਸਿੱਖਾਂ ਦੀ ਨਿਵੇਕਲੀ ਪਛਾਣ ਤੋਂ ਅਮਰੀਕੀ ਜਾਣੂ ਹੋ ਸਕਣ। ਇਸ ਵਾਰ ਉਨ੍ਹਾਂ ਦੇ ਨਾਲ ਸਪਰਿੰਗਫੀਲਡ, ਡੇਅਟਨ, ਸਿਨਸਿਨੈਟੀ ਅਤੇ ਫੋਰਟਵੇਨ (ਇੰਡੀਆਨਾ) ਤੋਂ ਕਈ ਪਤਵੰਤੇ ਸ਼ਰੀਕ ਹੋਏ। ਅਮਰੀਕੀ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਏ ਗਏ ਸਿੱਖ ਫਲੋਟ ਵਿਚ ਵਿਸ਼ਵ ਯੁੱਧਾਂ ਦੌਰਾਨ ਸ਼ਹੀਦ ਹੋਏ ਸਿੱਖ ਫੌਜੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਹ ਫਲੋਟ ਜਿਸ ਵਿਚ ਅਮਰੀਕੀ ਸਿੱਖਾਂ ਵਲੋਂ ਅਮਰੀਕੀਆਂ ਨੂੰ ਮੈਮੋਰੀਅਲ ਡੇਅ 'ਤੇ ਸ਼ੁਭ ਕਾਮਨਾਵਾਂ ਭੇਟ ਕੀਤੀਆਂ ਗਈਆਂ ਸਨ, ਜਦੋਂ ਬਾਜ਼ਾਰਾਂ ਵਿਚੋਂ ਲੰਘੀ ਤਾਂ ਨਿਵੇਕਲੀ ਪਛਾਣ ਕਰਕੇ ਸੜਕ ਕੰਢੇ ਖੜੇ ਲੋਕਾਂ ਨੇ ਉਨ੍ਹਾਂ ਦਾ ਹੱਥ ਹਿਲਾ ਕੇ ਨਿੱਘਾ ਸੁਆਗਤ ਕੀਤਾ।

ਕਈ ਲੋਕਾਂ ਨੇ ਸਿੱਖਾਂ ਨੂੰ 'ਮਿਸਟਰ ਸਿੰਘ, ਡਾ. ਸਿੰਘ, ਹੈਪੀ ਮੈਮੋਰੀਅਲ ਡੇਅ' ਕਹਿ ਕੇ ਵਧਾਈ ਵੀ ਦਿੱਤੀ। ਅਮਰੀਕੀਆਂ ਨੂੰ ਸਿੱਖ ਅਕੀਦਿਆਂ ਅਤੇ ਉਨ੍ਹਾਂ ਦੀ ਨਿਵੇਕਲੀ ਪਛਾਣ ਬਾਰੇ ਜਾਣਕਾਰੀ ਦੇਣ ਲਈ ਪੈਂਫਲੈਟ ਤੇ ਦਸਤਾਵੇਜ਼ੀ ਫਿਲਮਾਂ ਦੀਆਂ ਸੀਡੀਆਂ ਵੀ ਵੰਡੀਆਂ ਗਈਆਂ।

ਪਰੇਡ ਵਿਚ ਤਕਰੀਬਨ 2500 ਲੋਕਾਂ, 300 ਗੱਡੀਆਂ ਤੇ 120 ਸਥਾਨਕ ਸੰਸਥਾਵਾਂ ਨੇ ਭਾਗ ਲਿਆ। ਸਪਰਿੰਗਫੀਲਡ ਦੇ ਬਾਜ਼ਾਰਾਂ, ਘਰਾਂ ਦੇ ਬਾਹਰ ਅਤੇ ਪਾਰਕਾਂ ਵਿਚ ਖੜ੍ਹੇ ਲਗਭਗ 20 ਹਜ਼ਾਰ ਲੋਕਾਂ ਨੇ ਪਰੇਡ ਦਾ ਅਨੰਦ ਮਾਣਿਆ। ਇਸ ਮੌਕੇ ਸ਼ਹਿਰ ਦੇ ਵਸਨੀਕ ਸਤਵੰਤ ਸਿੰਘ ਦਿਓਲ ਨੇ ਆਪਣੇ ਪਟਰੋਲ ਪੰਪ ਦੇ ਬਾਹਰ ਪਰੇਡ ਵਿਚ ਸ਼ਾਮਲ ਹੋਣ ਵਾਲਿਆਂ ਵਾਸਤੇ ਠੰਡੇ ਪਾਣੀ ਦੀ ਛਬੀਲ ਲਾਈ ਹੋਈ ਸੀ।

ਸਿੱਖ ਭਾਈਚਾਰੇ ਦੀ ਤਰਫੋਂ ਸਰਬਜੀਤ ਕੌਰ, ਡਾ. ਭੁਪਿੰਦਰ ਕੌਰ, ਹਰਦੀਪ ਕੌਰ, ਮਿਹਰ ਕੌਰ, ਡਾ. ਕੁਲਦੀਪ ਸਿੰਘ ਰਤਨ, ਪਿਆਰਾ ਸਿੰਘ ਸਹਿੰਬੀ, ਦਵਿੰਦਰ ਸਿੰਘ, ਸਵਰਨਜੀਤ ਸਿੰਘ ਪੰਨੂ, ਸਮੀਪ ਸਿੰਘ ਗੁਮਟਾਲਾ ਅਤੇ ਮਾਨਿਤ ਸਿੰਘ ਪਰੇਡ ਵਿਚ ਸ਼ਾਮਲ ਹੋਏ।












# ਯੂ.ਐਨ. ਏਜੰਸੀ ਕਰੇਗੀ ਪੰਜਾਬ 'ਚੋਂ ਨਸ਼ਿਆਂ ਦੇ ਖਾਤਮੇ ਲਈ ਮਦਦ




**ਚੰਡੀਗੜ੍ਹ:** ਨਸ਼ਿਆਂ ਵਿਰੁੱਧ ਜੰਗ ਲਈ ਪੰਜਾਬ ਛੇਤੀ ਹੀ ਯੂਨਾਈਟਿਡ ਨੇਸ਼ਨਜ਼ ਆਫਿਸ ਆਨ ਡਰੱਗਜ਼ ਐਂਡ ਕਰਾਇਮ (ਯੂ.ਐਨ.ਓ.ਡੀ.ਸੀ) ਨਾਲ ਸਹਿਮਤੀ ਪੱਤਰ 'ਤੇ ਹਸਤਾਖਰ ਕਰੇਗਾ। ਇਹ ਫੈਸਲਾ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਯੂ.ਐਨ.ਓ.ਡੀ.ਸੀ ਦੇ ਨੁਮਾਇੰਦੇ ਸਰਗੇਈ ਕੈਪਿਨੋਸ ਨਾਲ ਮੀਟਿੰਗ ਦੌਰਾਨ ਲਿਆ ਗਿਆ।

ਇਸ ਸਹਿਮਤੀ ਪੱਤਰ 'ਤੇ ਜੂਨ ਦੇ ਦੂਜੇ ਹਫਤੇ ਸਿਹਤ ਵਿਭਾਗ, ਨਸ਼ਿਆਂ ਬਾਰੇ ਵਿਸ਼ੇਸ਼ ਟਾਸਕ ਫੋਰਸ ਤੇ ਯੂ.ਐਨ.ਓ.ਡੀ.ਸੀ ਵੱਲੋਂ ਹਸਤਾਖਰ ਕੀਤੇ ਜਾਣਗੇ। ਬੁਲਾਰੇ ਅਨੁਸਾਰ ਮੀਟਿੰਗ ਦੌਰਾਨ ਪ੍ਰੋਜੈਕਟ ਨੂੰ ਲਾਗੂ ਕਰਨ ਬਾਰੇ ਰੂਪ-ਰੇਖਾ ਤਿਆਰ ਕਰਨ ਦਾ ਵੀ ਫੈਸਲਾ ਕੀਤਾ ਗਿਆ। ਇਸ ਵਾਸਤੇ ਪ੍ਰੋਜੈਕਟ ਕਮੇਟੀ ਗਠਿਤ ਕੀਤੀ ਜਾਵੇਗੀ।

ਇਸ ਕਮੇਟੀ ਦੇ ਮੁਖੀ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ, ਕੋ-ਕਨਵੀਨਰ ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਏ.ਡੀ.ਜੀ.ਪੀ ਹਰਦੀਪ ਸਿੰਘ ਸਿੱਧੂ ਤੋਂ ਇਲਾਵਾ ਯੂ.ਐਨ.ਓ.ਡੀ.ਸੀ ਦੇ ਦੋ ਨੁਮਾਇੰਦੇ ਹੋਣਗੇ। ਮੁੱਖ ਮੰਤਰੀ ਨੇ ਸਿਹਤ ਸਕੱਤਰ ਨੂੰ ਇਸ ਨਾਲ ਸਬੰਧਤ ਸਾਰੀਆਂ ਧਿਰਾਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਸਹਿਮਤੀ ਪੱਤਰ ਦੀਆਂ ਸ਼ਰਤਾਂ ਨੂੰ ਅੰਤਮ ਰੂਪ ਦੇਣ ਤੇ ਸਹਿਯੋਗ ਦੇ ਖੇਤਰਾਂ ਦਾ ਪਤਾ ਲਾਉਣ ਦੇ ਆਦੇਸ਼ ਜਾਰੀ ਕੀਤੇ ਹਨ।

ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਨਸ਼ਿਆਂ ਦੀ ਸਮੱਸਿਆ ਨਾਲ ਨਿਪਟਣ ਲਈ ਕੀਤੇ ਕਾਰਜਾਂ ਦੀ ਕੈਪਿਨੋਸ ਨੇ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਵੱਲੋਂ ਵਿਖਾਈ ਗਈ ਸਿਆਸੀ ਇੱਛਾਸ਼ਕਤੀ ਮਿਸਾਲੀ ਨਤੀਜੇ ਕੱਢ ਸਕਦੀ ਹੈ। ਇਹ ਨਾ ਸਿਰਫ ਭਾਰਤ, ਸਗੋਂ ਸਮੁੱਚੇ ਖੇਤਰ ਵਿਚ ਨਸ਼ਿਆਂ ਦੀ ਲਾਹਨਤ ਨਾਲ ਨਿਪਟਣ ਲਈ ਉਦਾਹਰਣ ਸਥਾਪਤ ਕਰ ਸਕਦੀ ਹੈ।

## ਤਿੰਨ ਮਹੀਨਿਆਂ 'ਚ ਦੋ ਕਿਲੋ ਨਸ਼ਾ ਨਹੀਂ ਫੜ ਸਕੀ ਸਰਕਾਰ: ਸੁਖਬੀਰ

**ਨਡਾਲਾ:** ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਸਰਕਾਰ ਦੀ ਕਾਰਜ ਪ੍ਰਣਾਲੀ 'ਤੇ ਤਿੱਖੇ ਵਾਰ ਕਰਦਿਆਂ ਕਿਹਾ ਕਿ ਪੰਜਾਬ ਦੇ 70 ਫੀਸਦੀ ਨੌਜਵਾਨਾਂ ਨੂੰ ਨਸ਼ੇੜੀ ਕਰਾਰ ਦੇਣ ਵਾਲੀ ਪਾਰਟੀ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਿੰਨ ਮਹੀਨਿਆਂ ਵਿਚ ਦੋ ਕਿਲੋ ਨਸ਼ਾ ਵੀ ਨਹੀਂ ਫੜ ਸਕੇ ਹਨ। ਸੂਬੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਕੋਲ ਐਸ਼ਪ੍ਰਸਤੀ ਤੋਂ ਬਿਨਾਂ ਹੋਰ ਸਮਾਂ ਨਹੀਂ ਹੈ।



# ਅਮਰੀਕਾ ਜਾਣ ਦਾ ਰਾਹ ਹੋਇਆ ਔਖਾ

**ਵਾਸ਼ਿੰਗਟਨ:** ਅਮਰੀਕਾ ਜਾਣ ਦੀ ਇੱਛਾ ਰੱਖਣ ਵਾਲਿਆਂ ਨੂੰ ਹੁਣ ਆਪਣੇ ਵੀਜ਼ਾ ਬੇਨਤੀ ਪੱਤਰ ਦੇ ਨਾਲ ਪੰਜ ਸਾਲ ਦਾ ਸੋਸ਼ਲ ਮੀਡੀਆ ਰਿਕਾਰਡ ਅਤੇ 15 ਸਾਲ ਦਾ ਚਰਿੱਤਰ ਪ੍ਰਮਾਣ ਪੱਤਰ ਪੇਸ਼ ਕਰਨਾ ਹੋਵੇਗਾ। ਇਮੀਗ੍ਰੇਸ਼ਨ ਵਿਭਾਗ ਦੇ ਇਸ ਨਾਲ ਸਬੰਧਤ ਪ੍ਰਸਤਾਵ ਨੂੰ ਟਰੰਪ ਪ੍ਰਸ਼ਾਸਨ ਨੇ ਮਨਜ਼ੂਰੀ ਦੇ ਦਿੱਤੀ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਸਖਤ ਪ੍ਰਕਿਰਿਆ ਨਾਲ ਅਮਰੀਕਾ ਆਉਣ ਵਾਲਿਆਂ ਦੀ ਗਿਣਤੀ ਘਟੇਗੀ।

ਆਲੋਚਕਾਂ ਦਾ ਕਹਿਣਾ ਹੈ ਕਿ ਇਸ ਨਾਲ ਵਿਦੇਸ਼ੀ ਵਿਦਿਆਰਥੀਆਂ ਅਤੇ ਵਿਗਿਆਨੀਆਂ ਦੇ ਵੀ ਅਮਰੀਕਾ ਆਉਣ 'ਚ ਮੁਸ਼ਕਲ ਪੈਦਾ ਹੋਵੇਗੀ ਜਿਸ ਦਾ ਅਸਰ ਅਮਰੀਕਾ ਦੀ ਤਰੱਕੀ 'ਤੇ ਪਵੇਗਾ। ਨਵੇਂ ਨਿਯਮਾਂ ਅਨੁਸਾਰ ਅਧਿਕਾਰੀ ਬਿਨੈਕਾਰ ਤੋਂ ਪੰਜ ਸਾਲ ਦਾ ਸੋਸ਼ਲ ਮੀਡੀਆ ਖਾਤਾ, ਈਮੇਲ ਪਤਾ, ਫੋਨ ਨੰਬਰਾਂ ਦਾ ਰਿਕਾਰਡ ਅਤੇ 15 ਸਾਲਾਂ ਦੀਆਂ ਜੀਵਨ ਨਾਲ ਜੁੜੀਆਂ ਮੁੱਖ ਘਟਨਾਵਾਂ ਦੀ ਜਾਣਕਾਰੀ ਮੰਗ ਸਕਦੇ ਹਨ।

ਇਨ੍ਹਾਂ 'ਚ 15 ਸਾਲਾਂ ਦਾ ਚਰਿੱਤਰ ਪ੍ਰਮਾਣ ਪੱਤਰ ਹੋ ਸਕਦਾ ਹੈ। ਇਹ ਸਪੱਸ਼ਟ ਨਹੀਂ ਹੈ ਕਿ ਇਹ ਪ੍ਰਮਾਣ ਪੱਤਰ ਸਵੈ ਪ੍ਰਮਾਣਿਤ ਹੋਵੇਗਾ ਜਾਂ ਕਿਸੇ ਸਰਕਾਰੀ ਅਧਿਕਾਰੀ ਵੱਲੋਂ ਪ੍ਰਮਾਣਿਤ ਕਰਾਉਣਾ ਹੋਵੇਗਾ। ਇੰਨਾ ਹੀ ਨਹੀਂ ਬਿਨੈਕਾਰ ਨੂੰ 15 ਸਾਲਾਂ ਦੀ ਯਾਤਰਾ ਦਾ ਵੇਰਵਾ ਵੀ ਅਰਜ਼ੀ ਦੇ ਨਾਲ ਨੱਥੀ ਕਰਨਾ ਹੋਵੇਗਾ। ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਅਨੁਸਾਰ ਅਜਿਹਾ ਰਾਸ਼ਟਰੀ ਸੁਰੱਖਿਆ ਦੇ ਲਿਹਾਜ਼ ਨਾਲ ਕੀਤਾ ਜਾ ਰਿਹਾ ਹੈ।

ਬਿਨੈਕਾਰ ਬਾਰੇ ਪ੍ਰਾਪਤ ਸੂਚਨਾਵਾਂ ਤੋਂ ਉਸ ਬਾਰੇ ਵਿਚ ਪੂਰੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇਗੀ। ਇਸ ਨਾਲ ਅਤਿਵਾਦੀ ਸੰਗਠਨਾਂ ਅਤੇ ਹੋਰ ਰਾਸ਼ਟਰ ਵਿਰੋਧੀ ਗਤੀਵਿਧੀਆਂ ਨਾਲ ਜੁੜੇ ਲੋਕਾਂ ਨੂੰ ਅਮਰੀਕਾ 'ਚ ਦਾਖਲ ਹੋਣ ਤੋਂ ਰੋਕਣ ਵਿਚ ਮਦਦ ਮਿਲੇਗੀ। ਰਾਸ਼ਟਰਪਤੀ ਡੋਨਲਡ ਟਰੰਪ ਅਹੁਦਾ ਸੰਭਾਲਣ ਦੇ ਸਮੇਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਉਨ੍ਹਾਂ ਲਈ ਅਮਰੀਕਾ ਅਤੇ ਸਰਹੱਦਾਂ ਦੀ ਸੁਰੱਖਿਆ ਅਹਿਮ ਮਸਲਾ ਹੋਵੇਗੀ। ਇਸ ਕਾਰਨ ਹੀ ਉਨ੍ਹਾਂ ਨੇ ਮੈਕਸੀਕੋ ਸਰਹੱਦ 'ਤੇ ਕੰਧ ਖੜ੍ਹੀ ਕਰਨ ਦਾ ਐਲਾਨ ਕੀਤੀ ਸੀ, ਜਿਥੋਂ ਵੱਡੀ ਗਿਣਤੀ ਅਪਰਾਧੀ ਅਤੇ ਡਰੱਗ ਸਮੱਗਲਰ ਅਮਰੀਕਾ 'ਚ ਘੁਸਪੈਠ ਕਰਦੇ ਹਨ। ਟਰੰਪ ਨੇ ਛੇ ਮੁਸਲਿਮ ਬਹੁਲਤਾ ਵਾਲੇ ਦੇਸ਼ਾਂ ਦੇ ਨਾਗਰਿਕਾਂ ਦੇ ਅਮਰੀਕਾ 'ਚ ਦਾਖਲੇ ਉਤੇ ਵੀ ਅਸਥਾਈ ਰੋਕ ਲਗਾਉਣ ਦਾ ਹੁਕਮ ਦਿੱਤਾ ਸੀ। ਸ਼ਰਨਾਰਥੀਆਂ ਦੇ ਦਾਖਲੇ 'ਤੇ ਵੀ ਰੋਕ ਲਗਾਈ ਸੀ। ਹਾਲਾਂਕਿ ਅਦਾਲਤ ਦੇ ਦਖਲ ਕਾਰਨ ਮੁਸਲਿਮਾਂ ਦਾ ਦਾਖਲਾ ਰੋਕਣ ਦਾ ਆਦੇਸ਼ ਲਾਗੂ ਨਹੀਂ ਹੋ ਸਕਿਆ।

## ਇਮੀਗ੍ਰੇਸ਼ਨ ਵਿਭਾਗ ਵੱਲੋਂ ਸਖਤ ਨਿਯਮ ਪ੍ਰਕਿਰਿਆ




## ਸਜ਼ਾ ਭੁਗਤ ਚੁੱਕੇ ਪੰਜਾਬੀ ਨੂੰ ਆਸਟਰੇਲੀਆ 'ਚੋਂ ਨਿਕਾਲਾ

**ਮੈਲਬਰਨ:** ਇਥੋਂ ਦੇ ਉਤਰੀ ਇਲਾਕੇ ਲੇਲਰ ਵਿਚ ਬਾਰਡਰ ਫੋਰਸ ਨੇ ਛੇੜਛਾੜ ਦਾ ਕੇਸ ਭੁਗਤ ਚੁੱਕੇ ਪੰਜਾਬੀ ਮੂਲ ਦੇ ਟੈਕਸੀ ਡਰਾਈਵਰ ਜਗਦੀਪ ਸਿੰਘ ਨੂੰ ਘਰੋਂ ਚੁੱਕ ਲਿਆ। ਉਸ ਨੂੰ ਹੁਣ ਮੁਲਕ ਵਿਚੋਂ ਕੱਢਿਆ ਜਾਵੇਗਾ। ਜਗਦੀਪ ਸਿੰਘ 'ਤੇ ਦਸੰਬਰ 2015 ਵਿਚ ਡਰਾਈਵਰੀ ਦੌਰਾਨ ਔਰਤ ਨਾਲ ਸਰੀਰਕ ਛੇੜਛਾੜ ਦੇ ਦੋਸ਼ ਲੱਗੇ ਸਨ। ਅਦਾਲਤ ਨੇ ਦੋਸ਼ੀ ਦੇ ਚੰਗੇ ਅਕਸ ਨੂੰ ਬਰਕਰਾਰ ਕਰਨ ਹਿੱਤ 18 ਮਹੀਨੇ ਦੇ ਸੁਧਾਰਕ ਹੁਕਮਾਂ ਤਹਿਤ 150 ਘੰਟੇ ਭਾਈਚਾਰੇ 'ਚ ਮੁਫਤ ਕੰਮ ਕਰਨ ਦੀ ਸੰਕੇਤਕ ਸਜ਼ਾ ਵੀ ਸੁਣਾਈ ਸੀ। ਕੇਸ ਸਾਹਮਣੇ ਆਉਣ ਤੋਂ ਬਾਅਦ ਆਵਾਸ ਮੰਤਰੀ ਨੇ ਜਗਦੀਪ ਦਾ ਵੀਜ਼ਾ ਰੱਦ ਕਰ ਦਿੱਤਾ ਸੀ। ਇਥੇ ਪਰਿਵਾਰ ਸਮੇਤ ਰਹਿ ਰਹੇ ਜਗਦੀਪ ਸਿੰਘ ਨੇ ਇਮੀਗਰੇਸ਼ਨ ਦੇ ਵੀਜ਼ਾ ਰੱਦ ਕਰਨ ਦੇ ਫੈਸਲੇ ਨੂੰ ਅਪੀਲੀ ਟ੍ਰਿਬਿਊਨਲ 'ਚ ਚੁਣੌਤੀ ਦਿੱਤੀ ਸੀ। ਟ੍ਰਿਬਿਊਨਲ ਨੇ ਜਗਦੀਪ ਦੀ ਮਾਨਸਿਕ ਹਾਲਾਤ ਅਤੇ ਪਰਿਵਾਰਕ ਚੁਣੌਤੀਆਂ ਦੇ ਮੱਦੇਨਜ਼ਰ ਵੀਜ਼ਾ ਮੁੜ ਦੇ ਦਿੱਤਾ, ਪਰ ਸਥਾਨਕ ਮੀਡੀਆ 'ਚ ਚਰਚਾ ਬਣੇ ਇਸ ਮਾਮਲੇ ਨੂੰ ਆਵਾਸ ਮੰਤਰੀ ਪੀਟਰ ਡਟਨ ਨੇ ਆਪਣੇ ਹੱਥ 'ਚ ਲੈਂਦਿਆਂ ਵੀਜ਼ਾ ਮੁੜ ਰੱਦ ਕਰ ਦਿੱਤਾ।

# ਕੈਪਟਨ ਦੀ ਗਿੱਲ ਨੂੰ ਸ਼ਰਧਾਂਜਲੀ ਦਾ ਮਾਮਲਾ ਭਖਿਆ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਾਬਕਾ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਦੇ ਭੋਗ ਉਤੇ ਜਾਣ ਦਾ ਮਾਮਲਾ ਭਖ ਗਿਆ ਹੈ। ਇਸ ਪਿੱਛੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ ਰੁਖ ਸਖਤ ਕਰ ਲਿਆ ਹੈ।

ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਅਮਰਿੰਦਰ ਦੀ ਹਾਜ਼ਰੀ ਨੂੰ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਜੋਂ ਪਰਿਭਾਸ਼ਤ ਕੀਤਾ ਹੈ। ਜੀ.ਕੇ. ਨੇ ਕਿਹਾ ਕਿ ਅਮਰਿੰਦਰ ਨੇ ਭੋਗ 'ਤੇ ਜਾ ਕੇ ਅਸਿੱਧੇ ਤਰੀਕੇ ਨਾਲ ਗਿੱਲ ਵੱਲੋਂ ਕੀਤੀ ਗਈ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਸਰਕਾਰੀ ਮਾਨਤਾ ਦੇ ਦਿੱਤੀ ਹੈ। ਸਿੱਖ ਕੌਮ ਗਿੱਲ ਨੂੰ ਅੱਜ ਵੀ ਆਪਣਾ ਕਾਤਲ ਮੰਨਦੀ ਹੈ ਜਿਸ ਕਰ ਕੇ ਉਸ ਦੀ ਮੌਤ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਅੰਤਿਮ ਰਸਮਾਂ ਵਿਚ ਹਿੱਸਾ ਲੈਣ ਤੋਂ ਸਿੱਖਾਂ ਨੂੰ ਵਰਜਿਆ ਗਿਆ ਸੀ। ਪਰ ਅਮਰਿੰਦਰ ਨੇ ਕਾਂਸੀਟਿਊਸ਼ਨ ਕਲੱਬ 'ਚ ਭੋਗ ਸਮਾਗਮ ਉਤੇ ਜਾ ਕੇ ਸਿੱਖ ਕੌਮ ਦੀ ਭਾਵਨਾਵਾਂ ਨੂੰ ਅਣਦੇਖਾ ਕੀਤਾ ਹੈ। ਜੀ.ਕੇ. ਨੇ ਸਾਫ ਆਖਿਆ ਹੈ ਕਿ ਗਿੱਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ 5 ਸਿੰਘ ਸਾਹਿਬਾਨ ਨੇ ਪੰਥ ਵਿਚੋਂ ਛੇਕਿਆ ਹੋਇਆ ਸੀ, ਇਸ ਕਰ ਕੇ ਅਮਰਿੰਦਰ ਨੇ ਭੋਗ ਸਮਾਗਮ ਵਿਚ ਜਾ ਕੇ ਤਖਤ ਸਾਹਿਬ ਦੇ ਵੱਕਾਰ ਨੂੰ ਵੀ ਚੁਣੌਤੀ ਦੇਣ ਦੀ ਕੋਸ਼ਿਸ਼ ਕੀਤੀ ਹੈ।



# ਬਾਰ੍ਹਵੀਂ ਜਮਾਤ ਦੇ ਟਾਪਰ ਦੀ ਖੁੱਲ੍ਹੀ ਪੋਲ

**ਨਵੀਂ ਦਿੱਲੀ:** ਬਿਹਾਰ ਸਿੱਖਿਆ ਬੋਰਡ ਵੱਲੋਂ 12ਵੀਂ ਦੀ ਪ੍ਰੀਖਿਆ 'ਚ ਟਾਪਰ ਐਲਾਨੇ ਗਣੇਸ਼ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਗਣੇਸ਼ 'ਤੇ ਬਾਰ੍ਹਵੀਂ 'ਚ ਦਾਖਲੇ ਲਈ ਗਲਤ ਦਸਤਾਵੇਜ਼ਾਂ ਦੀ ਵਰਤੋਂ ਦਾ ਦੋਸ਼ ਹੈ। ਗਣੇਸ਼ ਨੇ ਦਾਖਲੇ ਲਈ ਗਲਤ ਉਮਰ ਦੱਸੀ ਸੀ। ਸੂਤਰਾਂ ਮੁਤਾਬਕ ਗਣੇਸ਼ ਦੇ ਦੋ ਬੱਚੇ ਵੀ ਹਨ। ਬੋਰਡ ਨੇ ਗਣੇਸ਼ ਦਾ ਨਤੀਜਾ ਵੀ ਰੱਦ ਕਰ ਦਿੱਤਾ ਹੈ।

ਪਟਨਾ ਦੇ ਕੋਤਵਾਲੀ ਥਾਣੇ ਵਿਚ ਗਣੇਸ਼ ਦੇ ਖਿਲਾਫ਼ ਉਮਰ ਨੂੰ ਲੁਕਾਉਣ ਅਤੇ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਸੰਗੀਤ ਵਿਸ਼ੇ ਵਿਚ ਸ਼ਾਨਦਾਰ ਨੰਬਰ ਲੈ ਕੇ ਟਾਪ ਕਰਨ ਵਾਲੇ ਗਣੇਸ਼ ਨੇ ਮੀਡੀਆ ਸਾਹਮਣੇ ਕਬੂਲ ਕੀਤਾ ਸੀ ਕਿ ਉਸ ਨੂੰ ਸੰਗੀਤ ਬਾਰੇ ਕੁਝ ਖਾਸ ਜਾਣਕਾਰੀ ਨਹੀਂ ਹੈ। ਗਣੇਸ਼ ਨੇ ਸਮਸਤੀਪੁਰ ਦੇ ਚੱਕ ਹਬੀਬ ਦੇ ਜਗਦੀਪ ਨਰਾਇਣ ਦੇ ਸਕੂਲ ਤੋਂ ਇੰਟਰ ਪਾਸ ਕੀਤਾ ਸੀ। 82.6 ਫੀਸਦੀ ਨੰਬਰ ਦੇ ਨਾਲ ਉਹ ਆਰਟਸ ਵਿਸ਼ੇ ਵਿਚ ਟਾਪਰ ਰਿਹਾ ਸੀ। ਗਣੇਸ਼ ਨੇ ਮਿਊਜ਼ਿਕ ਵਿਚੋਂ 82 ਫੀਸਦੀ, ਹਿੰਦੀ ਵਿਚੋਂ 92 ਫੀਸਦੀ ਅਤੇ ਸਮਾਜਿਕ ਗਿਆਨ ਵਿਚੋਂ 42 ਫੀਸਦੀ ਨੰਬਰ ਹਾਸਲ ਕੀਤੇ ਸਨ। ਜਦੋਂ ਮੀਡੀਆ ਨੇ ਗਣੇਸ਼ ਤੋਂ ਆਰਟਸ ਵਿਸ਼ੇ ਨਾਲ ਸਬੰਧਤ ਕੁਝ ਸਵਾਲ ਕੀਤੇ ਤਾਂ ਉਸ ਦੇ ਜਵਾਬ ਸੁਣ ਕੇ ਹੈਰਾਨੀ ਹੋਈ। ਮਾਮਲੇ ਦੀ ਜਾਂਚ ਕੀਤੀ ਗਈ ਤੇ ਆਖਰਕਾਰ ਇਸ ਫਰਜ਼ੀ ਟਾਪਰ ਦੀ ਪੋਲ ਖੁੱਲ੍ਹ ਗਈ।

## ਲੇਬਰ ਪਾਰਟੀ ਵੱਲੋਂ ਯੂ.ਕੇ. ਦੇ ਸਿੱਖਾਂ ਨਾਲ ਵੱਡੇ ਵਾਅਦੇ

**ਲੰਡਨ:** ਯੂ.ਕੇ. ਦੇ ਸਿੱਖਾਂ ਨੂੰ ਧਾਰਮਿਕ ਪਹਿਰਾਵੇ ਦੀ ਪੂਰਨ ਆਜ਼ਾਦੀ ਹੋਵੇਗੀ। ਅੰਮ੍ਰਿਤਧਾਰੀ ਸਿੱਖ ਨੂੰ ਕਿਰਪਾਨ ਤੇ ਦਸਤਾਰ ਜਾਂ ਕਿਸੇ ਵੀ ਕਕਾਰ 'ਤੇ ਕਿਸੇ ਤਰ੍ਹਾਂ ਦੀ ਰੋਕ ਨਹੀਂ ਹੋਵੇਗੀ। ਇਹ ਵਾਅਦਾ ਬਰਤਾਨੀਆ ਦੀਆਂ ਆਮ ਚੋਣਾਂ ਦੇ ਮੱਦੇਨਜ਼ਰ ਮੈਦਾਨ ਵਿਚ ਨਿੱਤਰੀ ਲੇਬਰ ਪਾਰਟੀ ਦੇ ਚੋਣ ਮਨੋਰਥ ਪੱਤਰ ਵਿਚ ਕੀਤਾ ਗਿਆ ਹੈ। ਲੇਬਰ ਪਾਰਟੀ ਦੇ ਡਿਪਟੀ ਲੀਡਰ ਟੌਮ ਵਾਟਸਨ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਸਮਾਜ ਵਿਚ ਧਾਰਮਿਕ ਮਹੱਤਤਾ ਤੇ ਲੋਕਾਂ ਦੀ ਧਾਰਮਿਕ ਆਜ਼ਾਦੀ ਅਨੁਸਾਰ ਧਾਰਮਿਕ ਪਹਿਰਾਵੇ ਦੀਆਂ ਕਦਰਾਂ-ਕੀਮਤਾਂ ਨੂੰ ਚੰਗੀ ਤਰ੍ਹਾਂ ਸਮਝਦੀ ਹੈ।


ਉਨ੍ਹਾਂ ਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਸਿੱਖਾਂ ਲਈ ਪੰਜ ਕਕਾਰ ਬੜੀ ਮਹੱਤਤਾ ਰੱਖਦੇ ਹਨ। ਇਹ ਵੀ ਪਤਾ ਹੈ ਕਿ ਕਕਾਰ ਪਹਿਨੇ ਸਿੱਖਾਂ ਨੂੰ ਕਿਸ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

# ਪੰਜਾਬ ਵਿਚ ਜ਼ਬਰ ਜਨਾਹ ਦੇ ਮਾਮਲਿਆਂ ਵਿਚ ਵਾਧਾ

**ਚੰਡੀਗੜ੍ਹ:** ਪੰਜਾਬ ਵਿਚ ਵਾਪਰ ਰਹੀਆਂ ਜਬਰ ਜਨਾਹ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸੂਬੇ 'ਚ ਹਰ ਦਹਾਕੇ ਦੇ ਬੀਤਣ ਨਾਲ ਜਬਰ ਜਨਾਹ ਦੀਆਂ ਘਟਨਾਵਾਂ ਵਿਚ ਕਮੀ ਆਉਣ ਦੀ ਬਜਾਏ ਕਈ ਗੁਣਾ ਵਧ ਰਹੀ ਹੈ ਜੋ ਸਭਿਅਕ ਸਮਾਜ ਵਾਸਤੇ ਗੰਭੀਰ ਚਿੰਤਾ ਦਾ ਵਿਸ਼ਾ ਹੈ। ਦੂਜੇ ਪਾਸੇ ਸੂਬੇ ਵਿਚ ਦਾਜ ਨਾਲ ਮੌਤਾਂ ਹੋਣ ਦੇ ਮਾਮਲਿਆਂ 'ਚ ਕਮੀ ਆਈ ਹੈ ਪਰ ਅਜੇ ਵੀ ਇਸ ਦੇ ਅੰਕੜੇ ਸਮਾਜ ਦੇ ਲਾਲਚੀ ਸੁਭਾਅ ਦੀ ਹਾਮੀ ਭਰਦੇ ਹਨ।

ਸਰਕਾਰੀ ਅੰਕੜਿਆਂ ਮੁਤਾਬਕ ਸੂਬੇ 'ਚ ਸਾਲ 1984 ਤੋਂ 2013 ਦੌਰਾਨ ਜਬਰ ਜਨਾਹ ਦੀਆਂ 8381 ਘਟਨਾਵਾਂ ਵਾਪਰੀਆਂ। ਸੂਚਨਾ ਦੇ ਅਧਿਕਾਰ ਤਹਿਤ ਪ੍ਰਾਪਤ ਜਾਣਕਾਰੀ ਮੁਤਾਬਕ ਸਾਲ 1984 ਤੋਂ 1993 ਦਰਮਿਆਨ ਪੰਜਾਬ ਵਿਚ ਜਬਰ ਜਨਾਹ ਦੇ 642 ਕੇਸ ਦਰਜ ਹੋਏ ਸਨ। ਅਗਲੇ ਦਹਾਕੇ (ਸਾਲ 1994 ਤੋਂ 2003) ਦੌਰਾਨ ਬਲਾਤਕਾਰ ਦੇ ਕੇਸਾਂ ਵਿਚ ਚਾਰ ਗੁਣਾ ਵਾਧਾ ਹੋਇਆ। ਇਸ ਦਹਾਕੇ ਵਿਚ ਜਬਰ ਜਨਾਹ ਦੇ 2369 ਕੇਸ ਸੂਬੇ 'ਚ ਦਰਜ ਹੋਏ। ਸਾਲ 2004 ਤੋਂ 2013 ਦੌਰਾਨ ਸੂਬੇ ਵਿਚ ਜਬਰ ਜਨਾਹ ਦੇ 5370 ਕੇਸ ਦਰਜ ਹੋਏ। ਅੰਕੜਿਆਂ ਮੁਤਾਬਕ ਸਾਲ 2004 ਤੋਂ 2013 ਦੌਰਾਨ ਹਰ ਸਾਲ ਲਗਭਗ 540 ਮਹਿਲਾਵਾਂ ਨਾਲ ਜਬਰ ਜਨਾਹ ਹੋਇਆ। ਇਸ ਦਹਾਕੇ 'ਚ ਜਬਰ ਜਨਾਹ ਦੇ ਦਰਜ ਹੋਏ ਕੇਸ ਸਾਲ 1984 ਤੋਂ 1993 ਦੌਰਾਨ ਦਰਜ ਹੋਏ ਕੇਸਾਂ ਤੋਂ ਅੱਠ ਗੁਣਾ ਵੱਧ ਹਨ।

ਪੰਜਾਬ 'ਚ ਸਾਲ 1995 ਤੋਂ 2003 ਦੌਰਾਨ ਦਾਜ ਦੀਆਂ ਬਲੀ ਚੜ੍ਹਨ ਦੇ 1541 ਮਾਮਲੇ ਦਰਜ ਹੋਏ। ਅਗਲੇ ਦਹਾਕੇ ਸਾਲ 2004 ਤੋਂ 2013 ਦੌਰਾਨ ਦਾਜ ਨਾਲ ਹੋਈਆਂ ਮੌਤਾਂ ਦੇ 1237 ਮਾਮਲੇ ਪੰਜਾਬ ਵਿਚ ਦਰਜ ਹੋਏ। ਜਬਰ ਜਨਾਹ ਅਤੇ ਦਾਜ ਨਾਲ ਹੋਈਆਂ ਮੌਤਾਂ ਦੇ ਅੰਕੜੇ ਦਿਨੋਂ-ਦਿਨ ਮਹਿਲਾਵਾਂ 'ਤੇ ਵਧਦੇ ਜ਼ੁਲਮਾਂ ਦੀ ਗਵਾਹੀ ਭਰਦੇ ਹਨ।



## ਸਖਤ ਕਾਨੂੰਨ ਬਾਰੇ ਵਜ਼ਾਰਤੀ ਮਤਭੇਦ

**ਚੰਡੀਗੜ੍ਹ:** ਪੰਜਾਬ ਵਿਚ ਗੈਂਗਸਟਰਾਂ ਦੀਆਂ ਗਤੀਵਿਧੀਆਂ ਠੱਲ੍ਹਣ ਲਈ 'ਪੰਜਾਬ ਆਰਗੇਨਾਈਜ਼ਡ ਕਰਾਈਮ ਕੰਟਰੋਲ ਐਕਟ' (ਪਕੋਕਾ) ਲਿਆਉਣ ਦੇ ਮਾਮਲੇ 'ਤੇ ਕੈਪਟਨ ਵਜ਼ਾਰਤ ਵਿਚ ਮੱਤਭੇਦ ਨਜ਼ਰ ਆ ਰਹੇ ਹਨ। ਸੂਤਰਾਂ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ 'ਪਕੋਕਾ' ਦੀ ਦੁਰਵਰਤੋਂ ਅਤੇ ਪੁਲਿਸ ਦੀ ਕਾਰਗੁਜ਼ਾਰੀ ਸਬੰਧੀ ਸ਼ੰਕੇ ਜ਼ਾਹਿਰ ਕੀਤੇ ਗਏ। ਮੁੱਖ ਮੰਤਰੀ ਨਵਾਂ ਕਾਨੂੰਨ ਲਿਆਉਣ ਦੇ ਪੱਖ ਵਿਚ ਦੱਸੇ ਜਾਂਦੇ ਹਨ, ਪਰ ਮੰਤਰੀਆਂ ਦੇ ਸ਼ੰਕਿਆਂ ਤੇ ਮੰਤਰੀ ਮੰਡਲ ਵਿਚ ਮੱਤਭੇਦ ਹੋਣ ਕਾਰਨ ਸਰਕਾਰ ਨੇ ਇਸ ਮਾਮਲੇ 'ਤੇ ਡੂੰਘੀਆਂ ਵਿਚਾਰਾਂ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਵਿਚ ਸੱਤਾ ਤਬਦੀਲੀ ਤੋਂ ਬਾਅਦ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਇਸ ਕਾਨੂੰਨ ਦੀ ਸਖਤ ਪੈਰਵੀ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਵੱਲੋਂ ਇਸ ਸਮੇਂ ਸੂਬੇ ਵਿਚ ਸਰਗਰਮ ਗੈਂਗਸਟਰਾਂ ਦੀਆਂ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਦਾ ਇਕੋ ਇਕ ਰਾਹ 'ਪਕੋਕਾ' ਹੀ ਤਲਾਸ਼ਿਆ ਜਾ ਰਿਹਾ ਹੈ। 'ਪਕੋਕਾ' ਕਾਨੂੰਨ ਦਾ ਖਰੜਾ ਬਾਦਲ ਸਰਕਾਰ ਵੱਲੋਂ ਤਿਆਰ ਕੀਤਾ ਗਿਆ ਸੀ ਪਰ ਸਾਬਕਾ ਸਰਕਾਰ ਦੇ ਮੰਤਰੀਆਂ ਵਿਚ ਵੀ ਤਿੱਖੇ ਮੱਤਭੇਦ ਹੋਣ ਕਾਰਨ ਇਸ ਕਾਨੂੰਨ ਦਾ ਖਰੜਾ ਫਾਈਲਾਂ ਵਿਚੋਂ ਨਿਕਲ ਕੇ ਵਿਧਾਨ ਸਭਾ ਤੱਕ ਨਹੀਂ ਪਹੁੰਚ ਸਕਿਆ ਸੀ। ਸੂਤਰਾਂ ਅਨੁਸਾਰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੀਟਿੰਗ ਦੌਰਾਨ 'ਪਕੋਕਾ' ਉਤੇ ਬੋਲਦਿਆਂ ਕਿਹਾ ਕਿ ਸਰਕਾਰ ਵੱਲੋਂ ਸਖਤ ਕਾਨੂੰਨ ਤਾਂ ਬਣਾ ਲਿਆ ਜਾਵੇਗਾ ਪਰ ਇਸ ਕਾਨੂੰਨ ਦੀ ਦੁਰਵਰਤੋਂ ਨਹੀਂ ਹੋਵੇਗੀ, ਇਸ ਨੂੰ ਯਕੀਨੀ ਕਿਵੇਂ ਬਣਾਇਆ ਜਾ ਸਕਦਾ ਹੈ? ਵਿੱਤ ਮੰਤਰੀ ਦਾ ਤਰਕ ਸੀ ਕਿ ਅਕਸਰ ਅਜਿਹੇ ਕਾਨੂੰਨ ਦੀ ਪੁਲਿਸ ਵੱਲੋਂ ਦੁਰਵਰਤੋਂ ਕੀਤੀ ਜਾਂਦੀ ਹੈ, ਜਿਸ ਨਾਲ ਸਰਕਾਰ ਦਾ ਅਕਸ ਵੀ ਖਰਾਬ ਹੁੰਦਾ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਅਪਰਾਧ ਅਤੇ ਅਪਰਾਧੀਆਂ ਨੂੰ ਸਖਤ ਕਾਨੂੰਨਾਂ ਨਾਲ ਠੱਲ੍ਹ ਨਹੀਂ ਪਾਈ ਜਾ ਸਕਦੀ, ਸਗੋਂ ਪੁਲਿਸ ਤੇ ਪ੍ਰਸ਼ਾਸਨ ਵਿਚ ਵੱਡੇ ਸੁਧਾਰ ਕਰਨ ਦੀ ਲੋੜ ਹੈ।

# ਇੰਦਰਾ ਗਾਂਧੀ ਦੀ ਬੀਜੀ ਫਸਲ ਕੱਟ ਰਹੇ ਹਨ ਮੋਦੀ


ਅਭੈ ਕੁਮਾਰ ਦੂਬੇ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੂੰ ਲੈ ਕੇ ਸਿਆਸੀ ਮਾਹਿਰਾਂ ਵਿਚ ਸਭ ਤੋਂ ਵਧੇਰੇ ਉਲਝਣ ਇਸ ਗੱਲ 'ਤੇ ਹੈ ਕਿ ਤਿੰਨ ਸਾਲ ਪੂਰੇ ਹੋਣ ਦੇ ਬਾਅਦ ਵੀ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਸਰਕਾਰ ਦੇ ਅਕਸ ਉਤੇ ਜ਼ਰਾ ਵੀ ਉਲਟ ਪ੍ਰਭਾਵ ਨਹੀਂ ਪਿਆ ਹੈ। ਮੰਨਿਆ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ 2014 ਤੋਂ ਵੀ ਵਧੇਰੇ ਹਰਮਨ ਪਿਆਰੇ ਹੋ ਗਏ ਹਨ। ਇਸ ਦਾ ਵੱਡਾ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਵਿਰੋਧੀ ਧਿਰ ਕੋਲ ਮੋਦੀ ਦੇ ਮੁਕਾਬਲੇ ਖੜ੍ਹਾ ਹੋ ਸਕਣ ਵਾਲਾ ਕੋਈ ਨੇਤਾ ਨਹੀਂ ਹੈ, ਇਸ ਲਈ ਰਾਸ਼ਟਰੀ ਪੱਧਰ 'ਤੇ ਮੋਦੀ ਨੂੰ ਕੋਈ ਚੁਣੌਤੀ ਹੀ ਨਹੀਂ ਹੈ। ਸਵਾਲ ਹੁਣ ਇਹ ਹੈ- ਇਹ ਮੰਨ ਲੈਣਾ ਕਿ ਮੋਦੀ ਦੇ ਕੱਦ ਦਾ ਕੋਈ ਨੇਤਾ ਵਿਰੋਧੀ ਧਿਰ ਕੋਲ ਨਹੀਂ ਹੈ, ਆਪਣੇ-ਆਪ ਵਿਚ ਵਿਰੋਧੀ ਧਿਰ ਦੀ ਸਿਆਸਤ ਕਰ ਰਹੇ ਨੇਤਾਵਾਂ ਦੇ ਜਨਤਕ ਅਕਸ 'ਤੇ ਉਲਟ ਟਿਪਣੀ ਨਹੀਂ? ਲਗਦਾ ਹੈ ਕਿ ਵਿਰੋਧੀ ਧਿਰ ਦੀ ਇਸ ਨਾਕਾਮੀ ਦਾ ਕਾਰਨ ਕਾਂਗਰਸ ਵੱਲੋਂ 80ਵਿਆਂ ਵਾਲੇ ਦਹਾਕੇ ਤੋਂ ਬਾਅਦ ਕੀਤੀ ਗਈ ਸਿਆਸਤ ਹੈ। ਇੰਦਰਾ ਗਾਂਧੀ ਦੇ ਸਮੇਂ ਤੋਂ ਹੀ ਕਾਂਗਰਸ ਜੋ ਖੇਡ ਖੇਡਦੀ ਆਈ ਹੈ, ਉਸ ਦਾ ਇਕ ਇਕ ਪੱਖ ਅੱਜ ਨਰੇਂਦਰ ਮੋਦੀ ਦੀ ਮਕਬੂਲੀਅਤ ਨੂੰ ਯਕੀਨੀ ਬਣਾ ਰਿਹਾ ਹੈ।

ਆਪਣੀ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਸਾਮ ਤੋਂ ਪੂਰੇ ਰਾਸ਼ਟਰ ਨੂੰ ਸੰਬੋਧਨ ਕਰਨਾ ਪਸੰਦ ਕੀਤਾ। ਇਸ ਲਈ ਸਿਆਸੀ ਮਾਹਿਰਾਂ ਨੂੰ ਪੁੱਛਣਾ ਚਾਹੀਦਾ ਹੈ ਕਿ, ਥਾਂ ਦੀ ਇਸ ਚੋਣ ਪਿੱਛੇ ਕੋਈ ਸਿਆਸੀ ਕਾਰਨ ਸੀ? ਸ਼ਾਇਦ ਨਹੀਂ। ਇਹ ਵੱਖਰੀ ਗੱਲ ਹੈ ਕਿ ਭਾਵੇਂ ਪ੍ਰਧਾਨ ਮੰਤਰੀ ਨੇ ਅਸਾਮ ਨੂੰ ਜਾਣਬੁਝ ਕੇ ਨਾ ਚੁਣਿਆ ਹੋਵੇ, ਪਰ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਉਭਾਰ ਅਤੇ ਵਧਦੇ ਦਬਦਬੇ ਦਾ ਮੁਆਇਨਾ ਕਰਨ ਵਾਲੇ ਇਹ ਨਹੀਂ ਭੁੱਲ ਸਕਦੇ ਕਿ 80 ਦੇ ਦਹਾਕੇ ਦੀ ਸ਼ੁਰੂਆਤ ਵਿਚ ਅਸਾਮ ਦੇ ਹੀ ਇਕ ਮੰਚ ਤੋਂ ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਗਏ ਭਾਸ਼ਣ ਨੇ ਇਸ ਮੁਲਕ ਵਿਚ ਘੱਟ-ਗਿਣਤੀਆਂ ਵਿਰੋਧੀ ਸਿਆਸਤ ਨੂੰ ਪਹਿਲੀ ਅਤੇ ਸਭ ਤੋਂ ਪ੍ਰਭਾਵੀ ਸਿਆਸੀ ਜਾਇਜ਼ਤਾ ਦਿਵਾਈ ਸੀ। ਉਸ ਪ੍ਰਧਾਨ ਮੰਤਰੀ ਦਾ ਨਾਂ ਸੀ ਇੰਦਰਾ ਗਾਂਧੀ। ਧਿਆਨ ਰਹੇ ਕਿ ਅਸਾਮ ਵਿਚ ਭਾਸ਼ਣ ਦੇਣ ਤੋਂ ਪਹਿਲਾਂ ਅਤੇ ਪੰਜਾਬ ਵਿਚ ਓਪਰੇਸ਼ਨ ਬਲਿਊ ਸਟਾਰ ਤੋਂ ਤੁਰੰਤ ਬਾਅਦ ਉਹ ਗੜਵਾਲ ਗਏ ਸੀ। ਉਥੇ ਭਾਸ਼ਣ ਦਿੰਦੇ ਹੋਏ ਉਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਵਿਚ ਹਿੰਦੂ ਸੰਸਕ੍ਰਿਤੀ 'ਤੇ ਹਮਲੇ ਹੋ ਰਹੇ ਹਨ ਜਿਸ ਨੂੰ ਬਚਾਉਣ ਦੀ ਜ਼ਰੂਰਤ ਹੈ। ਇਹ ਉਹੀ ਇੰਦਰਾ ਗਾਂਧੀ ਸਨ ਜਿਨ੍ਹਾਂ ਦੀ ਪਿੱਠ ਉਤੇ ਗਾਂਧੀ ਅਤੇ ਨਹਿਰੂ ਦੀ ਉਸ ਵਿਰਾਸਤ ਦਾ ਹੱਥ ਸੀ ਜਿਸ ਨੂੰ ਧਰਮ ਨਿਰਪੱਖ ਕਿਹਾ ਜਾਂਦਾ ਹੈ। ਇਸ ਵਿਰਾਸਤ ਦਾ ਮੁੱਖ ਮਕਸਦ ਭਾਰਤੀ ਲੋਕਤੰਤਰ ਨੂੰ ਬਹੁ-ਗਿਣਤੀ ਲਹਿਰ ਤੋਂ ਬਚਾਉਣਾ ਸੀ, ਪਰ ਇਸ ਉਦੇਸ਼ ਦੀ ਪ੍ਰਵਾਹ ਨਾ ਕਰ ਕੇ ਇੰਦਰਾ ਗਾਂਧੀ ਨੇ ਕਾਂਗਰਸ ਪਾਰਟੀ ਦੇ ਪ੍ਰਧਾਨ ਅਤੇ ਪ੍ਰਧਾਨ ਮੰਤਰੀ ਦੇ ਰੂਪ ਵਿਚ ਪਹਿਲੀ ਵਾਰ ਭਾਰਤੀ ਮੁਸਲਮਾਨਾਂ ਦੀ ਦੇਸ਼ ਭਗਤੀ ਉਤੇ ਸ਼ੱਕ ਕੀਤਾ ਸੀ। ਅਜਿਹਾ ਕਰ ਕੇ ਉਨ੍ਹਾਂ ਨੇ 'ਨਰਮ ਹਿੰਦੂਤਵਵਾਦੀ' ਸਿਆਸੀ ਲਾਈਨ ਫੜੀ ਜਿਸ ਦੇ ਦੂਰਗਾਮੀ ਨਤੀਜਿਆਂ ਨੂੰ ਅੱਜ ਸਾਰੇ ਸਿਆਸੀ ਮਾਹਿਰ ਵੇਖ-ਸਮਝ ਰਹੇ ਹਨ।



*ਅਸਾਮ ਵਿਚ ਭਾਸ਼ਣ ਦੇਣ ਤੋਂ ਪਹਿਲਾਂ ਅਤੇ ਪੰਜਾਬ ਵਿਚ ਓਪਰੇਸ਼ਨ ਬਲਿਊ ਸਟਾਰ ਤੋਂ ਤੁਰੰਤ ਬਾਅਦ ਇੰਦਰਾ ਗਾਂਧੀ ਗੜਵਾਲ ਗਏ ਸੀ ਅਤੇ ਭਾਸ਼ਣ 'ਚ ਕਿਹਾ ਸੀ ਕਿ ਪੰਜਾਬ ਵਿਚ ਹਿੰਦੂ ਸੰਸਕ੍ਰਿਤੀ 'ਤੇ ਹਮਲੇ ਹੋ ਰਹੇ ਹਨ ਜਿਸ ਨੂੰ ਬਚਾਉਣ ਦੀ ਜ਼ਰੂਰਤ ਹੈ। ਇਹ ਉਹੀ ਇੰਦਰਾ ਗਾਂਧੀ ਸਨ ਜਿਨ੍ਹਾਂ ਦੀ ਪਿੱਠ ਉਤੇ ਗਾਂਧੀ ਅਤੇ ਨਹਿਰੂ ਦੀ ਉਸ ਵਿਰਾਸਤ ਦਾ ਹੱਥ ਸੀ ਜਿਸ ਨੂੰ ਧਰਮ ਨਿਰਪੱਖ ਕਿਹਾ ਜਾਂਦਾ ਹੈ। ਉਨ੍ਹਾਂ ਵਿਰਾਸਤ ਦੀ ਪ੍ਰਵਾਹ ਨਾ ਕਰ ਕੇ ਪਹਿਲੀ ਵਾਰ ਮੁਸਲਮਾਨਾਂ ਦੀ ਦੇਸ਼ ਭਗਤੀ ਉਤੇ ਸ਼ੱਕ ਕੀਤਾ। ਅਜਿਹਾ ਕਰ ਕੇ ਉਨ੍ਹਾਂ 'ਨਰਮ ਹਿੰਦੂਤਵਵਾਦੀ' ਸਿਆਸੀ ਲਾਈਨ ਫੜ ਲਈ।*



ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਮੁੰਬਈ ਵਿਚ ਸ਼ਿਵ ਸੈਨਾ ਦੇ ਸੁਪਰੀਮੋ ਬਾਲ ਠਾਕਰੇ ਦੱਖਣ ਭਾਰਤੀਆਂ ਅਤੇ ਗੁਜਰਾਤੀਆਂ ਖਿਲਾਫ ਹਮਲਾਵਰ ਮੁਹਿੰਮ ਚਲਾਉਂਦੇ ਸਨ, ਪਰ ਜਦੋਂ ਉਨ੍ਹਾਂ ਨੇ ਵੇਖਿਆ ਕਿ ਇੰਦਰਾ ਗਾਂਧੀ ਹਿੰਦੂਆਂ ਦੀ ਨੇਤਾ ਬਣਨਾ ਚਾਹੁੰਦੀ ਹੈ ਤਾਂ ਉਨ੍ਹਾਂ ਨੇ ਜੋ ਕਿਹਾ, ਉਹ ਅੱਜ ਤੱਕ ਰਿਕਾਰਡ 'ਤੇ ਦਰਜ ਹੈ। ਠਾਕਰੇ ਦਾ ਕਹਿਣਾ ਸੀ ਕਿ ਇੰਦਰਾ ਜੀ ਜੋ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਉਹ ਕੰਮ ਤਾਂ ਅਸੀਂ ਲੋਕ ਜ਼ਿਆਦਾ ਚੰਗੀ ਤਰ੍ਹਾਂ ਕਰ ਸਕਦੇ ਹਾਂ। ਇਸ ਤੋਂ ਬਾਅਦ ਬਾਲ ਠਾਕਰੇ ਵੱਡੀ ਤੇਜ਼ੀ ਅਤੇ ਪ੍ਰਭਾਵੀ ਢੰਗ ਨਾਲ 'ਹਿੰਦੂ ਹਿਰਦਯ ਸਮਰਾਟ' ਬਣਦੇ ਗਏ। ਠਾਕਰੇ ਵਿਚ ਹੋਈ ਇਸ ਤਬਦੀਲੀ ਦਾ ਤਤਕਾਲੀ ਪ੍ਰਭਾਵ ਸਿਰਫ ਮੁੰਬਈ ਅਤੇ ਥਾਣੇ ਦੀ ਰਾਜਨੀਤੀ 'ਤੇ ਪਿਆ, ਪਰ ਉਸ ਦੀਆਂ ਸਿਆਸੀ ਗੂੰਜਾਂ ਸਾਰੇ ਮੁਲਕ ਨੇ ਸੁਣੀਆਂ। ਕਾਂਗਰਸ ਨੇ ਉਸ ਤੋਂ ਬਾਅਦ ਫਿਰ ਪਿੱਛੇ ਮੁੜ ਕੇ ਨਹੀਂ ਵੇਖਿਆ। ਇੰਦਰਾ ਗਾਂਧੀ ਦੇ ਉਤਰਾਧਿਕਾਰੀ ਰਾਜੀਵ ਗਾਂਧੀ ਨੇ ਅਯੁੱਧਿਆ ਵਿਚ ਤਾਲੇ ਖੁੱਲ੍ਹਵਾਏ ਅਤੇ ਅੱਗੇ ਚੱਲ ਕੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਵੀ ਉਥੋਂ ਕੀਤੀ। ਉਨ੍ਹਾਂ ਤੋਂ ਬਾਅਦ ਆਈ ਅਗਲੀ ਕਾਂਗਰਸ ਸਰਕਾਰ ਨੇ ਪੀ.ਵੀ. ਨਰਸਿਮ੍ਹਾ ਰਾਓ ਦੀ ਅਗਵਾਈ ਵਿਚ ਉਸ ਸਮੇਂ ਤੱਕ ਜਾਣਬੁਝ ਕੇ ਅੱਖਾਂ ਬੰਦ ਰੱਖੀਆਂ ਜਦੋਂ ਤੱਕ ਬਾਬਰੀ ਮਸਜਿਦ ਢਾਹੀ ਨਹੀਂ ਗਈ।

ਸਪਸ਼ਟ ਹੈ ਕਿ ਧਰਮ ਨਿਰਪੱਖ ਰਾਜਨੀਤੀ ਵਿਚ ਰਚੀ-ਵਸੀ ਕਾਂਗਰਸ, ਹਿੰਦੂ ਸਿਆਸੀ ਗੋਲਬੰਦੀ ਦੇ ਆਪਣੇ ਏਜੰਡੇ ਨੂੰ ਸੀਮਾ ਤੋਂ ਅੱਗੇ ਨਹੀਂ ਲਿਜਾ ਸਕਦੀ ਸੀ। ਉਹ ਹਿੰਦੂਆਂ ਨੂੰ ਆਪਣੇ ਵੱਲ ਖਿੱਚਣਾ ਚਾਹੁੰਦੀ ਸੀ, ਪਰ ਨਾਲ ਹੀ ਮੁਸਲਮਾਨਾਂ ਦੇ ਵੋਟ ਵੀ ਪੂਰੀ ਤਰ੍ਹਾਂ ਗੁਆਉਣਾ ਨਹੀਂ ਚਾਹੁੰਦੀ ਸੀ। ਜਦੋਂ ਚਾਹੁਣ ਧਰਮ ਨਿਰਪੱਖ ਅਤੇ ਜਦੋਂ ਚਾਹੁਣ ਫ਼ਿਰਕੂ ਬਣ ਜਾਣ ਦਾ ਦਾਅ ਖੇਡਣ ਵਾਲੀ ਇਹ ਪਾਰਟੀ ਨਾ ਇਧਰ ਦੀ ਰਹੀ ਅਤੇ ਨਾ ਹੀ ਉਧਰ ਦੀ। ਇਹ ਦੁਬਿਧਾ ਵਿਚ ਫਸ ਗਈ। ਉਸ ਦੀ ਇਸ ਦੁਬਿਧਾ ਨੇ ਜੋ ਗੁੰਜਾਇਸ਼ ਪੈਦਾ ਕੀਤੀ, ਉਸ ਦਾ ਲਾਭ ਉਠਾਉਂਦੇ ਹੋਏ ਭਾਰਤੀ ਜਨਤਾ ਪਾਰਟੀ 1984 ਵਿਚ ਦੋ ਸੀਟਾਂ ਵਾਲੀ ਪਾਰਟੀ ਤੋਂ ਅੱਗੇ ਵਧਦੀ ਚਲੀ ਗਈ। ਯਾਦ ਰੱਖਣ ਵਾਲਿਆਂ ਨੂੰ ਯਾਦ ਹੋਵੇਗਾ ਕਿ ਭਾਜਪਾ ਦੇ ਪਹਿਲੇ ਨਾਂ ਵਾਲੀ ਜਥੇਬੰਦੀ- ਭਾਰਤੀ ਜਨਸੰਘ, ਦੀ ਰਾਸ਼ਟਰੀ ਹੈਸੀਅਤ ਅੱਠ ਫ਼ੀਸਦੀ ਵੋਟਾਂ ਤੋਂ ਜ਼ਿਆਦਾ ਕਦੇ ਨਹੀਂ ਹੋਈ ਸੀ। 1984 ਵਿਚ ਇਸ ਪਾਰਟੀ ਨੂੰ ਅੱਠ ਫ਼ੀਸਦੀ ਤੋਂ ਕੁਝ ਘੱਟ ਹੀ ਵੋਟ ਮਿਲੇ ਸਨ। ਅੱਜ ਭਾਜਪਾ ਸਾਰੇ ਮੁਲਕ ਵਿਚ 31 ਤੋਂ 38 ਫ਼ੀਸਦੀ ਵੋਟਾਂ ਵਾਲੀ ਪਾਰਟੀ ਹੈ ਅਤੇ ਉਤਰ ਪ੍ਰਦੇਸ਼ ਵਿਚ ਤਾਂ ਉਸ ਨੂੰ ਤਿੰਨ ਸਾਲ ਵਿਚ ਦੋ ਵਾਰ 40 ਫ਼ੀਸਦੀ ਤੋਂ ਜ਼ਿਆਦਾ ਵੋਟ ਮਿਲ ਚੁੱਕੇ ਹਨ। ਮੁਲਕ ਵਿਚ ਘੱਟ ਤੋਂ ਘੱਟ ਦੋ ਸੂਬੇ ਅਜਿਹੇ ਹਨ ਜਿਥੇ 'ਹਿੰਦੂ ਵੋਟ' ਬਣ ਗਿਆ ਹੈ। ਇਹ ਹੈ ਗੁਜਰਾਤ ਅਤੇ ਉਤਰ ਪ੍ਰਦੇਸ਼। ਹੁਣ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਦਿੱਤੀ ਜਾ ਸਕਦੀ ਕਿ ਹੋਰ ਸੂਬਿਆਂ ਵਿਚ ਅੱਗੇ ਚੱਲ ਕੇ ਹਿੰਦੂ ਵੋਟ ਬੈਂਕ ਨਹੀਂ ਬਣੇਗਾ। ਦੂਜੇ ਪਾਸੇ ਹਾਲਤ ਇਹ ਹੈ ਕਿ ਕਾਂਗਰਸ ਨਾ ਤਾਂ ਹਿੰਦੂਆਂ ਦੀ ਨੇਤਾ ਰਹਿ ਗਈ ਹੈ ਅਤੇ ਨਾ ਹੀ ਮੁਸਲਮਾਨਾਂ ਦੀ। ਕਿਸੇ ਵੀ ਤਰ੍ਹਾਂ ਦੀ ਅਸਰਦਾਰ ਰਾਜਨੀਤਕ ਅਗਵਾਈ ਤੋਂ ਵਾਂਝੀ ਇਹ ਪਾਰਟੀ ਇਸ ਸਮੇਂ ਆਪਣੀ ਹੋਂਦ ਬਚਾਉਣ ਦੀ ਜੱਦੋ-ਜਹਿਦ ਕਰ ਰਹੀ ਹੈ। ਅੱਜ ਭਾਰਤੀ ਸਿਆਸਤ ਉਤੇ ਮੋਦੀ ਦੀ ਸ਼ਖ਼ਸੀਅਤ ਛਾਈ ਹੋਈ ਹੈ। ਮੋਦੀ ਨੂੰ ਇਸ ਇਤਿਹਾਸਿਕ ਮੁਕਾਮ ਤੱਕ ਪਹੁੰਚਣ ਦਾ ਮੌਕਾ ਕਿਸ ਨੇ ਦਿੱਤਾ? ਕਿਸੇ ਕਾਂਗਰਸੀ ਨੇਤਾ ਤੋਂ ਆਫ਼ ਦਿ ਰਿਕਾਰਡ ਪੁੱਛ ਕੇ ਵੇਖੋ। ਉਹ ਇਕ ਪਲ ਵਿਚ ਇਹ ਮੰਨ ਜਾਵੇਗਾ ਕਿ ਕਾਂਗਰਸ ਨੇ ਭਾਜਪਾ ਨੂੰ ਇਸ ਮੁਲਕ ਦੀ ਸੱਤਾ ਪਲੇਟ ਵਿਚ ਰੱਖ ਕੇ ਦਿੱਤੀ। ਲੱਗ ਰਿਹਾ ਸੀ ਕਿ 2014 ਦੀ ਲੋਕ ਸਭਾ ਚੋਣ ਵਿਚ ਇਕ ਹੀ ਟੀਮ ਮੈਦਾਨ ਵਿਚ ਸੀ। ਕਾਂਗਰਸ ਨੇ ਤਾਂ ਜਿੱਤਣ ਦੇ ਇਰਾਦੇ ਨਾਲ ਚੋਣ ਲੜੀ ਹੀ ਨਹੀਂ। 2009 ਵਿਚ ਜਦੋਂ ਕਾਂਗਰਸ 200 ਤੋਂ ਜ਼ਿਆਦਾ ਸੀਟਾਂ ਨਾਲ ਜਿੱਤੀ ਤਾਂ ਮਾਹਿਰਾਂ ਨੂੰ ਸਪਸ਼ਟ ਦਿਖਾਈ ਦੇ ਰਿਹਾ ਸੀ ਕਿ ਭਾਜਪਾ ਦਾ ਖੇਮਾ ਪੂਰੀ ਤਰ੍ਹਾਂ ਨਾਲ ਪਸਤ ਪਿਆ ਹੋਇਆ ਹੈ, ਪਰ ਅਗਲੇ ਤਿੰਨ ਸਾਲਾਂ ਵਿਚ ਕਾਂਗਰਸ ਦੇ ਅਈਅਰਾਂ, ਸਿੱਬਲਾਂ ਅਤੇ ਖ਼ੁਰਸ਼ੀਦਾਂ ਦੀ ਸਿਆਸਤ ਹੇਕੜੀ ਅਤੇ ਹੋਰ ਕਈਆਂ ਉਤੇ ਲੱਗੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਨੇ ਸਾਂਝੇ ਪ੍ਰਗਤੀਸ਼ੀਲ ਗਠਜੋੜ-2 ਦੀ ਸਰਕਾਰ ਦੀ ਹਵਾ ਪੂਰੀ ਤਰ੍ਹਾਂ ਕੱਢ ਦਿੱਤੀ। ਅੱਜ ਹਾਲਤ ਇਹ ਹੈ ਕਿ ਭਾਜਪਾ ਦੀ ਸਰਕਾਰ ਦੇ ਆਲੋਚਕ ਵੀ ਨਹੀਂ ਚਾਹੁੰਦੇ ਕਿ ਮੋਦੀ ਸਰਕਾਰ ਦੀ ਥਾਂ ਸਾਂਝੇ ਪ੍ਰਗਤੀਸ਼ੀਲ ਗਠਜੋੜ-2 ਵਰਗੀ ਸਰਕਾਰ ਆਏ।

ਇਹੀ ਹੈ ਉਹ ਕਾਂਗਰਸ ਵਿਰੋਧੀ ਚਿੜ, ਇਹੀ ਹੈ ਉਹ ਗੁੱਸਾ ਅਤੇ ਇਹੀ ਹੈ ਉਹ ਤਲਖ਼ੀ, ਜਿਸ ਕਾਰਨ ਮੁਲਕ ਦੀ ਆਮ ਜਨਤਾ ਨਰੇਂਦਰ ਮੋਦੀ ਦੀ ਹਸਤੀ ਵਿਚ ਹੀ ਆਪਣਾ ਤਾਰਨਹਾਰ ਵੇਖ ਰਹੀ ਹੈ। ਜਨਤਾ ਦਾ ਖਿਆਲ ਹੈ ਕਿ ਰੁਜ਼ਗਾਰ ਨਹੀਂ ਹੈ ਤਾਂ ਨਾ ਸਹੀ; ਨਿਵੇਸ਼ ਨਹੀਂ ਵਧ ਰਿਹਾ ਹੈ ਤਾਂ ਨਾ ਸਹੀ; ਕਸ਼ਮੀਰ ਦੀ ਸਮੱਸਿਆ ਹੱਲ ਨਹੀਂ ਹੋ ਰਹੀ ਹੈ ਤਾਂ ਨਾ ਸਹੀ; ਮਾਓਵਾਦੀਆਂ ਦੀ ਹਿੰਸਾ ਨਹੀਂ ਰੁਕ ਰਹੀ ਹੈ ਤਾਂ ਨਾ ਸਹੀ; ਪਰ ਉਹ ਇਨ੍ਹਾਂ ਆਲੋਚਨਾਵਾਂ ਕਾਰਨ ਮੋਦੀ ਦੀ ਅਗਵਾਈ ਨੂੰ ਰੱਦ ਨਹੀਂ ਕਰਨਾ ਚਾਹੁੰਦੇ। ਜਨਤਾ ਮੋਦੀ ਤੋਂ ਇਨ੍ਹਾਂ ਸਾਰੇ ਮੁੱਦਿਆਂ 'ਤੇ ਸਵਾਲ ਪੁੱਛੇਗੀ, ਪਰ ਇਸ ਦਾ ਸਮਾਂ ਅਜੇ ਨਹੀਂ ਆਇਆ। ਜਦੋਂ ਉਹ ਸਮਾਂ ਆਏਗਾ, ਤਾਂ ਵੀ ਉਸ ਦਾ ਮਤਲਬ ਇਹ ਨਹੀਂ ਹੋਵੇਗਾ ਕਿ ਜਨਤਾ ਅਈਅਰਾਂ, ਸਿੱਬਲਾਂ ਅਤੇ ਖ਼ੁਰਸ਼ੀਦਾਂ ਦੀ ਹਕੂਮਤ ਦੀ ਇੱਛਾ ਰੱਖਣ ਲੱਗੀ ਹੈ। ਸਾਂਝੇ ਪ੍ਰਗਤੀਸ਼ੀਲ ਗਠਜੋੜ-2 ਵਰਗੀਆਂ ਸਰਕਾਰਾਂ ਹੁਣ ਕਦੇ ਪਰਤ ਕੇ ਨਹੀਂ ਆਉਣਗੀਆਂ। ਜੇ ਕੁਝ ਹੋਵੇਗਾ ਤਾਂ ਉਹ ਦੇਖਣ ਵਿਚ ਵੀ ਨਵਾਂ ਹੋਵੇਗਾ ਅਤੇ ਮਹਿਸੂਸ ਕਰਨ ਵਿਚ ਵੀ ਨਵਾਂ ਹੋਵੇਗਾ। ਅਸਲ ਹਾਲਤ ਇਹ ਹੈ ਕਿ ਜੋ ਫ਼ਸਲ 80 ਦੇ ਦਹਾਕੇ ਵਿਚ ਇੰਦਰਾ ਗਾਂਧੀ ਨੇ ਬੀਜੀ ਸੀ, ਉਸ ਨੂੰ ਪਹਿਲਾਂ 90 ਦੇ ਦਹਾਕੇ ਵਿਚ ਲਾਲ ਕ੍ਰਿਸ਼ਨ ਅਡਵਾਨੀ ਨੇ ਕੱਟਿਆ ਸੀ। ਧਿਆਨ ਰਹੇ ਕਿ ਇਹ ਸ਼ਬਦ ਮੇਰੇ ਨਹੀਂ, ਮਹਾਨ ਰਾਜਨੀਤੀ ਸ਼ਾਸਤਰੀ ਰਜਨੀ ਕੋਠਾਰੀ ਦੇ ਹਨ। ਮੈਂ ਇਸ ਵਿਚ ਸਿਰਫ਼ ਇੰਨਾ ਜੋੜ ਰਿਹਾ ਹਾਂ ਕਿ ਉਸੇ ਫ਼ਸਲ ਨੂੰ ਹੁਣ ਨਰੇਂਦਰ ਮੋਦੀ ਕੱਟ ਰਹੇ ਹਨ।

# ਅੰਬੇਦਕਰ ਦੀ ਵਿਚਾਰਧਾਰਾ ਦਾ ਹਿੰਦੂਕਰਨ ਕਿਉਂ?

*ਮਨੂਵਾਦ ਦੀ ਕੱਟੜ ਪੈਰੋਕਾਰ ਭਾਰਤੀ ਜਨਤਾ ਪਾਰਟੀ ਜਦੋਂ ਤੋਂ ਕੇਂਦਰ ਵਿਚ ਸੱਤਾ ਵਿਚ ਆਈ ਹੈ, ਇਹ ਦਲਿਤਾਂ ਦੀਆਂ ਵੋਟਾਂ ਬਟੋਰਨ ਖਾਤਰ ਡਾ. ਭੀਮ ਰਾਓ ਅੰਬੇਦਕਰ ਪ੍ਰਤੀ ਬੜਾ ਹੇਜ ਦਿਖਾ ਰਹੀ ਹੈ। ਵਿਚਲਾ ਨੁਕਤਾ ਇਹੀ ਹੈ ਕਿ ਇਹ ਡਾ. ਅੰਬੇਦਕਰ ਦੀਆਂ ਨੀਤੀਆਂ ਨੂੰ ਉਭਾਰਨ ਦੀ ਥਾਂ ਸਿਰਫ ਤੇ ਸਿਰਫ ਉਨ੍ਹਾਂ ਦੀ ਬੁੱਤ ਪੂਜਾ ਵੱਲ ਹੀ ਵਧੇਰੇ ਧਿਆਨ ਕੇਂਦਰਤ ਕਰ ਰਹੀ ਹੈ। ਇਸ ਪਾਰਟੀ ਦੀ ਇਹ ਸਿਆਸਤ ਬਹੁਤ ਚਤੁਰਾਈ ਨਾਲ ਜੋੜ ਕੇ ਅੱਗੇ ਲਿਆਂਦੀ ਜਾ ਰਹੀ ਹੈ। -ਸੰਪਾਦਕ*

ਕੁਲਵੰਤ ਸਿੰਘ ਟਿੱਬਾ
ਫੋਨ: +91-92179-71379

ਭਾਰਤ ਅੰਦਰ ਆਰੀਅਨ ਵਿਚਾਰਧਾਰਾ ਅਤੇ ਅੰਬੇਦਕਰਵਾਦ ਦਾ ਸਿੱਧਾ ਟਕਰਾਅ ਪਿਛਲੇ ਕੁਝ ਸਮੇਂ ਤੋਂ ਦੇਖਣ ਨੂੰ ਮਿਲ ਰਿਹਾ ਹੈ, ਪਰ ਅਜੋਕੇ ਦੌਰ ਵਿਚ ਅੰਬੇਦਕਰਵਾਦ ਦਾ ਹਿੰਦੂਕਰਨ ਬੜੀ ਤੇਜ਼ੀ ਨਾਲ ਹੋ ਰਿਹਾ ਹੈ।

ਅੰਬੇਦਕਰ ਵਿਰੋਧੀ ਵਿਚਾਰਧਾਰਾ ਦਾ ਕੇਂਦਰ ਬਿੰਦੂ ਭਗਵਾਨ ਹੈ। ਪਿੱਛੇ ਜਿਹੇ ਹਿੰਦੀ ਫ਼ਿਲਮ 'ਓਹ ਮਾਈ ਗੌਡ' ਆਈ ਸੀ ਜਿਸ ਵਿਚ ਕਾਂਚੀ ਮਹਿਤਾ (ਪਰੇਸ਼ ਰਾਵਲ) ਦੀਆਂ ਤਰਕ ਭਰਪੂਰ ਦਲੀਲਾਂ ਕਾਰਨ ਪੁਜਾਰੀਆਂ ਦਾ ਧੰਦਾ ਬੰਦ ਹੋਣ ਦੇ ਕੰਢੇ ਪੁੱਜਦਾ ਹੈ ਤਾਂ ਪੁਜਾਰੀ ਕਾਂਚੀ ਨੂੰ ਹੀ ਭਗਵਾਨ ਬਣਾ ਕੇ ਉਸ ਦਾ ਮੰਦਰ ਬਣਾ ਕੇ ਲੁੱਟ ਦਾ ਕਾਰੋਬਾਰ ਮੁੜ ਸ਼ੁਰੂ ਕਰ ਦਿੰਦੇ ਹਨ; ਜਦਕਿ ਕਾਂਚੀ ਪੁਜਾਰੀ ਵਰਗ ਦੀ ਲੁੱਟ ਨੂੰ ਨੰਗਾ ਕਰਨ ਲਈ ਜੱਦੋਜਹਿਦ ਕਰਦਾ ਹੈ। ਇਸ ਤਰ੍ਹਾਂ ਹੀ ਮਨੂਵਾਦ ਖਿਲਾਫ ਲੜਾਈ ਕਰਨ ਵਾਲੇ ਡਾ. ਅੰਬੇਦਕਰ ਨੂੰ ਵੀ ਭਗਵਾਨ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਹਾਲਾਂਕਿ ਉਨ੍ਹਾਂ ਦੀ ਵਿਚਾਰਧਾਰਾ ਲਿਖਤਾਂ ਦੇ ਰੂਪ ਵਿਚ ਮੌਜੂਦ ਹੈ, ਫਿਰ ਵੀ ਉਨ੍ਹਾਂ ਦੀ ਵਿਚਾਰਧਾਰਾ ਮੰਨਣ ਵਾਲੇ ਅੰਬੇਦਕਰਵਾਦ ਦੇ ਹਿੰਦੂਕਰਨ ਲਈ ਮੋਹਰੀ ਭੂਮਿਕਾ ਨਿਭਾ ਰਹੇ ਹਨ। ਇਸ ਨੂੰ ਸੰਯੋਗ ਨਹੀਂ ਮੰਨਿਆ ਜਾ ਸਕਦਾ। ਸਿਆਸੀ ਅਤੇ ਸਮਾਜਿਕ ਤੌਰ 'ਤੇ ਭਾਰਤ ਅੰਦਰ ਹਾਸ਼ੀਏ 'ਤੇ ਰਹੇ ਡਾ. ਅੰਬੇਦਕਰ ਦੀ ਮਹੱਤਤਾ ਪਿਛਲੇ ਵਿਚ ਦਹਾਕੇ ਤੋਂ ਜ਼ਿਆਦਾ ਵਧੀ ਹੈ, ਕਿਉਂਕਿ ਉਹ ਵਿਚ ਰਾਜਨੀਤਕ ਬਰਾਂਡ ਬਣ ਕੇ ਉਭਰੇ ਹਨ। ਪਿਛਲੇ ਸਾਲ ਯੂ.ਐਨ.ਓ. ਵੱਲੋਂ ਉਨ੍ਹਾਂ ਦੇ 125ਵੇਂ ਜਨਮ ਦਿਹਾੜੇ ਨੂੰ ਆਲਮੀ ਪੱਧਰ 'ਤੇ ਮਨਾਏ ਜਾਣ ਤੋਂ ਬਾਅਦ ਅੰਬੇਦਕਰ ਦੀ ਘੇਰਾਬੰਦੀ ਵੱਡੇ ਪੱਧਰ 'ਤੇ ਹੋ ਰਹੀ ਹੈ।

ਸ਼ਹਿਰਾਂ ਤੇ ਗਲੀ ਮੁਹੱਲਿਆਂ ਵਿਚ ਉਨ੍ਹਾਂ ਦੇ ਬੁੱਤ ਲਗਾਏ ਜਾ ਰਹੇ ਹਨ। ਜਿਸ ਵਿਚਾਰਧਾਰਾ ਦੇ ਖ਼ਿਲਾਫ਼ ਉਹ ਜੀਵਨ ਭਰ ਲੜੇ, ਉਨ੍ਹਾਂ ਦੇ ਪੈਰੋਕਾਰ ਉਨ੍ਹਾਂ ਨੂੰ ਭਗਵਾਨ ਮੰਨ ਕੇ ਪੂਜਾ ਕਰਨ ਅਤੇ ਜੈ ਜੈ ਕਾਰ ਕਰ ਕੇ ਆਪਣੇ ਆਪ ਨੂੰ ਸੱਚੇ ਅੰਬੇਦਕਰਵਾਦੀ ਕਹਾਉਣ ਦੀ ਹੋੜ ਵਿਚ ਹਨ ਜਦੋਂਕਿ ਅਸਲ ਵਿਚ ਅਜਿਹੇ ਅੰਬੇਦਕਰਵਾਦੀ ਲੋਕ ਹੀ ਅੰਬੇਦਕਰ ਦੇ ਹਿੰਦੂਕਰਨ ਦਾ ਮੁੱਢ ਬੰਨ੍ਹ ਰਹੇ ਹਨ। ਪਹਿਲੀ ਨਜ਼ਰੇ ਦੇਖਣ 'ਤੇ ਲੱਗਦਾ ਹੈ ਕਿ ਅੰਬੇਦਕਰ ਯੁੱਗ ਦੀ ਸ਼ੁਰੂਆਤ ਹੋ ਗਈ ਹੈ, ਪਰ ਇਸ ਵਰਤਾਰੇ ਨੂੰ ਡੂੰਘਾਈ ਨਾਲ ਸਮਝਣ ਦੀ ਜ਼ਰੂਰਤ ਹੈ। ਅਜੋਕੇ ਮਾਹੌਲ ਦੀ ਪੜਚੋਲ ਕਰਦਿਆਂ ਇਹ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਹਿੰਦੂਵਾਦ ਵਿਚ ਅੰਬੇਦਕਰ ਨੂੰ ਜਜ਼ਬ ਕਰਨ ਲਈ ਸਾਜ਼ਿਸ਼ ਰਚੀ ਜਾ ਰਹੀ ਹੈ। ਇਸ ਸਾਜ਼ਿਸ਼ ਵਿਚ ਅਸੀਂ ਖ਼ੁਸ਼ੀ ਨਾਲ ਭਾਈਵਾਲ ਬਣ ਰਹੇ ਹਾਂ। ਇਸ ਦਾ ਪ੍ਰਤੱਖ ਪ੍ਰਮਾਣ ਹੈ ਕਿ ਅੰਬੇਦਕਰ ਦੀ ਫੋਕੀ ਜੈ ਜੈ ਕਾਰ ਹੀ ਹੋ ਰਹੀ ਹੈ, ਜਦੋਂਕਿ ਉਨ੍ਹਾਂ ਦੀ ਵਿਚਾਰਧਾਰਾ ਨੂੰ ਨੁੱਕਰੇ ਲਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਭਾਜਪਾ ਵੀ ਡਾ. ਅੰਬੇਦਕਰ 'ਤੇ ਆਪਣਾ ਦਾਅਵਾ ਠੋਕ ਰਹੀ ਹੈ ਜਦੋਂਕਿ ਗੁਜਰਾਤ ਵਿਚ ਸਿੱਖਿਆ ਵਿਭਾਗ ਵੱਲੋਂ ਸਕੂਲੀ ਪਾਠਕ੍ਰਮ ਵਿਚ ਡਾ. ਅੰਬੇਦਕਰ ਦੀਆਂ 22 ਪ੍ਰਤਿਗਿਆਵਾਂ ਪ੍ਰਕਾਸ਼ਿਤ ਹੋਣ ਦਾ ਭਾਜਪਾ ਸਰਕਾਰ ਨੂੰ ਜਿਉਂ ਹੀ ਪਤਾ ਲੱਗਿਆ ਤਾਂ ਤੁਰੰਤ ਇਸ ਨੂੰ ਸਿਲੇਬਸ ਵਿਚੋਂ ਹਟਾ ਦਿੱਤਾ ਗਿਆ, ਕਿਉਂਕਿ ਇਹ ਪ੍ਰਤਿਗਿਆਵਾਂ ਅਸਲ ਵਿਚ ਮਨੂਵਾਦ ਲਈ ਵੱਡਾ ਖ਼ਤਰਾ ਹਨ।



ਡਾ. ਅੰਬੇਦਕਰ ਦੇ ਜਿਉਂਦੇ ਜੀਅ ਉਨ੍ਹਾਂ ਦਾ ਵਿਰੋਧ ਕਰਦੀ ਰਹੀ ਕਾਂਗਰਸ ਦੇ ਐਸ.ਸੀ. ਸੈੱਲ ਨੇ ਭੀਲਵਾੜਾ ਵਿਖੇ 126ਵੇਂ ਜਨਮ ਦਿਹਾੜੇ ਸਬੰਧੀ ਕਰਵਾਏ ਸਮਾਗਮ ਵਿਚ 126 ਕਿੱਲੋ ਦੁੱਧ ਨਾਲ ਉਨ੍ਹਾਂ ਦੇ ਬੁੱਤ ਨੂੰ ਇਸ਼ਨਾਨ ਕਰਵਾਇਆ। ਪੰਡਿਤਾਂ ਨੇ ਯੱਗ ਅਤੇ ਮੰਤਰ ਉਚਾਰਨ ਵਿਚ ਗਾਂ ਦੇ ਗੋਬਰ, ਮੂਤਰ, ਗਾਂ ਦਾ ਦੁੱਧ ਤੇ ਦਹੀਂ ਦੀ ਵਰਤੋਂ ਕਰ ਕੇ ਅੰਬੇਦਕਰ ਨੂੰ ਪਵਿੱਤਰ ਕਰ ਦਿੱਤਾ। ਰਾਜਸਥਾਨ ਵਿਚ ਬਾਬਾ ਰਾਮਦੇਵ ਦੇ ਚੰਦੇ ਨਾਲ ਅੰਬੇਦਕਰ ਦਾ ਆਦਮ ਕੱਦ ਬੁੱਤ ਲਗਾਇਆ ਜਾ ਰਿਹਾ ਹੈ। ਰਾਏਪੁਰ ਵਿਚ ਅੰਬੇਦਕਰ ਮਹਿਮਾ ਲਈ ਔਰਤਾਂ ਵੱਲੋਂ ਕਲਸ਼ ਯਾਤਰਾ ਕੱਢੀ ਗਈ। ਹਨੂਮਾਨ ਚਾਲੀਸਾ ਦੀ ਤਰ੍ਹਾਂ ਭੀਮ ਚਾਲੀਸਾ ਵੀ ਰਚ ਦਿੱਤੀ ਹੈ।

ਡਾ. ਅੰਬੇਦਕਰ ਨੇ ਬੁੱਤ ਪੂਜਾ ਅਤੇ ਸ਼ਖਸੀ ਪੂਜਾ ਦਾ ਡਟ ਕੇ ਵਿਰੋਧ ਕੀਤਾ, ਪਰ ਅਸੀਂ ਡਾ. ਅੰਬੇਦਕਰ ਦੇ ਸਿਧਾਂਤਾਂ ਦੇ ਉਲਟ ਕੰਮ ਕਰ ਰਹੇ ਹਾਂ। ਭਾਰਤ ਅੰਦਰ ਕਈ ਥਾਵਾਂ 'ਤੇ ਨਾਜਾਇਜ਼ ਕਬਜ਼ਾ ਕਰਨ ਲਈ ਅੰਬੇਦਕਰ ਦੇ ਬੁੱਤ ਦਾ ਸਹਾਰਾ ਲਿਆ ਜਾ ਰਿਹਾ ਹੈ। ਅੰਬੇਦਕਰਵਾਦ ਵਿਚ ਮੂਰਤੀ ਪੂਜਾ ਜਾਂ ਹਿੰਦੂਕਰਨ ਲਈ ਕੋਈ ਥਾਂ ਨਹੀਂ ਹੈ, ਪਰ ਫਿਰ ਵੀ ਧੜੱਲੇ ਨਾਲ ਹੋ ਰਿਹਾ ਹੈ, ਕੀ ਇਹ ਸਿਰਫ਼ ਇਤਫ਼ਾਕ ਹੈ? ਜੇ ਅਸੀਂ ਸਵੈ ਪੜਚੋਲ ਕਰ ਕੇ ਸਹੀ ਫੈਸਲਾ ਨਾ ਕੀਤਾ ਤਾਂ ਸਾਡੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਹਾਸ਼ੀਏ 'ਤੇ ਧੱਕ ਦਿੱਤੀ ਜਾਵੇਗੀ।

**ਜਰਨੈਲ ਸਿੰਘ ਹਲਵਾਰਾ ਦੇ ਨਾਂ ‘ਤੇ ਲੇਖਕ ਨੂੰ ਮਿਲੀ ਬਰੰਗ ਚਿੱਠੀ ਦਾ ਸਿਰਨਾਵਾਂ**

# ਦਹਿਸ਼ਤੀ ਦੌਰ ਦੀ ਦਾਸਤਾਨ

ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ। ਕਿਸੇ ਦੇ ਖਾਬ ਖਿਆਲ ਵੀ ਨਹੀਂ ਸੀ ਕਿ ਪੰਜਾਬ ‘ਚ ਕਰਫਿਊ ਲੱਗ ਜਾਊ। ਫਿਰ ਬੀ.ਬੀ.ਸੀ. ਤੋਂ ਖਬਰ ਆਈ ਕਿ ਫੌਜ ਨੇ ਦਰਬਾਰ ਸਾਹਿਬ ‘ਤੇ ਹੱਲਾ ਬੋਲ ਦਿੱਤੈ। ਅਸੀਂ ਰੇਡੀਓ ਨਾਲ ਕੰਨ ਲਾਈ ਖਬਰਾਂ ਸੁਣਦੇ, ਦਰਬਾਰ ਸਾਹਿਬ ਟੈਂਕ ਚਾੜ੍ਹ ਦਿੱਤੇ ਗਏ, ਅਕਾਲ ਤਖਤ ਢਾਹ ਦਿੱਤਾ ਗਿਐ। ਮੈਂ ਪਿੰਡ ਪੁਜਾ। ਸਵੇਰੇ ਸਾਜਰੇ ਉਠਿਆ ਤਾਂ ਸਾਡੇ ਘਰ ਤੋਂ ਗੁਰਦੁਆਰੇ ਤਕ ਖਾਲੀ ਥਾਂ ਫੌਜੀ ਮੋਰਚੇ ਮੱਲੀ ਬੈਠੇ ਸਨ। ਮੈਂ ਜੰਗਲ ਪਾਣੀ ਜਾਂਦਾ ਰੁਕ ਗਿਆ। ਏਨੀ ਫੌਜ ਤਾਂ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਮੈਂ ਹਿੰਦ-ਪਾਕਿ ਜੰਗਾਂ ਸਮੇਂ ਵੀ ਨਹੀਂ ਸੀ ਵੇਖੀ।

ਇਕ ਰਾਤ ਲਾਊਡ ਸਪੀਕਰ ਤੋਂ ਆਵਾਜ਼ਾਂ ਆਉਣ ਲੱਗੀਆਂ, ਕੋਈ ਬੰਦਾ ਘਰੋਂ ਬਾਹਰ ਨਾ ਨਿਕਲੇ। ਫੌਜ ਨੇ ਪਿੰਡ ਨੂੰ ਘੇਰਾ ਪਾਇਆ ਹੋਇਐ। ਲਾਊਡ ਸਪੀਕਰ ਤੋਂ ਆਵਾਜ਼ਾਂ ਦੇ ਕੇ ਲਸੰਸੀਏ ਬੁਲਾਏ ਗਏ। ਉਨ੍ਹਾਂ ਦਾ ਅਸਲਾ ਲੈ ਲਿਆ ਗਿਆ। ਕੁਝ ਇਕ ਨੂੰ ਫੌਜੀ ਗੱਡੀਆਂ ‘ਚ ਬਿਠਾ ਜਗਰਾਓਂ ਲੈ ਗਏ। ਕਈਆਂ ਦੀ ਕੁੱਟ ਮਾਰ ਹੋਈ। ਲੋਕ ਪ੍ਰੇਸ਼ਾਨ ਸਨ ਕਿ ਇਹ ਜੱਗੋਂ ਤੇਰ੍ਹਵੀਂ ਕਾਹਦੇ ਲਈ? ਮੇਰੇ ਮਨ ‘ਚ ਰੋਹ ਉਠ ਰਿਹਾ ਸੀ ਕਿ ਫੌਜੀ ਅਫਸਰਾਂ ਤੋਂ ਪੁੱਛਾਂ ਪਈ ਇਹ ਹਨੇਰਗਰਦੀ ਕਿਉਂ? ਘਰ ਦਿਆਂ ਮੈਨੂੰ ਰੋਕ ਲਿਆ ਕਿ ਉਹ ਤੈਨੂੰ ਵੀ ਬੰਨ੍ਹ ਲੈਣਗੇ।

ਆਪਰੇਸ਼ਨ ਬਲਿਊ ਸਟਾਰ ਪਿੱਛੋਂ ਜੋ ਕੁਛ ਹੋਇਆ ਉਹਦੇ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕੈ। 2 ਜੂਨ ਨੂੰ ਸਾਡੇ ਪਿੰਡ ਚਕਰ ਦੇ ਚਾਰ ਬਜ਼ੁਰਗ- ਬਿਸ਼ਨ ਸਿੰਘ, ਬਾਬਾ ਚੰਨਣ ਸਿੰਘ, ਬਚਿੱਤਰ ਸਿੰਘ ਤੇ ਮਿਸਤਰੀ ਦਲੀਪ ਸਿੰਘ ਗੁਰਦੁਆਰੇ ਦੀ ਜ਼ਮੀਨ ਸਬੰਧੀ ਅੰਮ੍ਰਿਤਸਰ ਗਏ। ਦਰਬਾਰ ਸਾਹਿਬ ਦੁਆਲੇ ਕਰਫਿਊ ਸੀ ਜਿਸ ਕਰਕੇ ਰਾਤ ਗੁਰਦੁਆਰਾ ਸ਼ਹੀਦਾਂ ਵਿਚ ਕੱਟਣੀ ਪਈ। ਤਿੰਨ ਤਾਰੀਖ ਨੂੰ ਉਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਮਿਲੇ। ਜ਼ਮੀਨ ਦਾ ਕੇਸ ਸੁਣ ਕੇ ਸਲਾਹ ਦਿੱਤੀ ਕਿ ਅੱਜ ਇਥੇ ਸਰਾਂ ਵਿਚ ਈ ਰੁਕ ਜਾਵੋ। ਭਲਕੇ ਮੁਖਤਿਆਰਨਾਮਾ ਬਣਾਵਾਂਗੇ ਤੇ ਜਗਰਾਓਂ ਵਕੀਲ ਰਾਹੀਂ ਕੇਸ ਦਰਜ ਕਰਾ ਦੇਣਾ। ਇਹ ਗੱਲਾਂ ਮੈਨੂੰ ਦਲੀਪ ਸਿੰਘ ਨੇ ਉਦੋਂ ਦੱਸੀਆਂ ਜਦੋਂ ਉਹ ਮਹੀਨੇ ਮਗਰੋਂ ਪਿੰਡ ਮੁੜਿਆ।

ਉਸ ਨੇ ਦੱਸਿਆ, “ਅਸੀਂ ਫੇਰ ਉਥੇ ਈ ਰਹਿ’ਪੇ। ਸਰਾਂ ਪਹਿਲਾਂ ਈ ਸ਼ਰਧਾਲੂਆਂ ਨਾਲ ਭਰੀ ਹੋਈ ਸੀ। ਅਸੀਂ ਖਾਲੀ ਜਗ੍ਹਾ ਪਰਨੇ ਵਿਛਾ ਕੇ ਪੈ’ਗੇ। ਤੜਕਸਾਰ ਮੈਂ ਸਰੋਵਰ ’ਚ ਇਸ਼ਨਾਨ ਕਰਨ ਚਲਾ ਗਿਆ। ਉਦੋਂ ਚਾਰ ਕੁ ਵਜੇ ਦਾ ਟੈਮ ਹੋਊ ਜਦੋਂ ਠਾਹ ਠਾਹ ਗੋਲੀਆਂ ਚੱਲਣ ਲੱਗੀਆਂ। ਅਸੀਂ ਕੋਡੇ ਕੋਡੇ ਭੱਜ ਕੇ ਸਰਾਂ ’ਚ ਜਾ ਵੜੇ।”

ਮੈਂ ਪੁੱਛਿਆ, “ਕਿਸੇ ਨੇ ਐਲਾਨ ਨੀ ਕੀਤਾ ਕਿ ਸ਼ਰਧਾਲੂ ਬਾਹਰ ਆ ਜਾਣ?” ਉਸ ਦੱਸਿਆ, “ਬਿਨਾ ਐਲਾਨ ਦੇ ਫਾਇਰਿੰਗ ਹੋਈ। ਸਾਨੂੰ ਬਾਹਰ ਨਿਕਲਣ ਦਾ ਮੌਕਾ ਨ੍ਹੀਂ ਦਿੱਤਾ। ਜੇ ਬਾਹਰ ਨਿਕਲਣ ਨੂੰ ਕਹਿੰਦੇ ਤਾਂ ਅਸੀਂ ਅੰਦਰ ਕੀ ਕਰਨਾ ਸੀ? ਚਾਰ ਜੂਨ ਦਾ ਸਾਰਾ ਦਿਨ ਤੇ ਸਾਰੀ ਰਾਤ ਅਸੀਂ ਭੁੱਖੇ ਤਿਹਾਇਆਂ ਕੱਟੀ। ਅਗਲਾ ਦਿਨ ਵੀ ਉਵੇਂ ਈ ਨੰਘਿਆ। ਤੇਹ ਨਾਲ ਜਾਨ ਨਿਕਲੀ ਜਾਂਦੀ ਸੀ। ਜੁਆਕਾਂ ਦਾ ਹਾਲ ਦੇਖ ਕੇ ਜਰਿਆ ਨ੍ਹੀਂ ਸੀ ਜਾਂਦਾ। ਬਾਹਰ ਗੋਲੀਆਂ ਚੱਲੀ ਜਾਂਦੀਆਂ ਸਨ। ਅਗਲੀ ਰਾਤ ਸਰਾਂ ’ਚ ਵੀ ਫੌਜੀਆਂ ਨੇ ਗਰਨੇਡ ਸਿੱਟੇ। ਬੱਸ ਫੇਰ ਕੀ ਸੀ ਰੋਣ ਕਰਲਾਉਣ ਤੇ ਮਰ’ਗੇ-ਮਾਰ’ਤੇ ਦੀ ਕੁਰਲਾਹਟ ਮੱਚ’ਗੀ। ਦਿਨ ਦੇ ਚੜ੍ਹਾਅ ਨਾਲ ਉਨ੍ਹਾਂ ਨੇ ਲਾਊਡ ਸਪੀਕਰ ਤੋਂ ਆਖਿਆ, ਜਿਹੜੇ ਜਿਊਂਦੇ ਆ, ਉਹ ਹੱਥ ਖੜ੍ਹੇ ਕਰ ਕੇ ਬਾਹਰ ਆ ਜਾਣ। ਬਾਹਰ ਆਉਣ ਲੱਗੇ ਤਾਂ ਛੇ-ਸੱਤ ਬੰਦੇ ਭੱਜੇ ਰੌਲਾ ਪਾਉਂਦੇ ਆਏ, ਕੋਈ ਬਾਹਰ ਨਾ ਨਿਕਲੇ, ਬਾਹਰ ਚੌਂਕ ’ਚ ਬੰਦੇ ਮਾਰੀ ਜਾਂਦੇ ਆ। ਅਸੀਂ ਵੀ ਅੰਦਰੇ ਈ ਦੜ ਵੱਟ’ਗੇ।

ਏਨੇ ਨੂੰ ਫੌਜੀ ਸਰਾਂ ‘ਚ ਆ ਵੜੇ। ਉਨ੍ਹਾਂ ਨੇ ਲਾਊਡ ਸਪੀਕਰ ਤੋਂ ਆਖਿਆ, ਸਾਰੇ ਜਣੇ ਕਪੜੇ ਉਤਾਰ ਕੇ, ਹੱਥ ਖੜ੍ਹੇ ਕਰ ਕੇ, ਬਾਹਰ ਨਿਕਲ ਆਓ, ਨਹੀਂ ਤਾਂ ਬੰਬ ਮਾਰ ਕੇ ਸਭ ਨੂੰ ਅੰਦਰ ਈ ਭੁੰਨ ਦਿਆਂਗੇ। ਅਸੀਂ ਬਾਹਰ ਆਈ ਗਏ ਤੇ ਉਹ ਸਾਨੂੰ ਪਾਣੀ ਦੀਆਂ ਟੂਟੀਆਂ ਕੋਲ ਵਿਹੜੇ ‘ਚ ਬਿਠਾਈ ਗਏ। ਬਰਾਂਡਿਆਂ ਵਿਚ ਲਾਸ਼ਾਂ ਈ ਲਾਸ਼ਾਂ ਪਈਆਂ ਸਨ। ਤੇਹ ਏਨੀ ਲੱਗੀ ਸੀ ਕਿ ਅਸੀਂ ਨਾਲੀ ‘ਚੋਂ ਲਹੂ-ਪਾਣੀ ਦੀਆਂ ਘੁੱਟਾਂ ਭਰੀਆਂ। ਫੇਰ ਛੱਤ ਤੋਂ ਗਰਨੇਡ ਡਿੱਗਿਆ ਤੇ ਨਾਲ ਈ ਮਸ਼ੀਨ ਗੰਨ ਚੱਲ’ਪੀ। ਬਿਸ਼ਨ ਸਿਓਂ ਦੀ ਪੁੜਪੁੜੀ ‘ਚ ਗੋਲੀ ਵੱਜੀ ਤੇ ਉਹ ਮੇਰੇ ‘ਤੇ ਡਿੱਗ ਪਿਆ।” ਉਸ ਡੂੰਘਾ ਸਾਹ ਲਿਆ।

“ਬਚਿੱਤਰ ਸਿਓਂ ਦਾ ਮੈਨੂੰ ਪਤਾ ਨਾ ਲੱਗਾ। ਬਾਬੇ ਦਾ ਵੀ ਪਤਾ ਨ੍ਹੀਂ। ਮੇਰੇ ਉਤੇ ਹੋਰ ਲਾਸ਼ਾਂ ਵੀ ਆ ਡਿੱਗੀਆਂ। ਫੇਰ ਮੈਨੂੰ ਕੋਈ ਸੁਰਤ ਨ੍ਹੀਂ ਬਈ ਕਿੰਨਾ ਚਿਰ ਗੋਲੀ ਚੱਲੀ। ਲਾਸ਼ਾਂ ਚੁੱਕੀਆਂ ਤਾਂ ਸੁਰਤ ਆਈ। ਅੱਖਾਂ ਖੋਲ੍ਹੀਆਂ ਤਾਂ ਫੌਜੀ ਖੜ੍ਹੇ ਦੇਖ ਕੇ ਫੇਰ ਬੰਦ ਕਰ ਲਈਆਂ। ਫੇਰ ’ਵਾਜ ਸੁਣੀ ਬਈ ਜਿਹੜੇ ਜਿਉਂਦੇ ਆ ਉਠ ਖੜ੍ਹੇ ਹੋਣ ਨਹੀਂ ਤਾਂ ਲਾਸ਼ਾਂ ਦੇ ਨਾਲ ਈ ਸਾੜ ਦਿੱਤੇ ਜਾਣਗੇ। ਅਸੀਂ ਸੱਤ ਜਣੇ ਜਿਉਂਦੇ ਖੜ੍ਹੇ ਹੋਏ। ਛੇ ਬੰਦੇ, ਸੱਤਵੀਂ ਬੁੜ੍ਹੀ। ਸਾਨੂੰ ਫੌਜੀ ਗੱਡੀਆਂ ’ਚ ਬਿਠਾ ਲਿਆ। ਇਕ ਨਿਆਣਾ ਮਾਂ ਦੀ ਲਾਸ਼ ਕੋਲ ਖੜ੍ਹਾ ਰੋਈ ਜਾਵੇ। ਸਾਡੇ ਦੇਖਦਿਆਂ ਇਕ ਫੌਜੀ ਨੇ ਉਹਦੇ ਸਿਰ ’ਚ ਬੱਟ ਮਾਰਿਆ, ਉਹ ਡਿੱਗ ਪਿਆ ਤੇ ਰੋਣੋਂ ਹਟ ਗਿਆ!

ਫੇਰ ਸਾਨੂੰ ਇਕ ਹਾਤੇ ‘ਚ ਲੈ’ਗੇ। ਉਥੇ ਕਾਲੀਆਂ ਦਾੜ੍ਹੀਆਂ ਆਲੇ ਅੱਡ ਕੱਢ’ਲੇ ਤੇ ਸਾਨੂੰ ਬੁੜ੍ਹਿਆਂ ਨੂੰ ਕਮਰਿਆਂ ‘ਚ ਤਾੜ’ਤਾ। ਸਾਡੇ ਤੇੜ ਬੱਸ ਕਛਹਿਰੇ ਈ ਸੀ। ਇਕ ਵੇਲੇ ਸਾਨੂੰ ਦਾਲ ਤੇ ਚੌਲ ਦਿੰਦੇ, ਦੂਜੇ ਵੇਲੇ ਸੁੱਕੀਆਂ ਰੋਟੀਆਂ। ਦੋ ਵਾਰ ਸਾਨੂੰ ਟੂਟੀਆਂ ਤੋਂ ਪਾਣੀ ਪਿਆਉਂਦੇ। ਉਨ੍ਹਾਂ ਨੇ ਸਾਡੇ ਪੰਜਿਆਂ ਦੇ ਨਿਸ਼ਾਨ ਲਏ ਤੇ ਮੁੜ-ਮੁੜ ਪੁੱਛਦੇ ਰਹੇ ਬਈ ਅੰਬਰਸਰ ਕਿਉਂ ਆਏ ਸੀ?”

ਮੈਂ ਦਲੀਪ ਸਿੰਘ ਤੋਂ ਪੁੱਛਿਆ, “ਨਾਲ ਦੇ ਸਾਥੀਆਂ ਦਾ ਪਤਾ ਲੱਗਾ ਕੁਝ?” ਉਸ ਦੱਸਿਆ, “ਬਿਸ਼ਨ ਸਿੰਘ ਤਾਂ ਮੇਰੇ ਸਾਹਮਣੇ ਈ ਸ਼ਹੀਦੀ ਪਾ ਗਿਆ ਸੀ। ਬਚਿੱਤਰ ਸਿੰਘ ਤੇ ਬਾਬੇ ਦਾ ਕੋਈ ਪਤਾ ਨਹੀਂ।” ਉਹਦੀ ਰਿਹਾਈ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ, “ਪੰਦਰਾਂ ਵੀਹ ਦਿਨਾਂ ਪਿੱਛੋਂ ਉਨ੍ਹਾਂ ਸਾਨੂੰ ਜੇਲ੍ਹ ਭੇਜ’ਤਾ। ਦਸ-ਬਾਰਾਂ ਦਿਨ ਰੱਖਿਆ। ਪੁੱਛਦੇ ਰਹੇ ਬਈ ਪਿੰਡ ’ਚ ਕੀਹਨੇ ਕੀਹਨੇ ਅੰਮ੍ਰਿਤ ਛਕਿਐ ਤੇ ਕੀਹਦੇ ਕੀਹਦੇ ਕੋਲ ਹਥਿਆਰ ਐ? ਮੈਥੋਂ ਪੁੱਛਦੇ ਬਈ ਤੂੰ ਸੰਤ ਜਰਨੈਲ ਸਿੰਘ ਦਾ ਚੇਲਾ ਤਾਂ ਨ੍ਹੀਂ? ਜਦੋਂ ਉਨ੍ਹਾਂ ਦੀ ਤਸੱਲੀ ਹੋ’ਗੀ ਤਾਂ ਮੈਨੂੰ ਰਿਹਾ ਕਰ’ਤਾ।”

“ਤੈਨੂੰ ਰਿਹਾ ਕਰਨ ਵੇਲੇ ਪੁਲਿਸ ਨੇ ਕੋਈ ਤਾਕੀਦ ਨਹੀਂ ਕੀਤੀ?” ਮੈਂ ਪੁਛਿਆ। ਉਸ ਦੱਸਿਆ, “ਕੀਤੀ ਸੀ ਬਈ ’ਗਾਹਾਂ ਕੋਈ ਗੱਲ ਨਾ ਕਰੀਂ। ਪਰ ਹੱਡੀਂ ਬੀਤੀਆਂ ਕਦੋਂ ਭੁੱਲਦੀਐਂ?”

---


ਦਹਿਸ਼ਤੀ ਦਿਨ ਸਨ। ਪੁਲਿਸ ਮੁੰਡੇ ਚੁੱਕ ਰਹੀ ਸੀ ਤੇ ਦਹਿਸ਼ਤੀ ਫਿਰੌਤੀ ਦੀਆਂ ਚਿੱਠੀਆਂ ਲਿਖ ਰਹੇ ਸਨ। ਠਾਣੇਦਾਰ ਸੁਨੇਹਾ ਭੇਜਦਾ, “ਮੁੰਡਾ ਤੁਹਾਡਾ ਕਤਲ ਮੰਨੀ ਬੈਠੈ। ਐਨੇ ਪੈਸੇ ਲੈ ਆਓ, ਨਹੀਂ ਤਾਂ ਮੁਕਾਬਲਾ ਤਿਆਰ ਐ!” ਦਹਿਸ਼ਤੀਆਂ ਲਿਖਿਆ ਹੁੰਦਾ, “ਐਨੇ ਪੈਸੇ ਫਲਾਣੀ ਥਾਂ ਧਰ ਦਿਓ, ਨਹੀਂ ਅਕਾਲ ਪੁਰਖ ਦਾ ਸੱਦਾ ਆਇਆ ਸਮਝੋ!”

ਮੈਨੂੰ ਜਰਨੈਲ ਸਿੰਘ ਹਲਵਾਰਾ ਦੇ ਨਾਂ ਦੀ ਬਰੰਗ ਚਿੱਠੀ ਮਿਲੀ ਕਿ ਸੈਂਤੀ ਹਜ਼ਾਰ ਰੁਪਏ ਗੁਰਦੁਆਰਾ ਨਾਨਕਸਰ ਕਲੇਰਾਂ ਦੇ ਚੜ੍ਹਦੇ ਪਾਸੇ ਜਿਥੇ ਜਗਰਾਓਂ ਨੂੰ ਜਾਣ ਵਾਲੇ ਬਾਬਾ ਨੰਦ ਸਿੰਘ ਮਾਰਗ ਦਾ ਬੋਰਡ ਲੱਗਾ ਹੈ, ਡੂਢ ਫੁੱਟ ਟੋਆ ਪੁੱਟ ਕੇ ਰੱਖ ਦੇਣੇ ਤੇ ਬੋਰਡ ‘ਤੇ ਖਾਲਿਸਤਾਨ ਜ਼ਿੰਦਾਬਾਦ ਲਿਖ ਦੇਣਾ। ਜੇ ਕਿਸੇ ਨੂੰ ਦੱਸਿਆ ਤਾਂ ਸਾਰੇ ਪਰਿਵਾਰ ਨੂੰ ਸੋਧ ਦਿਆਂਗੇ। ਪੱਕੀ ਤਾਰੀਖ ਤਾਂ ਯਾਦ ਨਹੀਂ ਪਰ ਮਹੀਨਾ ਮਈ 1986 ਦਾ ਸੀ।

ਮੈਂ ਚਿੱਠੀ ਲੈ ਕੇ ਠਾਣੇ ਮਹਿਣੇ ਗਿਆ। ਠਾਣੇਦਾਰ ਨੇ ਚਿੱਠੀ ਪੜ੍ਹ ਕੇ ਉਪਰਲੇ ਅਫਸਰਾਂ ਨੂੰ ਮਿਲਣ ਨੂੰ ਕਿਹਾ। ਫਿਰ ਮੈਂ ਫਰੀਦਕੋਟ ਦੇ ਐਸ.ਐਸ.ਪੀ. ਨੂੰ ਮਿਲਣ ਗਿਆ। ਉਹ ਉਥੇ ਹੈ ਨਹੀਂ ਸੀ ਪਰ ਮੈਨੂੰ ਡਿਪਟੀ ਕਮਿਸ਼ਨਰ ਭੁਪਿੰਦਰ ਸਿੰਘ ਸਿੱਧੂ ਮਿਲ ਗਿਆ। ਚਿੱਠੀ ਨੀਝ ਨਾਲ ਪੜ੍ਹ ਕੇ ਉਸ ਕਿਹਾ, ਇਹ ਜਾਅਲੀ ਲੱਗਦੀ ਐ।

ਮੈਂ ਵੀ ਚਿੱਠੀ ਨੀਝ ਨਾਲ ਵੇਖੀ। ਮੇਰੇ ਨਾਂ ਦਾ ਸੱਸਾ ਘੁੰਡੀ ਪਾ ਕੇ ਲਿਖਿਆ ਸੀ ਤੇ ਸਿੰਘ ਦਾ ਸੱਸਾ ਦੋ ਸਿੱਧੀਆਂ ਲਕੀਰਾਂ ਨੂੰ ਸਿੱਧੀ ਲਕੀਰ ਨਾਲ ਮਿਲਾ ਕੇ ਲਿਖਿਆ ਸੀ। ਜਰਨੈਲ ਦਾ ਲੱਲਾ ਹੋਰ ਤਰ੍ਹਾਂ ਪਾਇਆ ਹੋਇਆ ਸੀ ਤੇ ਹਲਵਾਰੇ ਦਾ ਹੋਰ ਤਰ੍ਹਾਂ। ਜ਼ਾਹਰ ਸੀ ਕਿ ਲਿਖਣ ਵਾਲੇ ਨੇ ਲਿਖਾਈ ਪਛਾਣੀ ਜਾਣ ਦੇ ਡਰੋਂ ਇੰਜ ਕੀਤਾ ਸੀ। ਚਿੱਠੀ ਨੇ ਹੋਰ ਕੁਛ ਤਾਂ ਨਾ ਕੀਤਾ ਪਰ ਮੇਰਾ ਰਿਵਾਲਵਰ ਦਾ ਲਸੰਸ ਬਣਵਾ ਦਿੱਤਾ। ਰਿਵਾਲਵਰ ਖਰੀਦਣ ਬਾਰੇ ਮੈਂ ਜਸਵੰਤ ਸਿੰਘ ਕੰਵਲ ਦੀ ਸਲਾਹ ਲੈ ਬੈਠਾ। ਉਹ ਕਹਿਣ ਲੱਗਾ, “ਮੇਰਾ ਵੈਬਲੇ ਸਕਾਟ ਵਿਕਾਊ ਐ। ਤੂੰ ਹੋਰਨਾਂ ਤੋਂ ਹਜ਼ਾਰ ਘੱਟ ਦੇ ਦੇਈਂ।”

ਅੱਧੀ ਰਾਤ ਤਕ ਮੈਂ ਸੋਚਦਾ ਰਿਹਾ ਕਿ ਜਿਸ ਬਲਾਅ ਤੋਂ ਕੰਵਲ ਖਹਿੜਾ ਛੁਡਾ ਰਿਹੈ, ਉਹਨੂੰ ਮੈਂ ਆਪਣੇ ਗਲ ਕਿਉਂ ਪੁਆਵਾਂ? ਸੋਚ ਵਿਚਾਰ ਕੇ ਮੈਂ ਲਸੰਸ ਹੀ ਰੱਦ ਕਰਵਾ ਦਿੱਤਾ ਅਤੇ ਮੈਂ ਉਸ ਬਿਪਤਾ ਤੋਂ ਜ਼ਰੂਰ ਬਚ ਗਿਆ ਜਿਹੜੀ ਮੇਰੇ ਦੋਸਤ ਮਹਿੰਦਰ ਦੀ ਜਾਨ ਲੈ ਬੈਠੀ!



---

ਉਨ੍ਹਾਂ ਉਤੇ ਅਕਾਲ ਪੁਰਖ ਦੀ ਕਿਰਪਾ ਹੀ ਕਹੋ ਜਿਹੜੇ ਪੰਜਾਬ ਦੇ ਦਹਿਸ਼ਤੀ ਦੌਰ ‘ਚ ਬਚੇ ਰਹੇ! ਕਿਸੇ ਨੂੰ ਬੱਸ ‘ਚੋਂ ਲਾਹ ਕੇ ਮਾਰ ਦਿੱਤਾ ਜਾਂਦਾ, ਕਿਸੇ ਦਾ ਪੁਲਿਸ ਮੁਕਾਬਲਾ ਬਣਾ ਦਿੱਤਾ ਜਾਂਦਾ। ਮੈਨੂੰ ਮਿਲੀ ਚਿੱਠੀ ਸੱਚਮੁੱਚ ਹੀ ਇਨਾਮੀ ਖਾੜਕੂ ਜਰਨੈਲ ਸਿੰਘ ਹਲਵਾਰਾ ਦੀ ਹੁੰਦੀ ਤਾਂ ਮੇਰਾ ਵੀ ਕੀ ਭਰੋਸਾ ਸੀ? ਹੋ ਸਕਦੈ ਮੇਰੇ ਨਾਲ ਸਾਰਾ ਪਰਿਵਾਰ ਹੀ ਸੋਧ ਦਿੱਤਾ ਜਾਂਦਾ। ਮੈਂ ਆਪਣੇ ਬੱਚਿਆਂ ਦੇ ਮਾਰੇ ਜਾਣ ਬਾਰੇ ਸੋਚ ਕੇ ਕੰਬ ਗਿਆ ਸਾਂ। ਬੱਚਿਆਂ ਨੂੰ ਪਤਾ ਵੀ ਨਹੀਂ ਸੀ ਲੱਗਣਾ ਕਿ ਉਨ੍ਹਾਂ ਨੂੰ ਕਾਹਦੀ ਸਜ਼ਾ ਮਿਲੀ?

ਖੈਰ, ਚਿੱਠੀ ਵਾਲੀ ਬਿਪਤਾ ਟਲ ਗਈ। ਇਕ ਦਿਨ ਖਾੜਕੂਆਂ ਦੇ ਸੱਦੇ ‘ਤੇ ਸਕੂਲਾਂ-ਕਾਲਜਾਂ ਵਿਚ ਹੜਤਾਲ ਸੀ। ਮੈਂ ਹਲਵਾਰੇ ਦੀ ਫੌਜੀ ਕੰਟੀਨ ਤੋਂ ਰੰਮ ਲੈਣ ਚਲਾ ਗਿਆ। ਬੋਤਲਾਂ ਸਕੂਟਰ ਦੀ ਡਿੱਕੀ ‘ਚ ਰੱਖ ਕੇ ਸਧਾਰ ਪੁਲ ਤੋਂ ਨਹਿਰ ਦੀ ਪਟੜੀ ਮੁੜ ਪਿਆ। ਉਦੋਂ ਈ ਪਤਾ ਲੱਗਾ ਜਦੋਂ ਕਾਹਾਂ ਦੇ ਬੂਝਿਆਂ ਉਹਲਿਓਂ ਦੋ ਬੰਦੇ ਨਿਕਲੇ ਜਿਨ੍ਹਾਂ ਸਕੂਟਰ ਰੋਕਣ ਲਈ ਹੱਥ ਖੜ੍ਹਾ ਕਰ ਦਿੱਤਾ। ਨਹਿਰ ਦੇ ਦੂਜੇ ਪਾਸੇ ਹਲਵਾਰਾ ਹੈ। ਮੈਨੂੰ ਜਰਨੈਲ ਸਿੰਘ ਹਲਵਾਰਾ ਯਾਦ ਆ ਗਿਆ। ਜੇ ਰੋਕਦਾ ਤਾਂ ਵੀ ਮੌਤ ਸੀ, ਨਾ ਰੋਕਦਾ ਤਾਂ ਗੋਲੀ ਆ ਸਕਦੀ ਸੀ। ਸਹਿਮੇ ਹੋਏ ਨੇ ਸਕੂਟਰ ਰੋਕ ਲਿਆ। ਦੋਵੇਂ ਜਣੇ ਮੇਰੇ ਪਿੱਛੇ ਬਹਿ ਗਏ ਤੇ ਕਹਿੰਦੇ, “ਚੱਲ।”

ਮੈਂ ਚੱਲ ਪਿਆ। ਉਹ ਹਿਲਦੇ ਤਾਂ ਅਏਂ ਲੱਗਦਾ ਜਿਵੇਂ ਹਥਿਆਰ ਸਿੱਧਾ ਕਰਦੇ ਹੋਣ। ਮੈਂ ਸੋਚਾਂ ਕਿ ਰਿਵਾਲਵਰ ਗਿੱਚੀ ਨਾਲ ਲਾਉਣਗੇ। ਇਹ ਅੰਤਲਾ ਸਮਾਂ ਸੀ। ਬੱਸ ਇਕ ਮਿੰਟ ਤੇ ਖੇਡ ਖਤਮ! ਸਧਾਰ ਪਹੁੰਚ ਕੇ ਮੇਰੇ ਮੂੰਹੋਂ ਮਸਾਂ ਬੋਲ ਨਿਕਲੇ, “ਬਾਬਿਓ, ਮੈਂ ਤਾਂ ਐਥੇ ਤਕ ਈ ਆਉਣਾ ਸੀ। ਤੁਹਾਨੂੰ ਲੋੜ ਐ ਤਾਂ ਸਕੂਟਰ ਲੈ ਜੋ।”

ਉਹ ਚੁੱਪ ਚਾਪ ਸਕੂਟਰ ਤੋਂ ਉਤਰੇ ਤੇ ਬਿਨਾ ਕੁਝ ਕਹੇ ਹਲਵਾਰੇ ਵੱਲ ਚਲੇ ਗਏ। ਮੇਰੀ ਜਾਨ ‘ਚ ਜਾਨ ਆਈ। ਮੈਂ ਸੋਚਿਆ, ਜੇ ਉਹ ਸੱਚੀਂ ਜਰਨੈਲ ਸਿੰਘ ਹਲਵਾਰਾ ਹੁੰਦਾ ਤੇ ਉਸ ਨੂੰ ਪਤਾ ਲੱਗ ਜਾਂਦਾ ਕਿ ਮੈਂ ਉਹੀ ਪ੍ਰੋਫੈਸਰ ਸਾਂ ਜੀਹਨੇ ਚਿੱਠੀ ਮਿਲਣ ਦੇ ਬਾਵਜੂਦ ਪੈਸੇ ਨਹੀਂ ਸੀ ਰੱਖੇ, ਫਿਰ ਕੀ ਹੁੰਦਾ? ਮੇਰਾ ਇਥੇ ਹੀ ਦਾਣਾ ਪਾਣੀ ਮੁੱਕ ਜਾਂਦਾ ਤੇ ਲਾਸ਼ ਨਹਿਰ ‘ਚ ਰੋੜ੍ਹ ਦਿੱਤੀ ਜਾਂਦੀ।

---

ਢੁੱਡੀਕੇ ਤੋਂ ਚਕਰ ਪਹੁੰਚਣ ਨੂੰ ਅੱਧਾ ਘੰਟਾ ਲੱਗਦੈ। ਜਿੱਦਣ ਮੇਰਾ ਮੂਡ ਹੁੰਦਾ ਮੈਂ ਚਾਰ ਕੁ ਵਜੇ ਚੱਲਦਾ, ਘਰ ਦਿਆਂ ਨੂੰ ਮਿਲ ਕੇ ਆਪਣੇ ਆੜੀ ਕਾਮਰੇਡ ਮਹਿੰਦਰ ਸੈਕਟਰੀ ਕੋਲ ਚਲਾ ਜਾਂਦਾ। ਉਹ ਪੀਣ ਖਾਣ ਦਾ ਜੁਗਾੜ ਕਰ ਲੈਂਦਾ ਤੇ ਅਸੀਂ ਤਰਾਰੇ ‘ਚ ਇਨਕਲਾਬ ਲਿਆਉਣ ਲੱਗਦੇ। ਉਹਦੇ ਘਰ ਲੈਨਿਨ ਦੀ ਆਦਮਕੱਦ ਤਸਵੀਰ ਲੱਗੀ ਹੋਈ ਸੀ ਤੇ ਪ੍ਰਗਤੀ ਪ੍ਰਕਾਸ਼ਨ ਦੀਆਂ ਪੁਸਤਕਾਂ ਸਨ। ਮਾਓ ਤੇ ਸਟਾਲਿਨ ਦੇ ਫੋਟੋ ਵੀ ਸਨ। ਉਹਦੇ ਕੋਲ ਅਠੱਤੀ ਬੋਰ ਦਾ ਰਿਵਾਲਵਰ ਤੇ ਬੁਲਿਟ ਮੋਟਰ ਸਾਈਕਲ ਵੀ ਸੀ।

ਇਕ ਸ਼ਾਮ ਮੈਂ ਢੁੱਡੀਕੇ ਤੋਂ ਪਿੰਡ ਪਹੁੰਚਾ ਤਾਂ ਅਮਰੀਕਾ ਤੋਂ ਮੇਰਾ ਭਰਾ ਭਜਨ ਆਇਆ ਹੋਇਆ ਸੀ। ਅਸੀਂ ਗੱਲੀਂ ਲੱਗੇ ਰਹੇ। ਆਮ ਕਰ ਕੇ ਮੈਂ ਅੱਧਾ ਕੁ ਘੰਟਾ ਘਰ ਠਹਿਰ ਕੇ ਮਹਿੰਦਰ ਵੱਲ ਚਲਾ ਜਾਂਦਾ ਸਾਂ। ਉਦਣ ਨਾ ਜਾ ਸਕਿਆ। ਦਿਨ ਅਜੇ ਛਿਪਿਆ ਈ ਸੀ ਕਿ ਏ.ਕੇ. ਸੰਤਾਲੀ ਦੇ ਕੰਨ ਪਾੜਵੇਂ ਫਾਇਰ ਗੂੰਜੇ। ਲੱਗਾ ਜਿਵੇਂ ਬਾਹਰ ਬੀਹੀ ਵਿਚ ਈ ਗੋਲੀਆਂ ਚੱਲੀਆਂ ਹੋਣ। ਤੁਰਤ ਕੁੰਡੇ ਜਿੰਦੇ ਲੱਗ ਗਏ। ਸ਼ੱਕ ਪਿਆ ਕਿਤੇ ਅਮਰੀਕਾ ਤੋਂ ਆਏ ਭਜਨ ਦੀ ਲੁੱਟ ਖੋਹ ਨਾ ਕਰਨੀ ਹੋਵੇ। ਸਾਰਾ ਪਿੰਡ ਛਾਪਲ ਗਿਆ। ਕੁੱਤੇ ਵੀ ਨਹੀਂ ਸੀ ਭੌਂਕ ਰਹੇ। ਭਜਨ ਵੀ ਭੈਭੀਤ ਸੀ ਕਿ ਉਹਦੇ ਆਉਣ ਸਾਰ ਇਹ ਕੀ ਹੋ ਗਿਆ? ਮੇਰੇ ਮਨ ‘ਚ ਉਹੀ ਚਿੱਠੀ ਵਾਲਾ ਡਰ ਜਾਗ ਪਿਆ ਸੀ। ਮਨਾਂ ਕੀ ਪਤਾ ਉਹ ਚਿੱਠੀ ਜਾਅਲੀ ਨਾ ਹੀ ਹੋਵੇ? ਕੀ ਪਤਾ ਉਹਦੇ ‘ਤੇ ਅਮਲ ਅੱਜ ਭਜਨ ਦੇ ਆਏ ਤੋਂ ਹੀ ਹੋਣਾ ਹੋਵੇ? ਸਾਰੇ ਟੱਬਰ ਨੂੰ ਜੁ ਸੋਧਣਾ ਸੀ।

ਸਵੇਰੇ ਮਹਿੰਦਰ ਦਾ ਮੁੰਡਾ ਸਾਡੇ ਘਰ ਆਇਆ ਤੇ ਡੁਸਕਦਿਆਂ ਦੱਸਿਆ ਕਿ ਅਤਿਵਾਦੀ ਉਹਦੇ ਭਾਪੇ ਨੂੰ ਮਾਰ ਗਏ। ਦਿਨ ਛਿਪੇ ਜਿਹੜੀਆਂ ਗੋਲੀਆਂ ਚੱਲੀਆਂ ਉਹ ਉਹਦੇ ‘ਤੇ ਈ ਚੱਲੀਆਂ ਸਨ। ਉਹ ਰਿਵਾਲਵਰ ਮੰਗਦੇ ਸੀ। ਭਾਪਾ ਭੱਜ ਪਿਆ। ਭੱਜੇ ਜਾਂਦੇ ਦੇ ਏ.ਕੇ. ਸੰਤਾਲੀ ਦਾ ਬ੍ਰੱਸਟ ਮਾਰ ਗਏ। ਲਾਸ਼ ਅਜੇ ਉਥੇ ਈ ਪਈ ਐ। ਮੈਨੂੰ ਵੈਬਲੇ ਸਕਾਟ ਯਾਦ ਆ ਗਿਆ। ਮਹਿੰਦਰ ਵਾਂਗ ਉਹਨੇ ਵੀ ਮੈਨੂੰ ਲੈ ਬਹਿਣਾ ਸੀ!

ਮਰਨ ਮਾਰਨ ਦੀਆਂ ਖਬਰਾਂ ਰੋਜ਼ ਪੜ੍ਹਦੇ-ਸੁਣਦੇ ਹੋਣ ਕਾਰਨ ਇਹ ਖਬਰ ਕੋਈ ਅਸਚਰਜ ਨਹੀਂ ਸੀ ਪਰ ਮੇਰੇ ਲਈ ਇਸ ਦੇ ਕੁਝ ਹੋਰ ਅਰਥ ਸਨ। ਸੋਚਣ ਲੱਗਾ, “ਜੇ ਭਜਨ ਨਾ ਆਇਆ ਹੁੰਦਾ ਤਾਂ ਮੈਂ ਘਰ ਦਿਆਂ ਨੂੰ ਮਿਲ ਕੇ ਮਹਿੰਦਰ ਵੱਲ ਚਲੇ ਜਾਣਾ ਸੀ। ਗੱਲਾਂ ਕਰਦਿਆਂ ਉਥੇ ਦਿਨ ਛਿਪ ਜਾਣਾ ਸੀ। ਉਹ ਜੋ ਉਹਨੂੰ ਮਾਰਨ ਆਏ ਸਨ, ਉਨ੍ਹਾਂ ਮੈਨੂੰ ਕਿਹੜਾ ਬਖਸ਼ਣਾ ਸੀ? ਆਹ ਮਹਿੰਦਰ ਕੱਲ੍ਹ ਚੰਗਾ ਭਲਾ ਸੀ, ਅੱਜ ਖਤਮ ਐ! ਇਹੋ ਕੁਝ ਮੇਰੇ ਨਾਲ ਹੋਣਾ ਸੀ।”

ਮੈਂ ਮੁੰਡੇ ਨੂੰ ਦਿਲਾਸਾ ਦਿੱਤਾ ਤੇ ਸਕੂਟਰ ਉਤੇ ਬਿਠਾ ਕੇ ਉਨ੍ਹਾਂ ਦੇ ਘਰ ਵੱਲ ਚੱਲ ਪਿਆ। ਪਿੰਡ ਦਾ ਕੋਈ ਬੰਦਾ ਅਜੇ ਬਾਹਰ ਨਹੀਂ ਸੀ ਨਿਕਲਿਆ। ਉਂਜ ਅੰਦਰੋ ਅੰਦਰ ਖਬਰ ਹੋ ਗਈ ਸੀ ਕਿ ਮਹਿੰਦਰ ਸੈਕਟਰੀ ਮਾਰਿਆ ਗਿਆ। ਸਿਆਲੂ ਠੰਢ ਨਾਲ ਆਕੜੀ ਉਹਦੀ ਲਾਸ਼ ਬਾਹਰਲੀ ਕੰਧ ਕੋਲ ਪਈ ਸੀ। ਜਿਥੇ ਗੋਲੀਆਂ ਵੱਜੀਆਂ, ਉਥੇ ਖ਼ੂਨ ਜੰਮਿਆ ਹੋਇਆ ਸੀ। ਖਾੜਕੂਆਂ ਦੀ ਏਨੀ ਦਹਿਸ਼ਤ ਸੀ ਕਿ ਆਂਢੀਆਂ-ਗੁਆਂਢੀਆਂ ਨੇ ਮਹਿੰਦਰ ਦੇ ਘਰ ਜਾਣ ਦਾ ਹੀਆ ਨਹੀਂ ਸੀ ਕੀਤਾ। ਆਪਣੇ ਹੀ ਪਿੰਡ ਤੇ ਆਪਣੇ ਹੀ ਘਰ ਦੀ ਕੰਧ ਕੋਲ, ਲੋਕਾਂ ਦੇ ਕੰਮ ਆਉਣ ਵਾਲੇ ਇਸ ਲੋਕ-ਹਿਤੈਸ਼ੀ ਦਾ ਇਹ ਕੈਸਾ ਮਰਨ ਸੀ! ਬਹਾਦਰ ਕਹੇ ਜਾਂਦੇ ਪੰਜਾਬੀ ਕਿੰਨੇ ਡਰਪੋਕ ਹੋ ਗਏ ਸਨ?

ਮੈਂ ਪੰਚ ਦਲਜੀਤ ਸਿੰਘ ਕੋਲ ਗਿਆ, ਬਈ ਚੱਲੀਏ ਪੁਲਿਸ ਨੂੰ ਇਤਲਾਹ ਦੇਈਏ। ਬਾਹਰ ਖੇਤਾਂ ‘ਚ ਰਹਿੰਦੇ ਸਰਪੰਚ ਸੁਰਜੀਤ ਸਿੰਘ ਨੂੰ ਵੀ ਉਠਾਲ ਲਿਆ। ਹਠੂਰ ਚੌਕੀ ‘ਚ ਇਤਲਾਹ ਦਿੱਤੀ ਤਾਂ ਪੁਲਸੀਆਂ ਨੇ ਤੁਰਦਿਆਂ ਹੀ ਘੰਟਾ ਲਾ ਦਿੱਤਾ। ਲਿਖਾ ਪੜ੍ਹੀ ਕੀਤੀ ਤੇ ਲਾਸ਼ ਪੋਸਟ ਮਾਰਟਮ ਲਈ ਜਗਰਾਓਂ ਭੇਜ ਦਿੱਤੀ। ਪਿੱਛੋਂ ਚੁੱਪ ਕਰ ਕੇ ਭੋਗ ਪਾ ਦਿੱਤਾ ਗਿਆ।

ਪੰਜਾਬ ਦਾ ਸ਼ਾਇਦ ਹੀ ਕੋਈ ਘਰ ਹੋਵੇ ਜੀਹਦਾ ਕੋਈ ਰਿਸ਼ਤੇਦਾਰ ਜਾਂ ਨੇੜ ਤੇੜ ਦਾ ਦਹਿਸ਼ਤੀ ਦੌਰ ‘ਚ ਅਣਿਆਈ ਮੌਤੇ ਨਾ ਮਾਰਿਆ ਗਿਆ ਹੋਵੇ। ਮੇਰੇ ਸਾਂਢੂ ਦਾ ਪ੍ਰੀ ਮੈਡੀਕਲ ‘ਚ ਪੜ੍ਹਦਾ ਮੁੰਡਾ ਪੁਲਿਸ ਨੇ ਘਰੋਂ ਭਜਾ ਦਿੱਤਾ। ਅਸੀਂ ਲੱਭ ਕੇ ਲਿਆਉਂਦੇ, ਪੁਲਿਸ ਫੇਰ ਕਿਸੇ ਵਾਰਦਾਤ ਦੇ ਬਹਾਨੇ ਬੰਨ੍ਹ ਲੈਂਦੀ ਤੇ ਪੈਸੇ ਲੈਂਦੀ ਰਹਿੰਦੀ। ਸਾਂਢੂ ਬੈਂਕ ਮੈਨੇਜਰ ਸੀ। ਉਹ ਸਮਝਦਾ, ਮੁੰਡਾ ਬਚ ਜਾਏ, ਪੈਸਿਆਂ ਦਾ ਕੀ ਐ? ਪਰ ਅਸੀਂ ਹਰ ਹੀਲਾ ਵਰਤ ਕੇ ਵੀ ਉਸ ਹੋਣਹਾਰ ਮੁੰਡੇ ਨੂੰ ਬਚਾ ਨਾ ਸਕੇ ਤੇ ਉਸ ਨੂੰ ਇਕ ਦਿਨ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ।

ਮੇਰੇ ਭਰਾ ਦਾ ਸਾਲਾ ਕਬੱਡੀ ਖਿਡਾਰੀ ਸੀ। ਉਸ ਦਾ ਪਿਤਾ ਪਿੰਡ ਦਾ ਸਰਪੰਚ ਸੀ। ਪਹਿਲਾਂ ‘ਬਾਬੇ’ ਸਰਪੰਚ ਨੂੰ ਪਏ ਫਿਰ ਉਸ ਦੇ ਨੌਜੁਆਨ ਪੁੱਤਰ ਨੂੰ ਚੁੱਕ ਲਿਆ। ਇਕ ਰਾਤ ਕਹਿੰਦੇ, ਚੱਲ ਤੈਨੂੰ ਘਰ ਛੱਡ ਆਈਏ। ਘਰ ਕੋਲ ਲਿਆ ਕੇ ਗੋਲੀਆਂ ਮਾਰ ਦਿੱਤੀਆਂ ਤਾਂ ਜੋ ਘਰ ਦਿਆਂ ਨੂੰ ਪਤਾ ਲੱਗ ਜਾਵੇ ਤੇ ਉਹ ਆਪਣੇ ਖਿਡਾਰੀ ਪੁੱਤਰ ਦਾ ਮੂੰਹ ਵੇਖ ਲੈਣ। ਪਿੰਡ ’ਚ ਦਹਿਸ਼ਤ ਪਾ ਦਿੱਤੀ ਕਿ ‘ਬਾਬੇ’ ਇਹ ਕੁਛ ਵੀ ਕਰ ਸਕਦੇ ਨੇ!

ਇਕ ਦਿਨ ਬਾਬੇ ਢੁੱਡੀਕੇ ਸਕੂਲ ਵਿਚ ਆ ਗਏ। ਉਹ ਇਕ ਘੋਨੇ ਮਾਸਟਰ ਨੂੰ ਲੱਭ ਰਹੇ ਸਨ ਜਿਸ ਨੂੰ ਟਾਇਲਟਾਂ ਵਿਚ ਲੁਕੋ ਕੇ ਬਚਾ ਲਿਆ ਗਿਆ। ਦੌਧਰ ਦੇ ਸਕੂਲ ਵਿਚ ਇਕ ਘੋਨਾ ਮਾਸਟਰ ਬੱਚਿਆਂ ਦੀ ਹਾਜ਼ਰੀ ਲਾਉਂਦਾ ਮਾਰਿਆ ਗਿਆ। ਸਾਡੇ ਕਾਲਜ ਵਿਚ ਕੋਈ ਅਣੋਭੜ ਬੰਦਾ ਆਉਂਦਾ ਤਾਂ ਅਸੀਂ ਆਸੇ ਪਾਸੇ ਹੋ ਜਾਣ ‘ਚ ਬਚਾਅ ਸਮਝਦੇ। ਇਕ ਦਿਨ ਪੁਲਿਸ ਆਈ ਕਿ ਕਾਲਜ ਵਿਚ ਜਰਨੈਲ ਸਿੰਘ ਨਾਂ ਦੇ ਜਿਹੜੇ ਵਿਦਿਆਰਥੀ ਪੜ੍ਹਦੇ ਆ ਉਨ੍ਹਾਂ ਦੇ ਨਾਂ ਪਤੇ ਦੇਵੋ, ਸਾਥੋਂ ਉਤਲਿਆਂ ਨੇ ਮੰਗੇ ਆ। ਉਨ੍ਹਾਂ ਲਈ ਜਰਨੈਲ ਸਿੰਘ ਨਾਂ ਦਾ ਹਰੇਕ ਵਿਦਿਆਰਥੀ ਹੀ ਅੱਤਵਾਦੀ ਸੀ!

ਇਕ ਦਿਨ ਮੈਂ ਮਹਿਣੇ ਠਾਣੇ ਮੂਹਰ ਦੀ ਲੰਘਿਆ ਤਾਂ ਉਥੇ ਨਿਰੇ ਇੰਟਰਨੈਸ਼ਨਲ ਟ੍ਰੈਕਟਰ ਖੜ੍ਹੇ ਸਨ। ਪਤਾ ਲੱਗਾ, ਕਿਸੇ ਵਾਰਦਾਤ ‘ਚ ਇੰਟਰਨੈਸ਼ਨਲ ਟ੍ਰੈਕਟਰ ਵਰਤਿਆ ਗਿਆ ਸੀ ਜਿਸ ਕਰਕੇ ਸਾਰੇ ਇੰਟਰਨੈਸ਼ਨਲ ਟ੍ਰੈਕਟਰ ਫੜ ਲਏ! ਪੁਲਿਸ ਕੋਲ ਚੋਰੀ ਦਾ ਫੜਿਆ ਇਕ ਰੋਡਾ ਸਕੂਟਰ ਵੀ ਸੀ। ਮੁਖ਼ਬਰ ਸਕੂਟਰ ‘ਤੇ ਚੜ੍ਹਦਾ ਤੇ ਵਿਗੜ ਗਿਆ ਕਹਿ ਕੇ ਕਿਸੇ ਦੇ ਘਰ ਖੜ੍ਹਾ ਆਉਂਦਾ ਬਈ ਸਵੇਰੇ ਮਕੈਨਿਕ ਲਿਆ ਕੇ ਲੈ ਜਾਵਾਂਗਾ। ਸਵੇਰੇ ਮਕੈਨਿਕ ਦੀ ਥਾਂ ਪੁਲਿਸ ਆਉਂਦੀ ਤੇ ਸਕੂਟਰ ਕਿਸੇ ਅੱਤਵਾਦੀ ਦਾ ਦੱਸ ਕੇ ਘਰ ਦੇ ਨੌਜੁਆਨ ਮੁੰਡੇ ਨੂੰ ਲੈ ਜਾਂਦੀ। ਠਾਣਿਓਂ ਖ਼ਬਰ ਆਉਂਦੀ ਕਿ ਮੁੰਡਾ ਥੋਡਾ ਅੱਤਵਾਦੀਆਂ ਨਾਲ ਰਲਿਆ ਹੋਇਐ ਤੇ ਕਤਲ ਵੀ ਮੰਨੀ ਬੈਠੈ। ਘਰ ਦੇ ਕਿੱਲਾ ਖੰਡ ਗਹਿਣੇ ਧਰ ਕੇ ਮੁੰਡਾ ਛਡਾਉਂਦੇ। ਅਗਲੀ ਰਾਤ ਉਹੀ ਰੋਡਾ ਸਕੂਟਰ ਕਿਸੇ ਹੋਰ ਦਾ ਘਰ ਜਾ ਪੁੱਟਦਾ।

ਲਾਈਆਂ ਬੁਝਾਈਆਂ ਨੇ ਪੰਜਾਬ 50 ਸਾਲ ਪਿੱਛੇ ਪਾ ਦਿੱਤੈ। ਲਾਉਣ ਬੁਝਾਉਣ ਵਾਲੇ ਅਜੇ ਵੀ ਨਹੀਂ ਹਟ ਰਹੇ। ਸਿਆਣੇ ਕਹਿੰਦੇ ਹਨ, ਅੱਗ ਲੱਗਦਿਆਂ ਬੁਝਾ ਲਈ ਜਾਵੇ ਤਾਂ ਬੁਝ ਜਾਂਦੀ ਹੈ। ਜੇ ਭਾਂਬੜ ਬਣ ਜਾਵੇ ਤਾਂ ਬੁਝਾਉਣ ਵਾਲਿਆਂ ਨੂੰ ਵੀ ਲੈ ਬਹਿੰਦੀ ਹੈ! ਵੇਖਣਾ ਕਿਤੇ ਨਵੀਆਂ ਬਾਲੀਆਂ ਜਾ ਰਹੀਆਂ ਸੀਖਾਂ ਫਿਰ ਭਾਂਬੜ ਨਾ ਬਣ ਜਾਣ?

ਜ਼ਿੰਦਗੀ ਦਾ ਨਾਦ

# ਚਮਨ ਚਹਿਕਦਾ ਰਹੇ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਦੇ ਸ਼ੁਦਾਈ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਦਾ ਕੇਂਦਰ ਮਾਂ ਹੁੰਦੀ ਹੈ, ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਡਾ. ਭੰਡਾਲ ਦਾ ਸਵਾਲ ਸੀ, ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਵਿਛੋੜੇ ਦੇ ਸੱਲ੍ਹ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਵਿਛੋੜਾ ਕੋਈ ਵੀ ਹੋਵੇ, ਵਿਛੋੜਾ ਹੀ ਹੁੰਦਾ ਏ। 'ਕੱਲੀ ਕੂੰਜ ਵਿਛੜ ਗਈ ਡਾਰੋਂ' ਦਾ ਦਰਦ। ਉਨ੍ਹਾਂ ਅਜੋਕੇ ਸਮਿਆਂ ਵਿਚ ਰਿਸ਼ਤਿਆਂ ਦੀ ਟੁੱਟ-ਭੱਜ 'ਤੇ ਗਿਲ੍ਹਾ ਕੀਤਾ ਸੀ ਕਿ ਕੇਹੇ ਵਕਤ ਆ ਗਏ ਨੇ, ਅਸੀਂ ਖੁਸ਼ੀ ਦੇ ਪਲ ਸਾਂਝੇ ਕਰਨਾ ਵੀ ਮੁਨਾਸਬ ਨਹੀਂ ਸਮਝਦੇ ਜਦ ਕਿ ਖੁਸ਼ੀ ਵੰਡਿਆਂ ਦੂਣ ਸਵਾਈ ਹੁੰਦੀ ਏ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਅਜੋਕੇ ਯੁਗ ਵਿਚ ਪੰਜਾਬ ਦੇ ਵਾਤਾਵਰਣ, ਸਮਾਜਕ ਕਦਰਾਂ-ਕੀਮਤਾਂ, ਮਨੁੱਖੀ ਰਿਸ਼ਤਿਆਂ ਤੇ ਜ਼ਿੰਦਗੀ ਦੇ ਹਰ ਮੁਰਾਤਬੇ ਵਿਚ ਆਈ ਮਲੀਨਤਾ ਦੀ ਗੱਲ ਕਰਦਿਆਂ ਸਵਾਲ ਖੜ੍ਹਾ ਕੀਤਾ ਸੀ ਕਿ ਦੁਨੀਆਂ ਨੂੰ ਸੰਗੀਤ ਦੇਣ ਵਾਲੇ ਜਦੋਂ ਸ਼ੋਰ 'ਚ ਡੁੱਬ ਜਾਣ ਤਾਂ ਅਸੀਂ ਕਿਹੜੇ ਦਮਗਜ਼ਿਆਂ ਦੇ ਵਾਰਸ ਕਹਿਲਾਉਣ ਦੀ ਹਾਮੀ ਭਰਾਂਗੇ? ਹਥਲੇ ਲੇਖ ਵਿਚ ਉਨ੍ਹਾਂ ਚਮਨ 'ਤੇ ਆਈ ਬਹਾਰ ਅਤੇ ਪੱਤਝੜ ਦੀ ਗੱਲ ਕਰਦਿਆਂ ਕਿਹਾ ਹੈ ਕਿ ਚਮਨ ਜਦ ਉਦਾਸ ਹੋ ਜਾਵੇ ਤਾਂ ਮਹਿਕਾਂ ਰੁੱਸ ਜਾਂਦੀਆਂ ਨੇ, ਖੇੜੇ ਵੈਰਾਗੇ ਜਾਂਦੇ ਨੇ। ਭੁੱਲ ਜਾਂਦੀ ਏ ਬਹਾਰਾਂ ਦੀ ਦਸਤਕ। ਚੇਤਿਆਂ 'ਚੋਂ ਖੁਰ ਜਾਂਦਾ ਏ ਡੋਡੀ ਤੋਂ ਫੁੱਲ ਬਣਨ ਤੀਕ ਦਾ ਸਫਰ। ਅਸਲ 'ਚ ਉਨ੍ਹਾਂ ਦਾ ਇਸ਼ਾਰਾ ਮਨੁੱਖੀ ਜਜ਼ਬਾਤ ਵੱਲ ਵੀ ਹੈ ਕਿ ਜੇ ਜਜ਼ਬਾਤ ਦੀ ਕਦਰ ਨਾ ਹੋਵੇ ਤਾਂ ਮਨੁੱਖ ਦੀ ਹਾਲਤ ਪੱਤਝੜ ਮਾਰੇ ਚਮਨ ਜਿਹੀ ਹੀ ਹੋ ਜਾਂਦੀ ਹੈ। -ਸੰਪਾਦਕ*



**ਡਾ. ਗੁਰਬਖ਼ਸ਼ ਸਿੰਘ ਭੰਡਾਲ**
ਫੋਨ: 216-556-2080

ਦੂਰ ਤੀਕ ਫੈਲਿਆ ਬਾਗ। ਚਾਰੇ ਪਾਸੇ ਛਾਈ ਹੋਈ ਵੀਰਾਨੀ। ਉਦਾਸ ਫਿਜ਼ਾ। ਪੱਤਝੜ ਦੀ ਰੁੱਤ ਦਾ ਪਹਿਰਾ। ਪੀਲੇ ਪੱਤਿਆਂ ਨਾਲ ਢਕੀ ਹੋਈ ਧਰਤ। ਬਿਰਖ ਦੇ ਦੀਦਿਆਂ 'ਚ ਕਰੂੰਬਲਾਂ ਦੀ ਲੋਚਾ। ਹਰ ਪੌਦੇ ਉਪਰ ਉਕਰੇ ਹੋਏ ਪੀੜਾ ਦੇ ਨਕਸ਼। ਚਮਨ ਨੂੰ ਭੁੱਲ ਚੁਕਾ ਸੰਵਰਨਾ ਤੇ ਸਜਣਾ। ਚਾਰੇ ਪਾਸੇ ਉਪਰਾਮਤਾ ਦਾ ਬੋਲ-ਬਾਲਾ। ਬਹਾਰਾਂ ਮਾਣਨ ਵਾਲੇ ਚਮਨ ਦੀ ਹਿੱਕ 'ਚ ਧੁਖਦਾ ਸੋਗ ਤੇ ਚਿਰਾਂ ਬਾਅਦ ਸੈਰ ਕਰਨ ਆਏ ਵਿਅਕਤੀ ਦੀ ਤਿੜਕੀ ਸੋਚ ਮੁੱਖ 'ਤੇ ਉਦਾਸੀ ਚਿਪਕਾ ਗਈ।

ਚਮਨ ਤੇ ਮਨੁੱਖ ਇਕ ਦੂਜੇ ਦੇ ਸਮਰੂਪ। ਇਕ ਦੂਜੇ ਦੀ ਆਸਥਾ। ਇਕ ਦੂਜੇ ਦੇ ਚਾਅ, ਸਦਾਅ, ਦਵਾ ਤੇ ਦੁਆ। ਤੁਹਾਨੂੰ ਜਿੰਨੀ ਚਮਨ ਦੀ ਲੋੜ ਹੁੰਦੀ ਹੈ, ਉਸ ਤੋਂ ਜ਼ਿਆਦਾ ਚਮਨ ਨੂੰ ਤੁਹਾਡੀ ਲੋੜ ਹੁੰਦੀ ਹੈ।

ਜੇ ਮਨੁੱਖ ਹੀ ਮਨੁੱਖ ਦੀ ਮੌਤ ਦਾ ਕਾਰਨ ਬਣ ਜਾਵੇ ਤਾਂ ਚਮਨ ਵੱਲੋਂ ਮਨੁੱਖ ਤੋਂ ਰਹਿਮ ਦੀ ਆਸ ਇਕ ਖੁਸ਼ਫਹਿਮੀ ਹੀ ਹੋ ਸਕਦੀ ਹੈ।

ਚਮਨ, ਚਾਅ ਹੈ ਮਾਨਵਤਾ ਦੇ ਪੈਗਾਮ ਦਾ। ਧਰਮ ਹੈ ਇਨਸਾਨ ਦਾ ਅਤੇ ਹੋਂਦ ਹੈ ਮਨੁੱਖ ਦੀ। ਆਪਣੇ ਹੱਥੀਂ ਆਪਣੇ ਚਮਨ ਦੀ ਬਰਬਾਦੀ ਦਾ ਸਿਰਨਾਵਾਂ ਹੈ-ਸਾਡੀ ਬੇਖੁਦੀ ਦਾ ਬੇਪਰਦ ਹੋਣਾ, ਸਾਡੀ ਸੁਚਾਰੂ ਸੋਚ ਦਾ ਹਉਕੇ ਦੀ ਜੂਨੇ ਪੈਣਾ ਅਤੇ ਆਪਣੇ ਆਪ ਤੀਕ ਸੀਮਤ ਹੋ ਜਾਣਾ।

ਚਮਨ ਦੀ ਚੀਸ ਹੁੰਦੀ ਏ-ਪਰਿੰਦਿਆਂ ਦਾ ਪਰਵਾਸ ਕਰ ਜਾਣਾ, ਬੱਚਿਆਂ ਦਾ ਰੁਸ ਜਾਣਾ ਅਤੇ ਬਜ਼ੁਰਗਾਂ ਨੂੰ ਅਣਗੌਲੇ ਖੂੰਜੇ ਦੇ ਨਾਮ ਕਰ ਦਿੱਤੇ ਜਾਣਾ।

ਸਨਕੀ ਸੋਚਾਂ, ਚਮਨ ਲਈ ਸਰਾਪ ਉਸ ਦੀ ਹੋਂਦ ਲਈ ਹਉਕਾ, ਉਸ ਦੀ ਅਉਧ ਲਈ ਇਨਕਾਰ। ਫੈਲ ਰਹੇ ਰੱਕੜ ਕਾਰਨ ਚਮਨ ਦੀ ਸੁੰਗੜਦੀ ਹੋਂਦ, ਬਿਰਖਾਂ ਤੋਂ ਸੱਖਣੀ ਧਰਤੀ ਅਤੇ ਆਲ੍ਹਣਿਆਂ 'ਤੇ ਪਸਰੀ ਮਾਤਮੀ ਚੁੱਪ, ਸਾਡੇ ਹੀ ਸਮਿਆਂ ਦਾ ਕਹਿਰ।

ਚਮਨ ਜਦ ਉਦਾਸ ਹੋ ਜਾਵੇ ਤਾਂ ਮਹਿਕਾਂ ਰੁੱਸ ਜਾਂਦੀਆਂ ਨੇ, ਖੇੜੇ ਵੈਰਾਗੇ ਜਾਂਦੇ ਨੇ। ਭੁੱਲ ਜਾਂਦੀ ਏ ਬਹਾਰਾਂ ਦੀ ਦਸਤਕ। ਚੇਤਿਆਂ 'ਚੋਂ ਖੁਰ ਜਾਂਦਾ ਏ ਡੋਡੀ ਤੋਂ ਫੁੱਲ ਬਣਨ ਤੀਕ ਦਾ ਸਫਰ।

ਜਦੋਂ ਆਲ੍ਹਣਾ ਡਰਾਇੰਗ ਰੂਮ ਵਿਚ ਪਹੁੰਚ ਜਾਵੇ, ਤਿਤਲੀਆਂ ਸ਼ੋਅ-ਕੇਸਾਂ 'ਚ ਕੈਦ ਹੋ ਜਾਣ, ਕਣਕ ਦੇ ਛਿੱਟੇ, ਛੱਤਾਂ 'ਤੇ ਲਟਕਣਾ ਸ਼ੁਰੂ ਕਰ ਦੇਣ, ਚਿੜੀਆਂ ਨੂੰ ਪਿੰਜਰੇ 'ਚ ਬੰਦ ਕਰਦੇ ਹੋਈਏ ਤਾਂ ਫਿਰ ਅਸੀਂ ਚਮਨ ਦੇ ਚਾਰੇ ਪਾਸੇ ਫੈਲੀ ਉਪਰਾਮਤਾ ਦਾ ਹਿੱਸਾ ਬਣਨ ਤੋਂ ਕਿਵੇਂ ਮੁਨਕਰ ਹੋ ਸਕਦੇ ਹਾਂ।

ਬੂਟੇ ਨੂੰ ਧਰਤੀ 'ਤੇ ਹੱਥੀਂ ਲਾਉਣ ਵਾਲਾ, ਪਾਣੀ ਪਾਉਣ ਵਾਲਾ, ਲਾਡ ਲਡਾਉਣ ਵਾਲਾ ਤੇ ਪੌਦਿਆਂ ਨਾਲ ਗੱਲਾਂ ਕਰਨ ਵਾਲਾ ਚਮਨ ਦੀ ਲੰਮੇਰੀ ਉਮਰ ਦੀ ਅਰਦਾਸ ਹੁੰਦਾ ਏ।

ਚਮਨ ਜਦ ਪੱਤਝੜ ਹੰਢਾਉਣ ਲਈ ਮਜਬੂਰ ਹੋ ਜਾਵੇ ਤਾਂ ਡਿਗਦੇ ਪੱਤੇ ਵੀ ਚਮਨ ਨੂੰ ਨਸੀਬ ਨਹੀਂ ਹੁੰਦੇ। ਪਤਾ ਨਹੀਂ ਹਵਾ ਕਿਧਰ ਉਡਾ ਕੇ ਲੈ ਜਾਂਦੀ ਏ। ਉਸ ਦੀਆਂ ਸ਼ਾਖਾਵਾਂ 'ਤੇ ਕਰੂੰਬਲਾਂ ਦੀ ਕੁਰਬਲ-ਕੁਰਬਲ ਖਾਮੋਸ਼ੀ 'ਚ ਡੁੱਬ ਜਾਂਦੀ ਹੈ। ਨੰਗੀਆਂ ਸ਼ਾਖਾਵਾਂ ਕੱਜਣ ਲਈ ਤਰਸਦੀਆਂ ਨੇ। ਟਾਹਣੀਆਂ 'ਤੇ ਆਲ੍ਹਣਿਆਂ ਦੀ ਖੁਦਕੁਸ਼ੀ ਦੇ ਨਿਸ਼ਾਨ ਉਭਰਦੇ ਨੇ। ਪਰਿੰਦੇ ਪਤਾ ਨਹੀਂ ਕਿਧਰ ਉਡਾਰੀ ਮਾਰ ਜਾਂਦੇ ਨੇ। ਉਨ੍ਹਾਂ ਦੀ ਗੁਟਕਣੀ ਤੇ ਬੋਟਾਂ ਦੇ ਤੋਤਲੇ ਬੋਲ, ਹਵਾ 'ਚ ਗੁੰਮ ਜਾਂਦੇ ਨੇ। ਬਿਰਖਾਂ ਦਾ ਜਿਉਣਾ ਤੇ ਮੌਲਣਾ ਸਰਾਪਿਆ ਜਾਂਦਾ ਹੈ। ਹਉਕੇ ਦਾ ਪਸਾਰਾ ਚਮਨ ਦੀ ਹੋਣੀ ਬਣ ਜਾਂਦਾ ਏ।

ਉਦਾਸ ਚਮਨ ਦੁਆ ਕਰਦਾ ਹੈ ਕਿ ਰੁੱਤਾਂ ਦਾ ਗੇੜ ਚਲਦਾ ਰਹੇ। ਰੁੱਤਾਂ ਬਦਲਣ, ਬਹਾਰਾਂ ਦੀ ਦਸਤਕ ਦਰਾਂ ਦੀ ਕਿਸਮਤ ਬਣੇ। ਬੂਹਿਆਂ ਨੂੰ ਸ਼ਗਨਾਂ ਦਾ ਤੇਲ ਤੇ ਡੋਲ੍ਹੇ ਪਾਣੀ ਦੀ ਛੋਹ ਨਸੀਬ ਹੋਵੇ। ਉਸ ਦੀ ਰੂਹ, ਖੁਸ਼ੀਆਂ, ਖੇੜਿਆਂ ਦੀ ਮਹਿਫਿਲ 'ਚ ਸ਼ਰੀਕ ਹੋਵੇ, ਉਸ ਦੀਆਂ ਰੀਝਾਂ ਦੀ ਝੋਲੀ ਫਿਰ ਭਰ ਜਾਵੇ। ਉਸ ਦੀਆਂ ਰਹਿਮਤਾਂ ਦਾ ਭੰਡਾਰ, ਹਰ ਇਕ ਦੀ ਕਾਮਨਾ ਪੂਰੀ ਕਰੇ।


ਚਮਨ, ਚਾਵਾਂ ਦਾ ਨਿਉਂਦਾ, ਖਿਰਕਦੀ ਲੋਰ, ਚੌਫੇਰੇ ਦਾ ਸੰਗੀਤਕ ਫੈਲਾਅ ਅਤੇ ਵਿਹੜਿਆਂ ਨੂੰ ਚੜ੍ਹਿਆ ਚਾਅ। ਚਮਨ ਚਾਹੁੰਦਾ ਹੈ ਕਿ ਉਸ ਦੇ ਪਿੰਡੇ 'ਤੇ ਬਹਾਰਾਂ ਦੀ ਸਾਰਥਕਤਾ ਦਾ ਸਿਰਲੇਖ ਬਣਨ ਵਾਲੇ ਹਸਤਾਖਰ ਆਪਣੀਆਂ ਪੈੜਾਂ ਦੀ ਨਿਸ਼ਾਨਦੇਹੀ ਕਰਦੇ ਰਹਿਣ।

ਚਮਨ, ਚੋਗੇ ਦੀ ਧਰਾਤਲ। ਆਪੋ-ਆਪਣੇ ਹਿੱਸੇ 'ਚੋਂ ਜਿਉਣ ਦਾ ਸਬੱਬ ਤੇ ਸਬਰ। ਘਰ ਦੇ ਵਿਹੜੇ 'ਚ ਨਿੱਕਾ ਜਿਹਾ ਬਾਗ-ਬਗੀਚਾ। ਖਿੜੇ ਹੋਏ ਫੁੱਲਾਂ 'ਚ ਫੁੱਲ ਬਣਿਆ ਨਿੱਕਾ ਜਿਹਾ ਬੱਚਾ। ਫੁੱਲਾਂ ਨੂੰ ਨਿਹਾਰਦਾ ਤੇ ਪਲੋਸਦਾ। ਤਿੱਤਲੀਆਂ ਫੜਨ ਦੀ ਕੋਸ਼ਿਸ਼ ਵੀ ਕਰਦਾ। ਵੱਡੇ-ਵੱਡੇ ਅਰਥਾਂ ਵਾਲੇ ਨਿੱਕੇ-ਨਿੱਕੇ ਚਾਅ। ਮਾਨਵੀ ਸਰੋਕਾਰਾਂ ਵਾਲੀ ਸੰਵੇਦਨਾ। ਚੰਗੇਰੇ ਸੰਸਕਾਰਾਂ ਦੀ ਕਰਮਯੋਗਤਾ।

ਔੜ ਮਾਰੇ ਵਕਤਾਂ ਦਾ ਕਹਿਰ। ਲੂਆਂ ਨਾਲ ਝੰਬੀ ਹਰ ਡਾਲੀ ਆਪਣੀ ਨਾਜ਼ੁਕਤਾ ਦਾ ਵਿਰਲਾਪ ਬਣੀ ਦੀਦੇ ਗਾਲਦੀ, ਵਾਸ਼ਪ ਹੋ ਚੁਕੇ ਰੰਗਾਂ ਤੇ ਮਹਿਕਾਂ ਦੀ ਰੰਗਤ 'ਚੋਂ ਝਲਕਦਾ ਪੀੜਾਂ ਭਰੇ ਪਲਾਂ ਦਾ ਸਫਰ। ਆਪਣੀ ਹੋਣੀ ਨਾਲ ਮੱਥਾ ਲਾਉਂਦੀ ਤਕਦੀਰ ਅਤੇ ਹੋਣੀ ਦੇ ਧਰਾਤਲ 'ਤੇ ਮੁੜ ਵਿਗਸਣ ਤੇ ਮੌਲਣ ਦਾ ਸੰਕਲਪ। ਫਿਰ ਬਾਰਸ਼-ਬੂੰਦਾਂ, ਆਸ-ਕਰੂੰਬਲਾਂ ਬਣ, ਚਮਨ ਦੇ ਨਾਵੇਂ ਬਹਾਰ ਕਰਦੀਆਂ। ਫੁੱਲ ਖਿੜਦੇ ਅਤੇ ਰੰਗਾਂ ਦੀ ਪਟਾਰੀ ਫਿਜ਼ਾ ਨੂੰ ਰੰਗੀਨੀ ਬਖਸ਼ਦੀ। ਫੁੱਲਾਂ ਦੀ ਤਿਤਲੀਆਂ ਲਈ ਉਡੀਕ ਸੰਪੂਰਨ ਹੁੰਦੀ, ਤਿਤਲੀਆਂ ਫੁੱਲ ਤੇ ਬੱਚੇ ਨਵੀਂ-ਨਰੋਈ ਸਾਂਝ ਦਾ ਸੁਖਨ ਬਣਦੇ। ਚਮਨ ਨਵੇਂ ਨਕਸ਼ਾਂ ਦੀ ਆਰਤੀ ਉਤਾਰਦਾ ਸਮਾਂ ਆਪਣੇ ਧੰਨ-ਭਾਗ 'ਚੋਂ ਚਿਰੰਜੀਵਤਾ ਦੀ ਹਾਮੀ ਭਰਦਾ।

ਜਦ ਚਮਨ ਦੇ ਚੌਗਿਰਦੇ 'ਚ ਪੰਛੀ ਚਹਿਕਦੇ ਨੇ ਆਲ੍ਹਣਿਆਂ ਦੀ ਗੁਟਕਣੀ ਸੰਗੀਤ ਛੇੜਦੀ ਹੈ, ਬੋਟਾਂ ਦਾ ਲਾਡ ਬਿਰਖਾਂ ਦੀ ਅਮਾਨਤ ਬਣਦਾ ਹੈ ਤਾਂ ਆਪਸ ਵਿਚ ਚੁੰਝ ਲੜਾਉਂਦੇ ਪੰਖੇਰੂ ਚਮਨ ਦੇ ਨਕਸ਼ ਉਘਾੜਦੇ ਨੇ।

ਭਰ ਸਰਦੀ ਦਾ ਸਮਾਂ, ਚਾਰੇ ਪਾਸੇ ਧੁੰਦ ਦਾ ਪਸਾਰਾ, ਕੋਹਰੇ ਨਾਲ ਮਧੋਲੇ ਹੋਏ ਬੂਟਿਆਂ ਦੇ ਰੁਕੇ ਹੋਏ ਸਾਹ। ਵਿਰਲੇ-ਵਿਰਲੇ ਸਾਹਾਂ ਦੀ ਧੜਕਣ ਨਾਲ ਜਿਉਣ ਦਾ ਆਹਰ ਕਰਦਾ ਚਮਨ। ਚਾਰੇ ਪਾਸੇ ਬੇਰੌਣਕੀ ਦਾ ਆਲਮ। ਆਪਣੀ ਹੋਂਦ ਨੂੰ ਬਚਾਉਣ ਲਈ ਯਤਨਸ਼ੀਲ। ਇਕ ਦੂਜੇ ਲਈ ਠਾਹਰ ਬਣਦੇ ਬਿਰਖ ਇਕ ਦੂਜੇ ਲਈ ਜਿਉਣ ਦਾ ਸਾਧਨ ਬਣਦੇ। ਦਿਨ ਪਰਤਦੇ। ਸੂਰਜ ਹੰਭਲਾ ਮਾਰਦਾ। ਧੁੰਦ ਦੀ ਪਰਤ ਉਤਾਰਦਾ ਅਤੇ ਠੰਢ 'ਚ ਸੁੰਗੜੇ ਪੌਦਿਆਂ ਦੀ ਤਲੀ 'ਤੇ ਜਿਉਣ ਦੀ ਆਸ ਧਰਦਾ। ਪੌਦਿਆਂ ਉਪਰ ਖੇੜਾ ਪਰਤਦਾ। ਫੁੱਲਾਂ ਲੱਦੀ ਬਹਾਰ ਚਮਨ ਦੀ ਅਰਦਾਸ ਦੀ ਕਬੂਲਤਾ ਦਾ ਸੁਖਨ ਬਣਦੀ। ਚਮਨ ਜਿਊਂਦਾ, ਜਾਗਦਾ, ਧੜਕਦਾ ਤੇ ਧੜਕਣ ਦਾ ਅਹਿਸਾਸ ਹਰ ਜੀਵ ਦੇ ਨਾਮ ਕਰਦਾ। ਚਮਨ ਦੀ ਜ਼ਿੰਦਗੀ ਨਾਲ ਜੁੜੀ ਹੋਈ ਹਰ ਜ਼ਿੰਦਗੀ



ਉਸ ਦੀ ਸਦੀਵਤਾ ਦਾ ਨਗਮਾ ਗੁਣਗੁਣਾਉਂਦੀ। ਚਮਨ ਇਕ ਮਹਿਕ, ਸੰਦਲੀ ਸਮਿਆਂ ਦੀ ਬਹਿਕ। ਚਮਨ ਇਕ ਸਬਜ-ਰੰਗ, ਇਕ ਮਜੀਠੀ ਤਰੰਗ। ਇਕ ਸੂਖਮ-ਅਹਿਸਾਸੀ ਮਲੰਗ।

ਚਮਨ ਚਹਿਕਦਾ ਰਹੇ ਤਾਂ ਕਿ ਹਰ ਵਿਹੜਾ ਵਸਦਾ ਰਹੇ। ਚੌਂਕੇ ਦਾ ਸੰਸਾਰ ਰੰਗ 'ਚ ਵਸੇ। ਹਰ ਚੁੱਲ੍ਹਾ ਬਲਦਾ ਰਹੇ। ਹਰ ਮੂੰਹ ਨੂੰ ਬੁਰਕੀ ਨਸੀਬ ਹੋਵੇ। ਹਰ ਪੀੜਾ ਹਰਨ ਹੋਵੇ। ਹਰ ਹਿਰਦਾ ਖਿੜੇ ਹੋਏ ਕਮਲ ਦੀ ਤਸ਼ਬੀਹ ਬਣੇ।

ਚਮਨ ਦੀ ਬੀਹੀ 'ਚ ਸਦ ਸੋਚ ਦਾ ਹੋਕਾ, ਸਦ-ਚਿੰਤਨ ਦੀ ਜਗਦੀ ਜੋਤ ਤੇ ਸਦ-ਕਰਮ ਦੀ ਸਦੀਵੀ ਰੀਤ ਦੇ ਹੋਠਾਂ ਉਪਰ ਜ਼ਿੰਦਗੀ ਦਾ ਗੀਤ ਗੁਣਗੁਣਾਉਂਦਾ ਰਹੇ।

ਜਦ ਬਹਾਰ ਆਉਂਦੀ ਕੋਮਲ ਪੱਤੀਆਂ ਤੇ ਨਿੱਕੀਆਂ-ਨਿੱਕੀਆਂ ਡੋਡੀਆਂ ਸ਼ਾਖ ਦੀ ਆਭਾ ਬਣਦੀਆਂ। ਫੁੱਲ ਜੋਬਨਵੰਤਾ ਮੌਸਮ ਮਾਣਦਾ। ਰੰਗਾਂ ਤੇ ਮਹਿਕਾਂ ਦਾ ਸ਼ਗੂਫਾ। ਹੁਸਨ ਤੇ ਜਵਾਨੀ ਦਾ ਸੁੰਦਰ ਸੁਯੋਗ। ਸੁੰਦਰਤਾ ਦਾ ਭਰ ਵਗਦਾ ਦਰਿਆ। ਹਰ ਸੋਚ ਵਿਚ ਸ਼ੋਖ ਰੰਗਾਂ ਦੀ ਚਿੱਤਰਕਾਰੀ।

ਚਮਨ ਦੀ ਫਿੱਕੀ ਰੰਗਤ ਦਾ ਕੁਝ ਤਾਂ ਇਲਾਜ ਕਰੀਏ। ਸਿਰ ਜੋੜ ਕੇ ਬੈਠੀਏ। ਕੋਈ ਜਰੀਆ ਬਣੀਏ। ਕੋਈ ਹੀਲਾ ਤਾਂ ਕਰੀਏ। ਸਬੱਬ ਬਣਾਈਏ ਅਤੇ ਬੇਮੌਸਮੀ ਰੁੱਤ ਦੇ ਬੂਹੇ ਸੰਦਲੀ ਸਮਿਆਂ ਦਾ ਪੈਗਾਮ ਲਟਕਾਈਏ।

ਜੇ ਚਮਨ ਦੀ ਉਦਾਸੀ ਦਾ ਹੱਲ ਨਾ ਤਲਾਸ਼ ਸਕੇ ਤਾਂ ਅਸੀਂ ਸਾਹਾਂ ਲਈ ਤਰਸ ਜਾਵਾਂਗੇ। ਸਾਡੀ ਅਉਧ ਪ੍ਰਸ਼ਨ ਬਣ ਜਾਵੇਗੀ। ਫੁੱਲਾਂ ਤੇ ਪਰਿੰਦਿਆਂ ਦੀ ਦੁਨੀਆਂ ਧਰਤੀ ਤੋਂ ਮਨਫੀ ਹੋ ਜਾਵੇਗੀ। ਤਿੱਤਲੀਆਂ ਤੋਂ ਵਿਰਵੇ ਬੱਚੇ ਬੰਦੂਕਾਂ ਮਗਰ ਭੱਜਣਗੇ।

ਫੁੱਲਾਂ ਦੇ ਸੁਹਜ ਤੋਂ ਵਿਰਵੇ ਲੋਕ ਪੱਤਝੜਾਂ ਨੂੰ ਆਪਣੇ ਤੇ ਹੋਰਨਾਂ ਦੇ ਨਾਂਵੇਂ ਕਰਨਗੇ। ਇਹ ਰੁੱਖਾਂ ਦੀਆਂ ਛਾਂਵਾਂ, ਪੱਤਿਆਂ ਦਾ ਸੰਗੀਤ, ਪਰਿੰਦਿਆਂ ਦਾ ਰਾਗ ਆਦਿ ਦੀ ਸਮੁੱਚੀ ਅਣਹੋਂਦ ਫਿਜ਼ਾ ਵਿਚ ਸੋਗ ਧਰ ਜਾਵੇਗੀ ਅਤੇ ਫਿਰ ਸਭ ਦੀ ਜਿਉਣ-ਆਸ ਮਰ ਜਾਵੇਗੀ।

ਖਿੜਿਆ ਹੋਇਆ ਚਮਨ, ਸੋਚਾਂ 'ਚ ਉਗਮਦੇ ਸੂਰਜ ਦੀ ਗਵਾਹੀ। ਬੀਤ ਰਹੇ ਪਲਾਂ ਤੇ ਨਕਸ਼ ਉਘਾੜਦੇ ਰੰਗ। ਸੁਰਖ ਰਾਹਾਂ ਦਾ ਰਾਹੀ। ਕੋਮਲਤਾ ਦਾ ਸੂਖਮ ਅੰਦਾਜ਼। ਜੀਵਨ ਜਾਚ ਦਾ ਰਾਜ਼ ਅਤੇ ਉਸ ਰਾਜ਼ ਦੇ ਨਾਂਵੇਂ ਸ਼ੁਭ-ਕਰਮਨ ਦਾ ਆਗਾਜ਼।

ਚਮਨ, ਫੁੱਲਾਂ ਦਾ ਹਮਜੋਲੀ, ਇਕ ਧੜਕਣ ਦਾ ਜਿਊਂਦਾ ਅਹਿਸਾਸ, ਮਨੁੱਖ ਦੀ ਜਿਊਂਦੀ ਆਸ ਤੇ ਅਟੁੱਟ ਵਿਸ਼ਵਾਸ। ਚਮਨ ਵਿਹੂਣੇ ਲੋਕ ਪੱਥਰਾਂ ਦੀ ਸੰਤਾਨ। ਬੇਜ਼ੁਬਾਨ ਭਾਵਨਾਵਾਂ ਦੀ ਕਤਲ ਹੋਈ ਜ਼ੁਬਾਨ ਅਤੇ ਗੁੰਗੀ ਆਜ਼ਾਨ।

# ਮੁਝ ਕੋ ਲੌਟਾ ਦੋ ਮੇਰਾ ਬਚਪਨ...ਵੋਹ ਕਾਗਜ਼ ਕੀ ਕਸ਼ਤੀ...

ਮੇਰਾ ਬਚਪਨ ਕਿਤੇ ਗੁਆਚ ਗਿਐ ਜ਼ਰਾ ਲੱਭ ਲਿਆਵੋ ਓਸ ਨੂੰ
ਮੈਂ ਗਲ ਨਾਲ ਉਸ ਨੂੰ ਲਾ ਲਵਾਂ ਮੇਰੇ ਕੋਲ ਬਿਠਾਵੋ ਓਸ ਨੂੰ।
ਉਹ ਧੰਮੀ ਵੇਲੇ ਬੇਬੇ ਦਾ ਚਾਟੀ ਵਿਚ ਦੁੱਧ ਨੂੰ ਰਿੜਕਣਾ
ਮੈਂ ਨਾਲ ਮਧਾਣੀ ਖੇਡਣਾ ਬੇਬੇ ਦਾ ਜਰਾ ਕੁ ਝਿੜਕਣਾ।

ਬੇਬੇ ਨੇ ਮੱਖਣ ਕੱਢ ਕੇ ਫਿਰ ਛਿਕੇ ਦੇ ਉਤੇ ਟੰਗਣਾ
ਫਿਰ ਹਾਲੀਆਂ ਨੇ ਹਲ ਜੋੜ ਕੇ ਗਲੀਆਂ ਵਿਚੋਂ ਲੰਘਣਾ।
ਵਿਹੜੇ ਵਿਚ ਪਾਣੀ ਛਿੜਕ ਕੇ ਬਹੁਕਰ ਨਾਲ ਵਿਹੜਾ ਹੂੰਝਣਾ
ਅੰਮ੍ਰਿਤ ਵੇਲੇ ਦੀ ਫਿਜ਼ਾ ਵਿਚ ਫਿਰ ਸੰਖ ਨਾਦ ਦਾ ਗੂੰਜਣਾ।

ਸੂਰਜ ਆ ਬਹਿਣਾ ਤਖਤ 'ਤੇ ਚੰਨ ਚਾਨਣ ਵਿਚ ਗੁੰਮ ਜਾਵਣਾ
ਚਿੜੀਆਂ ਦਾ ਚੂੰ ਚੂੰ ਚਹਿਕਣਾ ਬੱਚਿਆਂ ਦਾ ਸ਼ੋਰ ਮਚਾਵਣਾ।
ਗੁਰਦੁਆਰੇ ਆ ਕੇ ਬੱਚਿਆਂ ਨੇ ਫਿਰ ਪੜ੍ਹਨਾ-ਲਿਖਣਾ ਸਿੱਖਣਾ
ਗਾਚੀ ਦੇ ਨਾਲ ਫੱਟੀਆਂ ਪੋਚ ਕੇ ਉਤੇ 'ਊੜਾ ਐੜਾ' ਲਿਖਣਾ।

ਬਾਪੂ-ਬੇਜੀ ਜੋ ਆਖਣਾ, ਉਹ ਬੱਚਿਆਂ ਕੰਮ ਕਰਨਾ ਭੱਜ ਕੇ
ਜਦੋਂ ਪੜ੍ਹ ਲਿਖ ਕੇ ਹਟ ਜਾਣਾ ਫਿਰ ਖੇਡਣਾ ਸਾਰਿਆਂ ਰੱਜ ਕੇ।
ਕੁੜੀਆਂ ਨੇ ਛਟਾਪੂ ਖੇਡਣਾ, ਮੁੰਡਿਆਂ ਨੇ ਖਿਦੋ ਖੂੰਡੀਆਂ
ਕਈਆਂ ਨੂੰ ਉਡ ਕੇ ਬੋਹੜ ਤੋਂ ਲੜ ਜਾਣੀਆਂ ਪੀਲੀਆਂ ਭੂੰਡੀਆਂ।

ਮੁੰਡਿਆਂ ਨੇ ਬਾਂਟੇ ਖੇਡਣੇ ਤੇ ਕੁੜੀਆਂ ਨੇ ਲੁਕਣ ਮੀਟੀਆਂ
ਜਦ ਟਪ ਟਪ ਕੇ ਥੱਕ ਜਾਵਣਾ ਖੇਡਣੀਆਂ ਬਹਿ ਕੇ ਗੀਟੀਆਂ।
ਕਦੀ ਲੜਨਾ ਰੁੱਸਣਾ ਮੰਨਣਾ ਕਦੀ ਇੱਕ ਦੂਜੇ ਨੂੰ ਕੁੱਟਣਾ
ਸੀਤੋ ਨੇ ਫੜ੍ਹ ਕੇ ਮੀਕੇ ਨੂੰ ਉਹਦਾ ਜੂੜਾ ਜੋਰ ਦੀ ਪੁੱਟਣਾ।

ਜਦ ਭੱਠੀ ਵਾਲੀ ਹਰੋ ਦੀ ਭੱਠੀ ਉਤੇ ਰੌਣਕ ਲੱਗਣੀ
ਉਦੋਂ ਕਦੀ ਕਦਾਈਂ ਪੁਰੇ ਦੀ ਠੰਢੀ ਜਿਹੀ ਹਵਾ ਵੀ ਵਗਣੀ।
ਚੌਂਕਿਆਂ 'ਚੋਂ ਧੂੰਆਂ ਉਠ ਕੇ ਜਦ ਅਸਮਾਨਾਂ ਵਲ ਜਾਂਵਦਾ
ਬਾਪੂ ਮੱਛਰਾਂ ਦੀ ਫੌਜ ਲਈ ਮੱਝਾਂ ਕੋਲ ਧੂਣੀ ਲਾਂਵਦਾ।

ਚੁਕ ਚੁਕ ਕੇ ਮੰਜੇ ਬਿਸਤਰੇ ਸਭ ਕੋਠਿਆਂ 'ਤੇ ਚੜ੍ਹ ਜਾਂਵਦੇ
ਮੰਜਿਆਂ 'ਤੇ ਬਹਿ ਕੇ ਪਿਆਰ ਨਾਲ ਸਭ ਦਾਲ ਤੇ ਰੋਟੀ ਖਾਂਵਦੇ।
ਹੱਥ ਝੱਗਿਆਂ ਦੇ ਨਾਲ ਪੂੰਝ ਕੇ ਛੱਤਾਂ 'ਤੇ ਦੌੜਾਂ ਲਾਂਵਦੇ
ਮੰਜਿਆਂ 'ਤੇ ਚੜ੍ਹ ਚੜ੍ਹ ਟੱਪਦੇ ਤੇ ਮਿਲ ਕੇ ਰੌਲਾ ਪਾਂਵਦੇ।

ਫਿਰ ਦਾਦੀ ਮਾਂ ਕੋਲ ਬੈਠ ਕੇ ਸੁਣਦੇ ਲੰਮੀਆਂ ਕਹਾਣੀਆਂ
ਕਦੀ ਪਰੀਆਂ ਅਤੇ ਦਿਓ ਦੀਆਂ, ਕਦੀ ਰਾਜੇ ਤੇ ਕਦੀ ਰਾਣੀਆਂ।
ਕਦੀ ਮੰਜੀਆਂ ਉਤੇ ਲੇਟ ਕੇ ਤਾਰੇ ਗਿਣਨੇ ਅਸਮਾਨ ਦੇ
ਕਦੀ ਪੂਰ ਗਿਣਨੇ ਕਦੀ ਬੈਠ ਕੇ ਕਿੱਸੇ ਸੁਣਨੇ ਸਲਵਾਨ ਦੇ।

ਬਾਪੂ ਨੇ ਕਹਿਣਾ ਜੀਤਿਆ ਹੁਣ ਜਰਾ ਕੁ ਇਧਰ ਆ ਪੁੱਤ
ਆਹ ਪੂਰਾ ਛੰਨਾ ਦੁਧ ਦਾ ਹੁਣ ਪੀ ਕੇ ਜਰਾ ਵਿਖਾ ਪੁੱਤ।
ਮੇਰਾ ਬਾਬਲ ਕਿਥੇ ਤੁਰ ਗਿਐ ਤੁਰ ਗਈ ਏ ਮੇਰੀ ਮਾਂ ਕਿਤੇ
ਮੇਰੇ ਸਿਰ 'ਤੇ ਧੁਪਾਂ ਆ ਗਈਆਂ, ਤੁਰ ਗਈ ਮੇਰੀ ਛਾਂ ਕਿਤੇ।

ਅੱਖੀਆਂ 'ਚੋਂ ਨਦੀਆਂ ਵਹਿੰਦੀਆਂ ਜਦ ਬਚਪਨ ਕਰਦੀ ਯਾਦ ਹਾਂ
ਹੱਥ ਆਪੇ ਹੀ ਜੁੜ ਜਾਂਵਦੇ ਅਤੇ ਕਰ ਲੈਂਦੀ ਫਰਿਆਦ ਹਾਂ।
ਕੋਈ ਦਸੋ ਤੇ ਸਹੀ ਆਣ ਕੇ ਇਹ ਕੈਸਾ ਵਕਤ ਹੈ ਆ ਗਿਆ
ਇੱਕ ਘਰ, ਇੱਕ ਪਰਿਵਾਰ ਵਿਚ ਇਹ ਕੌਣ ਵੰਡੀਆਂ ਪਾ ਗਿਆ।

ਤੇਰਾ ਕਮਰਾ-ਮੇਰਾ ਕਮਰਾ, ਹਰ ਇੱਕ ਦਾ ਵਖਰਾ ਰੂਮ ਹੈ
ਅਹੁ ਕਮਰੇ ਵਿਚ ਨਿੱਕਾ ਜਿਹਾ ਪਿਆ ਸੁਤਾ ਇੱਕ ਮਾਸੂਮ ਹੈ।
ਮਾਂ ਬਾਪ ਵੀ ਕਿਤੇ ਗੁਆਚ ਗਏ ਜੰਗਲੀ ਬਣ ਗਈ ਔਲਾਦ ਹੈ
ਇੱਕ ਘਰ 'ਚ ਹਰ ਕੋਈ ਵਖਰਾ, ਜ਼ਿੰਦਗੀ ਹੋ'ਗੀ ਬਰਬਾਦ ਹੈ।

ਮੈਨੂੰ ਵੱਡੇ ਘਰ ਨਾ ਭਾਂਵਦੇ, ਮੇਰਾ ਕੱਚਾ ਘਰ ਕੋਈ ਮੋੜ ਦਿਓ
ਮੇਰਾ ਬਚਪਨ ਮੈਨੂੰ ਦੇ ਦਿਓ, ਮੇਰੇ ਟੁੱਟੇ ਰਿਸ਼ਤੇ ਜੋੜ ਦਿਓ।
ਮੇਰੀ ਗੁੱਡੀ ਵਾਪਿਸ ਕਰ ਦਿਓ, ਮੈਨੂੰ ਨਿੱਕੜੀ ਜੀਤ ਬਣਾ ਦਿਓ
ਮੇਰੇ 'ਕੱਠੇ ਕਰੋ ਸਭ ਪਟੋਲੜੇ ਅਤੇ ਆਲੇ ਵਿਚ ਸਜਾ ਦਿਓ।

ਮੈਨੂੰ ਲੁਕਣ ਮੀਟੀ ਖੇਡਣ ਦਿਓ ਤੇ ਆਪਣੀ ਵਾਰੀ ਲਾਣ ਦਿਓ
ਮਾਂ ਦੇਵੇ ਚੂਰੀ ਕੁੱਟ ਕੇ, ਬਾਪੂ ਕੋਲ ਬਹਿ ਕੇ ਖਾਣ ਦਿਓ।
ਕਦੀ ਨਾ ਵੱਡੀ ਹੋਵਣਾ, ਮੈਨੂੰ ਨਿੱਕੜੀ ਜੀਤ ਹੀ ਰਹਿਣ ਦਿਓ
ਮੈਂ ਕਦੀ ਵੀ ਕੁਝ ਨਾ ਮੰਗਦੀ ਮੈਨੂੰ ਬਾਬੁਲ ਕੋਲ ਬਹਿਣ ਦਿਓ।

ਮੈਨੂੰ ਇਹ ਦੁਨੀਆਂ ਨਹੀਂ ਚਾਹੀਦੀ, ਮੇਰਾ ਬਚਪਨ ਮੈਨੂੰ ਦੇ ਦਿਓ
ਮੇਰਾ ਸਾਰਾ ਕੁਝ ਹੀ ਲੈ ਲਵੋ, ਬਸ ਮੇਰੀ ਗੁੱਡੀ ਮੈਨੂੰ ਦੇ ਦਿਓ।
ਮੈਂ ਕੀ ਲੈਣੈ 'ਸੁਰਜੀਤ' ਬਣ, ਮੈਨੂੰ ਨਿੱਕੜੀ ਜੀਤ ਬਣਾ ਦਿਓ
ਦਰਦਾਂ ਭਰਿਆ ਗੀਤ ਇੱਕ, ਕਦੀ ਮੇਰੀ ਯਾਦ 'ਚ ਗਾ ਦਿਓ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

---

## ਸੁਣੋ ਬਾਗ ਦਿਓ ਮਾਲੀਓ

ਸੁਣੋ ਬਾਗ ਦਿਓ ਮਾਲੀਓ, ਨਾ ਕਹਿਰ ਗੁਜ਼ਾਰੋ।
ਆਪਣੇ ਹੱਥੀਂ ਬਾਗ ਨੂੰ ਨਾ ਇੰਜ ਉਜਾੜੋ।
ਮੇਰਾ ਸੋਹਣਾ ਵਤਨ ਪੰਜਾਬ ਸੀ, ਸੋਹਣੀ ਫੁਲਵਾੜੀ।
ਲੱਗ ਗਈ ਨਜ਼ਰ ਹੈ ਇਸ ਨੂੰ, ਜਾਂ ਹੈ ਕਿਸਮਤ ਮਾੜੀ।
ਸੱਦ ਕੇ ਕੋਈ ਨਜ਼ਰੀਆ, ਇਹਦੀ ਨਜ਼ਰ ਉਤਾਰੋ...।

ਪੰਜ ਸਾਲ ਲਈ ਦਿੱਤਾ ਸੀ ਇਸ ਬਾਗ ਦਾ ਠੇਕਾ।
ਬਹਿ ਕੁਰਸੀ ਉਤੇ ਲੀਡਰੋ ਤੁਸੀਂ ਭੁੱਲ ਗਏ ਚੇਤਾ।
ਜਾਗੋ ਕੁੰਭਕਰਨੀ ਨੀਂਦ 'ਚੋਂ ਕੁਝ ਹੋਸ਼ ਸੰਭਾਲੋ...।
ਦਿਸਦਾ ਕੋਈ ਬਾਗ ਦਾ ਨਾ ਕਿਧਰੇ ਵੀ ਰਖਵਾਲਾ।
ਤਾਹੀਓਂ ਤਾਂ ਸੱਚ ਆਖਦਾ ਮਾਹੀ ਲੰਮਿਆਂ ਵਾਲਾ।
ਆਪਣੀ ਰਾਖੀ ਵਾਸਤੇ ਖੁਦ ਹੰਭਲਾ ਮਾਰੋ...।

*-ਚਰਨ ਸਿੰਘ ਮਾਹੀ*
*ਫੋਨ: 91-99143-64728*


# ਬੜਾ ਡੂੰਘਾ ਰਿਸ਼ਤਾ ਹੈ ਕੇਸਾਂ ਦਾ ਮਨੁੱਖ ਨਾਲ

**ਉਸਾਰੂ ਦ੍ਰਿਸ਼ਟੀਕੋਣ**

***ਸਰੀਰ ਦੇ ਵਾਲ ਮਨੁੱਖ ਸਮੇਤ ਸਭ ਜੀਆਂ ਲਈ ਬੜੀ ਵੱਡੀ ਨਿਆਮਤ ਹਨ ਪਰੰਤੂ ਮਨੁੱਖ ਨੇ ਪਤਾ ਨਹੀਂ ਕਿਸ ਸੋਚ ਅਧੀਨ ਸਰੀਰ ਦੇ ਵਾਲਾਂ ਤੋਂ ਖਹਿੜਾ ਛੁਡਾਉਣਾ ਸ਼ੁਰੂ ਕਰ ਦਿੱਤਾ। ਵਿਗਿਆਨੀਆਂ ਦਾ ਖਿਆਲ ਹੈ ਕਿ ਵਾਲ ਸਰੀਰ ਨੂੰ ਬਹੁਤ ਸਾਰੇ ਰੋਗਾਂ ਤੋਂ ਬਚਾਉਂਦੇ ਹਨ। ਸ਼ਾਇਦ ਇਸੇ ਕਰਕੇ ਰਿਸ਼ੀ ਮੁਨੀ ਵਾਲ ਰੱਖਿਆ ਕਰਦੇ ਸਨ। ਸਿੱਖਾਂ ਲਈ ਇਹ ਦਸਮ ਪਾਤਿਸ਼ਾਹ ਦੀ ਬਹੁਤ ਵੱਡੀ ਬਖਸ਼ੀਸ਼ ਹੈ ਕਿ ਉਨ੍ਹਾਂ ਪੰਜ ਕੱਕਾਰਾਂ ਵਿਚ ਕੇਸਾਂ ਨੂੰ ਵੀ ਸ਼ਾਮਲ ਕੀਤਾ ਹੈ। ਇਸ ਲੇਖ ਵਿਚ ਲੇਖਕ ਨੇ ਵਾਲਾਂ ਦੀਆਂ ਨਿਆਮਤਾਂ ਦੀ ਗੱਲ ਕੀਤੀ ਹੈ। -ਸੰਪਾਦਕ***

ਇਨਸਾਨ ਦੀ ਹੋਂਦ ਕੋਈ ਚਾਰ ਲੱਖ ਸਾਲਾਂ ਤੋਂ ਮੰਨੀ ਜਾਂਦੀ ਹੈ ਪਰ ਸਿਰਫ 2500 ਸਾਲ ਪਹਿਲਾਂ ਇਨਸਾਨ ਵਾਲਾਂ ਨੂੰ ਕੁਝ ਕਾਰਨਾਂ ਕਰਕੇ ਕਤਲ ਕਰਨ ਲਗ ਪਿਆ। ਪੁਰਾਤਨ ਮਿਸਰ, ਗਰੀਕ, ਯਹੂਦੀ ਵੀ ਵਾਲ ਰੱਖਣ ਨੂੰ ਤਰਜੀਹ ਦਿੰਦੇ ਸਨ। ਸਿਰਫ ਦੇਵਤਿਆਂ ਨੂੰ ਅਰਪਣ ਕਰਨ ਲਈ ਜਾਂ ਕਿਸੇ ਦੀ ਮੌਤ 'ਤੇ ਸੋਗ ਵਜੋਂ ਵਾਲ ਕੱਟਦੇ ਸਨ।

ਰੂਸੀ ਵਿਗਿਆਨੀ ਵਾਲਾਂ ਨੂੰ ਸੰਵੇਦਨਸ਼ੀਲ ਤੰਤੂ ਮੰਨਦੇ ਹਨ। ਵਾਲਾਂ ਤੋਂ ਕਿਸੇ ਦੀ ਸਿਹਤ ਅਤੇ ਪੁਰਾਣੀ ਬਿਮਾਰੀ ਦਾ ਪਤਾ ਲਾਇਆ ਜਾ ਸਕਦਾ ਹੈ। ਵਾਲ ਸੂਰਜ ਦੀਆਂ ਕਿਰਨਾਂ ਨਾਲ ਮਿਲ ਕੇ ਵਿਟਾਮਿਨ ਡੀ



**ਅੰਗਰੇਜ਼ ਸਿੰਘ ਹੁੰਦਲ**
ਫੋਨ: 91-98767-85672

ਸੋਖ ਲੈਂਦੇ ਹਨ। ਜਿਵੇਂ ਸੂਰਜ ਦੀਆਂ ਕਿਰਨਾਂ ਤੋਂ ਬਿਨਾ ਜੀਵਨ ਸੰਭਵ ਨਹੀਂ, ਤਿਵੇਂ ਹੀ ਵਾਲਾਂ ਤੋਂ ਬਿਨਾ ਇਨਸਾਨੀ ਜੀਵਨ ਸੰਭਵ ਨਹੀਂ। ਐਲਨ-ਏ-ਹੋਰਸ (ALAN-E-HOARSE) ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਜੇ ਵਾਲਾਂ ਦੀ ਇਵੇਂ ਹੀ ਬੇਅਦਬੀ ਕਰਦੇ ਰਹੇ ਤਾਂ ਅੱਗੇ ਚਲ ਕੇ ਸਰੀਰ ਵਿਚ ਕੁਝ ਤੱਤਾਂ ਦੀ ਕਮੀ ਇਸ ਕਦਰ ਹੋਵੇਗੀ ਕਿ ਇਨਸਾਨ ਦੀ ਹੋਂਦ ਹੀ ਬਦਲ ਜਾਵੇਗੀ। ਉਸ ਦਾ ਸਿਰ ਇਕ ਗੁੰਬਦ ਵਾਂਗ ਵੱਡਾ ਹੋ ਜਾਵੇਗਾ, ਲੱਤਾਂ ਤੀਲੀਆਂ ਵਾਂਗ ਸੁੱਕ ਜਾਣਗੀਆਂ, ਜਬਾੜਾ ਛੋਟਾ, ਦੰਦ ਛੋਟੇ, ਹੱਡੀਆਂ ਨਾਜ਼ੁਕ ਹੋ ਜਾਣਗੀਆਂ ਅਤੇ ਪੈਰਾਂ ਦੀਆਂ ਉਂਗਲਾਂ ਸ਼ਾਇਦ ਗਾਇਬ ਹੋ ਜਾਣ, ਜੇ ਵਾਲਾਂ ਦੀ ਕੁਦਰਤੀ ਰੂਪ ਵਿਚ ਦੇਖਭਾਲ ਨਾ ਕੀਤੀ ਗਈ ਤਾਂ!

ਸਿੱਖ 'ਵਾਹਿਗੁਰੂ' ਦੇ ਹੁਕਮ ਨੂੰ ਮੰਨਦੇ ਹਨ। ਉਹ ਮੰਨਦੇ ਹਨ ਕਿ ਪਰਮਾਤਮਾ ਦੀ ਬਖਸ਼ਿਸ਼ 'ਵਾਲਾਂ ਸਣੇ ਸਰੀਰ' ਇੱਕ ਤੋਹਫਾ ਹੈ, ਨਾ ਕਿ ਬੋਝ। ਇਸ ਕਰਕੇ ਸਿੱਖ ਵਾਲਾਂ ਨੂੰ ਪਵਿੱਤਰ ਮੰਨਦਿਆਂ ਉਨ੍ਹਾਂ ਨੂੰ ਕਤਲ ਨਹੀਂ ਕਰਦੇ। ਪਰ ਕਈ ਸਿੱਖ ਆਪਣੀ ਹੋਂਦ ਬਚਾਉਣ ਲਈ, ਦੂਜੀਆਂ ਹੋਂਦਾਂ ਵਿਚ ਰਲ-ਮਿਲ ਜਾਣ ਲਈ ਆਪਣੇ ਵਾਲ ਕਤਲ ਕਰ ਰਹੇ ਹਨ, ਜੋ ਕਿ ਬਹੁਤ ਗਲਤ ਹੈ। ਕੇਸ ਤਾਂ ਸੂਰਜ ਤੋਂ ਕਿਰਨਾਂ ਲੈ ਕੇ ਵਿਟਾਮਿਨ ਡੀ ਬਣਾਉਣ ਵਿਚ ਮਦਦ ਕਰਦੇ ਹਨ ਅਤੇ ਬਹੁਤ ਜ਼ਿਆਦਾ ਤਪਦੀਆਂ ਕਿਰਨਾਂ ਤੋਂ ਖੋਪੜੀ ਨੂੰ ਬਚਾਉਂਦੇ ਹਨ। ਸਰਦੀਆਂ ਵਿਚ ਤਾਂ ਚਮੜੀ ਦੀ ਸਤਹ 'ਤੇ ਬਚਾਓ ਤਹਿ (INSULATING) ਨੂੰ ਬਰਕਰਾਰ ਰੱਖਦੇ ਹਨ ਜਿਸ ਨਾਲ ਸਰੀਰ ਦਾ ਤਾਪਮਾਨ ਘੱਟਦਾ ਨਹੀਂ ਅਤੇ ਠੰਡ ਘੱਟ ਲੱਗਦੀ ਹੈ। ਵਾਲ ਤਾਂ ਹਾਨੀਕਾਰਕ ਰੇਡੀਏਸ਼ਨ ਨੂੰ ਰੋਕਦੇ ਹਨ। ਵਾਲ ਕੁਝ ਖੁਰਾ ਤੱਤਾਂ, ਜਿਵੇਂ ਜ਼ਿੰਕ ਅਤੇ ਕਰੋਮੀਅਮ ਦਾ ਗੁਦਾਮ ਹਨ ਅਤੇ ਬੁਰੇ ਤੱਤਾਂ ਨੂੰ ਦੂਰ ਰੱਖਦੇ ਹਨ। ਦਾੜ੍ਹੀ ਅਤੇ ਮੁੱਛਾਂ ਦੇ ਵਾਲ ਛਾਨਣੀ ਦਾ ਕੰਮ ਕਰਦੇ ਹਨ। ਝਿੰਮਣੀਆਂ ਦੇ ਵਾਲ ਅੱਖਾਂ ਨੂੰ ਪਾਣੀ ਅਤੇ ਘੱਟੇ ਤੋਂ ਬਚਾਉਂਦੇ ਹਨ। ਕੁਝ ਵਾਲ ਲੱਤਾਂ ਅਤੇ ਬਾਹਾਂ ਦੇ ਲਾਗਾ ਲੱਗਣ ਤੋਂ ਬਚਾਉਂਦੇ ਹਨ। ਕਈ ਲੋਕ ਇਹ ਬਹਿਸ ਕਰਦੇ ਹਨ ਕਿ ਵਾਲਾਂ ਨੂੰ ਅਹਿਸਾਸ ਨਹੀਂ ਹੁੰਦਾ। ਇਹ ਗੱਲ ਇੰਜ ਨਹੀਂ ਹੈ। ਅਹਿਸਾਸ ਤਾਂ ਅੰਡੇ ਦੇ ਖੋਲ ਨੂੰ ਵੀ ਨਹੀਂ ਹੁੰਦਾ ਪਰ ਕੀ ਉਹ ਅਹਿਮ ਨਹੀਂ? ਦੰਦਾਂ ਦੀ ਉਪਰਲੀ ਪਰਤ (ENAMEL) ਵੀ ਅਹਿਸਾਸ ਰਹਿਤ ਹੁੰਦੇ ਹਨ ਪਰ ਕੀ ਬਿਨਾ ਇਨੇਮਲ ਦੇ ਦੰਦ ਠੀਕ ਰਹਿ ਸਕਦੇ ਹਨ? ਪੰਛੀਆਂ ਦੇ ਖੰਭ, ਜੋ ਅਹਿਸਾਸ ਨਹੀਂ ਕਰ ਸਕਦੇ, ਨਾ ਹੋਣ ਤੇ ਪੰਛੀ ਕਿਵੇਂ ਦੇ ਲੱਗਣਗੇ? ਇਸੇ ਤਰ੍ਹਾਂ ਹਨ ਸਾਡੇ ਵਾਲ। ਉਹ ਚਮੜੀ ਦੇ ਅੰਦਰੋਂ ਉਤਪਨ ਹੁੰਦੇ ਹਨ ਜਿਸ ਵਿਚ ਖੂਨ ਦੀਆਂ ਨਾੜਾਂ, ਤੇਲ ਦੇ ਗਲੈਂਡ, ਨਾੜਾਂ ਅਤੇ ਤੰਤੂ (ਮੱਸਲ) ਹੁੰਦੇ ਹਨ ਜਿਹੜੇ ਨਹੁੰਆਂ ਵਿਚ ਨਹੀਂ ਹੁੰਦੇ। ਵਾਲਾਂ ਨੂੰ ਜੇ ਸਟੀਲ ਉਤੇ ਰੱਖ ਕੇ ਕੁਝ ਜ਼ੋਰ ਦਿੱਤਾ ਜਾਵੇ ਤਾਂ ਉਹ ਸਟੀਲ ਉਤੇ ਵੀ ਆਪਣਾ ਨਿਸ਼ਾਨ ਛੱਡ ਜਾਣਗੇ। ਨਹੁੰ ਇੰਜ ਨਹੀਂ ਕਰ ਸਕਦੇ। ਉਹ ਤਾਂ ਸਿਰਫ ਉਂਗਲਾਂ ਦੇ ਪੋਟਿਆਂ ਦੀ ਰਾਖੀ ਕਰ ਸਕਦੇ ਹਨ।

ਵਾਲ ਤਾਂ ਪੂਰੇ ਸਰੀਰ ਨੂੰ ਸਾਂਭਦੇ ਹਨ; ਬਾਹਰੋਂ ਵੀ ਤੇ ਅੰਦਰੋਂ ਵੀ। ਜਿੱਥੇ ਨਹੁੰਆਂ ਦੀ ਗਿਣਤੀ ਸਿਰਫ 20 ਹੈ, ਉਥੇ ਵਾਲ ਇੱਕ ਤੋਂ ਡੇਢ ਲੱਖ ਹੁੰਦੇ ਹਨ। ਨਹੁੰ ਤਾਂ ਸਿਕਰੀ ਵਰਗੇ ਹੁੰਦੇ ਨੇ, ਨਾ ਲੋੜੀਂਦੇ ਅਤੇ ਬੇਜਾਨ, ਪਰ ਵਾਲ ਅਤੁਲ ਹੁੰਦੇ ਨੇ।

ਇੱਕ ਤਜਰਬੇ ਵਿਚ ਪਾਇਆ ਗਿਆ ਹੈ ਕਿ ਕਲੀਨ ਸ਼ੇਵ ਮਰਦਾਂ ਦੇ ਫੇਫੜਿਆਂ ਵਿਚ ਦਾੜ੍ਹੀ ਵਾਲੇ ਮਰਦਾਂ ਦੇ ਮੁਕਾਬਲੇ ਕਿਟਾਣੂ ਬਹੁਤ ਜ਼ਿਆਦਾ ਹੁੰਦੇ ਹਨ। ਇਸ ਤੋਂ ਪਤਾ ਚਲਦਾ ਹੈ, ਦਾੜ੍ਹੀ ਹਵਾ ਅਤੇ ਹੋਰ ਕਿਟਾਣੂਆਂ ਨੂੰ ਅੰਦਰ ਜਾਣ ਤੋਂ ਰੋਕਦੀ ਹੈ। ਵਾਲ ਕੱਟਣ ਨਾਲ ਮਰਦਾਨਾ ਹਾਰਮੋਨਜ਼ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਕੁਝ ਮਾਹਿਰ ਵਾਲਾਂ ਦੀ ਤੁਲਨਾ ਧਰਤੀ 'ਤੇ ਬਨਸਪਤੀ ਨਾਲ ਕਰਦੇ ਹਨ। ਉਹ ਕਹਿੰਦੇ ਹਨ ਕਿ ਜੇ ਬਨਸਪਤੀ ਦੇ ਕੱਟਿਆਂ ਗਲੋਬਲ ਵਾਰਮਿੰਗ ਜਿਹੀ ਸਥਿਤੀ ਪੈਦਾ ਹੋ ਸਕਦੀ ਹੈ ਤੇ ਵਾਲਾਂ ਦੇ ਕੱਟਿਆਂ ਵੀ ਸਾਡੇ ਸਰੀਰ ਦੀ ਧਰਤੀ 'ਤੇ ਬਿਮਾਰੀਆਂ ਹਾਵੀ ਹੋ ਜਾਂਦੀਆਂ ਹਨ। ਵਾਲ ਕੁਦਰਤੀ ਨੇ ਤੇ ਜੇ ਕੁਦਰਤ ਤੋਂ ਬੇਮੁੱਖ ਹੋਵਾਂਗੇ ਤਾਂ ਆਪਣੇ ਅੰਤ ਨੂੰ ਆਪ ਸੱਦਾ ਦਿਆਂਗੇ।

ਵਾਲਾਂ ਦਾ ਕਤਲ ਆਰਥਿਕ ਤੌਰ 'ਤੇ ਵੀ ਮਹਿੰਗਾ ਪੈਂਦਾ ਹੈ। ਸ਼ੇਵ ਕਰਨ ਲਈ ਸਾਬਣ, ਗਰਮ ਪਾਣੀ, ਸ਼ੇਵਿੰਗ ਜੈਲ, ਤੇਜ਼ ਬਲੇਡ ਵਾਲਾ ਰੇਜ਼ਰ ਜਾਂ ਸ਼ੇਵਿੰਗ ਮਸ਼ੀਨ, ਸ਼ੇਵਿੰਗ ਲੋਸ਼ਨ ਆਦਿ ਦਾ ਬੜਾ ਖਰਚ ਹੁੰਦਾ ਹੈ, ਕੱਟੇ ਹੋਏ ਵਾਲਾਂ ਦਾ ਵੀ ਢੇਰ ਲੱਗ ਜਾਂਦਾ ਹੈ। ਜੇ ਸ਼ੇਵ ਕਰਨਾ ਬੰਦ ਹੋ ਜਾਏ ਤਾਂ ਦਿੱਲੀ ਵਰਗੇ ਵੱਡੇ ਸ਼ਹਿਰਾਂ ਵਿਚ ਪਾਣੀ ਦੀ ਕਿੱਲਤ ਘਟਾਈ ਜਾ ਸਕਦੀ ਹੈ। ਉਹ ਦਿਨ ਦੂਰ ਨਹੀਂ ਜਦੋਂ 'ਨੋ ਸ਼ੇਵਿੰਗ ਡੇਅ' ਵੀ ਮਨਾਇਆ ਜਾਵੇਗਾ।

ਧਰਤੀ ਉਤੋਂ ਗਰੀਨ ਹਾਊਸ ਗੈਸਾਂ ਦਾ ਅਸਰ ਘਟਾਉਣ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ ਜਿਵੇਂ ਕਈ ਬੋਇੰਗ 747 ਜੈਟ ਹਵਾਈ ਜਹਾਜ਼ਾਂ ਨੂੰ ਹਵਾ ਵਿਚ ਕ੍ਰਿਸਕਰੌਸ ਉਡਾਇਆ ਜਾਵੇਗਾ ਤਾਂ ਕਿ ਉਸ ਦੇ ਘੱਟੇ ਨਾਲ ਸੂਰਜੀ ਕਿਰਨਾਂ ਨੂੰ ਢੱਕਿਆ ਜਾ ਸਕੇ, ਹੇਲੀਅਮ ਭਰੇ ਗੁਬਾਰੇ ਛੱਡੇ ਜਾਣਗੇ, ਕਈ ਇਨਫਰਾ ਰੈਡ ਲੇਜ਼ਰ ਲਾਏ ਜਾਣਗੇ, ਪਰ ਇਹ ਕੰਮ ਬਣਾਉਣ ਤੋਂ ਵੱਧ ਕੰਮ ਵਿਗਾੜ ਦੇਣਗੇ। ਮਾਹਿਰ ਤਾਂ ਇਹ ਵੀ ਕਹਿੰਦੇ ਹਨ ਕਿ ਕੰਧਾਂ ਦਾ ਰੰਗ ਰੋਗਨ, ਸਜਣ-ਸੰਵਰਨ ਦੇ ਸਾਜੋ-ਸਾਮਾਨ, ਸੰਧੂਰ, ਬਿੰਦੀ, ਸੁਗੰਧੀਆਂ, ਵਾਲਾਂ ਦੀਆਂ ਕਰੀਮਾਂ, ਵਾਲ ਰੰਗਣ ਵਾਲੀ ਡਾਈ ਆਦਿ ਨੁਕਸਾਨ ਜ਼ਿਆਦਾ ਅਤੇ ਫਾਇਦਾ ਥੋੜਾ ਚਿਰ ਹੀ ਦਿੰਦੇ ਨੇ। ਇਨ੍ਹਾਂ ਦੀ ਪਰਖ ਲਈ ਚੂਹੇ, ਖਰਗੋਸ਼ ਆਦਿ ਨੂੰ ਵੀ ਵਰਤਿਆ ਜਾਂਦਾ ਹੈ ਜਿਨ੍ਹਾਂ ਨੂੰ ਕਾਫੀ ਤਕਲੀਫ ਝੱਲਣੀ ਪੈਂਦੀ ਹੈ। ਇਹ ਚੀਜ਼ਾਂ ਤੋਂ ਅੱਗੇ ਚੱਲ ਕੇ ਛਾਤੀ ਦੇ ਕੈਂਸਰ, ਸਾਹ ਦੀਆਂ ਬਿਮਾਰੀਆਂ, ਚਮੜੀ ਦੇ ਰੋਗ, ਲਿਉਕੀਮੀਆ ਆਦਿ ਲੱਗ ਜਾਂਦੇ ਹਨ। ਇਨ੍ਹਾਂ ਨਾਲੋਂ ਚੰਗਾ ਹੈ ਕਿ ਅਸੀਂ ਆਪਣੇ ਕੁਦਰਤੀ ਸਰੂਪ ਨੂੰ ਬਰਕਰਾਰ ਰੱਖੀਏ।

ਸਰੀਰ ਦੇ ਕੁਦਰਤੀਪੁਣੇ ਨਾਲ ਛੇੜਖਾਨੀ ਦਾ ਸਾਡੀ ਸਿਹਤ 'ਤੇ ਮਾੜਾ ਅਸਰ ਹੀ ਪਵੇਗਾ, ਜਿਵੇਂ ਬਨਸਪਤੀ ਨਾਲ ਛੇੜਖਾਨੀ ਨੇ ਧਰਤੀ 'ਤੇ ਪਾਇਆ ਹੈ। ਸਾਡੇ ਆਪਣੇ ਗੁਰੂ ਸਾਹਿਬ ਤੋਂ ਇਲਾਵਾ ਰਾਬਿੰਦਰਾ ਨਾਥ ਟੈਗੋਰ, ਮਾਰਕਸ ਅਤੇ ਲੀਓ ਟਾਲਸਟਾਏ ਨੂੰ ਇਸ ਗੱਲ ਦੀ ਪੂਰੀ ਸਮਝ ਸੀ। ਇਸ ਕਰਕੇ ਉਨ੍ਹਾਂ ਸਭਨਾਂ ਨੇ ਵਾਲਾਂ ਦਾ ਕਤਲ ਨਹੀਂ ਸੀ ਕੀਤਾ, ਸਗੋਂ ਬਰਕਰਾਰ ਰੱਖੇ। ਮਹਾਂਸਾਗਰ ਵਿਚ ਇੱਕ ਬੂੰਦ ਵੀ ਪਾਣੀ ਦੀ ਘਟੇ, ਘਾਟਾ ਤਾਂ ਪੈਂਦਾ ਹੀ ਹੈ, ਹੈ ਨਾ?

ਪਰਮਾਤਮਾ ਨੇ ਇਨਸਾਨ ਨੂੰ ਗੁਣਾਂ ਨਾਲ ਨਿਵਾਜਿਆ ਹੈ। ਯਹੂਦੀ ਅਤੇ ਇਸਾਈ ਵੀ ਇਹੀ ਮੰਨਦੇ ਹਨ ਕਿ ਪਰਮਾਤਮਾ ਨੇ ਬੰਦੇ ਨੂੰ ਆਪਣੀ ਮੁਹਾਰਤ ਵਿਚ ਘੜਿਆ ਹੈ ਤੇ ਆਪਣਾ ਕਣ ਪਾ ਕੇ 'ਆਤਮਾ' ਨੂੰ ਸਿਰਜਿਆ ਹੈ, ਪਰ ਬੰਦਾ ਹੈ ਕਿ ਉਹ ਪਰਮਾਤਮਾ ਦੇ ਕਾਰਜ ਵਿਚ ਵੀ ਕੋਈ ਨਾ ਕੋਈ ਕਮੀ ਲੱਭਦਾ ਹੈ ਤੇ ਆਪਣੇ ਆਪ ਨੂੰ ਉਚ ਸਾਬਿਤ ਕਰਨ 'ਤੇ ਤੁਲਿਆ ਹੋਇਆ ਹੈ। ਵਾਲਾਂ ਦਾ ਕਤਲ ਕੁਝ ਇਸੇ ਤਰ੍ਹਾਂ ਹੈ। ਪ੍ਰੰਤੂ ਸ਼ੁਰੂ ਤੋਂ ਇੰਜ ਨਹੀਂ ਸੀ। ਪਹਿਲੇ ਸਮਿਆਂ ਵਿਚ ਜੇ ਕੋਈ ਬ੍ਰਾਹਮਣ ਕੋਈ ਅਨੈਤਿਕ ਕੰਮ ਕਰ ਬੈਠਦਾ ਸੀ ਤਾਂ ਸਜ਼ਾ ਦੇ ਤੌਰ 'ਤੇ ਉਸ ਦੇ ਵਾਲ ਕੱਟ ਦਿੱਤੇ ਜਾਂਦੇ ਸਨ। ਜੇ ਕੋਈ ਆਪਸ ਵਿਚ ਭਿੜ ਪਵੇ ਤਾਂ ਇੱਕ ਦੂਜੇ ਦੇ ਵਾਲਾਂ ਨੂੰ ਛੂਹ ਨਹੀਂ ਸੀ ਸਕਦੇ। ਨਿਯਮ ਨਾ ਮੰਨਣ 'ਤੇ ਵਾਲਾਂ ਨੂੰ ਹੱਥ ਪਾਉਣ ਵਾਲੇ ਦੇ ਦੋਵੇਂ ਹੱਥ ਕੱਟ ਦਿੱਤੇ ਜਾਂਦੇ ਸਨ, ਪਰ ਅੱਜ ਤਾਂ ਮਨੁੱਖ ਖੁਦ ਆਪਣੇ ਵਾਲਾਂ ਨੂੰ ਹੱਥ ਪਾ ਰਿਹਾ ਹੈ।

ਮਨੁੱਖ ਨੂੰ ਇਹ ਪਤਾ ਨਹੀਂ ਕਿ ਵਾਲ ਤਾਂ ਸੂਰਜ ਤੋਂ, ਹਵਾ ਤੋਂ ਅਤੇ ਆਲੇ-ਦੁਆਲੇ ਦੇ ਵਾਤਾਵਰਨ ਤੋਂ ਸਾਡੀ ਸਿਹਤ ਲਈ ਕਿੰਨੇ ਤੱਤ ਇੱਕਠੇ ਕਰਦੇ ਹਨ ਅਤੇ ਕਿੰਨੇ ਮਾੜੇ ਤੱਤਾਂ ਤੋਂ ਬਚਾਉਂਦੇ ਹਨ। ਖਾਦਾਂ ਅਤੇ ਕੀੜੇ ਮਾਰ ਦਵਾਈਆਂ ਦੇ ਅਸਰ ਨਾਲ ਧਰਤੀ ਤੋਂ ਵਿਟਾਮਿਨ ਡੀ ਜਿਹੇ ਤੱਤ ਬਹੁਤ ਘੱਟ ਗਏ ਹਨ ਪਰ ਸਾਡੇ ਵਾਲ ਸੂਰਜ ਦੀਆਂ ਕਿਰਨਾਂ ਨਾਲ ਮਿਲ ਕੇ ਉਸ ਦੀ ਅਤੇ ਨਾਲ ਹੀ ਸਾਡੇ ਦਿਮਾਗ ਨੂੰ ਲੋੜੀਂਦੇ ਤੱਤਾਂ ਦੀ ਪੂਰਤੀ ਕਰਦੇ ਹਨ। ਕੱਟੇ ਹੋਏ ਵਾਲ ਵਧ ਤਾਂ ਜਾਂਦੇ ਹਨ ਪਰ ਸਾਡੇ ਸਰੀਰ ਤੋਂ ਬਹੁਤੇ ਤੱਤ ਵਰਤ ਕੇ ਉਨ੍ਹਾਂ ਦੀ ਕਮੀ ਕਰ ਜਾਂਦੇ ਹਨ। ਪਰਮਾਤਮਾ ਸਾਰੀ ਉਮਰ ਵਿਛੜੇ (ਕੱਟੇ) ਹੋਏ ਵਾਲਾਂ ਦੀ ਪੂਰਤੀ ਕਰਦਾ ਰਹਿੰਦਾ ਹੈ, ਸਿਰਫ ਵੱਡੀ ਉਮਰ ਅਤੇ ਭਿਆਨਕ ਬਿਮਾਰੀ ਨੂੰ ਛੱਡ ਕੇ। ਗੁਰਮਤਿ ਇਨਸਾਨ ਅਤੇ ਕੁਦਰਤ ਵਿਚ ਕੋਈ ਫਰਕ ਨਹੀਂ ਕਰਦਾ। ਇੱਕ ਸਿੱਖ ਹੀ ਹੈ ਜੋ ਜਿਵੇਂ ਰਚਿਆ ਆਇਆ ਤਿਵੇਂ ਹੀ ਰਚਿਆ ਰੁਖਸਤ ਕਰਦਾ ਹੈ।

ਵਾਲ ਸਰਦੀ ਅਤੇ ਗਰਮੀ ਦੋਹਾਂ ਰੁੱਤਾਂ ਵਿਚ ਸਰੀਰ ਦੇ ਤਾਪਮਾਨ ਅਤੇ ਦਿਮਾਗ ਦੀ ਰੱਖਿਆ ਕਰਦੇ ਹਨ। ਸੰਘਣੇ ਵਾਲਾਂ ਵਾਲਾ ਇਨਸਾਨ ਮੌਸਮ ਦੀ ਮਾਰ ਝੱਲ ਸਕਦਾ ਹੈ। ਵਾਲਾਂ ਵਿਚ ਹੋਰ ਰਸਾਇਣਕ ਤੱਤ ਹੁੰਦੇ ਹਨ ਜਿਵੇਂ ਆਕਸੀਜ਼ਨ 28%, ਕਾਰਬਨ 50%, ਹਾਈਡਰੋਜ਼ਨ 6%, ਨਾਈਟਰੋਜ਼ਨ 11% ਅਤੇ ਸਲਫਰ 5%। ਇਸ ਤੋਂ ਇਲਾਵਾ ਚਿੱਟੇ ਵਾਲਾਂ ਵਿਚ ਤਾਂ ਚੂਨਾ ਵੀ ਹੁੰਦਾ ਹੈ। ਵਾਲ ਕੱਟਣ ਦਾ ਮਤਲਬ ਇਨ੍ਹਾਂ ਤੱਤਾਂ ਤੋਂ ਹੱਥ ਧੋਣਾ ਹੈ। 50 ਗ੍ਰਾਮ ਵਾਲਾਂ ਦੇ ਨਾਲ ਇਕ ਗ੍ਰਾਮ ਖੁਰਾਕੀ ਤੱਤ ਗੁਆਚ ਜਾਂਦੇ ਹਨ। ਇਸ ਤੋਂ ਇਲਾਵਾ ਬੱਚਿਆਂ ਵਿਚ ਭੁੱਖ ਨਾ ਲੱਗਣਾ, ਸੁਆਦ ਗੁਆਉਣਾ ਅਤੇ ਸਰੀਰ ਵਿਚ ਜਲਨ ਮਹਿਸੂਸ ਕਰਨਾ ਆਮ ਹੁੰਦਾ ਹੈ। ਸਿਆਣੇ ਕਹਿੰਦੇ ਹਨ ਕਿ ਵਾਲ ਕੱਟਣ ਦਾ ਬੱਚਿਆਂ ਦੀ ਲੰਬਾਈ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ।

ਸਿਰ ਦੇ ਵਾਲ ਸੂਰਜ ਤੋਂ, ਦਾੜ੍ਹੀ ਦੇ ਵਾਲ ਧਰਤੀ ਤੋਂ ਅਤੇ ਮੁੱਛਾਂ ਦੇ ਵਾਲ ਆਲੇ-ਦੁਆਲੇ ਦੇ ਵਾਤਾਵਰਣ ਤੋਂ ਊਰਜਾ ਦੀਆਂ ਤਰੰਗਾਂ ਲੈਂਦੇ ਹਨ। ਸਿਆਣੇ ਕਹਿੰਦੇ ਹਨ ਕਿ ਧਿਆਨ ਲਾਉਣ ਲੱਗਿਆਂ ਸਾਨੂੰ ਆਪਣਾ ਸਿਰ ਢੱਕਣਾ ਚਾਹੀਦਾ ਹੈ ਕਿਉਂਕਿ ਸਿਰ ਢਕਿਆਂ ਊਰਜਾ ਦਿਮਾਗ ਵਿਚ ਹੀ ਰਹਿੰਦੀ ਹੈ ਅਤੇ ਪੜ੍ਹਿਆ-ਸੁਣਿਆ ਯਾਦ ਰਹਿੰਦਾ ਹੈ। ਢਕਿਆ ਸਿਰ ਸੂਰਜ ਤੋਂ 100% ਸਾਕਾਰਾਤਮਕ ਊਰਜਾ ਲੈਂਦਾ ਹੈ, ਪਰ ਢੱਕਣਾ ਸਿਰਫ ਸੂਤੀ ਕੱਪੜੇ ਨਾਲ। ਵਾਲਾਂ ਨੂੰ ਗੰਦਗੀ ਅਤੇ ਹੁੰਮਸ ਭਰਿਆ ਵਾਤਾਵਰਣ ਨੁਕਸਾਨ ਪਹੁੰਚਾਉਂਦਾ ਹੈ। ਇਸੇ ਕਰਕੇ ਸਾਡੇ ਪਿਛਲੇ ਸਿਆਣੇ ਆਪਣੀਆਂ ਨੂੰਹਾਂ, ਭੈਣਾਂ ਨੂੰ ਨੰਗੇ ਸਿਰ ਝਾੜੂ ਫੇਰਨ ਤੋਂ ਅਤੇ ਗੋਹਾ ਕੂੜਾ ਨੰਗੇ ਸਿਰ ਚੁੱਕਣ ਤੋਂ ਮਨ੍ਹਾਂ ਕਰਦੇ ਸਨ। ਸਿਰ ਦੀ ਸਫਾਈ ਲਈ ਕੰਘਾ ਫੇਰਨਾ ਜ਼ਰੂਰੀ ਹੈ। ਕੰਘਾ ਵੀ ਲੱਕੜ ਦਾ ਹੋਣਾ ਚਾਹੀਦਾ ਹੈ। ਪਲਾਸਟਿਕ ਦਾ ਕੰਘਾ ਫੇਰਿਆਂ ਇੱਕ ਸੰਭਾਵੀ ਚੰਗਿਆੜੀ ਉਤਪਨ ਹੁੰਦੀ ਹੈ ਜੋ ਵਾਲਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਵਾਲਾਂ ਲਈ ਵੰਨ-ਸੁਵੰਨੇ ਸ਼ੈਂਪੂ ਅਤੇ ਸਾਬਣ ਵੀ ਨੁਕਸਾਨਦੇਹ ਹੁੰਦੇ ਹਨ। ਸਗੋਂ ਅੰਡੇ ਦੇ ਚਿੱਟੇ ਹਿੱਸੇ ਜਾਂ ਦਹੀਂ ਨਾਲ ਵਾਲ ਧੋਣਾ ਫਾਇਦੇਮੰਦ ਹੁੰਦਾ ਹੈ। ਆਰੰਡੀ ਦੇ ਤੇਲ ਨਾਲ ਹਲਕੀ ਜਿਹੀ ਮਾਲਿਸ਼ ਕਰਕੇ, ਗਰਮ ਪਾਣੀ ਵਿਚ ਨਿਚੋੜ ਕੇ, ਤੌਲੀਏ ਵਿਚ ਲਪੇਟ ਕੇ ਸੇਕ ਦੇਣਾ ਵੀ ਲਾਹੇਵੰਦ ਹੈ।

ਸ਼ਰਾਬ ਦੀ ਵਰਤੋਂ ਨਾ ਕੀਤੀ ਜਾਵੇ, ਖੁਦ ਨੂੰ ਅਤਿ ਜ਼ੁਕਾਮ ਤੋਂ ਬਚਾਇਆ ਜਾਵੇ ਤਾਂ ਵਾਲਾਂ ਦੀ ਸਿਹਤ ਲਈ ਲਾਹੇਵੰਦ ਹੈ। ਚਾਹ ਪੱਤੀ ਦੇ ਪਾਣੀ ਨਾਲ ਵਾਲ ਧੋਣਾ ਜਾਂ ਫਿਰ ਪੁਰਾਣੇ ਲੋਕਾਂ ਵਾਂਗ ਜੰਡ ਦੇ ਰੁੱਖ ਦੀਆਂ ਛੱਲਾਂ ਨਾਲ ਧੋਣਾ ਵਾਲਾਂ ਨੂੰ ਸਵਾਰੇਗਾ। ਗਿੱਲੇ ਵਾਲ ਕਦੇ ਨਹੀਂ ਵਾਹੁਣੇ ਚਾਹੀਦੇ; ਉਹ ਟੁੱਟ ਜਾਣਗੇ ਜਾਂ ਇਨ੍ਹਾਂ ਦੀਆਂ ਜੜ੍ਹਾਂ ਕਮਜ਼ੋਰ ਹੋ ਜਾਣਗੀਆਂ। ਸਿਰ ਢਕਿਆ ਰਹਿਣਾ ਚਾਹੀਦਾ ਹੈ!



ਦੇਖੋ ਕਮਾਲ 10ਵੀਂ ਪਾਤਸ਼ਾਹੀ ਦਾ, ਇਹ ਸਭ ਗੱਲਾਂ ਉਨ੍ਹਾਂ ਨੇ ਸਾਨੂੰ 300 ਸਾਲ ਪਹਿਲਾਂ ਦੱਸੀਆਂ। ਹੁਕਮ ਹੈ ਕਿ ਸਿਰ 'ਤੇ ਪਗੜੀ ਬੰਨਣਾ, ਵਾਲ ਕਤਲ ਨਾ ਕਰਨਾ ਅਤੇ ਸਿਰਫ ਲੱਕੜ ਦਾ ਕੰਘਾ ਵਰਤਣਾ। ਹੈ ਕਿ ਨਹੀਂ ਕਮਾਲ ਦੀ ਗੱਲ!

ਲੰਬੇ ਵਾਲ ਹੱਡੀਆਂ ਦੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ। ਸਿਰ 'ਤੇ ਜੂੜਾ ਤਾਂ ਇੱਕ ਸੁਰੱਖਿਆ ਘੇਰਾ ਹੁੰਦਾ ਹੈ। ਹਵਾਈ ਅੱਡਿਆਂ ਦੇ ਨੇੜੇ ਬਣੇ ਅਨੇਕਾਂ ਬੁਰਜ ਆਉਣ ਜਾਣ ਵਾਲੇ ਜਹਾਜ਼ਾਂ ਨੂੰ ਸੰਕੇਤ ਦਿੰਦੇ ਅਤੇ ਲੈਂਦੇ ਹਨ। ਜੇ ਬੁਰਜ ਨਾ ਹੋਣ ਤਾਂ ਹਾਦਸੇ ਹੋ ਜਾਣਗੇ, ਇਵੇਂ ਹੀ ਜੇ ਸਾਡੇ ਸਿਰ 'ਤੇ ਵਾਲ ਨਾ ਹੋਣਗੇ ਤਾਂ ਸਾਡਾ ਸਰੀਰ ਰੋਗੀ ਹੋ ਜਾਵੇਗਾ। ਦਿਲ ਦੇ ਦੌਰੇ, ਜਾਨ ਲੇਵਾ ਬਿਮਾਰੀਆਂ, ਸਰੀਰਕ ਖਲਬਲੀ ਨਾਲ ਸਰੀਰ ਭਰ ਜਾਵੇਗਾ। ਵਾਲ ਹਰ ਤਰ੍ਹਾਂ ਦੀਆਂ ਚੁੰਬਕੀ ਅਤੇ ਬਿਜਲਈ ਊਰਜਾ ਭਾਵੇਂ ਛੋਟੀਆਂ, ਦਰਮਿਆਨੀਆਂ ਜਾਂ ਲੰਬੀਆਂ ਤਰੰਗਾਂ ਹੋਣ, ਵਾਲ ਸਭ ਸੋਖ ਲੈਂਦੇ ਹਨ। ਤਾਂ ਹੀ ਸਾਨੂੰ ਕਦੇ-ਕਦੇ ਅਜੀਬੋ ਗਰੀਬ ਰੂਹਾਨੀ ਸਨੇਹੇ ਮਿਲ ਜਾਂਦੇ ਹਨ ਜੋ ਆਮ ਸਮਝ ਤੋਂ ਪਰ੍ਹੇ ਹੁੰਦੇ ਨੇ। ਵਾਲ ਰੂਹਾਨੀ, ਸਰੀਰਕ ਗਿਆਨੀ ਜਾਂ ਜੰਗਜੂ, ਹਰ ਤਰ੍ਹਾਂ ਦੀਆਂ ਤਰੰਗਾਂ ਸੋਖ ਲੈਂਦੇ ਹਨ। ਵਾਲਾਂ 'ਤੇ ਇਕ ਝਾਤ ਇਨਸਾਨ ਦੇ ਅੰਦਰੂਨੀ ਗੁਣਾਂ ਨੂੰ ਦਰਸਾ ਦਿੰਦੀ ਹੈ। ਵਿਗਿਆਨੀ ਡਾਰਵਿਨ ਦੇ ਸਿਧਾਂਤ ਅਨੁਸਾਰ ਬੰਦੇ ਦੇ ਕੰਮ ਸਮੇਂ ਨਾਲ ਗਾਇਬ ਹੋ ਗਏ ਪਰ ਵਾਲ ਨਹੀਂ। ਇਸੇ ਤੋਂ ਵਾਲਾਂ ਦੀ ਮਹੱਤਤਾ ਦਾ ਪਤਾ ਲੱਗ ਸਕਦਾ ਹੈ।

ਮੰਨਿਆ ਜਾਂਦਾ ਹੈ ਕਿ ਜਿਨ੍ਹਾਂ ਜੋੜਿਆਂ ਦੇ ਵਾਲ ਲੰਬੇ ਹੁੰਦੇ ਹਨ, ਉਨ੍ਹਾਂ ਵਿਚ ਤਾਲਮੇਲ ਦੀ ਕੋਈ ਸਮੱਸਿਆ ਨਹੀਂ ਹੁੰਦੀ। ਜਿਨ੍ਹਾਂ ਮਾਪਿਆਂ ਦੇ ਵਾਲ ਲੰਬੇ ਹੁੰਦੇ ਹਨ, ਉਨ੍ਹਾਂ ਦੇ ਬੱਚੇ ਦਲੇਰ, ਨਿਡਰ ਅਤੇ ਬਿਮਾਰੀਆਂ ਤੋਂ ਬਚੇ ਰਹਿੰਦੇ ਹਨ। ਮਾਨਸਿਕ ਅਤੇ ਸੰਵੇਦਨਾਤਮਕ ਸਮਾਨਤਾ ਬੰਦੇ ਦੇ ਵਾਲ ਬਣਾਈ ਰੱਖਦੇ ਹਨ। ਸੂਰਜ ਦੀਆਂ ਤਪਦੀਆਂ ਕਿਰਨਾਂ (Infrared violet) ਤੋਂ ਬਚਾਉਣਾ, ਹਾਜਮਾ ਠੀਕ ਕਰਨਾ, ਸੁਗੰਧੀ ਦਾ ਅਹਿਸਾਸ ਕਰਾਉਣਾ, ਦਿਲ ਦੀ ਤੇਜ਼ ਧੜਕਣ ਤੋਂ ਬਚਾਉਣਾ-ਇਹ ਵਾਲਾਂ ਦੇ ਕਾਰਜ ਹਨ। ਕਿਹਾ ਜਾਂਦਾ ਹੈ ਕਿ ਨਾਈ ਦਾ ਉਸਤਰਾ ਹੈਪਟਾਈਟਸ ਦੀ ਬਿਮਾਰੀ ਨੂੰ ਸੱਦਾ ਦਿੰਦਾ ਹੈ, ਜੋ ਅੱਗੇ ਚੱਲ ਕੇ ਏਡਜ਼ ਬਣ ਸਕਦਾ ਹੈ। ਨਾ ਨਾਈ ਕੋਲ ਜਾਈਏ, ਨਾ ਬਿਮਾਰੀਆਂ ਸਾਡੇ ਕੋਲ ਆਉਣ। ਵਾਲ ਤਾਂ ਔਰਤ-ਮਰਦ ਨੂੰ ਆਪਸ ਵਿਚ ਆਕਰਸ਼ਿਤ ਵੀ ਕਰਦੇ ਹਨ।

ਕੁਝ ਮਰਦ ਵਾਲ ਕਟਾ ਕੇ, ਕੰਨਾਂ ਵਿਚ ਮੁੰਦਰਾਂ ਪਾ ਕੇ ਆਪਣੇ ਆਪ ਨੂੰ ਔਰਤ ਦਾ ਅਹਿਸਾਸ ਕਰਾਉਂਦੇ ਹਨ ਅਤੇ ਔਰਤਾਂ ਵੀ ਗੁੱਤਾਂ ਕਟਾ ਕੇ ਬੰਦਿਆਂ ਵਾਲੇ ਕੱਪੜੇ ਪਾ ਕੇ ਮਰਦ ਬਣਦੀਆਂ ਹਨ। ਸਿੱਖੀ ਵਿਚ ਇਹ ਸ਼ਰਮਨਾਕ ਕਰਤੂਤ ਵਰਜਿਤ ਹੈ ਜਿਸ ਕਾਰਨ ਲੋਕ ਸਕੂਨ ਦੀ ਜ਼ਿੰਦਗੀ ਜਿਊਂਦੇ ਹਨ। ਆਉਣ ਵਾਲੇ ਸਮੇਂ ਵਿਚ ਖੂਨ ਦੀ ਥਾਂ ਵਾਲਾਂ ਦੇ ਨਮੂਨੇ ਵਿਗਿਆਨਕ ਪਰਖ ਲਈ ਭੇਜੇ ਜਾਇਆ ਕਰਨਗੇ ਕਿਉਂਕਿ ਮੰਨਿਆ ਜਾਂਦਾ ਹੈ ਕਿ ਵਾਲਾਂ ਵਿਚ ਡੀ.ਐਨ.ਏ. ਹੈ। ਜਿਵੇਂ ਪਿੰਡ ਦਾ ਹਕੀਮ 'ਨਿੰਮ' ਹੁੰਦੀ ਹੈ, ਉਵੇਂ ਹੀ 'ਸਰੀਰ ਦਾ ਹਕੀਮ' ਵਾਲ ਹੁੰਦੇ ਹਨ। ਆਉਣ ਵਾਲੇ ਸਮੇਂ ਵਿਚ ਡਾਕਟਰ ਦਵਾਈ ਦੀ ਪਰਚੀ 'ਤੇ ਵਾਲ ਰੱਖਣ ਲਈ ਲਿਖਿਆ ਕਰਨਗੇ; ਆਉਣ ਵਾਲੇ ਸਮੇਂ ਵਿਚ ਲੋਗ ਸਿੱਖੀ ਦਿੱਖ ਵਾਲੇ ਹੋਇਆ ਕਰਨਗੇ।

ਚਾਰਲਸ ਬਰਗ ਅਨੁਸਾਰ ਇਨਸਾਨੀ ਵਾਲਾਂ ਦੀ ਸਾਡੇ ਰਵੱਈਏ ਅਤੇ ਇਖਲਾਕ ਲਈ ਬਹੁਤ ਅਹਿਮੀਅਤ ਹੈ। ਟਰੋਬਿੰਡ ਟਾਪੂ ਦੇ ਵਾਸੀ ਕਿਸੇ ਆਪਣੇ ਦੀ ਮੌਤ 'ਤੇ ਆਪਣੇ ਸਿਰ ਦੇ ਸਾਰੇ ਵਾਲ ਕੱਟ ਲੈਂਦੇ ਹਨ। ਇਹ ਪ੍ਰਤੀਕ ਹੈ, ਕਮੀ ਮਹਿਸੂਸ ਕਰਨ ਅਤੇ ਕਰਾਉਣ ਦਾ। ਕਿਸੇ ਆਪਣੇ ਨੂੰ ਗੁਆਉਣਾ ਜਾਂ ਆਪਣੇ ਪਿਆਰੇ ਵਾਲਾਂ ਨੂੰ ਗੁਆਉਣਾ ਇਨ੍ਹਾਂ ਟਾਪੂ ਵਾਸੀਆਂ ਲਈ ਇੱਕ ਬਰਾਬਰ ਹੈ। ਇਹ ਵੀ ਅਣਚੇਤਨ ਮਨ ਨਾਲ ਜੁੜਿਆ ਹੈ। ਵਾਲਾਂ ਦੀ ਦਿੱਖ ਉਤੇ ਮਾਣ ਕਰਨਾ, ਸਮਾਜਿਕ ਸਵੀਕਾਰਤਾ ਹੋਣਾ ਇਨਸਾਨ ਦੀ ਇੱਕ ਨੁਮਾਇਸ਼ੀ ਸੰਤੁਸ਼ਟੀ ਹੈ। ਕਈ ਕਬੀਲਿਆਂ ਵਿਚ ਵੰਨ-ਸੁਵੰਨੇ ਰਿਵਾਜ਼ ਹੁੰਦੇ ਹਨ, ਜੋ ਵਾਲਾਂ ਨਾਲ, ਰਿਸ਼ਤਿਆਂ ਨਾਲ, ਸਮਾਜਿਕ ਪ੍ਰਵਾਨਗੀ ਆਦਿ ਨਾਲ ਜੁੜੇ ਹੁੰਦੇ ਹਨ। ਇਹ ਰਿਵਾਜ਼ ਬਾਹਰਲੇ ਲੋਕਾਂ ਨੂੰ ਬੇਲੋੜੇ ਲੱਗਦੇ ਹਨ ਪਰ ਇਲਾਕਾ ਨਿਵਾਸੀਆਂ ਨੂੰ ਬਹੁਤ ਪਿਆਰੇ ਹੁੰਦੇ ਨੇ। ਵਾਲਾਂ ਨਾਲ ਸਬੰਧਿਤ ਕਈ ਰਿਵਾਜ਼ ਹੁੰਦੇ ਹਨ। ਕਿਉਂਕਿ ਉਨ੍ਹਾਂ ਲੋਕਾਂ ਲਈ ਵਾਲ 'ਤਾਕਤ ਦੀ ਸਿਖਰ' ਹੁੰਦੇ ਹਨ। ਵਾਲਾਂ ਵਿਚ ਉਪਜਤਾ ਦੀ ਤਾਕਤ ਹੁੰਦੀ ਹੈ। ਕੁਝ ਕਬੀਲੇ ਮਰੇ ਲੋਕਾਂ ਨਾਲ ਆਪਣੇ ਵਾਲ ਵੀ ਦਫਨ ਕਰਦੇ ਨੇ। ਉਹ ਮੰਨਦੇ ਹਨ ਕਿ ਵਾਲ ਸਰਵਉਚ ਤਾਕਤਵਰ ਪਰਮਾਤਮਾ ਕੋਲ ਭੇਜਣੇ ਹਨ। ਜਵਾਨੀ ਵਿਚ ਕਦਮ ਰੱਖਣ ਵਾਲੇ ਕੁਝ ਕਬਾਇਲੀ ਲੋਕ ਆਪਣੇ ਵਾਲ ਦੇਵੀ ਦੇਵਤਿਆਂ ਨੂੰ ਅਰਪਣ ਕਰਦੇ ਹਨ, ਪ੍ਰਜਨਨ ਦੀ ਅਸੀਸ ਲੈਣ ਲਈ। ਕੀ ਇੰਜ ਕਰਨਾ ਸਹੀ ਹੈ? ਦੇਵਤਿਆਂ ਨੇ ਲੈਣਾ ਹੈ ਕਿ ਦੇਣਾ? ਜੇ ਭਗਤਾਂ ਨੂੰ ਦੇਵਤਿਆਂ ਦੀ ਲੋੜ ਹੈ, ਦੇਵਤਿਆਂ ਨੂੰ ਵੀ ਭਗਤਾਂ ਦੀ ਓਨੀ ਹੀ ਲੋੜ ਹੈ। ਇਸ ਕਰਕੇ ਉਨ੍ਹਾਂ ਨੂੰ ਜੋ ਭੇਟਾ ਦਿੱਤੀ ਜਾਂਦੀ ਹੈ, ਉਹ ਕਈ ਗੁਣਾ ਵਧਾ ਕੇ ਭਗਤਾਂ ਨੂੰ ਮੋੜੀ ਜਾਂਦੀ ਹੈ, ਮਰਦਾਨਾ ਤੇ ਜਨਾਨਾ ਤਾਕਤ ਦੇ ਕੇ।

ਵਾਲ ਸ਼ਹਿਨਸ਼ਾਹੀ ਦਾ ਵੀ ਪ੍ਰਤੀਕ ਹੁੰਦੇ ਹਨ। ਜਿਨਾ ਸ਼ਾਹੀ ਘਰਾਣਾ, ਉਨੇ ਹੀ ਸੰਘਣੇ ਅਤੇ ਵਧੀਆ ਲੰਬੇ ਵਾਲ। ਹੈਵਲਕ ਐਲਿਸ ਮੰਨਦੇ ਨੇ ਕਿ ਵਾਲ ਸਰੀਰਕ ਉਤਪਤੀ ਅਤੇ ਆਕਰਸ਼ਣ ਵਿਚ ਗੂੜ੍ਹਾ ਸਬੰਧ ਰੱਖਦੇ ਹਨ। ਕਾਮਵਾਸ਼ਨਾ ਦੇ ਜੋਸ਼ ਵਿਚ ਹੋਰਨਾਂ ਅੰਗਾਂ ਤੋਂ ਇਲਾਵਾ ਵਾਲ ਕੁਝ ਜ਼ਿਆਦਾ ਹੀ ਮਹੱਤਵ ਰੱਖਦੇ ਹਨ। ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਣ ਵਾਲੇ ਗੱਭਰੂ-ਮੁਟਿਆਰਾਂ ਦੇ ਜਿੰਨਾ ਚਿਰ ਅੰਦਰੂਨੀ ਵਾਲ ਪਰਪੱਕ ਨਹੀਂ ਹੋਣਗੇ, ਉਨ੍ਹਾਂ ਦੇ ਕਾਮਵਾਸ਼ਨਾ ਨਾਲ ਸਬੰਧਿਤ ਅੰਗ ਵਿਕਸਿਤ ਨਹੀਂ ਹੋਣਗੇ ਭਾਵੇਂ ਸਿਰ ਦੇ ਵਾਲ ਕਿੰਨੇ ਵੀ ਲੰਬੇ, ਸੰਘਣੇ ਅਤੇ ਸੁੰਦਰ ਕਿਉਂ ਨਾ ਹੋਣ। ਪੌਲੈਂਡ ਕਬੀਲੇ ਦੇ ਲੋਕ ਵਾਲਾਂ ਨੂੰ ਜਣਨ ਅੰਗਾਂ ਨਾਲ ਜੋੜਦੇ ਹਨ। ਉਹ ਕਹਿੰਦੇ ਹਨ ਕਿ ਕੁਦਰਤ ਨੇ ਸਰੀਰਕ ਤੌਰ 'ਤੇ ਵਾਲਾਂ ਅਤੇ ਕਾਮਵਾਸ਼ਨਾ ਨੂੰ ਆਪਸ ਵਿਚ ਜੋੜਿਆ ਹੈ।

ਕਿਹਾ ਜਾ ਸਕਦਾ ਹੈ ਕਿ ਲੰਮੇ ਵਾਲ ਹੀ ਹੱਡੀਆਂ ਦੀਆਂ ਬੀਮਾਰੀਆਂ ਤੋਂ ਬਚਾਉਂਦੇ ਹਨ। ਵਾਲ ਹੀ ਪੈਦਾਇਸ਼ ਦੀ ਤਾਕਤ ਹਨ। ਵਾਲਾਂ ਦੀ ਦਿੱਖ ਵਿਚ ਹੀ ਗਰਵ ਕਰਨਾ, ਸਮਾਜਿਕ ਪ੍ਰਵਾਨਗੀ ਹੋਣਾ ਇਨਸਾਨ ਦੀ ਇੱਕ ਨੁਮਾਇਸ਼ੀ ਸੰਤੁਸ਼ਟੀ ਹੈ। ਪਰਮਾਤਮਾ ਨੇ ਇਨਸਾਨ ਨੂੰ ਗੁਣਾਂ ਨਾਲ ਨਿਵਾਜਿਆ ਹੈ। 'ਵਾਲਾਂ ਸਣੇ ਸਰੀਰ' ਪਰਮਾਤਮਾ ਦੀ ਬਖਸ਼ਿਸ਼ ਹੈ, ਇੱਕ ਤੋਹਫਾ ਹੈ ਨਾ ਕਿ ਬੋਝ। ਇਸ ਲਈ ਵਾਲਾਂ ਨੂੰ ਪਵਿੱਤਰ ਮੰਨਦਿਆਂ ਉਨ੍ਹਾਂ ਦਾ ਕਤਲ ਨਹੀਂ ਕਰਨਾ ਚਾਹੀਦਾ।

# ਬਿੱਲੀ ਦੀ ਪੂਛ

***ਵੈਸੇ ਤਾਂ ਦੁਨੀਆਂ ਭਰ ਦੇ ਸਿਆਸਤਦਾਨਾਂ ਬਾਰੇ ਇਹ ਗੱਲ ਕਾਫੀ ਹੱਦ ਤੱਕ ਸਹੀ ਹੈ ਕਿ ਉਹ ਆਪਣੀ ਲੋੜ ਅਨੁਸਾਰ ਰੰਗ ਬਦਲਦੇ ਰਹਿੰਦੇ ਹਨ ਪਰ ਭਾਰਤੀ ਸਿਆਸਤਦਾਨਾਂ ਬਾਰੇ ਇਹ ਗੱਲ ਵਧੇਰੇ ਢੁਕਦੀ ਹੈ। ਪੰਜਾਬ ਦੇ ਅਕਾਲੀ, ਕਾਂਗਰਸੀ ਤੇ ਕਮਿਊਨਿਸਟ ਵੀ ਇਸ ਵਰਤਾਰੇ ਤੋਂ ਬਾਹਰ ਨਹੀਂ ਹਨ। ਇਸ ਲੇਖ ਵਿਚ ਲੇਖਕ ਨੇ ਪੰਜਾਬ ਦੇ ਵੱਖ ਵੱਖ ਰੰਗਾਂ ਦੇ ਸਿਆਸਤਦਾਨਾਂ ਦੇ ਹਵਾਲੇ ਨਾਲ ਉਪਰੋਕਤ ਵਿਚਾਰ ਨੂੰ ਸਾਬਤ ਕੀਤਾ ਹੈ। -ਸੰਪਾਦਕ***

ਦੁਨੀਆਂ ਦੇ ਸਾਰੇ ਜੁੱਗ ਪੁਰਸ਼ਾਂ ਜਾਂ ਪੀਰਾਂ-ਗੁਰੂਆਂ ਦੀ ਇੱਕ ਗੱਲ ਸਾਂਝੀ ਹੈ। ਗਲਤ ਜਾਂ ਸਹੀ, ਜਿਉਂਦੇ ਜੀਅ ਉਨ੍ਹਾਂ ਨੇ ਆਪਣੀ ਆਸਥਾ ਜਾਂ ਵਿਚਾਰਧਾਰਾ ਨਹੀਂ ਬਦਲੀ। ਨਾ ਇਸ ਵਿਚ ਝੋਲ ਆਉਣ ਦਿੱਤੀ, ਨਾ ਉਮਰ ਵਧਣ ਨਾਲ ਪੈਂਤੜਾ ਬਦਲਿਆ। ਆਮ ਬੰਦਾ ਇਉਂ ਨਹੀਂ ਕਰਦਾ, ਉਮਰ ਦੇ ਵਧਣ ਨਾਲ ਕਈ ਰੰਗ ਬਦਲਦਾ ਹੈ, ਬਲਕਿ ਇੱਕੋ ਵੇਲੇ ਹੀ ਉਹ ਕਈ ਜ਼ਿੰਦਗੀਆਂ ਭੋਗਦਾ ਹੈ। ਇੱਕ ਸੁਣਿਆ ਸੁਣਾਇਆ ਟੋਟਕਾ ਯਾਦ ਆਉਂਦਾ ਹੈ। ਕਹਿੰਦੇ, ਬੰਦਾ ਜਦੋਂ ਜਵਾਨ ਹੁੰਦਾ ਹੈ, ਉਹ ਰਵਾਇਤਨ ਬਾਗੀ ਹੁੰਦਾ ਹੈ ਤੇ ਕਾਮਰੇਡਾਂ ਨਾਲ ਜਾ ਰਲਦਾ ਹੈ, ਫਿਰ ਜਦੋਂ ਵਿਆਹਿਆ ਜਾਂਦਾ ਹੈ, ਉਹ ਅਕਾਲੀ, ਕਾਂਗਰਸੀ ਜਾਂ ਮੁੱਖ ਧਾਰਾ ਦੀ ਕਿਸੇ ਪਾਰਟੀ ਨਾਲ ਜਾ ਖੜਦਾ ਹੈ। ਜੁਆਕ ਜਦੋਂ ਆਖਾ ਮੰਨਣੋਂ ਹਟ ਜਾਣ ਤਾਂ ਉਹ ਅਧਿਆਤਮ ਵੱਲ ਮੂੰਹ ਕਰ ਲੈਂਦਾ ਹੈ। ਆਪਣੀ ਇਹ ਮੌਕਾਪ੍ਰਸਤੀ ਉਸ ਨੂੰ ਬੜੀ ਰਾਸ ਆਉਂਦੀ ਹੈ।



ਦੁਨੀਆਂਦਾਰੀ ਵਿਚ ਵਿਚਰਦਿਆਂ ਕਈ

**ਅਵਤਾਰ ਗੋਂਦਾਰਾ**
ਫੋਨ: 559-375-2589

ਆਗੂਆਂ ਨਾਲ ਵਾਹ ਪਿਆ। ਇਹ ਸਤਰੰਗੀ ਪੀਂਘ ਦੇਖਣ ਵਾਂਗ ਹੈ। ਅਕਾਲੀ, ਕਾਂਗਰਸੀ, ਜਨਤਾ ਦਲੀਏ, ਦਲਿਤਾਂ ਦੇ ਮਸੀਹਾ ਤੇ ਬਹੁਤੇ ਕਮਿਊਨਿਸਟ-ਆਪੋ ਆਪਣੇ ਪੈਰੋਕਾਰਾਂ ਨੂੰ ਸੁਫਨੇ ਵੇਚਣ ਦੇ ਮਾਹਰ। ਕਦੇ ਉਨ੍ਹਾਂ ਦਾ ਆਪਸ ਵਿਚ ਜਾਬਾਂ ਦਾ ਭੇੜ ਵੀ ਹੁੰਦਾ। ਅਸੀਂ ਵੀ ਵਿਚ ਰਲ ਜਾਂਦੇ। ਪੈਂਤੜੇ ਬਦਲਣ ਵਿਚ, ਪੰਜਾਬ ਵਿਚਲੇ ਬਹੁਤੇ ਕਾਮਰੇਡਾਂ ਨੇ ਬਾਜੀਗਰਾਂ ਨੂੰ ਵੀ ਮਾਤ ਪਾਈ ਹੈ। ਬਹੁਤੇ ਖਾਂਦੇ ਪੀਂਦੇ ਸਿੱਖ ਘਰਾਂ ਦੇ ਜੰਮਪਲ। ਉਨ੍ਹਾਂ ਵਿਚ ਨਿਹੰਗਪੁਣਾ ਵੀ ਹੈ। ਗੱਲ ਸਮਝਾਉਣ ਦੀ ਬਜਾਏ, ਉਹ ਮਨਾਉਣ 'ਚ ਜ਼ਿਆਦਾ ਯਕੀਨ ਕਰਦੇ ਹਨ। ਸ਼ਾਇਦ ਕਦੇ ਕੋਈ, ਇਸ ਬਾਰੇ ਸੋਧ-ਪ੍ਰਬੰਧ (ਥੀਸਿਸ) ਲਿਖੇ ਕਿ ਪੰਜਾਬੀ ਕਾਮਰੇਡ ਕਿਰਤੀ/ਕਿਰਤ ਦੀ ਮੁਕਤੀ ਦਾ ਔਖਾ ਰਾਹ ਛੱਡ ਕੇ 'ਪਰਿਵਾਰਕ ਮੁਕਤੀ' ਜਾਂ 'ਆਤਮਕ ਮੁਕਤੀ' ਲਈ ਇੱਧਰ-ਉਧਰ ਦੀਆਂ ਪਾਰਟੀਆਂ, ਸ਼ੋਭਿਆਂ ਦੇ ਬਣੇ ਬਣਾਏ ਗਾਡੀ ਰਾਹਾਂ 'ਤੇ ਕਿਉਂ ਚੜ੍ਹ ਗਏ?

ਇੱਕ ਦਿਨ ਮੇਰੇ ਕਚਹਿਰੀ ਵਾਲੇ ਚੈਂਬਰ 'ਤੇ ਬਹਿਸ ਹੋ ਰਹੀ ਸੀ। ਇੱਕ ਪਾਸੇ ਫਰੀਦਕੋਟ ਏਰੀਏ ਦਾ ਕਾਮਰੇਡ, ਦੂਜੇ ਪਾਸੇ ਕਮਿਊਨਿਸਟਾਂ ਨਾਲੋਂ ਵਿਚਾਰਧਾਰਕ ਤੋੜ ਵਿਛੋੜਾ ਕਰ ਚੁਕੇ ਆਗੂ ਸਰਾਫ ਦੇ ਪੈਰੋਕਾਰ। ਮੁੱਦਾ ਸੀ, ਰੂਸੀ ਫੌਜ ਦੀ ਅਫਗਾਨਿਸਤਾਨ ਵਿਚ ਮੌਜੂਦਗੀ। ਸਰਾਫ ਦੇ ਸਮਰਥਕ ਕਹਿ ਰਹੇ ਸਨ ਕਿ ਫੌਜ ਦਾ ਉਥੇ ਹੋਣਾ ਗਲਤ ਹੈ। ਇਹ ਇੱਕ ਮੁਲਕ ਦੀ ਦੂਜੇ ਮੁਲਕ ਵਿਚ ਦਖਲਅੰਦਾਜ਼ੀ ਹੈ। ਰੂਸ ਵੀ ਅਮਰੀਕਾ ਨਾਲੋਂ ਘੱਟ ਧੱਕੜ ਨਹੀਂ ਕਿ ਰੂਸ ਸੋਸ਼ਲ ਇੰਪੀਰੀਏਲਿਸਟ ਹੈ। ਬਹਿਸ ਲੰਮਾ ਸਮਾਂ ਚੱਲੀ। ਇਸ ਦੌਰਾਨ ਕਈ ਵਾਰ ਚਾਹ ਮੰਗਵਾਉਣੀ ਪਈ। ਕੁੜੱਤਣ ਵਧਦੀ ਦੇਖ ਕੇ ਮੈਂ ਦੋਹਾਂ ਧਿਰਾਂ ਨੂੰ ਗੱਲ ਨਿਬੇੜਨ ਲਈ ਕਿਹਾ। ਪਰ ਸਰਾਫ ਵਾਲੀ ਧਿਰ ਕਾਮਰੇਡ ਨੂੰ ਹਰਾਉਣ ਲਈ ਬਜਿੱਦ ਸੀ। ਗੱਲ ਸਿਰੇ ਨਾ ਲਗਦੀ ਵੇਖ ਕੇ ਕਾਮਰੇਡ ਕਹਿੰਦਾ, "ਯਾਰ ਰੂਸੀ ਫੌਜਾਂ ਤਾਂ ਉਥੇ ਹੀ ਰਹਿਣਗੀਆਂ, ਤੁਸੀਂ ਜਿਹੜੀ ਪੂਛ ਪੱਟਣੀ ਹੈ, ਪੱਟ ਲਵੋ।" ਗੱਲ ਹਾਸੇ 'ਚ ਪੈ ਗਈ। ਬਹਿਸ ਯੱਕ ਦਮ ਖਤਮ ਹੋ ਗਈ। ਝੋਲੇ ਚੁੱਕ ਕੇ ਸਾਰੇ ਆਪੋ ਆਪਣੇ ਘਰਾਂ ਨੂੰ ਪਰਤ ਗਏ।

ਮੇਰਾ ਕੁਲੀਗ ਐਡਵੋਕੇਟ ਕਰਮਜੀਤ ਧਾਲੀਵਾਲ ਕਾਮਰੇਡਾਂ ਦਾ ਪੱਖ ਬਾਖੂਬੀ ਪੂਰ ਸਕਦਾ ਹੈ। ਇੱਕ ਦਿਨ ਉਸ ਨੂੰ ਇੱਕ ਕਾਂਗਰਸੀ ਕਹਿੰਦਾ, "ਥੋਡੀ ਪਾਰਟੀ ਨੂੰ ਸਦੀ ਹੋ'ਗੀ ਕੰਮ ਕਰਦਿਆਂ, ਇਨਕਲਾਬ ਤਾਂ ਕੀ, ਉਸ ਦਾ ਦੂਰ ਕਿਧਰੇ ਧੂੰਆਂ ਵੀ ਨਜ਼ਰ ਨਹੀਂ ਪੈਂਦਾ। ਕੀ ਫਾਇਦਾ ਅਜਿਹੀ ਪਾਰਟੀ ਦਾ?" ਉਹ ਉਸ ਨੂੰ ਕਾਂਗਰਸ ਵਿਚ ਰਲਣ ਲਈ ਮਨਾ ਰਿਹਾ ਸੀ। ਉਹ ਚੁਣੌਤੀ ਦਿੰਦਿਆਂ ਕਹਿਣ ਲੱਗਾ, "ਸਾਡੇ ਮੂਹਰੇ ਹਿੰਦੁਸਤਾਨ ਦੀ ਕੋਈ ਪਾਰਟੀ ਨ੍ਹੀਂ ਬੋਲ ਸਕਦੀ, ਤੁਸੀਂ ਵੀ ਨਹੀਂ। ਸਾਰੀਆਂ ਪਾਰਟੀਆਂ ਕਮਿਊਨਿਸਟਾਂ ਦੀਆਂ ਦੇਣਦਾਰ ਆ।"

ਉਹ ਇੱਕ ਇੱਕ ਕਰਕੇ ਉਦਾਹਰਣਾਂ ਦੇਣ ਲੱਗਾ, "ਦੇਖੋ, ਪੰਜਾਬ ਦੇ ਪਹਿਲੇ ਮੁੱਖ ਮੰਤਰੀਆਂ 'ਚੋਂ ਭੀਮ ਚੰਦ ਸੱਚਰ, ਕਾਮਰੇਡ ਜੈ ਕਿਸ਼ਨ, ਪੈਪਸੂ ਦਾ ਕਾਮਰੇਡ ਬ੍ਰਿਸ਼ਭਾਨ ਕਾਮਰੇਡਾਂ ਦੀ ਸਥਾਪਤੀ ਨੂੰ ਦੇਣ ਹੈ। ਗੁਰਚਰਨ ਸਿੰਘ ਟੌਹੜਾ ਦੇ ਰੂਪ 'ਚ ਸਿੱਖਾਂ ਨੂੰ ਮਹਾਨ ਲੀਡਰ ਦਿੱਤਾ ਤੇ ਫਿਰ ਉਸ ਦੇ ਦੋ ਸਲਾਹਕਾਰ ਪ੍ਰੋ. ਚੰਦੂਮਾਜਰਾ ਅਤੇ ਮਾਲਵਿੰਦਰ ਸਿੰਘ ਮਾਲੀ ਸਾਡੇ 'ਚੋਂ ਗਏ ਆ। ਇੱਕ ਵਾਰ ਵਿਧਾਇਕ ਤੇ ਐਮ.ਪੀ. ਦੀ ਚੋਣ ਲੜਿਆ ਕਾਮਰੇਡ ਮੱਖਣ ਸਿੰਘ, ਅਸੀਂ ਪਹਿਲਾਂ ਅਕਾਲੀਆਂ ਨੂੰ ਦਿੱਤਾ, ਫਿਰ ਉਸ ਨੇ ਕਾਂਗਰਸ ਪਾਰਟੀ ਦੀ ਸੇਵਾ ਕੀਤੀ। ਬਲਮਗੜ੍ਹ ਤੇ ਪ੍ਰੋ. ਬਲਵੰਤ ਬਾਰੇ ਤੈਨੂੰ ਪਤਾ ਈ ਐ।"

ਇਹ ਤਾਂ ਪੰਜਾਬ ਦਾ ਹਾਲ ਹੈ, ਬਾਕੀ ਸੂਬਿਆਂ 'ਚ ਵੀ ਵੱਖ ਵੱਖ ਪਾਰਟੀਆਂ, ਇਸ ਪੱਖ ਤੋਂ ਖੱਬੀ ਲਹਿਰ ਦੀਆਂ ਕਰਜਈ ਹਨ।

ਸਾਦਕ ਵੱਲ ਦਾ ਇਕ ਕਾਮਰੇਡ ਮੇਰੇ ਕੋਲ ਆਉਂਦਾ ਸੀ, ਉਹ ਹਮੇਸ਼ਾ ਚਿੱਟੇ ਕੱਪੜੇ ਪਾਉਂਦਾ। ਉਸ ਦਾ ਚੂੜੀਦਾਰ ਪਜਾਮਾ ਹੁੰਦਾ। ਹੱਥ ਵਿਚ ਸੋਟੀ। ਉਹ ਕਿਸਾਨ ਫਰੰਟ 'ਤੇ ਕੰਮ ਕਰਦਾ ਸੀ। ਸਾਹਿਬੇ ਜਾਇਦਾਦ ਸੀ। ਉਸ ਨਾਲ 'ਮਜਦੂਰ ਫਰੰਟ' ਦਾ ਇਕ ਮੈਂਬਰ ਜਰੂਰ ਹੁੰਦਾ ਜਿਸ ਨੇ ਉਸ ਦਾ ਝੋਲਾ ਚੁੱਕਿਆ ਹੁੰਦਾ। ਇੱਕ ਦਿਨ ਉਸ ਦੇ ਅਕਾਲੀ ਰਿਸ਼ਤੇਦਾਰ ਤੇ ਉਸ ਦਰਮਿਆਨ ਹੁੰਦੀ ਗੱਲਬਾਤ ਸੁਣੀ। ਰਿਸ਼ਤੇਦਾਰ ਕਹਿੰਦਾ, "ਤੂੰ ਇਹ ਨੰਗਾਂ ਦੀ ਪਾਰਟੀ ਦਾ ਖਹਿੜਾ ਕਿਉਂ ਨ੍ਹੀਂ ਛੱਡਦਾ। ਮੈਂ ਤਾਂ ਬੜਾ ਬਚਿਆ...ਅਕਾਲੀ ਪਾਰਟੀ ਜੁਆਇਨ ਕਰ'ਲੀ ਤੇ ਪਿੰਡ ਦਾ ਸਰਪੰਚ ਹਾਂ। ਪੂਰੀ ਟੌਹਰ ਐ। ਤੇਰੇ ਮਗਰ ਲੱਗ ਕੇ ਮੈਂ ਐਂਵੇ ਵਿਹੜਿਆਂ ਦੀ ਧੂੜ ਫੱਕਦਾ ਰਿਹਾ।" ਪਹਿਲਾਂ ਉਹ ਵੀ ਕਾਮਰੇਡ ਹੁੰਦਾ ਸੀ। ਉਸ ਨੇ ਸਮਝੌਤੀ ਦਿੰਦਿਆਂ ਕਿਹਾ, "ਪੰਜਾਬ ਵਿਚ ਮਜਦੂਰ ਹੈ ਹੀ ਕਿਹੜੇ। ਬਾਹਲੇ ਪੂਰਬੀਏ ਆ। ਉਹ ਥੋਡੇ ਮਗਰ ਨ੍ਹੀਂ ਲੱਗਣੇ। ਪਿੰਡਾਂ ਦੇ ਵਿਹੜੇ ਵਾਲਿਆਂ ਦੀਆਂ ਆਪਣੀਆਂ ਪਾਰਟੀਆਂ ਹਨ, ਉਹ ਜੱਟ ਕਾਮਰੇਡਾਂ ਦਾ ਊਂ ਹੀ ਵਿਸਾਹ ਨ੍ਹੀਂ ਖਾਂਦੇ। ਲੈ ਦੇ ਕੇ ਜ਼ਿਮੀਂਦਾਰ ਹੀ ਰਹਿ ਗਏ ਹਨ। ਉਹ ਕਾਮਰੇਡਾਂ ਮਗਰ ਲਗਦੇ ਨ੍ਹੀਂ। ਮੁਜਾਹਰਾ ਲਹਿਰ ਦੀ ਦੇਖ ਲੈ। ਜਦੋਂ ਜ਼ਮੀਨਾਂ ਮਿਲ ਗਈਆਂ, ਉਹ ਕਾਮਰੇਡਾਂ ਦਾ ਖਹਿੜਾ ਛੱਡ ਗਏ। ਕੋਈ ਅਕਾਲੀਆਂ ਨਾਲ ਜਾ ਰਲਿਆ, ਕੋਈ ਕਾਂਗਰਸੀ ਬਣ ਗਿਆ। ਇਹ ਥੋਡੇ 'ਕਿਰਤ ਦੀ ਮੁਕਤੀ' ਦੇ ਸਿਧਾਂਤ ਨਾਲ ਕੱਠੇ ਨ੍ਹੀਂ ਹੁੰਦੇ। ਕੁਝ ਆਵਦੀ ਕਰ ਕੇ ਖਾਂਦੇ ਆ, ਕੁਝ ਵਿਹੜੇ ਵਾਲਿਆਂ ਜਾਂ ਭੱਈਆਂ ਦੇ ਸਿਰ 'ਤੇ ਐਸ਼ ਕਰਦੇ ਆ। ਇਨ੍ਹਾਂ ਨੂੰ 'ਕਿਰਤ ਦੀ ਲੁੱਟ' ਦਾ ਹੇਰਵਾ ਨਹੀਂ। ਇਹ 'ਮੁੱਛ' ਜਾਂ 'ਪਛਾਣ' ਪਿੱਛੇ ਮਰ ਸਕਦੇ ਆ। ਇਸ ਦੇ ਖੁੱਸਣ ਦਾ ਡਰ ਦਿਖਾ ਕੇ ਜਿਵੇਂ ਮਰਜੀ ਮਗਰ ਲਾ ਲੋ। ਇਹੀ ਹੈ ਪੰਜਾਬ ਦੀ ਰਣਨੀਤੀ।"

ਗੱਲ ਨੂੰ ਵਿਸਥਾਰ ਦਿੰਦਿਆਂ ਕਹਿਣ ਲੱਗਾ, "ਬਾਈ, ਨਾਲੇ ਇਲਾਕਾਈ ਸਿਆਸਤ ਕਰਨ ਵਾਲੇ ਕੇਂਦਰ ਵਾਲਿਆਂ ਨੂੰ ਵੀ ਬੜੇ ਰਾਸ ਆਉਂਦੇ ਆ। ਜਿੰਨੇ ਮਰਜੀ ਮਿਲੀਟੈਂਟ ਬਣ ਜਾਣ। ਕੱਲਿਆਂ ਕੱਲਿਆਂ ਨੂੰ ਕੁੱਟਣਾ ਸੌਖੈ। ਦੇਖ ਲੈ ਭਾਵੇਂ ਅਸਾਮੀ ਹੋਣ, ਭਾਵੇਂ ਬੋਡੋ, ਭਾਵੇਂ ਨਾਗੇ, ਭਾਵੇਂ ਖਾਲਿਸਤਾਨੀ। ਹਿੰਦੂ ਨੇ ਸਾਨੂੰ (ਅਕਾਲੀਆਂ) ਕਿਵੇਂ ਗਲ ਲਾ ਕੇ ਰੱਖਿਐ।"

ਪਰ ਕਾਮਰੇਡ ਵੀ ਹੱਥਿਆਰ ਸੁੱਟਣ ਵਾਲਾ ਨਹੀਂ ਸੀ। ਕਹਿੰਦਾ, "ਤੇਰੀਆਂ ਸਾਰੀਆਂ ਗੱਲਾਂ ਨਾਲ ਸਹਿਮਤ ਆਂ। ਮੈਂ ਮੂਰਖ ਆਂ ਕਿਤੇ। ਤੈਨੂੰ ਕੀ ਲਗਦੈ, ਮੈਂ 'ਕਿਰਤ ਦੀ ਮੁਕਤੀ' ਲਈ ਪਾਰਟੀ ਮੈਂਬਰ ਬਣਿਆਂ। ਸਾਲ 'ਚ ਪੰਜ ਚਾਰ ਸੌ ਫੰਡ ਦੇ ਦਈਦੈ। ਵਾੜੇ ਦੀ ਬੈਠਕ 'ਚ ਕਾਮਰੇਡ ਮੀਟਿੰਗ ਕਰ ਲੈਂਦੇ ਆ। ਚਾਹ ਪਿਆ ਦਈਦੀ ਐ। ਦੱਸ ਮੇਰਾ ਇਸ ਵਿਚ ਕੀ ਗੁਆਚਦੈ। ਨਾਲੇ ਅਕਾਲੀਆਂ-ਕਾਂਗਰਸੀਆਂ 'ਚ ਲੀਡਰਾਂ ਦੇ ਪਹਿਲਾਂ ਹੀ ਵੱਗ ਫਿਰਦੇ ਆ। ਦੇਖ, ਸੁੱਖ ਨਾਲ ਆਪਣੇ ਕੋਲ ਚੰਗੀ ਜ਼ਮੀਨ ਆ। ਦਿਹਾੜੀਆਂ ਦਾ ਬੜਾ ਤੋੜਾ ਐ ਸਾਡੇ ਪਿੰਡਾਂ ਵਿਚ। ਝੋਨਾ ਲਾਉਣ ਵੇਲੇ ਬੰਦਾ ਨ੍ਹੀਂ ਮਿਲਦਾ। ਜਦੋਂ ਕਦੇ ਲੋੜ ਹੁੰਦੀ ਆ 'ਖੇਤ ਮਜਦੂਰ ਸਭਾ' ਦੇ ਅਹੁਦੇਦਾਰ ਨੂੰ ਕਹਿ ਦਈਦਾ ਕਿ ਐਨੇ ਦਿਹਾੜੀਏ ਚਾਹੀਦੇ ਹਨ। ਲੱਤਾਂ ਨ੍ਹੀਂ ਕਢਾਉਣੀਆਂ ਪੈਂਦੀਆਂ। ਦੂਜਿਆਂ ਨਾਲੋਂ ਸਸਤੇ ਤੇ ਕੱਠੇ ਬਾਰ 'ਚ ਆ ਖੜਦੇ ਆ। ਕੀ ਮਾੜਾ ਸੌਦਾ ਹੈ! ਨਾਲੇ ਥਾਣੇ ਕਚਹਿਰੀਆਂ ਵਿਚ ਵੀ ਪੁੱਛ ਦੱਸ ਹੈ, ਬਈ ਕਾਮਰੇਡ ਆਇਐ।" ਕਾਮਰੇਡ ਨੇ ਭੇਤ ਸਾਂਝਾ ਕਰਦਿਆਂ ਗੱਲ ਮੁਕਾਈ।

ਕਮਿਊਨਿਸਟ ਸਾਥ ਦੇ 'ਕੱਠੇ ਕੀਤੇ ਅਨੁਭਵ ਦਾ ਲਾਹਾ ਲੈਣ ਵਾਲਿਆਂ ਦੀ ਸੂਚੀ ਲੰਮੀ ਹੈ। ਇਨ੍ਹਾਂ 'ਚੋਂ ਦੋ ਸਮਕਾਲੀ ਹਨ-ਇਕ ਕਾਮਰੇਡ ਮੱਖਣ ਸਿੰਘ ਸਰਾਵਾਂ ਤੇ ਦੂਜਾ ਅਜਮੇਰ ਸਿੰਘ। ਦੋਨੋਂ ਲਗਭਗ ਅੱਧੀ ਸਦੀ ਕਾਮਰੇਡਾਂ ਨਾਲ ਫਿਰਦੇ ਰਹੇ। ਫਿਰ ਅਚਾਨਕ ਸੋਝੀ ਆਈ ਤੇ ਯੂ ਕੱਟ ਮਾਰਿਆ। ਇੱਕ ਬੈਂਕਰ ਬਣ ਗਿਆ; ਦੂਜਾ ਚਿੰਤਕ, ਪ੍ਰਚਾਰਕ ਅਤੇ ਇਤਿਹਾਸਕਾਰ।

***ਕਿਸੇ ਸਿਆਣੇ ਦਾ ਕਹਿਣਾ ਹੈ, ਸਫਾਂ ਟਰਾਲੀ ਵਾਂਗ ਹੁੰਦੀਆਂ ਹਨ, ਜਿਸ ਆਗੂ ਨੂੰ ਮਗਰ ਜੋੜਨਾ ਆਉਂਦੈ, ਉਹ ਆਵਦੇ 'ਸਿਧਾਂਤ ਦੇ ਟਰੈਕਟਰ' ਨਾਲ ਟੋਚਨ ਕਰ ਕੇ ਲੈ ਜਾਂਦਾ ਹੈ। ਧਰਮੀਆਂ ਵਾਂਗ ਭਾਰਤੀ ਸਫਾਂ ਨੂੰ 'ਸੋਚਣਾ' ਨਹੀਂ 'ਮੰਨਣਾ' ਸਿਖਾਇਆ ਜਾਂਦਾ ਹੈ। ਜਿਵੇਂ 'ਸਿਧਾਂਤ' ਕੋਈ 'ਭਾਣੇ' ਵਰਗੀ ਚੀਜ ਹੋਵੇ। ਖਾਲਿਸਤਾਨੀ ਉਭਾਰ ਸਮੇਂ ਕਈ ਸਿੱਖ ਕਾਮਰੇਡ ਕੁਲਵਕਤੀਆਂ ਨੇ ਕਾਮਰੇਡੀ ਝੱਗਾ ਲਾਹ ਕੇ ਕੇਸਰੀ ਬਾਣਾ ਪਾ ਲਿਆ ਸੀ।***

ਛੇਵੇਂ ਦਹਾਕੇ 'ਚ ਮੱਖਣ ਸਰਾਵਾਂ ਨੂੰ ਮੈਂ ਝੱਗੇ-ਪਜਾਮੇ 'ਚ ਫਿਰਦੇ ਦੇਖਿਆ ਸੀ। ਉਦੋਂ ਮੈਂ ਕਾਲਜ 'ਚ ਪੜ੍ਹਦਾ ਸਾਂ। ਦੁਵਰਕੀਆਂ ਤੇ ਰਸਾਲਿਆਂ ਦਾ ਝੋਲਾ ਭਰੀ ਉਹ ਨਕਸਲੀ ਪਾਰਟੀ ਲਈ ਕੰਮ ਕਰਦਾ ਸੀ। ਉਹ ਜਿਸ ਘਰੇ ਵੀ ਜਾਂਦਾ, ਉਸ ਦਾ ਜੀਆਂ ਵਰਗਾ ਮਾਣ-ਸਤਿਕਾਰ ਹੁੰਦਾ। ਉਸ ਦਾ ਜੀਵਨ ਤਿਆਗੀਆਂ ਵਾਲਾ ਸੀ। ਸ਼ਾਇਦ ਹੀ ਕਦੇ, ਉਸ ਨੇ ਪੈਂਟ-ਕੋਟ ਪਾਇਆ ਹੋਵੇ, ਰੱਜ ਕੇ ਰੋਟੀ ਖਾਧੀ ਹੋਵੇ ਤੇ ਕਾਰ ਦਾ ਹੂਟਾ ਲਿਆ ਹੋਵੇ। ਉਸ ਨੇ ਕਾਮਰੇਡੀ ਕੀ ਛੱਡੀ, ਉਸ ਦੀ ਤਾਂ ਕਾਇਆ ਕਲਪ ਹੋ ਗਈ। ਉਸ ਨੇ ਫਾਈਨੈਂਸ ਦਾ ਕੰਮ ਵਿੱਢ ਲਿਆ। ਬਹੁਤੇ ਵਿਆਜ ਦਾ ਲਾਲਚ ਦੇ ਕੇ, ਪੰਜਾਬ ਦੇ ਸਾਰੇ ਖੱਬੇ ਪੱਖੀ ਜਾਣੂੰਆਂ ਦੀ ਜੋੜੀ ਹੋਈ ਮਾਇਆ ਆਵਦੇ ਹੱਥਾਂ ਵਿਚ ਕਰ ਲਈ। ਕੁਝ ਸਾਲ ਵਧੀਆ ਜੁਗਾੜ ਚੱਲਿਆ। ਉਸ ਨੇ ਜ਼ੈਨ ਕਾਰ ਲੈ ਲਈ। ਡਰਾਈਵਰ ਰੱਖ ਲਿਆ। ਕੋਟ ਪੈਂਟ ਪਾਉਣਾ ਸ਼ੁਰੂ ਕੀਤਾ। ਜਦੋਂ ਵੀ ਕੋਈ ਉਸ ਨੂੰ ਮਿਲਦਾ, ਬਿਨਾ ਗੱਲੋਂ ਉਸ ਦਾ ਹਾਸਾ ਨਿਕਲਦਾ ਰਹਿੰਦਾ। ਦੋ ਜਾਂ ਤਿੰਨ ਵਿਆਹ ਵੀ ਕਰਾਏ। ਜਦੋਂ ਕੋਈ ਉਸ ਦੀ ਬਦਲੀ ਤਰਜ-ਏ-ਜ਼ਿੰਦਗੀ ਬਾਰੇ ਉਜਰ ਕਰਦਾ, ਜੁਆਬ ਹੁੰਦਾ, 'ਉਹ ਹੁਣ ਵੀ ਅੜਿਆਂ-ਥੁੜਿਆਂ ਬਾਰੇ ਹੀ ਕੰਮ ਕਰਦੈ। ਜਿਨ੍ਹਾਂ ਨੂੰ ਬੈਂਕ ਥੜੇ ਨ੍ਹੀਂ ਚੜ੍ਹਨ ਦਿੰਦੇ, ਉਨ੍ਹਾਂ ਰਿਕਸ਼ੇ ਵਾਲਿਆਂ, ਰੇੜੀ ਵਾਲਿਆਂ ਨੂੰ ਰੁਜਗਾਰ ਲਈ ਬਿਨਾ ਜ਼ਮਾਨਤ ਲਿਆਂ ਵਿਆਜੂ ਪੈਸੇ ਦਿੰਦੈ। ਪੈਸੇ ਵਾਲਿਆਂ ਨੂੰ ਚੌਵੀ ਪ੍ਰਤੀਸ਼ਤ ਵਿਆਜ। ਏਦੂੰ ਹੋਰ ਲੋਕ ਭਲਾਈ ਕਿਹੜੀ ਹੋਊ?' ਉਹ ਮੋੜਵਾਂ ਸੁਆਲ ਕਰਦਾ। ਫਿਰ 'ਕੱਠਾ ਕੀਤਾ ਕਰੋੜਾਂ ਰੁਪਇਆ ਲੈ ਕੇ ਅਲੋਪ ਹੋ ਗਿਆ। ਜਿਹੜਾ ਲੁੱਟ ਖਸੁੱਟ ਦੇ ਖਿਲਾਫ ਖੁਦ ਮੁਜਾਹਰੇ ਵਿਚ ਝੰਡਾ ਲੈ ਕੇ ਤੁਰਦਾ ਸੀ, ਉਸ ਖਿਲਾਫ ਰੈਲੀਆਂ ਹੋਣ ਲੱਗੀਆਂ। ਪੁਲਿਸ ਨੇ ਪਰਚਾ ਤਾਂ ਦਰਜ ਕਰ ਲਿਆ, ਪਰ ਕਾਰਵਾਈ ਨਾ ਕੀਤੀ। ਉਹ 'ਕਿਰਤੀਆਂ ਦੀ ਮੁਕਤੀ' 'ਚ ਯੋਗਦਾਨ ਤਾਂ ਨਾ ਪਾ ਸਕਿਆ, ਪਰ 'ਨਿਜੀ ਮੁਕਤੀ' ਵਿਚ ਉਸ ਨੇ ਕੀਰਤੀਮਾਨ ਸਥਾਪਤ ਕਰ ਦਿੱਤੇ। ਸੁਣਿਐਂ, ਕੁਝ ਦਿਨ ਹੋਏ ਉਹ ਕੈਂਸਰ ਨਾਲ ਮਰ ਗਿਆ। ਉਸ ਦਾ ਬਚਪਨ ਤੇ ਜੁਆਨੀ ਤਾਂ ਤੰਗੀ ਦਸਤੀ ਵਿਚ ਬੀਤੇ ਪਰ ਮਗਰਲੀ ਉਮਰੇ ਵਾਰੇ ਨਿਆਰੇ ਰਹੇ।

ਸਿੱਖ ਚਿੰਤਕ/ਇਤਿਹਾਸਕਾਰ ਵਜੋਂ ਹੁਣੇ ਹੁਣੇ ਪ੍ਰਸਿੱਧ ਹੋਏ ਅਜਮੇਰ ਸਿੰਘ ਨਾਲ ਨਾਟਕੀ ਮੇਲ ਬਹੁਤ ਵਰ੍ਹੇ ਪਹਿਲਾਂ ਹੋਇਆ ਸੀ। ਅਗਿਆਤ 'ਚ ਰਹਿੰਦੇ ਕੁਲਵਕਤੀ ਤੋਂ, ਉਸ ਨੇ ਕੌਮਾਂਤਰੀ ਪਛਾਣ ਦਾ ਔਝੜ ਸਫਰ ਤੈਅ ਕੀਤਾ ਹੈ। ਉਨ੍ਹੀਂ ਦਿਨੀਂ ਉਹ ਇੱਕ ਨਕਸਲੀ ਜਥੇਬੰਦੀ ਦੀ ਆਗੂ ਕਮੇਟੀ ਦਾ ਮੈਂਬਰ ਸੀ। ਮੇਰੇ ਰਾਹੀਂ ਕੋਟਕਪੂਰੇ ਵਿਖੇ ਉਹ ਕਮਰਾ ਕਿਰਾਏ 'ਤੇ ਲੈਣ ਲਈ ਆਇਆ ਸੀ। ਮੇਰੇ ਵਾਂਗ ਸਹਿਜਧਾਰੀ ਸੀ। ਮੈਂ ਆਪਣੇ ਮਿੱਤਰ ਸੰਤੋਖ ਮਿਨਹਾਸ ਦੀ ਜਾਮਨੀ 'ਤੇ ਆਪਣੇ ਨਾਂ ਉਤੇ ਕਮਰਾ ਲੈ ਲਿਆ ਅਤੇ ਉਹ ਦੋ ਬਿਸਤਰੇ ਦੇ ਗਿਆ। ਕੁਝ ਮਹੀਨਿਆਂ ਬਾਅਦ ਕਮਰਾ ਛੱਡ ਦਿੱਤਾ। ਫਿਰ ਪਤਾ ਲੱਗਾ, ਉਸ ਨੇ ਕਮਿਊਨਿਸਟ ਸਿਧਾਂਤ ਨੂੰ ਵੀ ਅਲਵਿਦਾ ਆਖ ਦਿੱਤੀ। 'ਨਾਨਕ ਨਾਮ ਜਹਾਜ' ਦੀ ਕਿਰਪਾ ਨਾਲ ਉਸ ਨੇ ਹੁਣ ਦੁਨੀਆਂ ਗਾਹ ਲੈਣੀ ਹੈ।

ਕਿਸੇ ਸਿਆਣੇ ਦਾ ਕਹਿਣਾ ਹੈ, ਸਫਾਂ ਟਰਾਲੀ ਵਾਂਗ ਹੁੰਦੀਆਂ ਹਨ, ਜਿਸ ਆਗੂ ਨੂੰ ਮਗਰ ਜੋੜਨਾ ਆਉਂਦੈ, ਉਹ ਆਵਦੇ 'ਸਿਧਾਂਤ ਦੇ ਟਰੈਕਟਰ' ਨਾਲ ਟੋਚਨ ਕਰ ਕੇ ਲੈ ਜਾਂਦਾ ਹੈ। ਧਰਮੀਆਂ ਵਾਂਗ ਭਾਰਤੀ ਸਫਾਂ ਨੂੰ 'ਸੋਚਣਾ' ਨਹੀਂ 'ਮੰਨਣਾ' ਸਿਖਾਇਆ ਜਾਂਦਾ ਹੈ। ਜਿਵੇਂ 'ਸਿਧਾਂਤ' ਕੋਈ 'ਭਾਣੇ' ਵਰਗੀ ਚੀਜ ਹੋਵੇ। ਖਾਲਿਸਤਾਨੀ ਉਭਾਰ ਸਮੇਂ ਕਈ ਸਿੱਖ ਕਾਮਰੇਡ ਕੁਲਵਕਤੀਆਂ ਨੇ ਕਾਮਰੇਡੀ ਝੱਗਾ ਲਾਹ ਕੇ ਕੇਸਰੀ ਬਾਣਾ ਪਾ ਲਿਆ ਸੀ।

ਯੁਗਪੁਰਸ਼ਾਂ ਤੇ ਮਹਾਤੜਾਂ 'ਚ ਇਹੀ ਫਰਕ ਹੈ। ਯੁਗਪੁਰਸ਼ਾਂ ਦਾ ਨਜ਼ਰੀਆ, ਉਨ੍ਹਾਂ ਦੀ ਕਾਇਆ ਦਾ ਹਿੱਸਾ ਬਣ ਜਾਂਦਾ ਹੈ। ਉਹ ਉਮਰ ਭਰ, ਅੰਦਰੋਂ ਬਾਹਰੋਂ ਇੱਕ ਰੰਗ 'ਚ ਰੰਗੇ ਰਹਿੰਦੇ ਹਨ। ਉਹ ਲਹਿਰ ਪੈਦਾ ਕਰਦੇ ਹਨ। ਉਠੇ ਹੋਏ ਉਭਾਰਾਂ 'ਚ ਨਹੀਂ ਵਹਿੰਦੇ।

ਸਾਬਕਾ ਕਾਮਰੇਡ ਕਿਸੇ ਦੇ ਬੋਲਣ ਤੋਂ ਪਹਿਲਾਂ ਹੀ, ਅਗਲੇ ਨੂੰ ਕੱਚਾ ਕਰਨ ਦੀ ਮਤੰਡਾ ਵਿਧੀ ਬਹੁਤ ਵਰਤਦੇ ਹਨ। ਮੈਨੂੰ ਇੱਕ ਵਾਕਿਆ ਯਾਦ ਰਿਹਾ ਹੈ। ਮੈਂ ਕੋਟਕਪੂਰੇ ਆਪਣੇ ਅਜੀਜ ਰਾਜੁ ਕੁਮਾਰ ਦੀ ਤੇਲ ਦੀ ਦੁਕਾਨ 'ਤੇ ਬੈਠਾ ਸਾਂ। ਮੜਾਸੇ ਨਾਲ ਸਿਰ ਵਲੇਟੀ ਜਾਂਦੇ ਇੱਕ ਕਰਜਈ ਜ਼ਿਮੀਂਦਾਰ ਨੂੰ ਉਸ ਨੇ ਆਵਾਜ਼ ਮਾਰੀ, 'ਫਲਾਣਾ ਸਿਆਂ, ਕਿਵੇਂ ਮੂੰਹ ਸਿਰ ਲੁਕੋ ਕੇ ਤੁਰਿਆ ਜਾਨੈਂ, ਕਦੇ ਦਰਸ਼ਨ ਨ੍ਹੀਂ ਦਿਤੇ?' ਉਹ ਮਲਕੜੇ ਦੁਕਾਨ 'ਚ ਆਇਆ ਤੇ ਸਹਿਜ ਭਾਅ ਬੋਲਿਆ, 'ਸੇਠਾ ਮੂੰਹ ਹੀ ਲੁਕੋਣੈ, ਦੇਖ ਲੈਂਦਾ ਤਾਂ ਪੈਸੇ ਹੀ ਮੰਗਣੇ ਸੀ।' ਜ਼ਿਮੀਂਦਾਰ ਨੂੰ ਕੱਚਾ ਕਰਨ ਦੀ ਥਾਂ ਰਾਜ ਕੁਮਾਰ ਖੁਦ ਹੀ ਕੱਚਾ ਹੋ ਗਿਆ। ਕਹਿੰਦਾ, 'ਛੱਡ ਯਾਰ, ਪੈਸੇ ਚੰਗੇ ਆ ਤੇਰੇ ਨਾਲੋਂ, ਪਾਣੀ ਧਾਣੀ ਪੀ।'

ਕਾਮਰੇਡੀ ਛੱਡ ਕੇ ਅਕਾਲੀਆਂ 'ਚ ਰਲੇ ਇੱਕ ਹੋਰ ਸਾਥੀ ਦਾ ਕਹਿਣਾ ਹੈ ਕਿ ਜਾਤਾਂ, ਨਸਲਾਂ ਤੇ ਬੋਲੀਆਂ 'ਚ ਵੰਡੇ ਕਿਰਤੀਆਂ ਨੂੰ ਕਿਹੜਾ ਲਾਮਬੰਦ ਕਰਦਾ ਫਿਰੇ। ਕੌਮੀ ਭਾਈਚਾਰਕ ਪੈਂਤੜੇ ਦੇ ਬੜੇ ਫਾਇਦੇ ਹਨ। ਇਸ ਵਿਚ ਬਾਦਲ ਵੀ ਮਿਹਰਬਾਨ, ਉਸ ਦਾ ਸਿੱਖ ਰਸੋਈਆ ਤੇ ਸਿੱਖ ਕਾਮਾ ਵੀ ਖੁਸ਼।

ਕਈ ਬੰਦੇ ਇਸ ਨੁਕਤਾ ਨਿਗਾਹ 'ਤੇ ਇਤਰਾਜ ਕਰਦੇ ਹਨ ਕਿ ਅਜੋਕੇ ਆਗੂ ਰੰਗ ਬਹੁਤ ਬਦਲਦੇ ਹਨ। ਤਬਦੀਲੀ ਕੁਦਰਤ ਦਾ ਅਸੂਲ ਹੈ। ਮੇਰਾ ਇੱਕ ਛੜਾ ਤਾਇਆ ਕਹਿੰਦਾ ਹੁੰਦਾ ਸੀ, ਬੰਦੇ ਨੂੰ ਇੱਕੋ ਜ਼ਿੰਦਗੀ ਮਿਲੀ ਹੈ ਤੇ ਉਸ ਨੂੰ ਇਸ ਵਿਚ ਸਾਰੇ ਰੰਗ ਤੇ ਸੁਆਦ ਮਾਣ ਲੈਣੇ ਚਾਹੀਦੇ ਹਨ। ਕਾਮਰੇਡ ਬਣ ਕੇ ਬਾਗੀ ਵੀ ਅਖਵਾ ਲਵੋ, ਵਿਆਹ ਕਰਵਾ ਕੇ ਗ੍ਰਿਹਸਥ ਵੀ ਮਾਣੋ, ਫਿਰ ਸਾਰਾ ਕੁਝ ਛੱਡ ਛੁਡਾ ਕੇ 'ਰੱਬ' ਵੀ ਖੁਸ਼ ਕਰ ਲਵੋ।

ਅਜਿਹੇ ਨੁਕਤਾਚੀਨਾਂ ਲਈ ਸਤਿਕਾਰਯੋਗ ਸੰਤ ਮੱਖਣ ਸਿੰਘ ਦਾ ਪ੍ਰਸੰਗ ਸਾਂਝਾ ਕਰਨਾ ਕੁਥਾਂ ਨਹੀਂ ਹੋਵੇਗਾ। ਉਹ ਜੁਆਨੀ ਵਿਚ ਕਾਮਰੇਡ ਸੀ। ਫਿਰ ਸੋਝੀ ਆਈ, ਉਹ ਦੁਨੀਆਂਦਾਰੀ ਤਿਆਗ ਕੇ ਸੰਤ ਬਣ ਗਏ। ਇੱਕ ਵਾਰ ਕਿਸੇ ਪਿੰਡ ਸਤਿਸੰਗ ਕਰਨ ਆਏ। ਉਨ੍ਹਾਂ ਨੇ ਸੰਗਤ ਨੂੰ ਮਾੜੇ ਕੰਮ ਛੱਡ ਕੇ ਚੰਗੇ ਕਰਨ, ਸਾਦਗੀ, ਸਹਿਜ, ਸੰਜਮ ਰੱਖਣ ਦੀ ਨਸੀਹਤ ਦਿੱਤੀ। ਸਾਰੀਆਂ ਬੀਮਾਰੀਆਂ ਦਾ ਇਲਾਜ, ਇਸੇ ਜੀਵਨ ਜਾਚ ਵਿਚ ਹੈ। ਉਸ ਨੇ ਕਿਹਾ ਕਿ ਧਰਮ ਦੇ ਰਾਹ 'ਤੇ ਕਿਸੇ ਵੀ ਦਿਨ, ਕਿਸੇ ਵੀ ਵੇਲੇ ਪਿਆ ਜਾ ਸਕਦਾ ਹੈ। ਨਿੰਦਕਾਂ ਨੂੰ ਚੁੱਪ ਕਰਾਉਣ ਲਈ ਉਸ ਨੇ ਆਪਣੀ ਉਦਾਹਰਣ ਦਿੱਤੀ। ਕਹਿੰਦੇ, "ਮੈਨੂੰ ਕਈ ਕਹਿਣਗੇ ਪਹਿਲਾਂ ਨਾਸਤਕ ਹੁੰਦਾ ਸੀ, ਹੁਣ ਧਰਮੀ ਬਣਿਆ ਫਿਰਦੈ। ਅਖੇ, ਬਿੱਲੀ ਸੌ ਚੂਹਾ ਖਾ ਕੇ ਹੱਜ ਨੂੰ ਚੱਲੀ। ਮੈਂ ਭਲੇ ਮਾਣਸਾਂ ਨੂੰ ਪੁਛਨਾਂ ਕਿ ਜੇ ਬਿੱਲੀ ਹੁਣ ਵੀ ਹੱਜ ਨੂੰ ਨਾ ਜਾਵੇ, ਤਾਂ ਦੱਸੋ ਤੁਸੀਂ ਬਿੱਲੀ ਦੀ ਕੀ ਪੂਛ ਪੱਟ ਲੋ'ਗੇ।"

## ਕੀ ਫਾਇਦਾ

ਭਰੀ ਭਰਾਈ ਉਸ ਦਿੱਲੀ ਦਾ
ਝੱਖੜਾਂ ਦੇ ਵਿਚ ਨਾ ਹਿੱਲੀ ਦਾ
ਸੂਲੀ ਟੰਗੇ ਜਾਂ ਕਿੱਲੀ ਦਾ
ਲਾਟਾਂ ਦੇ ਵਿਚ ਧਰਤੀ ਗਿੱਲੀ ਦਾ।

ਸਹੁੰ ਪਾ ਕੇ ਵਰਦੀ ਦਾ
ਧੀ ਵੇਖੀ ਮੋਹਰੇ ਮਰਦੀ ਦਾ
ਹੱਥ ਜੋੜੇ ਮਿੰਨਤਾਂ ਕਰਦੀ ਦਾ।

ਵੇਖਦੀਆਂ ਉਨ੍ਹਾਂ ਭੀੜਾਂ ਦਾ
ਚੁੱਪ ਕਰਕੇ ਪੀਤੀਆਂ ਪੀੜਾਂ ਦਾ
ਘਰ ਪਏ ਨਿੱਘੇ ਲੀੜਾਂ ਦਾ
ਮਾਨਵ 'ਚ ਰਹਿੰਦੇ ਕੀੜਾਂ ਦਾ।

ਧਰਮ ਦੇ ਉਚ ਵਿਦਵਾਨਾਂ ਦਾ
ਇਨ੍ਹਾਂ ਪੂਜਣਯੋਗ ਸਥਾਨਾਂ ਦਾ
ਬੰਦ ਸੱਚ ਦੀਆਂ ਦੁਕਾਨਾਂ ਦਾ
ਰੱਖੀਆਂ ਮਿਆਨ 'ਚ ਕਿਰਪਾਨਾਂ ਦਾ।

ਇਸ ਅੱਵਲ ਲੋਕ ਰਾਜ ਦਾ
ਬਿਨ ਵਜਾਏ ਪਏ ਸਾਜ ਦਾ
ਇਸ ਝੂਠੀ ਰੱਖੀ ਲਾਜ ਦਾ
ਕੀਤੇ ਮਹਾਨ ਕੰਮ ਕਾਜ ਦਾ।

ਧਰਤੀ ਹਿੱਲੀ ਕਹਿ ਛੇੜਦਾ
ਦੁੱਖ ਡਿਗੇ, ਉਹਨੂੰ ਪੇੜ ਦਾ
ਦੱਸੇ ਆਪੇ ਨੂੰ ਨੇੜ ਦਾ
ਫਿਕਰ ਨਹੀਂ ਪਾਈ ਤਰੇੜ ਦਾ।

ਕਰ ਜ਼ੁਲਮ ਉਨ੍ਹਾਂ ਲਾਈਆਂ ਮੱਲ੍ਹਮਾਂ ਦਾ
ਉਨ੍ਹਾਂ ਝੂਠੀਆਂ ਲਿਖੀਆਂ ਕਲਮਾਂ ਦਾ
ਵਿਚ ਕੈਂਪਾਂ ਆਏ ਉਨ੍ਹਾਂ ਬਲਮਾਂ ਦਾ
ਦਿੱਤੀਆਂ ਝੂਠੀਆਂ ਉਨ੍ਹਾਂ ਤਲਮਾਂ ਦਾ।

ਕਾਗਜ਼ 'ਤੇ ਵਾਹੀਆਂ ਉਨ੍ਹਾਂ ਲਿਸਟਾਂ ਦਾ
ਬਿਨਾ ਨਾਮ ਤੋਂ ਵੱਡੇ ਭ੍ਰਿਸ਼ਟਾਂ ਦਾ
ਬੇਈਮਾਨ ਝੂਠੇ ਜਿਹੇ ਸ਼ਿਸ਼ਟਾਂ ਦਾ
ਉਸ ਗੰਦੀ ਸੋਚ ਦੇ ਤ੍ਰਿਸ਼ਟਾਂ ਦਾ।

ਸਾਈਕਲ ਤੋਂ ਚੜ੍ਹੇ ਉਨ੍ਹਾਂ ਕਾਰਾਂ ਦਾ
ਪੱਖ ਪੂਰ ਗਏ ਸਰਕਾਰਾਂ ਦਾ
ਉਨ੍ਹਾਂ ਝੂਠੀਆਂ ਲਲਕਾਰਾਂ ਦਾ
ਕੰਮ ਸਦਾ ਰਿਹਾ ਗੱਦਾਰਾਂ ਦਾ।

***-ਪਰਦੀਪ ਸੈਨ ਹੋਜ਼ੇ***

---

## ਗਜ਼ਲ

ਜਦੋਂ ਵੀ ਕੁਰਸੀ ਖੁਸਦੀ ਜਾਪੀ
ਨੇਤਾ 'ਤੇ ਕਿਆਮਤ ਵਿਆਪੀ।
ਬੋਤਲ ਦਾ ਹੀ ਲੇਬਲ ਬਦਲੇ
ਓਹੀਓ ਜਾਮ, ਓਹੀਓ ਸਾਕੀ।
ਸੂਰਤ ਪੱਖੋਂ ਦਾਨਾ ਬੀਬਾ
ਐਪਰ ਉਸ ਦੀ ਰੂਹ ਸਰਾਪੀ।
ਬੋਲੀ ਉਸ ਦੀ ਮਾਖਿਓਂ ਮਿੱਠੀ
ਮਨ ਦਾ ਕਾਲਾ, ਦਿਲ ਦਾ ਪਾਪੀ।
ਪਿੱਠ ਪਿਛੇ ਕਰੇ ਨਿਖੇਧੀ
ਮਹਿਫਿਲ ਦੇ ਵਿਚ ਦੇਵੇ ਥਾਪੀ।
ਦੂਜੇ ਧਰਮ ਦਾ ਕੱਟੜ ਦੁਸ਼ਮਣ
ਹੱਥ 'ਚ ਲਾਠੀ, ਨਿੱਕਰ ਖਾਕੀ।
ਅਮਰੀਕਾ ਆ ਕੇ ਸੋਚੇ 'ਗਿੱਲ'
ਤਰੇ ਸਮੁੰਦਰ, ਧਰਤੀ ਨਾਪੀ।

***-ਜੁਗਰਾਜ ਗਿੱਲ, ਅਬੋਹਰਵੀ***
***ਫੋਨ: 704-257-6693***

# ਤੁਗਲਕ ਪੈਰਾਡਾਈਜ਼

ਚਰਨਜੀਤ ਸਿੰਘ ਪੰਨੂ
ਫੋਨ: 408-608-4961

ਜੇ ਕੋਈ ਅਜੀਬੋ-ਗਰੀਬ ਹਰਕਤਾਂ ਕਰਦਾ ਹੈ, ਤੁਗਲਕ ਵਾਲਾ ਫੂਲਜ਼ ਪੈਰਾਡਾਈਜ਼ ਵਸਾਉਂਦਾ ਹੈ, ਲੋਕ ਹੱਸਦੇ ਹਨ। ਹਮਦਰਦ ਰੋਕਦੇ ਹਨ, ਉਹ ਹੋਰ ਚਾਂਭਲ ਜਾਂਦਾ ਹੈ। ਇਹ ਮਾਨਸਿਕ ਬਿਮਾਰੀ ਵੀ ਹੋ ਸਕਦੀ ਹੈ ਜਿਸ ਨੂੰ ਡਾਕਟਰ ਬਾਈਪੋਲਰ ਆਖਦੇ ਹਨ। ਅਜਿਹਾ ਮਰੀਜ਼ ਆਪਣੀ ਮਰਜ਼ੀ ਦਾ ਆਪ ਮਾਲਕ ਹੁੰਦਾ ਹੈ ਤੇ ਥੁੱਕੀਂ ਵੜੇ ਪਕਾਉਂਦਾ ਹੈ। ਕਿਤੇ ਅਜਿਹਾ ਬਿੰਦੂ ਆਉਂਦਾ ਹੈ ਜਦ ਮਾਂ-ਪਿਉ, ਭੈਣ-ਭਰਾ, ਪਤਨੀ, ਰਿਸ਼ਤੇਦਾਰ ਜਾਂ ਕੋਈ ਹੋਰ ਹਮਦਰਦ ਇਹ ਕਹਿਣ ਨੂੰ ਮਜਬੂਰ ਹੋ ਜਾਂਦੇ ਹਨ, 'ਜਾਹ! ਪੈ ਢੱਠੇ ਖੂਹ ਵਿਚ।'

ਇਹ ਸ਼ਬਦ ਉਨ੍ਹਾਂ ਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਨਿਹਫਲ ਹੋਣ ਤੇ ਗੁੱਸੇ ਦੀ ਇੱਕ ਭੜਾਸ ਹੁੰਦੇ ਹਨ ਜਿਸ ਨਾਲ ਉਨ੍ਹਾਂ ਦਾ ਮਨ ਵੀ ਬਹੁਤ ਦੁਖੀ ਤੜਪ ਰਿਹਾ ਹੁੰਦਾ ਹੈ।

ਅੰਮ੍ਰਿਤਸਰ ਦੇ ਗੋਲੀਆਂ ਟਾਫੀਆਂ ਬਣਾਉਣ ਵਾਲੇ ਬਿੱਟੇ ਨੇ ਖੁਦਕੁਸ਼ੀ ਕਰਨ ਵਾਸਤੇ ਸੋਨੀਆ ਗਾਂਧੀ ਤੋਂ ਮਨਜ਼ੂਰੀ ਮੰਗੀ ਸੀ। ਸਾਰੇ ਜਾਣਦੇ ਹਨ ਕਿ ਇਹ ਹੋਰਾਂ ਨੂੰ ਬੁਧੂ ਬਣਾਉਣ ਵਾਲੀ ਗੱਲ ਹੈ ਕਿਉਂਕਿ ਮਰਨ ਵਾਲੇ ਕਿਸੇ ਤੋਂ ਮਨਜ਼ੂਰੀ ਨਹੀਂ ਲੈਂਦੇ ਤੇ ਨਾ ਹੀ ਕੋਈ ਕਿਸੇ ਨੂੰ ਅਜਿਹੀ ਸਲਾਹ ਦੇ ਕੇ ਕਾਨੂੰਨੀ ਉਲਝਣ ਵਿਚ ਫਸਣਾ ਚਾਹੇਗਾ।

'ਅੱਤ ਦਾ ਭਲਾ ਨਾ ਬੋਲਣਾ, ਅੱਤ ਦੀ ਭਲੀ ਨਾ ਚੁੱਪ। ਅੱਤ ਦਾ ਭਲਾ ਨਾ ਮੇਘਲਾ ਅੱਤ ਦੀ ਭਲੀ ਨਾ ਧੁੱਪ।' ਬਹੁਤਾ ਖਾਣਾ ਵੀ ਮਾੜਾ, ਬਹੁਤਾ ਬੋਲਣਾ ਤੇ ਬਹੁਤਾ ਕੰਮ ਵੀ ਮਾੜਾ। ਬਹੁਤਾ ਖਾਉਗੇ ਬਦਹਜ਼ਮੀ ਹੋ ਜਾਊ, ਡਾਕਟਰ ਕੋਲ ਜਾਣਾ ਪਊ। ਜ਼ਿਆਦਾ ਬੋਲਣ ਨਾਲ ਅਗਲਾ ਸੁਣਨ ਵਾਲਾ ਵੀ ਅੱਕ ਜਾਂਦਾ ਹੈ। ਜਿੰਨਾ ਬਹੁਤਾ ਬੋਲੋਗੇ, ਆਪਣੇ ਅੰਦਰਲੇ ਪੜਦੇ ਹੀ ਫੋਲੋਗੇ। ਬਹੁਤੀ ਵੇਰਾਂ ਇਨ੍ਹਾਂ ਪੜਦਿਆਂ ਪਿੱਛੇ ਛੁਪੇ-ਛੁਪਾਏ ਤੁਹਾਡੇ ਗੁਪਤ ਰਾਜ਼ ਜੱਗ ਜ਼ਾਹਰ ਹੋ ਜਾਣਗੇ ਤੇ ਤੁਸੀਂ ਕਿਸੇ ਨਾ ਕਿਸੇ ਰੂਪ ਵਿਚ ਸਮਾਜਕ ਦੂਸ਼ਣਾਂ ਮਿਹਣਿਆਂ ਜਾਂ ਕਾਨੂੰਨੀ ਚਾਰਾਜੋਈਆਂ ਦੇ ਅੜਿੱਕੇ ਆ ਜਾਉਗੇ।

ਕੰਮ ਕਰਨਾ ਜ਼ਰੂਰੀ ਹੈ। ਕੰਮ ਕਰਨ ਨਾਲ ਹੀ ਜੀਵਨ ਦਾ ਚੱਕਾ ਘੁੰਮਦਾ ਹੈ। ਤੁਹਾਡੀ ਸਰੀਰਕ ਊਰਜਾ ਪੈਦਾ ਕਰਨ ਵਾਲੀ ਰੋਟੀ ਵੀ ਕੰਮ ਦੀ ਹੀ ਪੈਦਾਵਾਰ ਹੈ। ਕੰਮ ਨਾ ਕਰਨ ਨਾਲ ਵਿਹਲੜ ਸਰੀਰ ਦੇ ਪੱਠੇ, ਜੋੜ ਆਦਿ ਵੀ ਨਿਕੰਮੇ ਹੋ ਕੇ ਦੁਖਣ ਲੱਗ ਜਾਂਦੇ ਹਨ। ਜੇ ਪੈਸਾ ਜੋੜਨ ਦੀ ਲਾਲਸਾ ਜਾਂ ਕਿਸੇ ਹੋਰ ਗੱਲ ਕਰਕੇ ਕੰਮ ਹੀ ਕੰਮ ਕਰੀ ਜਾਓ ਤਾਂ ਇਹ ਵੀ ਆਪਣੇ ਸਰੀਰ ਨਾਲ ਜ਼ਿਆਦਤੀ ਹੈ। ਦੋ ਦੋ ਸ਼ਿਫਟਾਂ ਤਾਂ ਆਮ ਸਾਧਾਰਨ ਗੱਲ ਹੈ, ਤਿੰਨ ਤਿੰਨ ਸ਼ਿਫਟਾਂ ਲਗਾਈ ਜਾਓ, ਤਾਂ ਪਹਿਲਾਂ ਤੁਹਾਡੀਆਂ ਅੱਖਾਂ ਉਨੀਂਦਰੇ ਨਾਲ ਪਾਟਣਗੀਆਂ, ਦਿਮਾਗ ਸੁੰਨ ਹੋਣ ਤੱਕ ਜਾਵੇਗਾ, ਸਰੀਰ ਦੇ ਅੰਗ ਹੱਥ ਪੈਰ ਥੱਕੇ-ਹਾਰੇ ਕੰਮ ਕਰਨ ਤੋਂ ਆਰੀ ਹੋ ਜਾਣਗੇ। ਤੁਸੀਂ ਗੱਡੀ ਲੈ ਕੇ ਘਰ ਵੱਲ ਦੌੜੋਗੇ। ਤੁਹਾਡੇ ਮਿੱਤਰ-ਦੋਸਤ, ਰਿਸ਼ਤੇਦਾਰ, ਬੱਚੇ ਮੂੰਹ ਚੁੱਕੀ ਤੁਹਾਡਾ ਇੰਤਜ਼ਾਰ ਕਰ ਰਹੇ ਹਨ ਕਿ ਸਾਡਾ ਪਰਵਰਦਗਾਰ ਖੱਟ ਕਮਾ ਕੇ ਅੱਜ ਘਰ ਆ ਰਿਹਾ ਹੈ। ਉਹ ਤੇਲ ਚੋਣ ਲਈ ਦੇਹਲੀ 'ਤੇ ਖੜ੍ਹੇ ਹਨ। ਟਪੂਸੀਆਂ ਮਾਰਦੇ ਬੱਚੇ ਫਿਲਮ ਵਾਂਗ ਤੁਹਾਡੇ ਦਿਮਾਗ 'ਚ ਘੁੰਮਦੇ ਹਨ। ਅੱਗੇ ਸੜਕ 'ਤੇ ਕੋਈ ਹੋਰ ਤੁਹਾਡੇ ਵਰਗਾ ਆਪਣਾ ਮਾਨਸਿਕ ਸੰਤੁਲਨ ਵਿਗਾੜ ਕੇ ਖੜੱਚ ਤੁਹਾਡੇ ਵਿਚ ਗੱਡੀ ਮਾਰੇਗਾ ਜਾਂ ਤੁਸੀਂ ਹੀ ਲਾਲ ਬੱਤੀ ਲੰਘ ਕੇ ਕਿਸੇ ਵਿਚ ਮਾਰ ਦਿੱਤੀ। ਚੀਕ-ਚਿਹਾੜਾ ਮੱਚੇਗਾ, ਤੁਹਾਡੀਆਂ ਮੀਟੀਆਂ ਅੱਖਾਂ ਇਕਦਮ ਖੁੱਲ੍ਹਣਗੀਆਂ, ਤੁਸੀਂ ਲਹੂ ਦੇ ਛੱਪੜ 'ਚ ਡੁੱਬੇ ਪਏ ਹੋ। ਅਗਲਾ ਵੀ ਕਰਾਹ ਰਿਹਾ ਹੈ।

ਮਨੁੱਖ ਦੀਆਂ ਆਦਤਾਂ/ਭੈੜੀਆਂ ਆਦਤਾਂ ਵੀ ਇਸੇ ਤਰ੍ਹਾਂ ਖੁੱਲ੍ਹਦਿਲੀ ਨਾਲ ਵਿਗੜ ਜਾਂਦੀਆਂ ਹਨ। ਮੱਛੀ ਪੱਥਰ ਚੱਟ ਕੇ ਮੁੜਦੀ ਹੈ। ਉਸ ਨੂੰ ਰਸਤੇ ਵਿਚ ਜਿੰਨਾ ਮਰਜ਼ੀ ਰੋਕੋ ਟੋਕੋ ਫੜਨ ਦੀ ਕੋਸ਼ਿਸ਼ ਕਰੋ, ਉਹ ਛੜੱਪੇ ਮਾਰ ਕੇ ਚੜ੍ਹਦੇ ਪਾਣੀ ਨੂੰ ਚੜ੍ਹਦੀ ਜਾਏਗੀ ਤੇ ਅਖੀਰ ਪੱਥਰ ਨੂੰ ਮੱਥਾ ਮਾਰ ਕੇ ਲਹੂ ਲੁਹਾਨ ਹੋ ਜਾਵੇਗੀ।

ਰਸਤੇ ਵਿਚ ਤੁਰੇ ਜਾਂਦੇ ਜਾਂ ਗਲੀ ਮੁਹੱਲੇ ਦੇ ਕੁੱਝ ਲੋਕ ਤੁਹਾਨੂੰ ਅਜਿਹੀਆਂ ਹਰਕਤਾਂ ਕਰਦੇ ਮਿਲ ਜਾਣਗੇ ਜੋ ਤੁਸੀਂ ਠੀਕ ਨਹੀਂ ਸਮਝਦੇ ਜਾਂ ਉਹ ਸਮਾਜ ਵਾਸਤੇ ਠੀਕ ਨਹੀਂ। ਤੁਸੀਂ ਵੇਖਦੇ ਹੋ, ਇੰਤਜ਼ਾਰ ਕਰਦੇ ਹੋ, ਉਹ ਆਪਣਾ ਕਾਰਨਾਮਾ ਦੁਹਰਾਈ ਜਾ ਰਿਹਾ ਹੈ। 'ਮੇਰੇ ਵੀਰ! ਮੇਰੇ ਦੋਸਤ ਇਹ ਕੰਮ ਠੀਕ ਨਹੀਂ...ਤੂੰ ਇਸ ਤਰ੍ਹਾਂ ਕਰ ਲੈ ਜਾਂ ਬਹੁਤ ਹੋ ਗਿਆ, ਹੁਣ ਬੱਸ ਕਰ।'

ਉਹ ਮਾਰਖੁੰਢੇ ਸੰਢੇ ਵਾਂਗ ਝਾਕੇਗਾ। ਤੁਸੀਂ ਅੱਗੇ ਹੋ ਉਸ ਨੂੰ ਰੋਕਣ ਦੀ ਹਿੰਮਤ ਨਹੀਂ ਕਰੋਗੇ।

'ਅੱਗੇ ਖੂਹ ਹੈ ਮੇਰੇ ਦੋਸਤ, ਇੱਧਰ ਨਾ ਜਾਹ।' ਉਹ ਤੁਹਾਡੀ ਗੱਲ ਅਣ ਸੁਣੀ ਕਰ ਕੇ ਸਿੱਧਾ ਜਾਏਗਾ, ਕਾਨੇ ਸਰਕੜੇ ਭੰਨੇਗਾ ਤੇ ਅੰਨ੍ਹੇ ਖੂਹ ਵਿਚ ਡਿਗ ਪਵੇਗਾ।

ਸ਼ੇਖਚਿਲੀ ਦੇ ਨਾਂ ਨਾਲ ਜੁੜੀ ਵੀ ਇੱਕ ਅਜਿਹੀ ਕਹਾਣੀ ਹੈ। ਉਹ ਦਰਖਤ ਦੀ ਟਾਹਣੀ 'ਤੇ ਬੈਠਾ ਉਹੀ ਟਾਹਣੀ ਵੱਢ ਰਿਹਾ ਸੀ। ਕਿਸੇ ਰਾਹਗੀਰ ਨੇ ਵੇਖਿਆ ਤੇ ਉਸ ਨੂੰ ਸਮਝਾਇਆ, 'ਓ ਭਾਈ! ਤੂੰ ਡਿਗ ਪਵੇਂਗਾ, ਲੱਤ ਬਾਂਹ ਤੁੜਾ ਲਵੇਂਗਾ।'

ਮੱਛੀ ਵਾਂਗ ਉਸ ਨੇ ਨਹੀਂ ਟਲਣਾ। ਅਗਲੇ ਹੀ ਪਲ ਟਾਹਣੀ ਕੱਟੀ ਗਈ ਤੇ ਉਹ ਵੀ ਟਾਹਣੀ ਦੇ ਨਾਲ ਧੜੰਮ ਥੱਲੇ ਡਿਗ ਪਿਆ। ਚੰਗੀ ਕਿਸਮਤ ਨੂੰ ਜਾਨ ਬਚ ਗਈ। ਉੱਠ ਕੇ ਉਸ ਸਿਆਣੇ ਪੁਰਖ ਵੱਲ ਦੌੜਿਆ, 'ਤੁਸੀਂ ਧੰਨ ਹੋ ਮਹਾਰਾਜ! ਤੁਸੀਂ ਜੋਤਸ਼ੀ ਹੋ। ਤੁਸੀਂ ਭਵਿੱਖਵਾਣੀ ਕੀਤੀ ਸੀ, ਪਰ ਮੈਂ ਮੂਰਖ ਨਹੀਂ ਸਮਝ ਸਕਿਆ। ਹੁਣ ਮੈਂ ਸੰਭਲ ਗਿਆ ਹਾਂ, ਮੈਨੂੰ ਦੱਸੋ ਮੇਰਾ ਵਿਆਹ ਕਦ ਹੋਵੇਗਾ।' ਜੋਤਸ਼ੀ, ਪੰਡਿਤ, ਪਾਂਡੇ ਅਜਿਹੇ ਲੋਕਾਂ ਦੀਆਂ ਅਜਿਹੀਆਂ ਪ੍ਰਸਥਿਤੀਆਂ ਦਾ ਫਾਇਦਾ ਉਠਾ ਕੇ ਆਪਣੇ ਜਾਤੀ ਮੁਫਾਦ ਪੂਰਦੇ ਤੇ ਮਹਿਲ ਮੁਨਾਰੀਆਂ ਉਸਾਰਦੇ ਹਨ।

ਜਿਸ ਨੇ ਖੂਹ ਵਿਚ ਡਿੱਗਣ ਦਾ ਇਰਾਦਾ ਧਾਰ ਲਿਆ ਹੋਵੇ, ਤੁਸੀਂ ਉਸ ਨੂੰ ਕਦੇ ਨਹੀਂ ਬਚਾ ਸਕਦੇ। ਕਿਸੇ ਖਾੜਕੂ ਦੇ ਗਵਾਂਢ ਇਕ ਵਿਧਵਾ ਔਰਤ ਤੇ ਉਸ ਦਾ ਇੱਕ ਲੜਕਾ ਰਹਿੰਦੇ ਸਨ। ਲੜਕਾ ਬੜਾ ਸ਼ਰਾਰਤੀ ਤੇ ਜ਼ਿੱਦੀ ਸੀ। ਸਰਫੇ ਦਾ ਇਕਲੌਤਾ ਪੁੱਤ ਹੋਣ ਕਰ ਕੇ ਉਸ ਦੀ ਮਾਂ ਉਸ ਦੀ ਹਰ ਚੰਗੀ ਮੰਦੀ ਮੰਗ ਪੂਰੀ ਕਰ ਦਿੰਦੀ। 'ਕੇਰਾਂ ਉਸ ਨੇ ਚੰਨ ਦੀ ਮੰਗ ਕਰ ਦਿੱਤੀ। ਮਾਂ ਨੇ ਦੋ ਚਾਰ ਦਿਨ ਟਰਕਾਈ ਮਾਰੀ ਕਿ ਚੰਨ ਕਿੱਥੋਂ ਕਿਵੇਂ ਲਿਆ ਕੇ ਉਸ ਦੀ ਖਾਹਿਸ਼ ਪੂਰੀ ਕਰੇ, ਪਰ ਕਰ ਨਹੀਂ ਸੀ ਸਕਦੀ। ਮੁੰਡਾ ਕੋਠੇ 'ਤੇ ਚੜ੍ਹ ਗਿਆ, 'ਮਾਂ ਛੇਤੀ ਕਰ... ਮੈਨੂੰ ਹੁਣੇ ਚੰਨ ਲਿਆ ਦੇਹ, ਨਹੀਂ ਤੇ ਮੈਂ ਲੱਗਾ ਛਾਲ ਮਾਰਨ।'

'ਵੇ ਨਾ ਪੁੱਤਾ! ਸੱਟ ਫੇਟ ਲੱਗ ਜਾਊ, ਕੱਲਾ ਕੱਲਾ ਮੇਰਾ ਲਾਡਲਾ, ਹੱਡੀਆਂ ਟੁੱਟ ਜਾਣਗੀਆਂ... ਡਾਕਟਰਾਂ ਨੂੰ ਚੱਟੀ ਭਰਨ ਵਾਸਤੇ ਮੇਰੇ ਕੋਲ ਤਾਂ ਕਾਣੀ ਕੌਡੀ ਵੀ ਨਹੀਂ, ਫਿਰ ਕਿੱਥੋਂ ਬਣਨਗੀਆਂ।'

ਆਪਣੀ ਗਰੀਬ ਵਿਧਵਾ ਮਾਂ ਨੂੰ ਤੰਗ ਕਰਨ ਦਾ ਉਸ ਦਾ ਨਿੱਤਨੇਮ ਬਣ ਗਿਆ। ਇੱਕ ਦਿਨ ਰੋਜ਼ ਰੋਜ਼ ਵੇਖਦਾ ਗਵਾਂਢੀ ਤੰਗ ਆਇਆ ਉਠ ਕੇ ਉਸ ਕੋਲ ਪਹੁੰਚ ਗਿਆ, 'ਮਾਰ ਛਾਲ! ਛੇਤੀ ਕਰ... ਤੇਰੀ ਮਾਂ ਦੀ ਐਸੀ ਤੈਸੀ।' ਗਵਾਂਢੀ ਦੀ ਪ੍ਰਚੰਡ ਆਵਾਜ਼ ਸੁਣ ਕੇ ਮੁੰਡਾ ਡਰ ਗਿਆ ਤੇ ਕੰਨਾਂ ਨੂੰ ਹੱਥ ਲਾ ਮਾਫੀ ਮੰਗਣ ਲੱਗਾ, 'ਚਾਚਾ ਮਾਫ ਕਰ ਦੇਹ, ਫੇਰ ਮੈਂ ਏਦਾਂ ਨਹੀਂ ਕਰਦਾ।'

ਇਸ ਕਹਾਣੀ ਨੂੰ ਇਸ ਤਰ੍ਹਾਂ ਵੀ ਲਿਆ ਜਾ ਸਕਦਾ ਹੈ ਕਿ ਕੋਈ ਮੂਰਖ ਖੂਹ ਦੀ ਮਣ 'ਤੇ ਖੜ੍ਹਾ ਲੋਕਾਂ ਨੂੰ ਛਾਲ ਮਾਰਨ ਦੀ ਧਮਕੀ ਦੇ ਰਿਹਾ ਸੀ। ਇੱਕ ਦੋ ਨੇ ਵਰਜਿਆ ਪਰ ਉਹ ਅੱਗੇ ਹੋਰ ਦੀ ਹੋਰ ਤਪਦਾ ਜਾ ਰਿਹਾ ਸੀ। ਅਜਿਹਾ ਹੀ ਕੋਈ ਬੰਦਾ ਨੇੜੇ ਆਇਆ, 'ਨਾ ਕਰ ਸੋਹਣਿਆ। ਜ਼ਿੰਦਗੀ ਬੜੀ ਕੀਮਤੀ ਹੈ, ਅਜਾਈਂ ਗਈ ਤਾਂ ਫਿਰ ਨਹੀਂ ਮਿਲਣੀ।'

ਉਹ ਬਦਕਿਸਮਤ 'ਮੈਂ ਨਾ ਮਾਨੂੰ' ਦੀ ਰਟ 'ਤੇ ਅੜਿਆ ਰਿਹਾ। ਦੂਜੇ ਹੀ ਪਲ ਉਸ ਹਮਦਰਦ ਨੇ ਆਪ ਧੱਕਾ ਦੇ ਕੇ ਖੂਹ ਵਿਚ ਸੁੱਟ ਮਾਰਿਆ, 'ਜਾਹ ਮਰਨਾ ਤੇ ਮਰ ਛੇਤੀ ਮਰ.. ਯੱਭ ਮੁਕਾ।'

ਕੁੱਝ ਸੱਜਣ ਆਪਣੇ ਸੁਹਿਰਦ ਮਿੱਤਰ ਨੂੰ ਸਹੀ ਸਲਾਹ ਮਸ਼ਵਰਾ ਦਿੰਦੇ ਹਨ, ਪਰ ਕੁੱਝ ਹੋਰ ਗਲਤ ਕਰਨ ਵਾਲੇ ਮੱਕਾਰ ਲੂੰਬੜ ਕਿਸਮ ਦੇ ਚਾਪਲੂਸ ਸ਼ੁਭਚਿੰਤਕ ਲੋਹਾ ਗਰਮ ਕਰ ਕੇ ਸੱਟ ਮਾਰਦੇ ਹਨ ਤੇ ਜਿਵੇਂ ਚਾਹੁਣ ਢਾਲ ਲੈਂਦੇ ਹਨ।

ਉਹ ਤੁਹਾਡੀਆਂ ਅਜਿਹੀਆਂ ਆਦਤਾਂ/ਹਰਕਤਾਂ ਦਾ ਨਾਜਾਇਜ਼ ਫਾਇਦਾ ਉਠਾ ਕੇ ਆਪਣਾ ਉਲੂ ਸਿੱਧਾ ਕਰਦੇ ਹਨ। ਬਾਂਦਰ ਮੂਹਰੇ ਫੁੱਲੀਆਂ ਖਿਲਾਰਨ ਵਾਂਗ ਚਾਤਰ ਲੋਕ ਤੁਹਾਨੂੰ ਫਾਹ ਲੈਂਦੇ ਹਨ। ਮੌਕਾ ਤਾੜੂ ਦੋਸਤ ਤੁਹਾਡਾ ਮੂਡ ਵੇਖ ਕੇ ਰਗ ਟੋਂਹਦੇ ਹਨ ਤੇ ਆਪਣੀ ਵਰਗਲਾਊ ਚਾਬੀ ਲਾ ਕੇ ਤੁਹਾਨੂੰ ਕੁਰਾਹੇ ਪਾ ਦਿੰਦੇ ਹਨ, 'ਜਨਾਬ, ਚੰਦ 'ਤੇ ਪਲਾਟਾਂ ਦੀ ਸੇਲ ਲੱਗ ਗਈ ਹੈ, ਹੋਰ ਨਾ ਕਿਸੇ ਨੂੰ ਦੱਸਿਓ। ਤੁਹਾਡੇ ਕੋਲ ਇੱਕ ਦੋ ਮਿਲੀਅਨ ਧਨ ਪਿਆ ਹੈ। ਉਹ ਲਾ ਦੇਈਏ। ਪੈਸੇ ਤੁਹਾਡੇ ਤੇ ਪ੍ਰਬੰਧ ਮੇਰਾ... ਬੱਸ ਪੰਜ ਦਸ ਸਾਲ ਵਿਚ ਵਾਰੇ ਨਿਆਰੇ ਹੋ ਜਾਣਗੇ। ਇਹ ਮਿਲੀਅਨ ਬਿਲੀਅਨ ਵਿਚ ਤਬਦੀਲ ਹੋ ਜਾਣਗੇ ਤੇ ਅਸਮਾਨ ਵਿਚ ਤੁਹਾਡਾ ਨਾਂ ਚਮਕ ਪਵੇਗਾ।'

ਤੁਸੀਂ ਇਨ੍ਹਾਂ ਚਾਪਲੂਸਾਂ ਦੇ ਬਹਿਕਾਵੇ ਵਿਚ ਆ ਕੇ ਆਪਣਾ ਵਹੀ-ਖਾਤਾ ਖਾਲੀ ਕਰ ਕੇ ਇਨ੍ਹਾਂ ਠੱਗਾਂ ਨੂੰ ਸਭ ਕੁੱਝ ਖੁਹਾ ਕੇ ਫਿਰ ਪਛਤਾਉਂਦੇ ਰਹੋਗੇ ਤੇ ਉਹ ਮਾਲ-ਮਤਾ ਲਪੇਟ ਕੇ ਛੂੰ-ਮੰਤਰ ਉਡੰਤ ਹੋ ਜਾਣਗੇ।

ਸਿਮਰਨਜੀਤ ਸਿੰਘ ਮਾਨ ਵੀ ਕਿਸੇ ਵੇਲੇ ਅਜਿਹੀ ਚਾਪਲੂਸੀ ਦੇ ਬਹਿਕਾਵੇ ਵਿਚ ਆ ਗਏ। ਉਨ੍ਹਾਂ ਨੂੰ ਕਿਸੇ ਸਿਆਸੀ ਸ਼ਾਤਰ ਦਿਮਾਗ ਨੇ ਕਿਰਪਾਨ ਹੱਥ ਫੜਾ ਦਿੱਤੀ ਕਿ ਜੇ ਤੁਸੀਂ ਇਹ ਪਾਰਲੀਮੈਂਟ ਅੰਦਰ ਲਿਜਾਣ 'ਚ ਕਾਮਯਾਬ ਹੋ ਗਏ ਤਾਂ ਤੁਹਾਡਾ ਨਾਂ ਗਿੰਨੀ ਬੁੱਕ ਵਿਚ ਲਿਖਿਆ ਜਾਏਗਾ ਤੇ ਤੁਹਾਡਾ ਸਿਆਸੀ ਭਵਿੱਖ ਚਮਕਾਂ ਮਾਰੇਗਾ, ਤੁਸੀਂ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬੈਠੇ ਹੋਵੋਗੇ। ਏਨੀ ਜ਼ਿਆਦਾ ਬਹੁਸੰਮਤੀ ਨਾਲ ਜਿੱਤੇ ਮਾਨ ਸਾਹਿਬ ਕਿਰਪਾਨ ਦੇ ਝਮੇਲੇ ਅੰਦਰ ਹੀ ਉਲਝ ਕੇ ਰਹਿ ਗਏ ਤੇ ਉਨ੍ਹਾਂ ਦੇ ਸਿਆਸੀ ਮੁਖਾਲਿਫ ਫਾਇਦਾ ਉਠਾ ਕੇ ਆਪ ਮੂਹਰੇ ਆ ਗਏ। ਜੇ ਕਿਤੇ ਉਦੋਂ ਮਾਨ ਸਾਹਿਬ ਅੰਦਰ ਜਾ ਕੇ ਆਪਣੀ ਸੰਵਿਧਾਨਕ ਤਕਰੀਰ ਨਾਲ ਸਰਕਾਰ ਤੱਕ ਆਪਣੀ ਗੱਲ ਪਹੁੰਚਾਉਂਦੇ ਤਾਂ ਹੋ ਸਕਦਾ ਕਿਰਪਾਨ ਦਾ ਮਸਲਾ ਵੀ ਹੱਲ ਕਰਵਾ ਲੈਂਦੇ ਤੇ ਹੁਣ ਤੱਕ 'ਮਾਨ ਸਾਹਿਬ! ਮਾਨ ਸਾਹਿਬ' ਹੁੰਦੀ ਰਹਿਣੀ ਸੀ। ਪੰਜਾਬ ਦੀ ਸਿਆਸਤ ਵਿਚ ਉਹ ਸੂਰਜ ਵਾਂਗਰਾਂ ਚਮਕਦੇ ਤੇ ਦੂਸਰੇ ਹਾਕਮ ਬਹੁਤ ਪਿੱਛੇ ਰਹਿ ਜਾਂਦੇ। ਉਨ੍ਹਾਂ ਨੂੰ ਗੁਮਰਾਹੂ ਮਸ਼ਵਰੇ ਲੈ ਬੈਠੇ ਜਾਂ ਉਨ੍ਹਾਂ ਦੀ ਜ਼ਿੱਦੀ ਮਗਰੂਰੀ ਲੈ ਬੈਠੀ।

ਮੇਰੇ ਇੱਕ ਦੋਸਤ ਨੂੰ ਤੱਤਾ ਤੱਤਾ ਲੱਕਣ ਦੀ ਆਦਤ ਸੀ ਤੇ ਸਾਰੇ ਸਾਥੀ ਉਸ ਦੀ ਇਸ ਆਦਤ ਤੋਂ ਜਾਣੂੰ ਸਨ। ਮਿੱਤਰ ਮੰਡਲੀ ਨੇ ਉਸ ਦੁਆਲੇ ਹੋ ਜਾਣਾ ਤੇ ਆਪਣਾ ਕੰਮ ਕਢਵਾਉਣ ਵਾਸਤੇ ਫਾਈਲਾਂ 'ਤੇ ਦਸਤਖਤ ਕਰਵਾ ਲੈਣੇ। ਇਸ ਸ਼ੁੱਭ ਮਹੂਰਤ ਵਾਲੇ ਸਮੇਂ ਕਿਸੇ ਵਿਰੋਧੀ ਦਾ ਨੁਕਸਾਨ ਕਰਾਉਣ ਵਾਸਤੇ ਉਸ ਨੂੰ ਗਲਤ ਤੱਥ ਪੇਸ਼ ਕਰ ਕੇ ਮੀਮੋ ਲਿਖਵਾ ਦੇਣੇ। ਫਲਸਰੂਪ ਲੜਾਈ ਸ਼ੁਰੂ ਹੋ ਜਾਣੀ ਤੇ ਉਨ੍ਹਾਂ ਦੀਆਂ ਪੌਂ ਬਾਰਾਂ। ਉਸ ਦੀ ਤਰੱਕੀ ਹੋਣ ਤੇ ਮੁਬਾਰਕ ਵਜੋਂ ਮੈਂ ਉਸ ਨੂੰ ਇੱਕ ਟਿੱਪ ਲਿਖੀ ਕਿ ਪ੍ਰਬੰਧਕੀ ਮਾਮਲੇ ਵਿਚ ਕਿਸੇ ਮਾਤਹਿਤ ਨੂੰ ਮੀਮੋ ਲਿਖਣ ਤੋਂ ਪਹਿਲਾਂ ਠੰਢੇ ਜਿਗਰੇ ਨਾਲ ਸੋਚੋ, ਘੱਟੋ ਘੱਟ ਦੋ ਚਾਰ ਘੰਟੇ ਇਸ ਨੂੰ ਲੇਟ ਕਰੋ। ਉਹ ਮੇਰੀ ਗੱਲ 'ਤੇ ਬਹੁਤ ਹੱਸਿਆ ਤੇ ਮੰਨਿਆ ਕਿ ਸੱਚੀਂ ਗਰਮ-ਮਿਜ਼ਾਜੀ ਵਿਚ ਉਸ ਨੇ ਕਈ ਫੈਸਲੇ ਗਲਤ ਲਏ ਤੇ ਹੁਣ ਨਜ਼ਰਸਾਨੀ ਕਰੇਗਾ।

ਫਸਲੀ ਬਟੇਰਿਆਂ ਕੋਲੋਂ ਦੂਰ ਰਹੋ ਜਾਂ ਉਨ੍ਹਾਂ ਨੂੰ ਪਰੇ ਪਰੇ ਟਰਕਾਈ ਰੱਖੋ ਪਰ ਇਹ ਕੰਮ ਹੈ ਬੜਾ ਔਖਾ। ਚੰਦ ਦਿਖਾਉਣ ਵਾਲੇ ਤੁਹਾਨੂੰ ਦਿਨੇ ਤਾਰੇ ਵਿਖਾ ਦਿੰਦੇ ਹਨ। ਅੱਜ ਕੱਲ੍ਹ ਬਿਜਲਈ ਇਸ਼ਤਿਹਾਰਬਾਜ਼ੀ ਕਹਿੰਦੇ ਕਹਾਉਂਦੇ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਬੁੱਧੂ ਬਣਾ ਦਿੰਦੀ ਹੈ। ਤੁਹਾਨੂੰ ਅਜਿਹੇ ਭੰਬਲਭੂਸੇ ਪਾ ਕੇ ਤੁਹਾਡੇ ਸਾਹਮਣੇ ਮਾਇਆ-ਜਾਲ ਵਿਛਾ ਦਿੰਦੇ ਹਨ ਕਿ ਤੁਸੀਂ ਜਾਲ ਵਿਚ ਫਸੇ ਸ਼ਿਕਾਰ ਵਾਂਗ ਫੜਫੜਾ ਕੇ ਰਹਿ ਜਾਂਦੇ ਹੋ। ਸੁਣੋ ਸਭ ਦੀ ਪਰ ਕਰੋ ਆਪਣੀ। ਸਲਾਹ ਕੰਧਾਂ ਤੋਂ ਵੀ ਲਈ ਜਾ ਸਕਦੀ ਹੈ ਪਰ ਫੈਸਲਾ ਆਪਣੇ ਦਿਮਾਗ ਨਾਲ ਕਰੋ। 'ਪਹਿਲਾਂ ਤੋਲੋ ਫਿਰ ਬੋਲੋ।' ਤੋਲਣ ਤੋਂ ਪਹਿਲਾਂ ਜਾਂ ਕੋਈ ਕੰਮ ਕਰਨ ਤੋਂ ਪਹਿਲਾਂ ਇਸ ਦਾ ਨਫਾ ਨੁਕਸਾਨ ਵਿਚਾਰਨਾ ਬਹੁਤ ਜ਼ਰੂਰੀ ਹੈ। ਇੱਜ਼ਤ ਕਰੋ ਇੱਜ਼ਤ ਕਰਾਓ। ਜੀ ਕਹੋ ਜੀ ਕਹਾਓ।

ਜੱਟ ਤੇ ਬਾਣੀਏ ਦੀ ਪੁਰਾਣੀ ਕਹਾਵਤ ਹੈ। ਬਾਣੀਆਂ ਕੋਈ ਕੰਮ/ਗੱਲ ਕਰਨ ਤੋਂ ਪਹਿਲਾ ਕਈ ਵੇਰ ਸੋਚਦਾ ਹੈ ਤੇ ਜੱਟ ਕੰਮ ਕਰਨ ਤੋਂ ਬਹੁਤ ਦੇਰ ਬਾਦ ਸੋਚਦਾ ਹੈ ਤੇ ਉਦੋਂ ਤੱਕ ਬਹੁਤ ਕੁੱਝ ਵਾਪਰ ਜਾਂਦਾ ਹੈ ਜਾਂ ਵਿਗੜ ਚੁਕਾ ਹੁੰਦਾ ਹੈ। ਫਿਰ ਪਛਤਾਏ ਕੀ ਬਣੇ ਜਦ ਚਿੜੀਆਂ ਚੁਗ'ਗੀ ਖੇਤ। ਅੱਜ ਦੇ ਆਧੁਨਿਕ ਯੁੱਗ ਵਿਚ ਨਾ ਉਹ ਬਾਣੀਏ ਰਹੇ ਹਨ ਤੇ ਨਾ ਉਹ ਜੱਟ। ਕਈ ਹਾਲਤਾਂ ਵਿਚ ਇਹ ਤੁਗਲਕ-ਪੈਰਾਡਾਈਜ਼ ਵਾਲੀ ਪ੍ਰਵਿਰਤੀ ਅਜੇ ਕਾਇਮ ਹੈ ਭਾਵੇਂ ਇਹ ਕਿਸੇ ਖਾਸ ਵਰਗ ਕਬੀਲੇ ਨਾਲ ਸਬੰਧਿਤ ਨਹੀਂ ਕੀਤੀ ਜਾ ਸਕਦੀ। ਕੋਈ ਇਸ ਤੋਂ ਬਚ ਸਕੇ ਤਾਂ ਵਾਹ ਭਲੀ, ਨਹੀਂ ਤਿੰਨ ਕਾਣੇ ਤਾਂ ਵੱਟ ਤੇ ਪਏ ਨੇ।

# ਕੈਂਸਰ ਸਬੰਧੀ ਭਰਮ-ਭੁਲੇਖਿਆਂ ਤੋਂ ਬਚਣ ਦੀ ਲੋੜ



ਪ੍ਰੋ. ਹਰਗੁਣਪ੍ਰੀਤ ਸਿੰਘ
ਫੋਨ: 91-94636-19353

ਜੀਵਨ ਵਿਚ ਪੇਸ਼ ਆਈ ਕਿਸੇ ਵੀ ਮੁਸ਼ਕਿਲ ਜਾਂ ਮੁਸੀਬਤ ਨਾਲ ਟਾਕਰਾ ਕਰਨ ਲਈ ਜਿਵੇਂ ਸਭ ਤੋਂ ਪਹਿਲਾਂ ਉਸ ਮੁਸ਼ਕਿਲ ਸਬੰਧੀ ਪੂਰੀ ਜਾਣਕਾਰੀ ਹਾਸਲ ਕਰਨਾ ਜ਼ਰੂਰੀ ਹੁੰਦਾ ਹੈ, ਉਸੇ ਤਰ੍ਹਾਂ ਕੈਂਸਰ ਵਰਗੀ ਭਿਆਨਕ ਬਿਮਾਰੀ ਨਾਲ ਜੂਝਣ ਲਈ ਵੀ ਸਭ ਤੋਂ ਪਹਿਲਾਂ ਉਸ ਬਾਰੇ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ। ਭਾਵੇਂ ਕਹਿਣ ਨੂੰ ਤਾਂ ਇੱਕੀਵੀਂ ਸਦੀ ਵਿਚ ਅਸੀਂ ਮੈਡੀਕਲ ਸਾਇੰਸ ਤੇ ਸੂਚਨਾ ਤਕਨਾਲੋਜੀ ਦੇ ਖੇਤਰ ਵਿਚ ਬਹੁਤ ਤਰੱਕੀ ਕਰ ਲਈ ਹੈ ਪਰੰਤੂ ਅਫਸੋਸ, ਸਾਡੀ ਸੋਚ ਅਤੇ ਸਮਝ ਹਾਲੇ ਵੀ ਅਵਿਕਸਿਤ ਅਤੇ ਅਵਿਗਿਆਨਕ ਬਣੀ ਹੋਈ ਹੈ।

ਮੈਂ ਪਿਛਲੇ ਕਈ ਸਾਲਾਂ ਤੋਂ ਕੈਂਸਰ ਜਾਗਰੂਕਤਾ ਸਬੰਧੀ ਆਪਣੇ ਨਿਜੀ ਤਜਰਬੇ ਅਖਬਾਰਾਂ, ਟੀ.ਵੀ. ਅਤੇ ਸੋਸ਼ਲ ਮੀਡੀਆ ਰਾਹੀਂ ਸਾਂਝੇ ਕਰਦਾ ਆ ਰਿਹਾ ਹਾਂ ਜਿਨ੍ਹਾਂ ਨੂੰ ਪੜ੍ਹ ਕੇ ਬੁੱਧੀਜੀਵੀ ਵਰਗ ਦੇ ਅਨੇਕਾਂ ਪਾਠਕ ਮੇਰੀ ਨਿਰੰਤਰ ਹੌਸਲਾ ਅਫਜ਼ਾਈ ਕਰਕੇ ਨਿਰੰਤਰ ਲਿਖਦੇ ਰਹਿਣ ਲਈ ਪ੍ਰੇਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਕੁਝ ਅਜਿਹੇ ਪਾਠਕਾਂ ਨਾਲ ਵੀ ਗੱਲਬਾਤ ਹੋਈ ਜੋ ਆਪ ਇਸ ਰੋਗ ਨਾਲ ਪੀੜਤ ਸਨ ਜਾਂ ਫਿਰ ਉਨ੍ਹਾਂ ਦਾ ਕੋਈ ਪਰਿਵਾਰਕ ਜੀਅ ਜਾਂ ਕੋਈ ਨੇੜਲਾ ਮਿੱਤਰ-ਸਨੇਹੀ ਇਸ ਬਿਮਾਰੀ ਨਾਲ ਜੂਝ ਰਹੇ ਸਨ। ਇਨ੍ਹਾਂ ਵਿਚੋਂ ਜਿੱਥੇ ਕੁਝ ਲੋਕ ਪੂਰੀ ਚੜ੍ਹਦੀ ਕਲਾ ਅਤੇ ਦ੍ਰਿੜ ਇਰਾਦੇ ਨਾਲ ਕੈਂਸਰ ਦਾ ਮੁਕਾਬਲਾ ਕਰ ਰਹੇ ਸਨ, ਉਥੇ ਬਹੁਤੇ ਲੋਕ ਸਮਾਜ ਵਿਚ ਫੈਲੀਆਂ ਪੁਰਾਣੀਆਂ ਆਧਾਰ ਰਹਿਤ ਧਾਰਨਾਵਾਂ ਅਤੇ ਭਰਮ-ਭੁਲੇਖਿਆਂ ਕਾਰਨ ਲੜਾਈ ਤੋਂ ਪਹਿਲਾਂ ਹੀ ਕੈਂਸਰ ਸਾਹਮਣੇ ਗੋਡੇ ਟੇਕ ਚੁਕੇ ਸਨ।

ਇਕ ਵਾਰ ਇਕ ਵਿਅਕਤੀ ਨੇ ਫੋਨ 'ਤੇ ਦੱਸਿਆ ਕਿ ਕੈਂਸਰ ਨਾਲ ਜੂਝ ਰਹੇ ਉਸ ਦੇ ਕਿਸੇ ਰਿਸ਼ਤੇਦਾਰ ਦਾ ਉਸ ਦੇ ਪਰਿਵਾਰ ਵਾਲੇ ਇਸ ਕਰਕੇ ਯੋਗ ਇਲਾਜ ਨਹੀਂ ਕਰਵਾਉਣਾ ਚਾਹੁੰਦੇ ਕਿ ਜਿੱਥੇ ਕੈਂਸਰ ਦਾ ਇਲਾਜ ਇੰਨਾ ਮਹਿੰਗਾ ਹੈ, ਉਥੇ ਇਹ ਇਕ ਲਾਇਲਾਜ ਅਤੇ ਜਾਨਲੇਵਾ ਬਿਮਾਰੀ ਵੀ ਹੈ ਜਿਸ ਨਾਲ ਮਰੀਜ਼ ਦਾ ਅੰਤ ਨਿਸ਼ਚਿਤ ਹੀ ਹੁੰਦਾ ਹੈ, ਇਸ ਲਈ ਇਲਾਜ ਉਤੇ ਫਜ਼ੂਲ ਖਰਚ ਕਰਨ ਦਾ ਕੋਈ ਲਾਭ ਨਹੀਂ, ਮਰੀਜ਼ ਨੇ ਬਚਣਾ ਤਾਂ ਹੈ ਨਹੀਂ। ਉਸ ਨੇ ਨਾਲ ਇਹ ਗੱਲ ਦੱਸ ਕੇ ਵੀ ਤਸੱਲੀ ਪ੍ਰਗਟਾਈ ਕਿ ਉਨ੍ਹਾਂ ਨੇ ਕਿਸੇ ਨੇੜਲੇ ਪਿੰਡ ਦੇ ਸਿਆਣੇ ਬਾਬੇ ਕੋਲੋਂ ਮਰੀਜ਼ ਦਾ ਹੱਥ ਹੌਲਾ ਕਰਵਾ ਲਿਆ ਸੀ। ਮੈਂ ਉਸ ਦੀਆਂ ਮੂਰਖਤਾ ਭਰੀਆਂ ਗੱਲਾਂ ਸੁਣ ਕੇ ਕਿਹਾ, "ਭਾਈ ਸਾਹਿਬ! ਮਰੀਜ਼ ਦੇ ਬਚਣ ਜਾਂ ਨਾ ਬਚਣ ਸਬੰਧੀ ਪਹਿਲਾਂ ਹੀ ਫੈਸਲਾ ਕਰਨ ਵਾਲੇ ਤੁਸੀਂ ਕੌਣ ਹੁੰਦੇ ਹੋ? ਸਾਨੂੰ ਆਪਣੀ ਸਮਰੱਥਾ ਅਨੁਸਾਰ ਪਰਮਾਤਮਾ ਦਾ ਓਟ ਆਸਰਾ ਲੈ ਕੇ ਮਰੀਜ਼ ਦਾ ਸਹੀ ਡਾਕਟਰੀ ਇਲਾਜ ਕਰਵਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਜਿੱਥੋਂ ਤੱਕ ਮਰੀਜ਼ ਦੇ ਬਚਣ ਜਾਂ ਨਾ ਬਚਣ ਦੀ ਗੱਲ ਹੈ ਤਾਂ ਇਹ ਇਸ ਉਤੇ ਵੀ ਨਿਰਭਰ ਕਰਦਾ ਹੈ ਕਿ ਮਰੀਜ਼ ਦੇ ਸਰੀਰ ਅੰਦਰ ਕਿੰਨੀ ਕੁ ਮਾਤਰਾ ਵਿਚ ਰੋਗ ਫੈਲ ਚੁਕਾ ਹੈ ਅਤੇ ਕਿਹੜੀ ਸਟੇਜ ਉਤੇ ਪਹੁੰਚ ਚੁਕਾ ਹੈ। ਇਸ ਦੇ ਨਾਲ ਹੀ ਮਰੀਜ਼ ਦਾ ਸਮੁੱਚਾ ਮਾਨਸਿਕ, ਅਧਿਆਤਮਕ, ਪਰਿਵਾਰਕ, ਸਮਾਜਿਕ ਅਤੇ ਆਰਥਿਕ ਮਾਹੌਲ ਵੀ ਆਪਣੀ ਥਾਂ ਉਤੇ ਅਹਿਮ ਭੂਮਿਕਾ ਨਿਭਾਉਂਦਾ ਹੈ।"



*ਕੈਂਸਰ 'ਤੇ ਜਿੱਤ ਪਾ ਚੁਕੀ ਅਦਾਕਾਰਾ ਮਨੀਸ਼ਾ ਕੋਇਰਾਲਾ*

ਜਦੋਂ ਮੈਂ ਉਸ ਨੂੰ ਆਪਣੀ ਮਿਸਾਲ ਦੇ ਕੇ ਸਮਝਾਉਣ ਦਾ ਯਤਨ ਕੀਤਾ ਕਿ ਮੈਂ ਵੀ ਅੱਜ ਤੋਂ ਇਕ ਦਹਾਕਾ ਪਹਿਲਾਂ ਇਸ ਬਿਮਾਰੀ ਉਤੇ ਫਤਿਹ ਪ੍ਰਾਪਤ ਕਰ ਚੁਕਾ ਹਾਂ ਤਾਂ ਉਹ ਕਿੰਨਾ ਚਿਰ ਇਸ ਗੱਲ ਨੂੰ ਮਜ਼ਾਕ ਹੀ ਸਮਝਦਾ ਰਿਹਾ। ਇਸ ਦਾ ਕਾਰਨ ਇਹ ਵੀ ਹੈ ਕਿ ਕੈਂਸਰ ਤੋਂ ਠੀਕ ਹੋ ਚੁਕੇ ਬਹੁਤੇ ਲੋਕ ਇਹ ਦੱਸਣ ਤੋਂ ਗੁਰੇਜ਼ ਕਰਦੇ ਹਨ ਕਿ ਉਨ੍ਹਾਂ ਨੂੰ ਕੈਂਸਰ ਸੀ।

ਇਸੇ ਤਰ੍ਹਾਂ ਇਕ ਹੋਰ ਵਿਅਕਤੀ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਸ ਦੇ ਲੜਕੇ ਦਾ ਵੀ 8 ਸਾਲ ਪਹਿਲਾਂ ਪੀ.ਜੀ.ਆਈ. ਚੰਡੀਗੜ੍ਹ ਤੋਂ ਖ਼ੂਨ ਦੇ ਕੈਂਸਰ ਦਾ ਸਫਲ ਇਲਾਜ ਹੋਇਆ ਸੀ ਜੋ ਹੁਣ ਬਿਲਕੁਲ ਤੰਦਰੁਸਤ ਹੈ ਅਤੇ ਚੰਡੀਗੜ੍ਹ ਵਿਚ ਇਕ ਨਾਮਵਰ ਕੰਪਨੀ ਵਿਚ ਚੰਗੀ ਨੌਕਰੀ ਕਰ ਰਿਹਾ ਹੈ, ਪਰੰਤੂ ਸਮੱਸਿਆ ਇਹ ਹੈ ਕਿ ਕਾਫੀ ਯਤਨਾਂ ਤੋਂ ਬਾਅਦ ਵੀ ਉਸ ਦਾ ਵਿਆਹ ਨਹੀਂ ਹੋ ਸਕਿਆ। ਉਸ ਦਾ ਕਹਿਣਾ ਹੈ ਕਿ ਉਸ ਨੇ ਕਈ ਚੰਗੇ ਪੜ੍ਹੇ-ਲਿਖੇ ਘਰਾਂ ਵਿਚ ਰਿਸ਼ਤਾ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਕਿਤੇ ਗੱਲ ਸਿਰੇ ਨਾ ਚੜ੍ਹ ਸਕੀ, ਕਿਉਂਕਿ ਲੜਕੀ ਵਾਲੇ ਇਸ ਗੱਲ ਤੋਂ ਘਬਰਾ ਰਹੇ ਸਨ ਕਿ ਕਿਤੇ ਉਨ੍ਹਾਂ ਨਾਲ ਰਿਸ਼ਤਾ ਜੋੜ ਕੇ ਉਨ੍ਹਾਂ ਦੀ ਲੜਕੀ ਜਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਰੋਗ ਹੀ ਨਾ ਲੱਗ ਜਾਵੇ।

ਇਸ ਗੱਲ ਨੇ ਜਿੱਥੇ ਮੈਨੂੰ ਕਾਫੀ ਹੈਰਾਨ-ਪ੍ਰੇਸ਼ਾਨ ਕੀਤਾ, ਉਥੇ ਨਾਲ ਹੀ ਮੇਰੇ ਸਾਹਮਣੇ ਇਹ ਕੌੜੀ ਸੱਚਾਈ ਵੀ ਪੇਸ਼ ਕੀਤੀ ਕਿ ਭਾਵੇਂ ਕੈਂਸਰ ਜਾਗਰੂਕਤਾ ਲਈ ਹਰ ਸਾਲ ਕੈਂਸਰ ਨਾਲ ਸਬੰਧਿਤ ਵੱਖ-ਵੱਖ ਦਿਹਾੜੇ ਮਨਾਏ ਜਾਂਦੇ ਹਨ ਪਰ ਇਸ ਪਾਸੇ ਹਾਲੇ ਵੀ ਸਾਡੀਆਂ ਸਰਕਾਰਾਂ, ਮੈਡੀਕਲ, ਵਿੱਦਿਅਕ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਬਹੁਤ ਕੁਝ ਕਰਨ ਦੀ ਲੋੜ ਹੈ।

ਇਨ੍ਹਾਂ ਭਰਮ ਭੁਲੇਖਿਆਂ ਨੂੰ ਲੋਕ ਮਨਾਂ ਵਿਚੋਂ ਦੂਰ ਕਰਨ ਹਿੱਤ ਮੀਡੀਆ ਦੇ ਵੱਖ-ਵੱਖ ਸਾਧਨ ਆਪਣਾ ਬਣਦਾ ਯੋਗਦਾਨ ਪਾ ਸਕਦੇ ਹਨ। ਅਖਬਾਰਾਂ, ਰੇਡੀਓ, ਟੈਲੀਵੀਜ਼ਨ ਅਤੇ ਇੰਟਰਨੈਟ ਰਾਹੀਂ ਕੈਂਸਰ ਦੇ ਕਾਰਨਾਂ ਤੇ ਬਚਾਓ ਸਬੰਧੀ ਡਾਕਟਰਾਂ ਅਤੇ ਬੁੱਧੀਜੀਵੀਆਂ ਦੇ ਲੇਖ ਤੇ ਇੰਟਰਵਿਊ ਜਿੱਥੇ ਹਾਂਪੱਖੀ ਭੂਮਿਕਾ ਨਿਭਾ ਸਕਦੇ ਹਨ, ਉਥੇ ਇਸ ਬਿਮਾਰੀ ਉਤੇ ਜਿੱਤ ਪ੍ਰਾਪਤ ਕਰ ਚੁਕੇ ਲੋਕਾਂ ਦੇ ਤਜਰਬੇ ਸਾਂਝੇ ਕਰਕੇ ਵੀ ਸਮਾਜ ਦੀ ਸੋਚ ਬਦਲੀ ਜਾ ਸਕਦੀ ਹੈ। ਵੱਖ-ਵੱਖ ਖੇਤਰਾਂ ਦੀਆਂ ਸੁਪ੍ਰਸਿੱਧ ਸ਼ਖਸੀਅਤਾਂ ਜਿਵੇਂ ਕ੍ਰਿਕਟ ਸਟਾਰ ਯੁਵਰਾਜ ਸਿੰਘ, ਫਿਲਮ ਨਿਰਦੇਸ਼ਕ ਅਨੁਰਾਗ ਬਾਸੂ, ਫਿਲਮ ਅਦਾਕਾਰਾ ਮੁਮਤਾਜ਼, ਲੀਜ਼ਾ ਰੇਅ ਅਤੇ ਮਨੀਸ਼ਾ ਕੋਇਰਾਲਾ ਤੋਂ ਇਲਾਵਾ ਵਿਸ਼ਵ ਪ੍ਰਸਿੱਧ ਖਿਡਾਰੀ ਲਾਂਸ ਆਰਮਸਟਰਾਂਗ, ਹਾਲੀਵੱਡ ਅਦਾਕਾਰ ਹੁਗ ਜੈਕਮੈਨ, ਮਾਈਕਲ ਡੋਗਲਾਸ, ਸੁਜ਼ੈਨ ਸੋਮਰਜ਼, ਸਿਨਥੀਆ ਨਿਕਸਨ, ਸ਼ੈਰੋਨ ਓਸਬੌਰਨ, ਮੈਲੀਸਾ ਐਥਰਿਜ, ਬਾਰਬਰਾ ਮੋਰੀ, ਸ਼ੈਰਿਲ ਕਰੋਅ, ਟਾਮ ਗਰੀਨ, ਐਡੀ ਫੈਲਕੋ ਵਰਗੀਆਂ ਅਨੇਕਾਂ ਕੈਂਸਰ ਜੇਤੂ ਹਸਤੀਆਂ ਨੇ ਪੁਸਤਕਾਂ, ਫਿਲਮਾਂ ਅਤੇ ਡਾਕੂਮੈਂਟਰੀਆਂ ਦੁਆਰਾ ਨਾ ਕੇਵਲ ਮੀਡੀਏ ਦੀ ਉਸਾਰੂ ਵਰਤੋਂ ਕੀਤੀ ਬਲਕਿ ਕੈਂਸਰ ਨਾਲ ਜੂਝ ਰਹੇ ਲੋੜਵੰਦ ਮਰੀਜ਼ਾਂ ਦੀ ਦੇਖਭਾਲ ਅਤੇ ਮੁਫਤ ਇਲਾਜ ਲਈ ਕਈ ਸਮਾਜ ਸੇਵੀ ਸੰਸਥਾਵਾਂ ਬਣਾ ਕੇ ਇਕ ਮਿਸਾਲ ਵੀ ਕਾਇਮ ਕੀਤੀ।

# ਕੋਠੀ ਲੱਗੇ ਐਨ. ਆਰ. ਆਈ. ਬਜ਼ੁਰਗ-2

## ਦੁੱਖ ਪਰਦੇਸਾਂ ਦੇ

***ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁੱਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ ਕੋਠੀ ਲੱਗਣਾ ਕਿਹਾ ਹੈ। ਇਸ ਲੇਖ ਲੜੀ ਵਿਚ ਉਨ੍ਹਾਂ ਕੋਠੀ ਲੱਗੇ ਬਜ਼ੁਰਗਾਂ ਦੀ ਪੀੜਾ ਦੀ ਸਾਰ ਲਈ ਹੈ। ਹਥਲੇ ਲੇਖ ਵਿਚ ਉਨ੍ਹਾਂ ਪੰਜਾਬ ਗਏ ਇਕ ਪਰਵਾਸੀ ਬਜ਼ੁਰਗ ਦੀ ਆਪਣੇ ਜਿਹੇ ਵਾਹਣ 'ਚ ਪਏ ਇਕ ਹੋਰ ਪੰਜਾਬੀ ਪਰਵਾਸੀ ਨਾਲ ਬਣੀ ਸਾਂਝ ਦੀ ਵਾਰਤਾ ਬਿਆਨੀ ਹੈ। -ਸੰਪਾਦਕ***

**ਪ੍ਰਿੰ. ਬਲਕਾਰ ਸਿੰਘ ਬਾਜਵਾ**
balkarbajwa1935@gmail.com
ਫੋਨ: 647-402-2170

ਇੱਕ ਦਿਨ ਗੁਰਦੀਪ ਨੂੰ ਮਿਲਣ ਉਹਦੀ ਕੋਠੀ ਚਲਾ ਗਿਆ। ਗੱਲਾਂ ਕਰਦਿਆਂ ਸਕਾਚ ਲਿਆ ਰੱਖੀ। 'ਮੈਂ ਮੱਛੀ ਮਸਾਲਾ ਲਾ ਰੱਖੀ ਐ, ਜਦੋਂ ਕਹੋ, ਗਰਮ ਕਰਲਾਂਗੇ।' ਕੋਠੀ ਸੋਹਣੀ ਬਣੀ ਹੋਈ ਸੀ। ਗੱਲਾਂ ਛਿੜ ਪਈਆਂ। ਕਹਿੰਦਾ, "ਵੱਡਾ ਮੁੰਡਾ ਤਾਂ ਪਹਿਲਾਂ ਹੀ ਅਮਰੀਕਾ ਚਲਾ ਗਿਆ ਸੀ। ਛੋਟਾ ਸਰਪੰਚ ਬਣ ਗਿਆ। ਐਥੇ ਨੇੜੇ ਹੀ ਉਹਦੀ ਘਰ ਵਾਲੀ ਕਿਸੇ ਸਕੂਲ ਵਿਚ ਪੜ੍ਹਾਉਂਦੀ ਸੀ। ਗਵਾਂਢ 'ਚ ਬਣੇ ਮੰਦਿਰ ਦੇ ਪੰਡਿਤ ਨਾਲ ਉਚੀ ਡੀ.ਜੇ. ਲਾਉਣ ਤੋਂ ਖਹਿਬੜ ਪਿਆ। ਸ਼ਾਮ ਵੇਲਾ। ਮਿੱਤਰ ਮੰਡਲੀ ਜੁੜੀ ਹੋਈ ਸੀ। ਜਟਕੀ ਮੱਤ ਭੜਕ ਪਈ। ਪੁਲਿਸ ਕੇਸ ਬਣ ਗਿਆ। ਪ੍ਰੋਫੈਸਰ ਸਾਹਿਬ ਕੀ ਦੱਸਾਂ! ਇੱਕ ਦਮ ਆਉਣਾ ਪਿਆ। ਸਿਆਸੀ ਪਹੁੰਚ ਤੇ ਪੈਸੇ ਦੇ ਜ਼ੋਰ ਨਾਲ ਝਗੜਾ ਮਸੀਂ ਨਿਬੇੜਿਆ। ਉਹਦਾ ਕੈਨੇਡੀਅਨ ਪੀ.ਆਰ. ਕਾਰਡ ਪਹਿਲਾਂ ਹੀ ਬਣਿਆ ਹੋਇਆ ਸੀ, ਬੱਸ ਇਥੋਂ ਭਜਾਉਣ ਦੀ ਕੀਤੀ। ਹੁਣ ਉਹ ਤਾਂ ਓਧਰ ਕੰਮਾਂ-ਕਾਰਾਂ 'ਚ ਰੁੱਝੇ ਹੋਏ ਨੇ, ਮੈਂ ਇਥੇ ਕੋਠੀ ਦੀ ਸਾਂਭ-ਸੰਭਾਲ ਤੇ ਵੇਚਣ-ਵੂਚਣ ਦੇ ਚੱਕਰ 'ਚ ਬੈਠਾਂ। ਓਦਣ ਦੀ ਉਡੀਕ 'ਚ ਆਂ ਜਿੱਦਣ ਇਹ ਕੰਮ ਸਮੇਟਿਆ ਗਿਆ। ਗਾਹਕ ਕੋਈ ਲੱਗਦਾ ਨਹੀਂ। ਪਿੰਡ ਵਾਲੀ ਜ਼ਮੀਨ ਚੰਗੇ ਟਿਕਾਣੇ 'ਤੇ ਹੈ। ਰਾਇਪੁਰ ਕੋਲੋਂ ਦੀ ਲੰਘਦੀ ਰੇਲ ਦੇ ਨਾਲ ਹੀ ਸਾਡਾ ਪਿੰਡ ਹੈ। ਦੋਹਾਂ ਪਿੰਡਾਂ ਵਿਚਾਲੇ ਹੀ ਕੇਂਦਰ ਸਰਕਾਰ ਇੱਕ ਡਰਾਈ ਪੋਰਟ ਬਣਾ ਰਹੀ ਹੈ। ਜ਼ਮੀਨ ਦੇ ਮੁੱਲ ਕੱਖਾਂ ਤੋਂ ਹੁਣ ਲੱਖਾਂ-ਕਰੋੜਾਂ ਹੋ ਗਏ ਹਨ। ਉਹਦੇ ਨਿਬੇੜੇ ਦਾ ਵੀ ਇੰਤਜ਼ਾਰ ਹੈ। ਕੱਲ-ਮੁਕੱਲਾ, ਭਈਆਣੀ ਸਫਾਈਆਂ, ਭਾਂਡਾ ਟੀਂਡਾ ਕਰ ਜਾਂਦੀ ਐ, ਦਾਲ ਸਬਜ਼ੀ, ਰੋਟੀ ਬਣਾ ਜਾਂਦੀ ਐ, ਮੈਂ ਆਪ...।"

"ਬਈ ਗੁਰਦੀਪ ਫਿਰ ਤੂੰ ਵੀ ਤਾਂ ਮੇਰੇ ਵਾਂਗ 'ਕੋਠੀ ਈ ਲੱਗਾ ਹੋਇਐਂ, ਮੈਂ ਵੀ ਇਸੇ ਚੱਕਰ 'ਚ ਹਾਂ। ਅਸੀਂ ਹੋਏ 'ਕੋਠੀ ਲੱਗੇ' ਸਾਂਢੂ। ਬਈ ਬੜੀਆਂ ਮੁਸ਼ਕਿਲਾਂ, ਕਿਰਸਾਂ ਨਾਲ ਇਹ ਆਲ੍ਹਣੇ ਬਣਾਏ ਸੀ। ਇੱਕ ਬਾਈ ਆਉਂਦਿਆਂ ਜਹਾਜ਼ ਵਿਚ ਮਿਲਿਆ ਸੀ। ਉਹ ਵੀ ਸਾਡੇ ਵਾਂਗ ਹੀ ਇਸੇ ਭਵਜਲ 'ਚ ਡੁਬਕਣੀਆਂ ਖਾਂਦਾ ਜਾਪਿਆ।"

ਫਿਰ ਦੱਸਣ ਲੱਗਾ, "ਕੋਠੀ ਵਿਚਲੀ 'ਕੱਲੀ 'ਕੱਲੀ ਚੀਜ਼ ਬਣਾਉਣ ਪਿੱਛੇ ਇੱਕ ਕਹਾਣੀ ਏ। ਸਾਨੂੰ ਭੁੱਲ ਨਹੀਂ ਸਕਦੇ ਉਹ ਕਿੱਸੇ! ਪਲਾਟ ਕਿਵੇਂ ਲਏ? ਬਣਾਉਣ ਵੇਲੇ ਇੱਕੋ ਸਾਧਨ ਤਨਖਾਹ ਹੀ ਸੀ। ਪ੍ਰਾਵੀਡੈਂਟ ਫੰਡ, ਯਾਰਾਂ ਬੇਲੀਆਂ ਤੋਂ ਫੜ-ਫੜਾ ਕੰਮ ਤੋਰੀ ਗਏ। ਲੈਂਟਰ ਪਿੱਛੋਂ ਅਗਲੇ ਕੰਮਾਂ ਲਈ ਪੈਸਾ ਚਾਹੀਦਾ ਸੀ। ਮੁੰਡਿਆਂ ਨੂੰ ਵੰਗਾਰਿਆ। 'ਓਏ ਸ਼ੇਰੋ! ਜਾਣਦਾ ਆਂ, ਤੁਸੀਂ ਵੀ ਪਹਿਲੇ ਸਾਲਾਂ 'ਚ ਓਧਰ, ਕੋਈ ਸੌਖੇ ਨਹੀਂ, ਪਰ ਏਧਰ ਤੁਹਾਡੇ ਬਾਪੂ ਦਾ ਗੱਡਾ ਫਸ ਗਿਆ, ਇਹਨੂੰ ਕੱਢੋ, ਕੰਮ ਸਿਰੇ ਲੱਗੇ, ਦੋ ਢਾਈ ਲੱਖ ਦਾ ਜੁਗਾੜ ਕਰੋ ਛੇਤੀ।' ਇੱਕ ਵੇਲੇ ਵਾਸ਼ਰੂਮ ਦੀਆਂ ਟਾਈਲਾਂ ਲਵਾਉਣ ਵਾਸਤੇ 20 ਕੁ ਹਜ਼ਾਰ ਦੀ ਲੋੜ ਸੀ। ਨੰਗਲ ਵਾਲੇ ਇੱਕ ਸਨੇਹੀ ਐਕਸੀਅਨ ਨੂੰ ਵੰਗਾਰਿਆ। ਚੰਡੀਗੜ੍ਹੋਂ ਮੀਟਿੰਗ ਅਟੈਂਡ ਕਰਕੇ ਸ਼ਾਮੀਂ ਸਿੱਧਾ ਨੰਗਲ ਪਹੁੰਚਿਆ। ਅਗਲੇ ਦਿਨ ਪੈਸੇ ਲੈ ਵਾਪਸੀ 'ਤੇ ਟਾਈਲਾਂ ਵਾਲੇ ਨੂੰ ਦਿਤੇ। ਰੁਕਿਆ ਕੰਮ ਚਾਲੂ ਹੋਇਆ। 'ਕੇਰਾਂ ਰਿਸ਼ਤੇਦਾਰਾਂ ਨੇ 25 ਹਜ਼ਾਰ ਦੇ ਕੇ ਮੁੰਡਾ ਭੇਜਿਆ। ਉਹਨੂੰ ਅੱਡੇ ਤੋਂ ਲੈਣ ਗਿਆ। ਰਸਤੇ 'ਚ ਅਗਰਵਾਲ ਟਿੰਬਰ ਵਾਲਿਆਂ ਦਾ ਹੀ ਮਸੀਂ ਸਰਿਆ। ਬਾਕੀ ਕੰਮ ਫਿਰ ਹੌਲੀ ਹੌਲੀ ਹੁੰਦੇ-ਹਵਾਂਦੇ ਰਹੇ। ਰਗੜਾਈ ਚੱਲਦੀ 'ਤੇ ਹੀ ਕਾਲਜ ਕੁਆਟਰਾਂ 'ਚੋਂ ਡੇਰਾ ਡੰਡਾ ਚੁੱਕ ਅਕਤੂਬਰ 1992 'ਚ ਇਸ ਸੁਪਨਈ ਆਲ੍ਹਣੇ 'ਚ ਆ ਬੈਠੇ। ਰਹਿੰਦੀ ਸਰਵਿਸ ਇਥੋਂ ਹੀ ਕਾਲਜ ਜਾਂਦਾ ਰਿਹਾ। ਕਈ ਕੰਮ ਵਿਚ ਰਹਿੰਦਿਆਂ ਹੀ ਨੇਪਰੇ ਚੜ੍ਹੇ। ਆਪਣੇ ਇਸ ਆਲ੍ਹਣੇ ਨੂੰ ਆਪਣੀ ਦ੍ਰਿਸ਼ਟੀ, ਜੀਵਨ ਸ਼ੈਲੀ ਦੀਆਂ ਜ਼ਰੂਰਤਾਂ ਅਨੁਸਾਰ ਲੈਸ ਕੀਤਾ। ਕਿਚਨ ਗਾਰਡਨ ਲਈ ਥਾਂ ਰੱਖਿਆ। ਪਿਛਲੇ ਤੇ ਅਗਲੇ ਪਾਸੇ ਦੀ ਖੁੱਲ੍ਹੀ ਵਿਉਂਤਬੰਦੀ ਕੀਤੀ। ਮੋਹਰਲੇ ਲਾਅਨ 'ਚ ਰੀਝ ਨਾਲ ਪੀ.ਏ.ਯੂ. 'ਚੋਂ ਲਿਆ ਫੁੱਲ ਬੂਟੇ ਲਾਏ। ਚਾਹਤ ਸੀ, ਸੇਵਾ ਮੁਕਤੀ ਪਿੱਛੋਂ ਇਸ ਖੁੱਲ੍ਹੀ-ਡੁੱਲ੍ਹੀ ਫਿਜ਼ਾ ਵਿਚ ਆਖਰੀ ਵਕਤ ਲੰਘੇਗਾ ਅਤੇ ਨੌਕਰੀ ਦੇ ਝਮੇਲਿਆਂ ਤੋਂ ਮੁਕਤ ਇੱਕ ਅਨੰਦ ਵਾਦੀ ਮਾਣਾਂਗੇ, ਕਾਲਜ ਵਾਲੇ ਦੋਗਲੇ, ਟੀਰੇ, ਦੰਭੀ ਵਰਤਾਰੇ ਤੋਂ ਮੁਕਤ। ਪਰ ਪਰਿਵਾਰਕ ਦਬਾਅ ਹੇਠ ਪਰਵਾਸ ਕਰਨਾ ਪਿਆ। ਹੁਣ ਬਿਜੜੇ ਵਾਂਗ ਆਪਣੇ ਕਰ ਕਮਲਾਂ ਨਾਲ ਬੁਣੇ ਆਲ੍ਹਣੇ ਨੂੰ ਛੱਡਣ ਨੂੰ ਚਿੱਤ ਨਹੀਂ ਕਰਦਾ। ਮੁੰਡਿਆਂ ਨੇ ਤਾਂ ਇਹਨੂੰ ਸੁੱਟ-ਸੁਟਾ ਜਾਣੈ। ਇੱਛਾ ਹੈ, ਇਹਨੂੰ ਆਪਣੇ ਹੱਥੀਂ ਹੀ ਸਮੇਟ ਜਾਵਾਂ। ਆਪਣੇ ਹੱਥੀਂ ਬਣਾਏ ਰੇਤ ਦੇ ਘਰ ਨੂੰ ਵੀ ਢਾਹੁਣਾ ਔਖੈ।"

"ਗੁਰਦੀਪ! ਮੈਂ ਵੀ ਏਸੇ ਦੌਰ 'ਚੋਂ ਲੰਘ ਰਿਹਾਂ। ਦਿਲਗੀਰੀ ਦੇ ਵਹਿਣਾਂ 'ਚ ਦੋਵੇਂ ਰੁੜ ਰਹੇ ਹਾਂ। ਨਿਰਾਸ਼ਾ ਭਰੀ ਅਵਸਥਾ!"

ਗੁਰਦੀਪ ਬੈਠਾ ਬੈਠਾ ਇੱਕ ਹੌਕੇ ਭਰੇ ਹੰਭਲੇ ਨਾਲ ਉਠਿਆ, ਅਲਮਾਰੀ ਜਾ ਖੋਲ੍ਹੀ, "ਚਲੋ ਜੋ ਹੋਊ ਵੇਖੀ ਜਾਊ! ਮਰ ਥੋੜ੍ਹਾ ਜਾਣੈ! ਦੁੱਖ ਘਟਾਉਣ ਲਈ ਇਹਦਾ ਹੀ ਆਸਰਾ ਲਈਏ! ਖੁਸ਼ੀ ਹੋਵੇ ਜਾਂ ਗਮੀ, ਲੋਕ ਇਸ ਨੌ ਰਤਨੀ ਦਾ ਪੱਲਾ ਈ ਫੜਦੇ ਆਏ ਨੇ।"

ਇੱਕ ਦਿਨ ਅਸੀਂ ਦੋਵੇਂ ਆਪਣੇ ਕੈਨੇਡੀਅਨ ਮਿੱਤਰ ਡੀ.ਐਸ.ਪੀ. ਨੂੰ ਮਿਲਣ ਚਲੇ ਗਏ। ਬੈਠੇ ਦੇਸ਼-ਵਿਦੇਸ਼ ਦੇ ਹਾਣ ਲਾਭ, ਸੁਖ-ਸਹੂਲਤਾਂ ਤੇ ਔਕੜਾਂ ਦਾ ਚੀਨਣ-ਮੀਨਣ ਕਰਦੇ ਰਹੇ। ਮਹਿਫਿਲ ਬਰਖਾਸਤ ਹੋਈ। ਵਾਪਸ ਆਉਂਦਿਆਂ ਸਾਡੀ ਦੋਹਾਂ ਦੀ ਰਾਏ ਸੀ, ਇਹ ਵੀ 'ਕੋਠੀ ਲੱਗਾ ਐਨ.ਆਰ.ਆਈ. ਈ ਏ, ਐਨ ਸਾਡੇ ਵਾਂਗ!' ਸੋਚਦੇ ਸੀ, ਜੇ ਇੱਕ ਮੁੰਡਾ ਏਥੇ ਰਹਿੰਦਾ ਹੁੰਦਾ ਤਾਂ ਇਸ ਰਿਹਾਇਸ਼ ਦੀ ਇਹ ਦੁਰਦਸ਼ਾ ਨਾ ਹੁੰਦੀ, ਨਾ ਸਾਡੀ ਇਹ ਹਾਲਤ!

ਆਪਣੇ ਸੰਧੂ ਦੋਸਤ ਦੀ ਗੱਲ ਸੁਣਾਉਣੋ ਰਹਿ ਨਾ ਹੋਇਆ, "ਯਾਰਾ, ਸੰਧੂ ਸਾਡੇ ਨਾਲੋਂ ਬਾਹਲਾ ਈ ਚੰਗੈ। ਇੱਕ ਬੇਟਾ ਇਥੇ ਰਹਿੰਦਾ,

> ***"ਬਈ ਗੁਰਦੀਪ ਫਿਰ ਤੂੰ ਵੀ ਤਾਂ ਮੇਰੇ ਵਾਂਗ 'ਕੋਠੀ ਈ ਲੱਗਾ ਹੋਇਐਂ, ਮੈਂ ਵੀ ਇਸੇ ਚੱਕਰ 'ਚ ਹਾਂ। ਅਸੀਂ ਹੋਏ 'ਕੋਠੀ ਲੱਗੇ' ਸਾਂਢੂ। ਬਈ ਬੜੀਆਂ ਮੁਸ਼ਕਿਲਾਂ, ਕਿਰਸਾਂ ਨਾਲ ਇਹ ਆਲ੍ਹਣੇ ਬਣਾਏ ਸੀ। ਇੱਕ ਬਾਈ ਆਉਂਦਿਆਂ ਜਹਾਜ਼ ਵਿਚ ਮਿਲਿਆ ਸੀ। ਉਹ ਵੀ ਸਾਡੇ ਵਾਂਗ ਹੀ ਇਸੇ ਭਵਜਲ 'ਚ ਡੁਬਕਣੀਆਂ ਖਾਂਦਾ ਜਾਪਿਆ।"***

ਦੂਜਾ ਕੈਨੇਡਾ। ਰੀਝਾਂ ਨਾਲ ਬਣਾਏ ਘਰ ਨੂੰ ਭੰਗ ਦੇ ਭਾੜੇ ਸੁੱਟਣਾ ਨਹੀਂ ਪੈਣਾ, ਉਹਨੂੰ। ਉਹਦਾ ਆਲ੍ਹਣਾ ਲਾਵਾਰਸ ਨਹੀਂ ਹੋਵੇਗਾ। ਇਹ ਘਰ ਉਹਦਾ ਉਦੋਂ ਤੱਕ ਆਪਣਾ ਰਹੇਗਾ, ਜਦੋਂ ਤੱਕ ਉਹ ਇਸ ਦੁਨੀਆਂ ਤੋਂ ਰੁਖਸਤ ਨਹੀਂ ਹੁੰਦਾ। ਖੁਸ਼ਕਿਸਮਤ ਏ ਉਹ! ਸਾਡੇ ਤੋਂ ਐਨ ਉਲਟ! ਅਸੀਂ ਜਦੋਂ ਪੰਜ ਛੇ ਮਹੀਨੇ ਰਹਿ ਕੇ ਜਾਣ ਲੱਗਦੇ ਹਾਂ ਤਾਂ ਇਸ ਘਰ ਦਾ ਪੂਰਾ ਮਾਹੌਲ ਹੀ ਉਦਾਸਿਆ, ਉਦਾਸਿਆ ਹੋ ਜਾਂਦੈ। ਭਾਰੇ ਮਨ ਨਾਲ ਘਰ ਦੇ ਸਮਾਨ ਦੀਆਂ ਮੁਸ਼ਕਾਂ ਬੰਨ੍ਹਦੇ ਹਾਂ, ਦਵਾਈਆਂ ਪਾਉਂਦੇ ਹਾਂ। ਕਿਤੇ ਘੱਟੇ-ਮਿੱਟੀ ਤੇ ਸਿਉਂਕ ਨਾਲ ਖਰਾਬ ਨਾ ਹੋ ਜਾਣ। ਪਰ ਦੂਜੇ ਪਾਸੇ ਸਿਉਂਕ ਵੀ ਇੰਤਜ਼ਾਰ 'ਚ ਹੁੰਦੀ ਹੈ, 'ਨਿਕਲੋ ਸਹੀ, ਵੇਖੋ ਫਿਰ ਸਾਡੇ ਹੱਥ, ਦਵਾਈਆਂ ਨੂੰ ਅਸੀਂ ਕੀ ਸਮਝਦੀਆਂ ਹਾਂ!' ਰੀਝ ਤੇ ਸ਼ੌਕ ਨਾਲ ਬਣਾਈਆਂ ਚੀਜ਼ਾਂ ਦੀਆਂ ਹਰ ਸਾਲ ਆਪਣੇ ਹੱਥੀਂ ਮੁਸ਼ਕਾਂ ਬੰਨ੍ਹਦੇ ਹਾਂ। ਫਿਰ ਆਪ ਹੀ ਆ ਖੋਲ੍ਹਦੇ ਹਾਂ। ਪਰ ਉਦੋਂ ਤੱਕ ਸਿਉਂਕ ਨੇ ਵੀ ਕਾਫੀ ਖੇਹ-ਖਰਾਬੀ ਕਰ ਦਿੱਤੀ ਹੁੰਦੀ ਹੈ। ਰੋਣ ਆਉਂਦੈ। ਹੈ ਨਾ ਇੱਕ ਤੜਪਾਵੀਂ ਵਿਡੰਬਨਾ, ਤ੍ਰਾਸਦੀ! ਕੋਠੀ ਦੀ ਦੇਖ-ਭਾਲ ਲਈ ਰਹਿੰਦਾ ਸਾਰਾ ਪਰਿਵਾਰ ਦਿਲਗੀਰ ਹੋ ਜਾਂਦੈ। ਸਭ ਦੀਆਂ ਅੱਖਾਂ 'ਚ ਹੰਝੂ ਛਲਕਣ ਲੱਗ ਪੈਂਦੇ ਹਨ। ਇਸ ਘਰ ਨੂੰ, ਉਨ੍ਹਾਂ ਵਿਚਾਰਿਆਂ ਨੂੰ ਇੱਕ ਨਾ ਇੱਕ ਦਿਨ ਛੱਡਣਾ ਪਏਗਾ। ਇਹ ਹੋਣੀ ਉਨ੍ਹਾਂ ਦੇ ਮਨ 'ਚ ਆਉਂਦੀ ਹੋਵੇਗੀ। ਸਾਡੇ ਇਸ ਗ੍ਰਹਿ ਨਾਲ ਵਸਲ ਦੇ ਸਮੇਂ 'ਤੇ ਘੱਟਦੀ ਦਾ ਪਹਿਰਾ! ਲੋੜਵੰਦ ਪਰਿਵਾਰ ਆਪਣੇ ਅਨਿਸ਼ਚਤ ਭਵਿੱਖ ਤੋਂ ਜ਼ਰੂਰ ਭੈਅ ਖਾਂਦਾ ਹੋਵੇਗਾ, ਪਤਾ ਨਹੀਂ ਪਿੱਛੋਂ ਕਿੱਦਾਂ ਦਾ ਆਸਰਾ ਮਿਲੇ!"

ਸਬੱਬੀਂ ਮੇਰਾ ਇੱਕ ਹੋਰ ਵਿਦਿਆਰਥੀ ਉਸੇ ਏਰੀਏ ਦੇ ਪਾਰਕ 'ਚ ਸੈਰ ਕਰਦੇ ਨੂੰ ਮਿਲ ਪਿਆ। ਉਹ ਮੇਰਾ 1978-79 ਸੈਸ਼ਨ ਦਾ ਵਿਦਿਆਰਥੀ ਸੀ, ਬਲਬੀਰ ਸਿੰਘ ਚੌਕੀਮਾਨ। ਸਤਿਕਾਰ ਨਾਲ ਮਿਲਿਆ। ਕੁਝ ਕਾਹਲੀ 'ਚ ਸੀ। ਕਿਸੇ ਪ੍ਰੀਖਿਆ ਸੈਂਟਰ 'ਚ ਸੁਪਰਡੈਂਟੀ ਕਰਨ ਜਾ ਰਿਹਾ ਸੀ। ਪਰ ਕਾਹਲੀ 'ਚ ਹੀ ਆਪਣੀ ਦੁਬਿਧਾ ਭਰੀ ਕਹਾਣੀ ਦਸ ਗਿਆ। ਉਹਦੀ ਸਾਥਣ ਵੀ ਲੈਕਚਰਾਰ ਹੈ। ਬੱਚੇ ਦੋਵੇਂ ਵਿਆਹੇ ਹੋਏ ਨੇ। ਛੋਟਾ ਜਿਹਾ ਪਰਿਵਾਰ, ਚੰਗਾ ਸੈਟ। ਲੜਕੀ ਅਮਰੀਕਾ ਚਲੀ ਗਈ ਹੈ। ਪਿੰਡ ਉਹਦੀ 12 ਕਿੱਲੇ ਜ਼ਮੀਨ ਵੀ ਹੈ। ਠੇਕਾ ਅਗਲੇ ਘਰ ਆ ਦੇ ਜਾਂਦੇ ਹਨ। ਦੋ ਕਾਰਾਂ ਹਨ ਤੇ ਕੋਠੀ ਵਧੀਆ ਬਣੀ ਹੋਈ ਹੈ। ਮੁੰਡੇ ਨੇ ਐਮ.ਟੈਕ. ਤੇ ਐਮ.ਬੀ.ਏ. ਕੀਤੀ ਹੋਈ ਐ। ਨੂੰਹ ਵੀ ਚੰਗੀ ਪੜ੍ਹੀ-ਲਿਖੀ ਏ। ਦੋਵੇਂ ਲੁਧਿਆਣੇ 'ਚ ਹੀ ਚੰਗੇ ਰੁਜ਼ਗਾਰ 'ਤੇ ਲੱਗੇ ਹੋਏ ਹਨ। ਮੁੰਡਾ ਪਹਿਲਾਂ ਹੀ ਪੜ੍ਹਾਈ ਦੇ ਆਧਾਰ 'ਤੇ ਕੈਨੇਡੀਅਨ ਪੀ.ਆਰ. ਕਾਰਡ ਹੋਲਡਰ ਹੈ। ਹੁਣ ਉਹ ਨੌਜਵਾਨ ਜੋੜੀ ਦੁਚਿੱਤੀ 'ਚ ਹੈ। ਇਥੇ ਸੈਟ ਹੋਈਏ ਜਾਂ ਕੈਨੇਡਾ। ਕੀ ਉਨ੍ਹਾਂ ਨੂੰ ਬਾਹਰ ਜਾਣਾ ਚਾਹੀਦੈ ਜਾਂ ਇਥੇ ਹੀ ਪੱਕੇ ਤੌਰ 'ਤੇ ਸਥਾਪਤ ਹੋਣ? ਉਨ੍ਹਾਂ ਦੋਹਾਂ ਜੀਆਂ ਦੀ ਸਰਵਿਸ ਹਾਲੀ ਪੰਜ ਛੇ ਸਾਲ ਰਹਿੰਦੀ ਹੈ।

ਇੱਕ ਦੇਰ ਸ਼ਾਮ ਉਹਦਾ ਪੁੱਤ-ਨੂੰਹ ਮੈਨੂੰ ਘਰੇ ਹੀ ਆ ਮਿਲੇ। ਪਤਾ ਲੱਗਾ ਕਿ ਉਹ ਬਾਹਰ ਹੀ ਸੈਟਲ ਹੋਣਾ ਚਾਹੁੰਦੇ ਹਨ। ਕੁਝ ਦਿਨ ਬਾਅਦ ਬਲਬੀਰ ਫਿਰ ਮੈਨੂੰ ਉਥੇ ਹੀ ਸੈਰ ਕਰਦੇ ਨੂੰ ਆ ਮਿਲਿਆ। ਪਹਿਲਾਂ ਵਾਂਗ ਹੀ ਕਾਹਲੀ 'ਚ ਸੀ। ਸ਼ਾਮ ਨੂੰ ਦੇਰੀ ਨਾਲ ਘਰ ਆਉਂਦੈ। ਪੁੱਛਿਆ ਕੀ ਸਲਾਹ ਦਿੰਦੇ ਹੋ। ਮੈਂ ਕਿਹਾ, ਉਹ ਭਾਈ ਦੋਵੇਂ ਮੈਨੂੰ ਘਰੇ ਮਿਲਣ ਆ ਗਏ ਸੀ। ਚਾਹ ਪੀਂਦਿਆਂ ਵਾਹਵਾ ਦੇਰ ਗੱਲਾਂ ਕਰਦੇ ਰਹੇ। ਤੇਰੇ ਬੱਚੇ ਬੜੇ ਸੋਹਣੇ ਸੁਨੱਖੇ, ਸੁਲੱਗ ਤੇ ਸਮਝਦਾਰ ਨੇ। ਉਨ੍ਹਾਂ ਨੂੰ ਆਪ ਹੀ ਫੈਸਲਾ ਲੈਣ ਦੇਹ। ਚੰਗੇ ਪੜ੍ਹੇ ਲਿਖੇ ਨੇ। "ਠੀਕ।" ਕਹਿ ਉਹ ਫਿਰ ਛੋਹਲੇ ਪੈਰੀਂ ਭੱਜ ਗਿਆ।

ਸੈਰ ਮੁਕਾ ਘਰ ਆਉਂਦਿਆਂ ਮੇਰੇ ਚਿੱਤ ਵਿਚ ਉਸ ਪਰਿਵਾਰ ਦੀ ਵਰਤਮਾਨ ਸਥਿਤੀ ਜ਼ਿਹਨ 'ਚ ਗੇੜੇ ਦੇ ਰਹੀ ਸੀ। ਸਾਫ ਸੀ ਕਿ ਇਹ ਮੇਰਾ ਅਜ਼ੀਜ਼ ਵੀ ਸਾਡੇ ਵਾਲੀ ਦਿਸ਼ਾ ਵੱਲ ਵਧ ਰਿਹੈ ਜਿਸ 'ਚੋਂ ਅੱਜ ਅਸੀਂ ਲੰਘ ਰਹੇ ਆਂ। ਦੋ ਬੇੜੀਆਂ 'ਚ ਪੈਰ ਰੱਖੇ ਨਹੀਂ ਜਾ ਸਕਦੇ। ਜੇ ਅਗਾਂਹ ਨੂੰ ਪੈਰ ਪੁੱਟਣੈ ਤਾਂ ਪਿਛਲਾ ਪੈਰ ਧਰਤੀ ਤੋਂ ਚੁੱਕਣਾ ਹੀ ਪੈਣਾ।

ਦਿੱਲੀ ਤੋਂ ਆਈ ਲੁਫਥਾਨਸਾ ਫਲਾਈਟ ਫਰੈਂਕਫਰਟ ਏਅਰਪੋਰਟ 'ਤੇ ਬਹੁਤੇ ਤਿੰਨ ਟਿਕਾਣਿਆਂ ਵੱਲ ਜਾਣ ਵਾਲੇ ਮੁਸਾਫਿਰ ਹੁੰਦੇ ਹਨ-ਟੋਰਾਂਟੋ, ਵੈਨਕੁਵਰ ਅਤੇ ਕੈਲੀਫੋਰਨੀਆ। ਇਨ੍ਹਾਂ ਤਿੰਨਾਂ ਮੰਜ਼ਿਲਾਂ ਵਾਲੀਆਂ ਪੰਜਾਬੀ ਸਵਾਰੀਆਂ ਵਿਚ ਬਹੁਤੇ ਮੇਰੇ ਹਮਉਮਰੇ ਬਜ਼ੁਰਗ ਹੀ ਸਨ। ਮਾਰਚ/ਅਪਰੈਲ ਮਹੀਨੇ ਵਾਪਸੀ ਵਾਲਿਆਂ ਦੇ ਹੁੰਦੇ ਹਨ। ਸਹਿਜ ਮਤੇ ਗੱਲਾਂ ਚੱਲ ਰਹੀਆਂ ਸਨ। ਬਹੁਤਿਆਂ ਦੇ ਮਸਲੇ ਇਕੋ ਜਿਹੇ ਸਨ। ਰਤਾ ਹਟਵਾਂ ਬੈਠੇ ਇੱਕ ਬਾਈ ਨੇ ਕੱਛ 'ਚੋਂ ਮੁੰਗਲੀ ਕੱਢ ਮਾਰੀ, ਜੋ ਇੱਕ ਹੂਕ ਭਰੇ ਹਨੋਰੇ ਵਾਲਾ ਤੁਕਾਂਤ ਸੀ:

ਸੌਖਾ ਕਦੇ ਨਹੀਂ ਬਣਦਾ ਘਰ ਜਾਂ ਆਲ੍ਹਣਾ,
ਤੀਲਾ ਤੀਲਾ ਜੋੜ ਕੇ ਬਣਾਉਣਾ ਪੈਂਦਾ ਹੈ।

ਉਠ ਕੇ ਨੇੜੇ ਆ ਗਿਆ, ਕਹਿੰਦਾ, "ਵੀਰੋ! ਤੁਹਾਡੀਆਂ ਗੱਲਾਂ ਸੁਣ ਰਿਹਾ ਸੀ। ਮਹਿਸੂਸ ਹੁੰਦੈ, ਦੁੱਖ ਸੁੱਖ ਸਾਂਝੇ ਕਰਦਿਆਂ, ਪਿੱਛੇ ਦਾ ਮਿੱਟੀ ਮੋਹ, ਹੱਥੀਂ ਬਣਾਏ ਆਲ੍ਹਣੇ, ਪਿੰਡਿਆਂ 'ਤੇ ਹੰਢਾਏ ਵੇਲੇ ਯਾਦ ਕਰਦਿਆਂ ਮਨ ਹੌਲੇ ਹੋ ਜਾਂਦੇ ਹਨ। ਸਾਡੇ ਪਰਦੇਸੀਂ ਵਸਦੇ ਬੱਚਿਆਂ ਦੀਆਂ ਅਲੋਕਾਰੀਆਂ ਕਈ ਨੇ। ਇੱਕ ਸੁਣੋ। ਕੇਰਾਂ ਮੇਰੇ ਪੋਤੇ ਨੂੰ ਕਿਸੇ ਬੀਬੀ ਨੇ ਪੁੱਛਿਆ ਤੁਹਾਡਾ ਪਿਛਲਾ ਪਿੰਡ ਕਿਹੜਾ? ਕਹਿੰਦਾ, 'ਲੁਧਿਆਣਾ।' ਦੱਸੋ ਬਾਈ ਇਹ ਜੇ ਹਾਲ ਸਾਡੀ ਅਗਲੀ ਪੁਸ਼ਤ ਦਾ। ਉਨ੍ਹਾਂ ਨੂੰ ਪਿੰਡ ਤੇ ਸ਼ਹਿਰ ਦਾ ਫਰਕ ਹੀ ਨਹੀਂ ਪਤਾ। ਬੱਸ ਪੀਜ਼ਾ, ਬਰਗਰਾਂ, ਹਾਟ ਡਾਗਾਂ, ਕੋਕਾਂ ਬਾਰੇ ਹੀ ਗਿਟ-ਮਿਟ ਕਰ ਸਕਦੇ ਨੇ। ਅਗਲੀਆਂ ਪੁੱਠੀ ਟੋਪੀ



ਪੀੜ੍ਹੀਆਂ ਦੇ ਮਨਾਂ 'ਚ ਪਿਛੋਕੜ ਨਾਲ ਬਿਗਾਨਗੀ ਹੈ। ਏਧਰਲੇ ਪਰਿਵਾਰ ਮੁੜ ਮੁੜ ਰੱਟੀ ਜਾਂਦੇ ਨੇ, 'ਉਨ੍ਹਾਂ ਨੂੰ ਵੇਚੋ ਪਰ੍ਹੇ, ਫਾਹਾ ਵੱਢੋ, ਕੁਝ ਨਈਂ ਹੱਥ ਲੱਗਣਾ ਉਥੋਂ, ਬੇਕਾਨੂੰਨੀ ਦਾ ਰਾਜ ਏ, ਗੈਂਗ ਖਰੂਦ ਮਚਾ ਰਹੇ ਹਨ, ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ, ਭੀੜ ਖਰੂਦੀਆਂ ਦੀ ਚੜ੍ਹੀ ਫਿਰਦੀ, ਸਰਦਾਰ, ਥਾਣੇਦਾਰ, ਨਿਆਂਦਾਰ ਲੁਕਦੇ ਫਿਰਦੇ ਨੇ, ਧੱਕੇ ਨਾਲ ਜਾਇਦਾਦਾਂ ਖੋਹੀਆਂ ਜਾ ਰਹੀਆਂ ਨੇ, ਇਹ ਜੇ ਵਰਤਾਰਾ। ਇਹ ਹੀ ਸਾਨੂੰ ਕੰਢੇ ਉਤਲੇ ਰੁਖੜਿਆਂ ਨੂੰ ਡੂੰਘੇ ਵਹਿਣਾਂ 'ਚ ਗੋਤੇ ਦੇ ਰਿਹਾ।"

ਬਹੁਤੇ ਉਦਾਸੀ ਰੋਗ ਪੀੜਤ ਲੱਗੇ। ਸਭ ਦਾ ਇਹੋ ਤਵਾ 'ਹਿਜ਼ ਮਾਸਟਰਜ਼ ਵਾਇਸ' ਵਾਂਗ ਚੱਲੀ ਜਾਂਦਾ ਏ। ਇੱਕ ਹੋਰ ਬੋਲਿਆ, "ਘਰਾਂ, ਜ਼ਮੀਨਾਂ ਦੀ ਮਾਰਕਿਟ ਮੰਦੇ 'ਚ ਐ, ਗਾਹਕ ਕੋਈ ਨੀਂ। ਹਮਾਂ ਤੁਮਾਂ ਸਭ ਈ ਵੇਚਣ ਵਾਲੇ ਹਾਂ, ਡੀਲਰ ਬੈਠੇ ਮੱਖੀਆਂ ਮਾਰ ਰਹੇ ਨੇ।"

ਚੱਲਦੀ ਗੱਲ ਨੂੰ ਵਿਚੋਂ ਹੀ ਕੱਟਦਾ ਇੱਕ ਹੋਰ ਦੁਖਿਆਰਾ ਬੋਲਿਆ, "ਕਾਰਪੋਰੇਸ਼ਨ ਦਫਤਰਾਂ 'ਚ ਸ਼ਰ੍ਹੇਆਮ ਪੈਸਾ ਚੱਲ ਰਿਹੈ, ਸਧਾਰਨ ਕੰਮਾਂ ਲਈ। ਸਲਾਹ ਮਿਲਦੀ ਹੈ, ਕੁਝ ਦੇ ਦਿਵਾ ਕੇ ਨਬੇੜ ਬਾਪੂ, ਕਿੱਥੇ ਧੱਕੇ ਖਾਂਦਾ ਫਿਰੇਂਗਾ ਇਸ ਉਮਰੇ। ਹੇਠਾਂ ਤੋਂ ਉਪਰ ਤੱਕ, ਹਿੱਸੇ ਪੱਤੀਆਂ ਨੇ, ਸਭ ਦਾ ਵੱਡਾ ਪਿਉ ਜੇ ਪੈਸਾ। ਪੰਜ ਮਹੀਨੇ ਤੌਬਾ ਤੌਬਾ ਕਰਦਿਆਂ ਕੋਠੀ ਦਾ ਚੌਕੀਦਾਰਾ ਕਰਕੇ ਆਇਆਂ, ਕਦੀ ਸੋਚਿਆ ਨਹੀਂ ਸੀ, ਇਹ ਦਿਨ ਵੀ ਵੇਖਣੇ ਪੈਣਗੇ!"

ਬਜ਼ੁਰਗਾਂ ਦੇ ਤਜਰਬਿਆਂ 'ਚੋਂ ਉਪਜੀ ਕਹਾਵਤ 'ਜ਼ਮੀਨ ਬੰਜਰ, ਪੁੱਤ ਕੰਜਰ, ਕਚਹਿਰੀਆਂ 'ਚ ਮੁਨਸ਼ੀ, ਮੁਨੀਮ, ਲੰਬੜ, ਥਾਣੇਦਾਰ ਮਾੜੇ ਹੀ, ਮਾੜੇ ਸਿੱਧ ਹੁੰਦੇ ਨੇ।' ਦਿਨ 'ਚ ਕਈ ਵਾਰ ਸੋਚ ਵਿਚ ਇਹ ਸ਼ਬਦ ਗੂੰਜਦੇ।

ਬੋਰਡਿੰਗ ਲਈ ਲਾਈਨ ਲੱਗ ਗਈ ਤੇ ਜਹਾਜ਼ ਉਡ ਪਏ। ਆਕਾਸ਼ 'ਚ ਉਡਦਾ ਇਸ ਵਰਤਾਰੇ ਬਾਰੇ ਸੋਚਦਾ ਆਇਆ। ਅਸੀਂ ਏਦਾਂ ਯੋਜਨਾ ਬਣਾਈ ਗਏ, ਜਿਵੇਂ ਅਸੀਂ ਬੁੱਢੇ ਹੀ ਨਹੀਂ ਹੋਣਾ। ਦਲਾਈ ਲਾਮਾ ਦੀ ਗੱਲ ਯਾਦ ਆਈ। ਉਹਨੂੰ ਪੁੱਛਿਆ ਗਿਆ, ਮਨੁੱਖਤਾ ਦੀ ਕਿਹੜੀ ਗੱਲ ਉਹਨੂੰ ਸਭ ਤੋਂ ਜ਼ਿਆਦਾ ਹੈਰਾਨ ਕਰਦੀ ਹੈ? ਉਹਨੇ ਕਿਹਾ, "ਆਦਮੀ। ਕਿਉਂਕਿ ਉਹ ਪੈਸਾ ਬਣਾਉਣ ਲਈ ਆਪਣੀ ਸਿਹਤ ਨੂੰ ਕੁਰਬਾਨ ਕਰ ਦਿੰਦਾ ਹੈ ਅਤੇ ਫਿਰ ਆਪਣੀ ਸਿਹਤ ਬਹਾਲੀ ਲਈ ਆਪਣਾ ਪੈਸਾ ਕੁਰਬਾਨ ਕਰ ਦਿੰਦਾ ਹੈ। ਉਹ ਇਸ ਤਰ੍ਹਾਂ ਜਿਉਂਦਾ ਹੈ ਜਿਵੇਂ ਉਸ ਮਰਨਾ ਹੀ ਨਹੀਂ ਅਤੇ ਫਿਰ ਉਹ ਬਿਨਾ ਚੰਗੀ ਤਰ੍ਹਾਂ ਜਿਊਣ ਦੇ ਮਰ ਜਾਂਦਾ ਹੈ।"

ਗੱਲ ਤਾਂ ਚਾਲੀ ਸਿਰੀ ਐ। ਅਸੀਂ ਘਰ, ਜਾਇਦਾਦਾਂ ਬਣਾਉਂਦੇ ਕੁੱਤੇ ਚਾਲ ਭੱਜੇ ਫਿਰੇ, ਹੁਣ ਵਡੇਰੀ ਉਮਰੇ ਉਨ੍ਹਾਂ ਨੂੰ ਬਿਲੇ ਲਾਉਣ ਲਈ ਉਸੇ ਦੌਰ 'ਚ ਹਾਂ।

ਪਤਨੀ ਨੇ ਕੂਹਣੀ ਮਾਰੀ, "ਸੰਭਲੋ ਜੀ ਖਾਣੇ ਵਾਲੀ ਟਰਾਲੀ ਆ ਗਈ ਜੇ।"

ਖਿਝ ਭਰੇ ਸ਼ਬਦ ਜ਼ਬਾਨੋਂ ਨਿਕਲੇ, "ਇਨ੍ਹਾਂ ਨੇ ਕਿਹੜਾ ਦੁੱਖ ਭੁਲਾਉਣਾ ਕੋਈ ਚੱਜ ਹਾਲ ਦਾ ਚਾਹ, ਦਾਰੂ ਪਾਣੀ ਦੇਣੈ।"

ਕੰਪਨੀਆਂ ਆਪਣੇ ਮੁਨਾਫੇ ਵਧਾਉਣ ਦੇ ਚੱਕਰਾਂ 'ਚ ਨੇ। ਟਿਕਟਾਂ ਮਹਿੰਗੀਆਂ, ਸਹੂਲਤਾਂ ਮਾੜੀਆਂ। ਪੈਸੇ ਬਟੋਰੀ ਜਾਂਦੇ ਨੇ, ਪਰ ਰੋਟੀ, ਚਾਹ ਪਾਣੀ 'ਚ ਮਾਈ ਵਾਂਗ ਸਾਧ ਦੀ ਲੱਸੀ 'ਚ ਪਾਣੀ ਦੇ ਬਗੌੜ ਚੁਕੀ ਜਾ ਰਹੀਆਂ ਨੇ। ਆਹ ਮੱਥੇ ਮਾਰ ਗਈਆਂ ਨੇ ਸਾਡੇ ਹੰਝੂਆਂ ਦੇ ਨੀਰ ਤੇ ਕਾਗਜ਼ਾਂ 'ਚ ਲਪੇਟਿਆ ਨਿੱਕ-ਸੁੱਕ ਦਾ ਤੋਸਾ! ਅੱਕਿਆ ਸਾਧ ਤਾਂ ਅਗਲੇ ਦਰ ਜਾ ਖਲੋਤਾ। ਅਸੀਂ ਕਿੱਥੇ ਜਾਈਏ। ਕੰਪਨੀਆਂ ਸਭ ਮਿਲ ਕੇ ਕੀਮਤਾਂ ਵਧਾਉਂਦੀਆਂ ਨੇ। ਕਿੱਥੇ ਜਾਓਗੇ ਭੱਜ ਕੇ! ਆਉਣ ਜਾਣ ਵਾਸਤੇ ਹਾਲੀ ਪਤਾ ਨਹੀਂ ਕਿੰਨੀ ਵਾਰ ਇਨ੍ਹਾਂ ਦੇ ਟੇਟੇ ਚੜ੍ਹਨਾ! ਲੱਗਦੈ! ਮੁਕਤੀ ਕੋਠੀ ਤੋਂ ਛੁਟਕਾਰੇ ਨਾਲ ਹੋਊ! ਕੋਠੀ ਦੇ ਇੰਤਕਾਲ ਹੋਣ ਤੱਕ ਅੰਤਕਾਲ ਨੇੜੇ ਹੋਵੇਗਾ। ਕੀ ਪਤੈ, ਕਿਤੇ ਪਹਿਲਾਂ ਹੀ ਨਾ ਰੂਹ ਉਡਾਰੀ ਮਾਰ ਜਾਏ!

## ਮਿੰਨੀ ਕਹਾਣੀ

### ਫਰਕ

ਕਰਨਵੀਰ ਤੇ ਨਵਰੀਤ ਜੌੜੇ ਭੈਣ-ਭਰਾ ਸਨ। ਪੜ੍ਹਾਈ-ਲਿਖਾਈ ਵੀ ਦੋਵਾਂ ਦੀ ਇਕੱਠਿਆਂ ਹੀ ਚੱਲਦੀ ਰਹੀ। ਕੁਝ ਮਹੀਨਿਆਂ ਦੇ ਫਰਕ ਨਾਲ ਦੋਵਾਂ ਦੇ ਵਿਆਹ ਮਾਂ ਬਾਪ ਨੇ ਧੂਮ-ਧਾਮ ਨਾਲ ਕੀਤੇ। ਬੇਟੇ ਕਰਨਵੀਰ ਦੇ ਵਿਆਹ ਤੋਂ 2 ਮਹੀਨੇ ਬਾਅਦ ਤੱਕ ਸਭ ਠੀਕ-ਠਾਕ ਚਲਦਾ ਰਿਹਾ। ਦੋ ਮਹੀਨੇ ਬਾਅਦ ਲੜਾਈ ਪੈ ਗਈ ਕਿਉਂਕਿ ਕਰਨਵੀਰ ਦੀ ਪਤਨੀ ਦੀ ਸਮੈਕ ਹੁਣ ਮੁੱਕ ਗਈ ਸੀ। ਉਹ ਹੁਣ ਸਮੈਕ ਦੀ ਮੰਗ ਕਰ ਰਹੀ ਸੀ। ਸਾਰਾ ਪਰਿਵਾਰ ਹੱਕਾ ਬੱਕਾ ਰਹਿ ਗਿਆ। ਮਾਮਲਾ ਵੱਧਦਾ ਗਿਆ। ਲੜਾਈ ਵਧਣ ਕਰਕੇ ਅਤੇ ਸ਼ਰਮ ਦੇ ਮਾਰੇ ਕੁੜੀ ਵਾਲਿਆਂ ਨੇ ਦਾਜ ਦਾ ਕੇਸ ਪਾ ਦਿੱਤਾ। ਉਨ੍ਹਾਂ ਨੇ ਵਿਆਹ 'ਤੇ ਖਰਚਾ ਵੀ ਕਾਫੀ ਕੀਤਾ ਸੀ।

ਰਵਨੀਤ ਦੇ ਮਾਂ-ਬਾਪ ਆਪਣੇ ਬੇਟੇ ਦੀ ਜ਼ਿੰਦਗੀ ਖਰਾਬ ਹੁੰਦੀ ਨਾ ਦੇਖ ਸਕੇ। ਅਖੀਰ ਉਨ੍ਹਾਂ ਨੇ ਦੋ ਕਿੱਲੇ ਜ਼ਮੀਨ ਵੇਚ ਕੇ ਕੁੜੀ ਵਾਲਿਆਂ ਨੂੰ ਪੈਸੇ ਦਿੱਤੇ ਤੇ ਤਲਾਕ ਕਰਾ ਦਿੱਤਾ।

ਕਰਨਵੀਰ ਦੀ ਭੈਣ ਨਵਰੀਤ ਦੇ ਵਿਆਹ ਨੂੰ 6 ਮਹੀਨੇ ਹੋ ਚੁੱਕੇ ਸਨ। ਹੁਣ ਤੱਕ ਆਪਣੇ ਪਤੀ ਉਤੇ ਉਸ ਦਾ ਸ਼ੱਕ ਪੂਰੀ ਤਰ੍ਹਾਂ ਯਕੀਨ ਵਿਚ ਬਦਲ ਚੁੱਕਾ ਸੀ। ਉਹ ਸਭ ਤਰ੍ਹਾਂ ਦੇ ਨਸ਼ੇ ਕਰਦਾ ਸੀ। ਭਾਵੇਂ ਉਹ ਲੁਕਾਉਣ ਦੀ ਕੋਸ਼ਿਸ਼ ਕਰਦਾ, ਪਰ ਨਵਰੀਤ ਸਭ ਜਾਣ ਚੁੱਕੀ ਸੀ। ਉਸ ਦੇ ਇੱਕ-ਦੋ ਛੋਟੇ ਗਹਿਣੇ ਵੀ ਗਾਇਬ ਸਨ। ਨਵਰੀਤ ਨੂੰ ਆਪਣੀ ਆਉਣ ਵਾਲੀ ਸਾਰੀ ਜ਼ਿੰਦਗੀ ਵਿਚ ਹਨੇਰਾ ਦਿਸਣ ਲੱਗਿਆ। ਸਿਰਫ 23 ਸਾਲ ਤਾਂ ਉਮਰ ਸੀ ਉਸ ਦੀ। ਉਸ ਨੇ ਸਭ ਕੁਝ ਆਪਣੇ ਮਾਂ ਬਾਪ ਨੂੰ ਦੱਸਣਾ ਠੀਕ ਸਮਝਿਆ। ਮਾਂ ਬਾਪ ਉਸ ਦੀ ਗੱਲ ਸੁਣ ਕੇ ਕਾਫੀ ਪ੍ਰੇਸ਼ਾਨ ਹੋ ਗਏ।

ਨਵਰੀਤ ਨੂੰ ਆਸ ਸੀ ਕਿ ਉਸ ਦੇ ਮਾਂ-ਬਾਪ ਕੋਈ ਠੋਸ ਕਦਮ ਚੁੱਕਣਗੇ। ਪਰ ਦੋਵਾਂ ਨੇ ਨਵਰੀਤ ਨੂੰ ਸਮਝਾਇਆ, "ਆਪੋ ਆਪਣੇ ਸੰਜੋਗ ਲਿਖੇ ਹੁੰਦੇ ਆ ਪੁੱਤ, ਕੀ ਕਰੀਏ ਸਾਰਾ ਪੰਜਾਬ ਹੀ ਨਸ਼ੇ ਕਰਦਾ, ਤੈਨੂੰ ਜਦੋਂ ਕੋਈ ਲੋੜ ਹੋਵੇ, ਬੱਸ ਫੋਨ ਕਰ ਦੇਈਂ, ਉਸੇ ਵੇਲੇ ਹਾਜਰ ਹੋ ਜਾਂ'ਗੇ, ਹੌਸਲਾ ਰੱਖ ਬੇਟਾ, ਹੌਸਲਾ।"

**-ਸ਼ਮਿੰਦਰ ਕੌਰ**
*shaminderbrar83@gmail.com*

ਕਹਾਣੀ

# ਸੂਰਜ ਵੱਲ ਦੇਖਦਾ ਆਦਮੀ

***ਜ਼ਿੰਦਗੀ ਪਹਾੜੀ ਦਰਿਆ ਹੈ, ਜਿਸ ਵਿਚ ਉਤਰਾ-ਚੜ੍ਹਾਅ ਆਉਂਦੇ ਰਹਿੰਦੇ ਹਨ। ਕਹਿੰਦੇ ਨੇ, ਮਰਦ ਉਹੋ ਹੈ ਜੋ ਉਤਰਾ-ਚੜ੍ਹਾਅ ਦੀ ਪਰਵਾਹ ਕੀਤੇ ਬਿਨਾ ਅਡੋਲ ਆਪਣੀ ਚਾਲੇ ਚਲਿਆ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਆਸ਼ਾ-ਨਿਰਾਸ਼ਾ ਦੇ ਦੌਰ ਦੀ ਪਰਵਾਹ ਕੀਤੇ ਬਿਨਾ ਹਮੇਸ਼ਾ ਜ਼ਿੰਦਗੀ ਦੇ ਹਾਂਦਰੂ ਪੱਖ ਵੇਖਦਿਆਂ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਬੱਸ ਇਹੋ ਕਹਾਣੀ ਹੈ, ਸੁਰਿੰਦਰ ਸੋਹਲ ਦੀ ਇਸ ਕਹਾਣੀ ਦੇ ਨਾਇਕ ਪ੍ਰਕਾਸ਼ ਦੀ। -ਸੰਪਾਦਕ***

ਈਸਟ ਰਿਵਰ ਦਾ ਪਾਣੀ, ਗੂੜ੍ਹੇ ਹਰੇ ਮੂੰਗੇ ਦਾ ਲਿਸ਼ਕਾਰਾ। ਰਿਵਰ ਤੋਂ ਪਾਰ ਸ਼ਹਿਰ ਜਿਵੇਂ ਸਾਰੇ ਦਾ ਸਾਰਾ ਹੀ ਸ਼ੀਸ਼ੇ ਦਾ ਬਣਿਆ ਹੋਵੇ। ਲਹਿਰਾਂ ਦੇ ਸਿਆੜ ਆਪਣੇ ਤਰਲ ਸੁਭਾਅ ਮੁਤਾਬਿਕ ਨਿੱਕੇ ਨਿੱਕੇ ਡਿੱਕੇ-ਡੋਲੇ ਖਾਂਦੇ ਮਨ ਦੀ ਮੌਜ ਦਾ ਝਾਉਲਾ ਪਾ ਰਹੇ ਸਨ। ਹਵਾ ਵਿਚ ਲਟਕਦਾ ਕੁਈਨਜ਼ ਬ੍ਰਿਜ ਪੀਂਘ ਵਰਗਾ ਲੱਗਦਾ ਸੀ, ਜਿਸ 'ਤੇ ਜਾਂਦੀਆਂ ਕਾਰਾਂ ਜਿਵੇਂ ਆਪ ਹਵਾ ਵਿਚ ਝੂਟੇ ਲੈ ਰਹੀਆਂ ਹੋਣ। ਕੁਈਨਜ਼ ਪਲਾਜ਼ਾ ਪਾਰਕ ਵਿਚ ਹਰੇਕ ਦਰਖਤ ਹੀ ਵੱਖਰੇ ਸੁਭਾਅ ਦੇ ਫੁੱਲਾਂ ਨਾਲ ਲੱਦਿਆ ਹੋਇਆ ਸੀ। ਉਚੀਆਂ ਹੰਕਾਰੀਆਂ ਇਮਾਰਤਾਂ, ਪੱਕੀਆਂ ਸਖਤ ਸੜਕਾਂ, ਖੁਸ਼ਕ ਅਤੇ ਚੁੱਪ-ਗੜੁੱਪ ਸੁਭਾਅ ਦੇ ਲੋਕਾਂ ਕਰਕੇ ਮਸ਼ਹੂਰ ਇਸ ਸ਼ਹਿਰ ਦੇ ਇਸ ਸੁਹਜ ਭਰੇ ਦ੍ਰਿਸ਼ ਵੱਲ ਪਹਿਲਾਂ ਕਦੇ ਧਿਆਨ ਹੀ ਨਹੀਂ ਸੀ ਗਿਆ। ਈਸਟ



ਸੁਰਿੰਦਰ ਸੋਹਲ

ਰਿਵਰ ਦੇ ਕੰਢੇ ਬਣੀ ਪੱਕੀ ਪਟੜੀ ਦੇ ਨਾਲ ਫੁੱਲਾਂ ਲੱਦੀਆਂ ਝਾੜੀਆਂ ਨਿਗਾਹ ਦੇ ਪੰਛੀ ਨੂੰ ਫਾਹੁਣ ਦੀ ਗੈਬੀ ਤਾਕਤ ਰੱਖਦੀਆਂ ਸਨ। ਕੁਝ ਦਰਖਤ ਫੁੱਲਾਂ ਨਾਲ ਲੱਦੇ ਰਿਵਰ ਵਿਚ ਇੰਜ ਝੁਕੇ ਹੋਏ ਸਨ, ਜਿਵੇਂ ਪਾਣੀ ਨੂੰ ਨਤਮਸਤਕ ਹੋ ਰਹੇ ਹੋਣ।

ਜਿਧਰ ਲੋਕ ਜਾ ਰਹੇ ਸਨ, ਉਧਰੋਂ ਇਕਦਮ ਸੰਗੀਤ ਦਾ ਫੁਹਾਰਾ ਫੁੱਟਿਆ। ਸੁਰਾਂ ਦੀਆਂ ਲਹਿਰਾਂ ਮੇਰੇ ਕੰਨਾਂ ਵਿਚ ਉਸੇ ਤਰ੍ਹਾਂ ਆਣ ਵੜੀਆਂ ਜਿਵੇਂ ਰਿਵਰ ਦੇ ਗੂੜ੍ਹੇ ਮੂੰਗੇ ਰੰਗੇ ਪਾਣੀ 'ਤੇ ਲਹਿਰਾਂ ਦੇ ਸਿਆੜ ਡਿੱਕੇ-ਡੋਲੇ ਖਾ ਰਹੇ ਸਨ।

ਮੇਰੀ ਗੱਡੀ ਦੀ ਇੰਸਪੈਕਸ਼ਨ ਸੀ। ਮਕੈਨਿਕ ਨੇ ਕਿਹਾ ਸੀ, "ਭਾਈ ਜਾਨ, ਦੋ ਘੰਟੇ ਲੱਗ ਜਾਣੇ ਆਂ। ਜੇ ਚਾਹੋ ਤਾਂ ਆਹ ਕੁਈਨਜ਼ ਪਲਾਜ਼ਾ ਪਾਰਕ ਵਿਚ ਆਲਮ ਲੁਹਾਰ ਦੇ ਮੁੰਡੇ ਦਾ ਪ੍ਰੋਗਰਾਮ ਹੋਣੈ ਘੜੀ ਕੁ ਨੂੰ ਸ਼ੁਰੂ, ਓਹ ਦੇਖ ਆਓ। ਤੁਹਾਡਾ ਫਨ ਵੀ ਹੋ ਜਾਊ ਤੇ ਕੰਮ ਵੀ।"

ਮੈਂ ਸੋਚਿਆ, ਨਾਲੇ ਅੱਜ ਸੈਰ ਵੀ ਨਹੀਂ ਕਰ ਹੋਈ ਦੋਵੇਂ ਕੰਮ ਹੀ ਹੋ ਜਾਣਗੇ। ਢੋਲ ਇੰਜ ਗੜ੍ਹਕਿਆ, ਜਿਵੇਂ ਅਸਮਾਨ ਛੂੰਹਦੀ ਪਹਾੜੀ ਤੋਂ ਕੋਈ ਬਹੁਤ ਭਾਰਾ ਪੱਥਰ ਰਿੜ੍ਹਦਾ ਆਇਆ ਹੋਵੇ।

ਭੀੜ ਕਾਫੀ ਸੀ। ਗਰਮੀਆਂ ਦਾ ਖੁੱਲ੍ਹਾ-ਡੁੱਲ੍ਹਾ ਦਿਨ। ਆਰਿਫ ਲੁਹਾਰ, ਤੇ ਉਤੋਂ ਮੁਫਤ ਦਾ ਸ਼ੋਅ। ਬੱਚੇ, ਔਰਤਾਂ, ਬਜ਼ੁਰਗ, ਨੌਜਵਾਨ ਆਵਾਜ਼ ਦੀ ਘੁੰਮਣ-ਘੇਰੀ ਵੱਲ ਰੰਗ-ਬਰੰਗੀ ਭੰਗ ਵਾਂਗ ਇਕੱਠੇ ਹੁੰਦੇ ਜਾ ਰਹੇ ਸਨ। ਆਰਿਫ ਲੁਹਾਰ ਦਾ ਚਿਮਟਾ ਹਵਾ ਦੇ ਸਮੁੰਦਰ ਵਿਚ ਲਹਿਰਾਂ ਵਾਂਗ ਲਹਿਰਾਉਂਦਾ ਜਾਪਿਆ। ਖੁੱਲ੍ਹੇ ਵਾਲ, ਜਿਵੇਂ ਸਾਰਾ ਫਿਕਰ-ਫਾਕਾ ਕਿਤੇ ਛੱਡ ਆਇਆ ਹੋਵੇ।

"ਵਾਜਾਂ ਮਾਰੀਆਂ ਸੁਣਾ ਦੇਵੇ ਨਾ ਮਜ਼ਾ ਈ ਆ ਜਾਏ।"

ਮੈਂ ਸਿਰ ਘੁੰਮਾਇਆ। ਦਰਮਿਆਨਾ ਕਦ। ਸੁੱਕੇ ਘਾਹ ਵਰਗੀ ਘਸਮੈਲੀ ਦਾਹੜੀ। ਕਮੀਜ਼ ਸਲੀਆਂ ਨਾਲ ਸੀਤੀ ਲੱਗਦੀ ਸੀ ਅਤੇ ਪੈਂਟ ਜਿਵੇਂ ਕਰੀਜ਼ਾਂ ਦੀ ਬਣੀ ਹੋਈ ਹੋਵੇ, ਜਿਵੇਂ ਹੁਣੇ ਬਿਸਤਰੇ ਵਿਚੋਂ ਉਠ ਕੇ ਆਇਆ ਹੋਵੇ। ਜਦੋਂ ਸਾਡੀਆਂ ਨਜ਼ਰਾਂ ਮਿਲੀਆਂ ਤਾਂ ਉਸ ਨੇ ਗੱਲ ਅਗਾਂਹ ਤੋਰੀ, "ਭਾਅ ਬੜੀ ਖਿਚ ਪਾਉਂਦਾ ਗੀਤ ਦਿਲ ਨੂੰ।"

ਮੈਂ ਸਿਰਫ ਮੁਸਕਰਾਇਆ। ਆਰਿਫ ਲੁਹਾਰ ਦਾ ਵਲ ਖਾਂਦਾ ਚਿਮਟਾ, ਮੇਰਾ ਧਿਆਨ, ਵਾਰ ਵਾਰ ਧੂਹ ਕੇ ਸਟੇਜ 'ਤੇ ਲੈ ਜਾਂਦਾ।

"ਭਾਅ ਤੂੰ ਵੀ ਸੁਣਿਆ ਹੋਣੈਂ?" ਮੈਨੂੰ ਜਾਪਿਆ ਜਿਵੇਂ ਉਹ ਮੇਰੇ ਨਾਲ ਗੱਲ ਕਰਨੀ ਚਾਹੁੰਦਾ ਹੋਵੇ, ਪਰ ਉਸ ਦਾ ਹੁਲੀਆ ਸਾਡੇ ਵਿਚਾਲੇ ਕੰਧ ਬਣਿਆ ਜਾਪਦਾ।

"ਬੜੀ ਵਾਰੀ।"

"ਐਥੇ ਇਕ ਤਾਂ ਧੁੱਪ ਸਿੱਧੀ ਪੈਂਦੀ ਐ, ਦੂਜਾ ਚੱਜ ਨਾਲ ਦਿਸਦਾ ਨਹੀਂ। ਭਾਅ ਓਸ ਰੁੱਖ ਥੱਲੇ ਨਾ ਚੱਲੀਏ?" ਉਸ ਨੇ ਚਿੱਟੇ ਫੁੱਲਾਂ ਲੱਦੇ ਰੁੱਖ ਵੱਲ ਇਸ਼ਾਰਾ ਕਰਕੇ ਕਿਹਾ। ਬੋਲਾਂ ਵਿਚ ਏਨੀ ਅਪਣੱਤ, ਜਿਵੇਂ ਮੈਨੂੰ ਚਿਰਾਂ ਦਾ ਜਾਣਦਾ ਹੋਵੇ। ਉਹ ਖੜ੍ਹਾ ਉਡੀਕਦਾ ਰਿਹਾ। ਮੈਂ ਅਣਮੰਨੇ ਮਨ ਨਾਲ ਕਦਮ ਪੁੱਟਿਆ ਤਾਂ ਉਹ ਕਾਹਲੀ ਨਾਲ ਚਿੱਟੇ ਫੁੱਲਾਂ ਦੀ ਛਤਰੀ ਵਾਲੇ ਰੁੱਖ ਵੱਲ ਤੁਰ ਪਿਆ।

ਏਨੇ ਨੂੰ ਸਪੀਕਰ ਵਿਚੋਂ "ਵਾਜਾਂ ਮਾਰੀਆਂ, ਬੁਲਾਇਆ ਕਈ ਵਾਰ ਮੈਂ, ਕਿਸੇ ਨੇ ਮੇਰੀ ਗੱਲ ਨਾ ਸੁਣੀ" ਗੀਤ ਸਾਡੇ ਕੰਨਾਂ 'ਚ ਗੂੰਜਣ ਲੱਗਾ।

ਉਸ ਆਦਮੀ ਦਾ ਚਿਹਰਾ ਜਿਵੇਂ ਸੂਰਜ ਵਾਂਗ ਲਿਸ਼ਕਣ ਲੱਗ ਪਿਆ, "ਭਾਅ ਜਦੋਂ ਆਲਮ ਲੁਹਾਰ ਦੀ ਲੱਤ ਟੁੱਟੀ ਸੀ, ਉਦੋਂ ਉਨ੍ਹੇ ਗੀਤ ਲਿਖਿਆ ਸੀ।"

ਮੈਂ ਇਹ ਗੱਲ ਸੁਣੀ ਹੋਈ ਸੀ, ਪਰ ਉਸ ਦੇ ਉਮਾਹ ਦਾ ਮਾਣ ਰੱਖਦਿਆਂ ਕਿਹਾ, "ਅੱਛਾ?"

"ਹਾਂ ਭਾਅ, ਜਦੋਂ ਉਦ੍ਹੀ ਲੱਤ ਟੁੱਟੀ ਸੀ, ਸਾਰੇ ਯਾਰ ਬੇਲੀ ਉਹਨੂੰ ਛੱਡ ਗਏ। ਉਹ ਟੁੱਟੀ ਲੱਤ ਦਾ ਵਾਸਤਾ ਪਾਉਂਦਾ ਰਿਹਾ, ਪਰ ਕਿਸੇ ਨੇ ਉਹਦੀ ਨਾ ਸੁਣੀ। ਕਈ ਕਹਿੰਦੇ, ਉਹ ਨਰਸਾਂ ਨੂੰ ਵਾਜਾਂ ਮਾਰਦਾ ਸੀ, ਉਦੋਂ ਉਨ੍ਹੇ ਲਿਖਿਆ ਸੀ ਇਹ ਗੀਤ।" ਉਸ ਦੇ ਬੋਲਾਂ ਵਿਚ ਇੰਨਾ ਉਤਸ਼ਾਹ ਸੀ, ਜਿੰਨਾ ਕਿਸੇ ਦਾ ਗਿਆਨ ਵਧਾਉਣ ਦੇ ਭਰਮ ਨਾਲ ਸਾਡੇ ਵਿਚ ਮੱਲੋ-ਮੱਲੀ ਆ ਜਾਂਦਾ ਹੈ। ਫਿਰ ਉਹ ਆਰਿਫ ਲੁਹਾਰ ਦੀ ਆਵਾਜ਼ ਵਿਚ ਆਪਣੀ ਆਵਾਜ਼ ਰਲਾ ਕੇ ਗੁਣਗਣਾਉਣ ਲੱਗ ਪਿਆ।

"ਭਾਅ ਕੀ ਕੰਮ ਕਰਦੈਂ?" ਗੀਤ ਮੁੱਕਿਆ ਤਾਂ ਉਸ ਨੇ ਪੁੱਛਿਆ।

"ਟੈਕਸੀ।" ਮੈਂ ਜਵਾਬ ਦਿੱਤਾ।

"ਅੱਜ ਛੁੱਟੀ?"

"ਨਹੀਂ। ਇੰਸਪੈਕਸ਼ਨ ਸੀ, ਗੱਡੀ ਦਾ ਕੰਮ ਹੋਣ ਵਾਲਾ ਸੀ। ਨਾਲੇ ਸ਼ਨਿਚਰਵਾਰ ਐ। ਕੰਮ ਕਿਹੜਾ ਸ਼ੁਰੂ ਹੋਇਆ ਹੋਣਾ।" ਉਸ ਦੀ ਆਵਾਜ਼ ਵਿਚ ਕੁਝ ਸੀ, ਜਿਸ ਮੈਨੂੰ ਗੱਲੀਂ ਲਾ ਲਿਆ ਸੀ।

"ਨਾ ਭਾਅ। ਅੱਜ ਤਾਂ ਕੰਮ ਈ ਬਹੁਤ ਹੋਣੈ। ਦੇਖ ਸੂਰਜ ਕਿੱਥੇ ਆ ਗਿਐ। ਹੁਣ ਤਾਂ ਸਵਾਰੀਆਂ ਹਰਲ ਹਰਲ ਕਰਦੀਆਂ ਫਿਰਦੀਆਂ ਹੋਣੀਆਂ ਸ਼ਹਿਰ।" ਉਸ ਨੇ ਅੱਖਾਂ ਇੰਜ ਫੈਲਾਈਆਂ, ਜਿਵੇਂ 'ਹਰਲ ਹਰਲ' ਕਰਦੀਆਂ ਸਵਾਰੀਆਂ ਨਜ਼ਰ ਆ ਰਹੀਆਂ ਹੋਣ। ਉਸ ਨੇ ਫਿਰ ਗੱਲ ਤੋਰੀ, "ਜਿੰਨੇ ਲੋਕ ਆਹ ਮੇਲਾ ਦੇਖਣ ਆਏ ਐ, ਇਨ੍ਹਾਂ 'ਚੋਂ ਅੱਧੇ ਤਾਂ ਟੈਕਸੀਆਂ ਆਲੇ ਆ। ਔਹ ਦੇਖ ਜਿਨ੍ਹਾਂ ਦੇ ਸੱਜੇ ਪੈਰ ਦੀ ਅੱਡੀ ਘਸੀ ਹੋਈ ਐ, ਸਾਰੇ ਟੈਕਸੀਆਂ ਆਲੇ ਆ। 'ਬਰੇਕ ਗੈਸ' 'ਬਰੇਕ ਗੈਸ' ਦਾ ਪੈਡਲ ਦੱਬਦਿਆਂ ਘਸੀ ਜੁੱਤੀ ਦੀ ਅੱਡੀ ਇਨ੍ਹਾਂ ਦੀ ਪੱਕੀ ਨਿਸ਼ਾਨੀ ਐ।"

ਮੈਨੂੰ ਘਸੀਆਂ ਅੱਡੀਆਂ ਤਾਂ ਨਜ਼ਰ ਨਾ ਆਈਆਂ, ਪਰ ਉਸ ਦੀ ਬਾਰੀਕ ਸੋਚ 'ਤੇ ਮੈਂ ਹੈਰਾਨ ਹੋਏ ਬਿਨਾ ਰਹਿ ਨਾ ਸਕਿਆ। ਉਹ ਫਿਰ ਬੋਲਿਆ, "ਔਹ ਦੇਖ ਭਾਅ ਜਿਹੜਾ ਬਿੰਗਾ ਜਿਹਾ ਤੁਰਦਾ, ਜ਼ਰੂਰ ਕੈਬੀ ਹੋਊ, ਡਿਸਕਾਂ ਹਿਲਾਈ ਫਿਰਦਾ। ਮੈਂ ਵੀ ਬੜੇ ਸਾਲ ਚਲਾਈ ਐ ਟੈਕਸੀ।"

"ਅੱਛਾ? ਹੁਣ।"

"ਬਸ ਸਮਝ ਲਉ, ਕੱਟ ਮਾਰ ਕੇ ਫਿਰ ਟੈਕਸੀ ਦੀ ਭਾਲ 'ਚ ਆਂ।"

"ਕੱਟ ਮਾਰ ਕੇ? ਕਿੱਥੋਂ?"

ਉਸ ਨੇ ਲੰਬਾ ਸਾਹ ਖਿਚਿਆ। ਪਲਕਾਂ ਕਾਹਲੀ ਕਾਹਲੀ ਝਪਕੀਆਂ, "ਭਾਅ ਤੇਰੀ ਆਪਣੀ ਗੱਡੀ ਐ?"

"ਹਾਂ।"

"ਕਿੱਦਾਂ 'ਕੱਲਾ ਈ ਐਂ ਕਿ ਕੋਈ ਡਰਾਈਵਰ ਵੀ ਐ?"

"ਕੱਲਾ ਈ। ਡਰਾਈਵਰ ਇੰਡੀਆ ਗਿਐ।"

ਆਰਿਫ ਲੁਹਾਰ ਨੇ 'ਬੋਲ ਮਿੱਟੀ ਦਿਆ ਬਾਵਿਆ' ਗੀਤ ਛੋਹਿਆ। ਮੈਨੂੰ ਕੋਲ ਖੜ੍ਹਾ ਬੰਦਾ ਆਰਿਫ ਲੁਹਾਰ ਤੋਂ ਵੀ ਅਗਾਂਹ ਦਾ ਬੰਦਾ ਲੱਗਾ, ਜਿਸ ਨੇ ਮੇਰੇ ਵਰਗੇ ਮਿੱਟੀ ਦੇ ਬਾਵੇ ਨੂੰ ਬੋਲਣ ਲਾ ਲਿਆ ਸੀ। ਕੀ ਸੀ ਉਸ ਆਦਮੀ ਵਿਚ?

"ਭਾਅ ਕਿੱਥੇ ਰਹਿਨੈਂ?"

"ਰਿਚਮੰਡ ਹਿੱਲ।"

"ਮੈਂ ਵੀ ਹੁਣੇ ਮੂਵ ਹੋਇਆਂ ਓਥੇ, ਵੱਡੇ ਗੁਰਦੁਆਰੇ ਕੋਲ। ਪਹਿਲਾਂ ਅਸੀਂ ਅਸਟੋਰੀਆ (ਨੇਬਰਹੁੱਡ) ਰਹਿੰਦੇ ਸੀ।"

"ਅਸੀਂ ਵੀ ਗੁਰਦੁਆਰੇ ਤੋਂ ਦੋ ਬਲਾਕ ਨੌਰਥ ਵੱਲ ਰਹਿਨੇ ਹਾਂ।"

"ਕੀ ਨੰਬਰ ਐ ਗੱਡੀ ਦਾ?"

"ਟੂ ਟੀ ਥਰਟੀਨ।"

"ਥਰਟੀ? ਤੀਹ?" ਸੰਗੀਤ ਦੀ ਆਵਾਜ਼ ਉਚੀ ਹੋਣ ਕਰਕੇ ਉਸ ਨੇ ਜ਼ੋਰ ਦੀ ਕਿਹਾ।

"ਥਰਟੀਨ। ਤੇਰਾਂ।" ਮੈਂ ਉਸ ਦੇ ਕੰਨ ਕੋਲ ਮੂੰਹ ਲਿਜਾ ਕੇ ਕਿਹਾ। ਇਹ ਮੇਰੀ ਪ੍ਰਕਾਸ਼ ਨਾਲ ਪਹਿਲੀ ਮੁਲਾਕਾਤ ਸੀ।

---

ਸੰਵਾਰ ਕੇ ਵਾਹੇ ਹੋਏ ਵਾਲ। ਕਾਲੀ ਕੀਤੀ ਦਾਹੜੀ, ਹਲਕੀ ਅਸਮਾਨੀ ਰੰਗ ਦੀ ਕਮੀਜ਼। ਕਾਲੀ ਪੈਂਟ। ਲਿਸ਼ਕਵੀਂ ਜੁੱਤੀ। ਉਹ ਮੁਸਕਰਾਇਆ ਤਾਂ ਮੈਂ ਪਛਾਣ ਲਿਆ।

"ਬੱਲੇ ਬਈ। ਤੂੰ ਅਚਾਨਕ ਕਿਵੇਂ?" ਮੈਂ ਤੌਲੀਏ ਨਾਲ ਗੱਡੀ ਦੇ ਸ਼ੀਸ਼ੇ 'ਤੇ ਪਈ ਗਰਦ ਸਾਫ ਕਰਦੇ ਨੇ ਪੁੱਛਿਆ।

"ਅਚਾਨਕ ਨਈਂ ਭਾਅ, ਮੈਨੂੰ ਪਤਾ ਜਿਹੜੇ 'ਕੱਲੇ ਗੱਡੀ ਚਲਾਉਂਦੇ ਐ, ਐਸੇ ਕੁ ਵੇਲੇ ਈ ਕੰਮ ਸ਼ੁਰੂ ਕਰਦੇ ਹੁੰਦੇ ਐ।" ਉਸ ਦੇ ਚਿਹਰੇ 'ਤੇ ਅੰਤਾਂ ਦਾ ਆਤਮ-ਵਿਸ਼ਵਾਸ ਸੀ।

"ਤੂੰ ਘਰ ਕਿਵੇਂ ਲੱਭਿਆ?" ਮੈਂ ਹੱਥ ਮਿਲਾ ਕੇ ਪੁੱਛਿਆ।

"ਲੈ ਆਪਾਂ ਡਰਾਈਵਰ ਹੁੰਨੇ ਆਂ। ਤੂੰ ਕਿਹਾ ਨਈਂ ਸੀ, ਗੁਰਦੁਆਰੇ ਤੋਂ ਦੋ ਬਲਾਕ ਨੌਰਥ ਵੱਲ ਨੂੰ। ਕੱਲ੍ਹ ਅੱਧੀ ਰਾਤੇ ਮੈਂ ਘਰੋਂ ਨਿਕਲਿਆ। ਦੋ ਬਲਾਕ ਪਿਛੋਂ ਤੀਜੇ ਦਾ ਗੇੜਾ ਕੱਢਿਆ, ਗੱਡੀ ਦਾ ਨੰਬਰ ਪੜ੍ਹਿਆ, ਹੁਣ ਆ ਬਹੁੜਿਆਂ।" ਉਹਨੇ ਗੱਡੀ ਦੁਆਲੇ ਇੰਜ ਨੀਝ ਨਾਲ ਗੇੜਾ ਕੱਢਿਆ, ਜਿਵੇਂ ਮੱਝ ਦਾ ਸੌਦਾ ਕਰਨ ਵਾਲਾ ਗਾਹਕ ਮੱਝ ਨੂੰ ਪਰਖਦਾ ਹੈ, "ਭਾਅ ਮੈਨੂੰ ਮੌਕਾ ਦੇ ਕੇ ਦੇਖ। ਮੇਰੇ ਜਿਹਾ ਡਰਾਈਵਰ ਨਈਂ ਲੱਭਣਾ ਤੈਨੂੰ।"

"ਮੈਂ ਏਅਰਪੋਰਟ ਤੋਂ ਕੰਮ ਸ਼ੁਰੂ ਕਰਦਾਂ। ਗੱਡੀ ਮੈਨੂੰ ਚਾਰ ਵਜੇ ਘਰੇ ਖੜ੍ਹੀ ਮਿਲਣੀ ਚਾਹੀਦੀ ਐ।"

"ਨਈਂ ਭਾਅ ਚਾਰ ਵਜੇ ਨਈਂ। ਸਾਢੇ ਤਿੰਨ ਵਜੇ ਔਬਲ ਤਾਂ ਤਿੰਨ ਵਜੇ।" ਉਸ ਨੇ ਖਾਸ ਅੰਦਾਜ਼ ਵਿਚ ਮੁਸਕਰਾਉਂਦਿਆਂ ਕਿਹਾ, "ਮੈਂ ਤਾਂ ਪੂਰੇ ਦੋ ਵਜੇ ਗੱਡੀ ਸ਼ਹਿਰੋਂ ਕੱਢ ਲੈਨਾਂ।"

ਤੇ ਅਗਲੇ ਦਿਨ ਪ੍ਰਕਾਸ਼ ਨੇ ਮੇਰੇ ਤੋਂ ਦਿਨ ਦੀ ਸ਼ਿਫਟ ਲੈ ਲਈ ਸੀ।



ਤਿੰਨ-ਸਾਢੇ ਤਿੰਨ ਵਜੇ ਗੱਡੀ ਡਰਾਈਵੇਅ ਵਿਚ ਲਿਆ ਖੜ੍ਹੀ ਕਰਦਾ।

ਮੈਂ ਬਾਹਰ ਹੁੰਦਾ ਤਾਂ ਝੱਟ ਆਖਦਾ, "ਭਾਅ ਤੂੰ ਤਿਆਰ ਨਈਂ ਹੋਇਆ ਅਜੇ। ਸ਼ਹਿਰ ਤਾਂ ਕੰਮ ਈ ਬਹੁਤ ਐ।" ਨਾਲ ਹੀ ਉਹ ਨਿੱਕੇ ਜਿਹੇ ਤੌਲੀਏ ਨਾਲ ਵਿੰਡ-ਸ਼ੀਲਡ ਸਾਫ ਕਰਨ ਲੱਗ ਪੈਂਦਾ, ਹਾਲਾਂਕਿ ਉਹ ਗੈਸ ਪਵਾਉਣ ਵੇਲੇ ਵੀ ਗੱਡੀ ਨੂੰ ਚੰਗੀ ਤਰ੍ਹਾਂ ਸਵਾਰ ਕੇ ਲਿਆਉਂਦਾ ਸੀ। ਮੈਟ ਝਾੜ ਕੇ ਵਿਛਾਏ ਹੁੰਦੇ। ਬੁਰਸ਼ ਨਾਲ ਅੰਦਰੋਂ ਘੱਟਾ ਚੰਗੀ ਤਰ੍ਹਾਂ ਸਾਫ ਕੀਤਾ ਹੁੰਦਾ। ਸਫਾਈ ਨੂੰ ਤਾਂ ਮੈਂ ਵੀ ਮੰਨਿਆ ਹੋਇਆ ਸੀ, ਪਰ ਉਹ ਮੇਰੇ ਤੋਂ ਵੀ ਚਾਰ ਰੱਤੀਆਂ ਉਪਰ ਨਿਕਲਿਆ। ਗੱਡੀ ਅੰਦਰੋਂ ਸ਼ੀਸ਼ੇ ਵਾਂਗ ਚਮਕ ਰਹੀ ਹੁੰਦੀ। ਕੀ ਮਜਾਲ ਕਿ ਚਾਹ ਜਾਂ ਕੌਫੀ ਦਾ ਦਾਗ ਵੀ ਕਿਤੇ ਹੋਵੇ। ਹਲਕੀ ਹਲਕੀ ਮਨਮੋਹਣੀ ਸੈਂਟ ਗੱਡੀ 'ਚ ਛਿੜਕੀ ਹੁੰਦੀ। ਮੀਂਹ ਪੈ ਰਿਹਾ ਹੁੰਦਾ ਤਾਂ ਆਖਦਾ, "ਭਾਅ ਮੀਂਹ ਨੇ ਤਾਂ ਕਮਾਲ ਕਰ'ਤੀ। ਲੋਕਾਂ ਨੂੰ ਗੱਡੀ ਲੱਭਦੀ ਈ ਨਈਂ। ਕੰਮ ਦੀ ਨ੍ਹੇਰੀ ਆਈ ਪਈ ਐ।"

ਗਰਮੀਆਂ ਵਿਚ ਸਕੂਲ ਬੰਦੇ ਹੋਣ ਕਰਕੇ, ਲੋਕ ਵੇਕੇਸ਼ਨ 'ਤੇ ਚਲੇ ਜਾਂਦੇ ਨੇ। ਕੰਮ ਘਟ ਜਾਂਦਾ ਹੈ। ਪਰ ਪ੍ਰਕਾਸ਼ ਲਈ ਉਹ ਵੀ ਤੀਆਂ ਦੇ ਦਿਨ ਹੁੰਦੇ, "ਭਾਅ ਅੱਜ ਤਾਂ ਸਵਾਰੀਆਂ ਟੈਕਸੀਆਂ ਔਲ੍ਹ ਨੂੰ ਏਦਾਂ ਜੀਭਾਂ ਕੱਢੀ ਆਉਂਦੀਆਂ ਸੀ, ਜਿੱਦਾਂ ਢਾਬ ਵੱਲ ਨੂੰ ਤਿਹਾਇਆ ਜਾਨਵਰ ਦੌੜਦੈ।"

ਸੁਖਾਵੇਂ ਮੌਸਮ ਵਿਚ ਕੰਮ ਦੀ ਚਾਲ ਘੱਟ ਜਾਂਦੀ ਹੈ। ਲੋਕ ਟੈਕਸੀ ਦੀ ਥਾਂ ਪੰਜ-ਸੱਤ ਬਲਾਕ ਤੁਰਨਾ ਪਸੰਦ ਕਰਦੇ ਨੇ। ਪਰ ਪ੍ਰਕਾਸ਼ ਦਾ ਉਹ ਦਿਨ ਵੀ ਸੋਨੇ ਵਰਗਾ ਹੁੰਦਾ, "ਲੈ ਭਾਅ ਦਿਨ ਬੜਾ ਪੱਧਰੈ, ਕਿਤੇ ਦੁਨੀਆਂ ਸ਼ਹਿਰ 'ਚ ਐ! ਮ੍ਹਾਰ ਸ਼ਾਪਿੰਗਾਂ ਹੁੰਦੀਆਂ ਪਈਆਂ, ਮਿੱਡ-ਟਾਊਨ ਦਾ ਮਾਲ ਤਾਂ ਸਵਾਰੀਆਂ ਦਾ ਗੜ੍ਹ ਬਣਿਆ ਪਿਆ।"

ਇਕ ਦਿਨ ਮੈਂ ਕਿਹਾ, "ਸਨੋਅ ਵਿਚ ਮੈਂ ਅਕਸਰ ਛੁੱਟੀ ਕਰਦਾ ਹੁੰਨਾਂ।" ਪਹਿਲੀ ਵਾਰ ਮੈਂ ਉਸ ਦੇ ਮੂੰਹੋਂ ਕੰਮ 'ਤੇ ਨਾ ਜਾਣ ਬਾਰੇ ਸੁਣਿਆ ਸੀ, "ਭਾਅ ਗੱਡੀ ਹੁੰਦੀ ਐ ਤਾਜ਼ਾ ਤਾਜ਼ਾ ਤੁਰਨ ਲੱਗੇ ਬੱਚੇ ਅਰਗੀ। ਜਿੱਦਾਂ ਤਾਜ਼ਾ ਤਾਜ਼ਾ ਤੁਰਨ ਲੱਗਾ ਬੱਚਾ ਝੱਟ ਤਿਲਕ ਕੇ, ਉਖੜ ਕੇ, ਫਸ ਕੇ ਡਿਗ ਪੈਂਦੈ, ਏਦਾਂ ਸਨੋਅ ਵਿਚ ਗੱਡੀ ਦਾ ਹਾਲ ਹੁੰਦੈ। ਗੱਡੀ ਦੀ ਸੰਭਾਲ ਬੱਚੇ ਵਾਂਗ ਕਰਨੀ ਹੁੰਦੀ ਐ। ਮੈਂ ਵੀ ਕਦੇ ਨਈਂ ਗਿਆ ਸਨੋਅ ਆਲੇ ਦਿਨ। ਤੁਸੀਂ ਬੱਚੇ ਦੀ ਉਂਗਲੀ ਫੜ੍ਹੀ ਜਿੰਨਾ ਮਰਜੀ ਧਿਆਨ ਨਾਲ ਤੁਰੇ ਜਾਓ, ਕੋਈ ਦੂਸਰਾ ਸ਼ਰਾਰਤੀ ਬੱਚਾ ਤਿਲਕ ਕੇ ਤੁਹਾਡੇ ਬੱਚੇ ਵਿਚ ਆ ਵੱਜੇ! ਕੀ ਫੈਦਾ? ਆਪਣੇ ਲੱਗਾ ਫੱਟ ਤਾਂ ਮੈਥੋਂ ਭਾਵੇਂ ਜਰ ਹੋ ਜੇ, ਗੱਡੀ 'ਤੇ ਝਰੀਟ ਨ੍ਹੀਂ ਜਰ ਹੁੰਦੀ। ਆਪਣੀ ਅੰਨਦਾਤਾ ਤਾਂ ਇਹੀ ਐ ਨਾ ਭਾਅ!"

ਹਰ ਸਨਿਚਰਵਾਰ ਉਹ ਗੱਡੀ ਧੁਆ ਲਿਆਉਂਦਾ। ਪਹਿਲਾਂ ਪਹਿਲ ਮੈਂ ਲੀਜ਼ ਲੈਣ ਵੇਲੇ ਗੱਡੀ-ਧੁਆਈ ਦੇ ਪੈਸੇ ਕੱਟਣ ਲਈ ਆਖਿਆ ਤਾਂ ਮੈਨੂੰ ਝਈ ਲੈ ਕੇ ਪਿਆ, "ਕਿਉਂ? ਗੱਡੀ ਮੇਰੀ ਨਈਂ ਕੁਛ ਲੱਗਦੀ?"

ਵੱਡੀਆਂ ਛੁੱਟੀਆਂ ਵਿਚ ਮੈਂ ਕੰਮ ਨਹੀਂ ਕਰਦਾ, ਪਰ ਪ੍ਰਕਾਸ਼ ਛੁੱਟੀਆਂ ਵਿਚ ਵੀ ਪੈਸੇ ਬਣਾਈ ਫਿਰਦਾ। ਪਤਾ ਨਹੀਂ ਬਣਾਉਂਦਾ ਸੀ ਜਾਂ ਮੈਨੂੰ ਹੀ ਦਿਖਾਉਂਦਾ ਸੀ।

ਗੱਡੀ ਦਾ ਕੰਮ ਕਰਾਉਣ ਦੀ ਜ਼ਿੰਮੇਵਾਰੀ ਤਾਂ ਰਾਤ ਵਾਲੇ ਡਰਾਈਵਰ ਦੀ ਹੀ ਹੁੰਦੀ ਹੈ ਕਿਉਂਕਿ ਦਿਨੇ ਟਰੈਫਿਕ ਹੀ ਏਨਾ ਹੁੰਦਾ ਹੈ ਕਿ ਮਕੈਨਿਕ ਵੱਲ ਗਿਆਂ ਅੱਧੀ ਦਿਹਾੜੀ ਟੁੱਟ ਜਾਂਦੀ ਹੈ। ਪਰ ਉਹ ਸਾਰੇ ਕੰਮ ਆਪ ਕਰਾ ਲਿਆਉਂਦਾ। ਪਹਿਲਾਂ ਪਹਿਲ ਮੈਨੂੰ ਸ਼ੱਕ ਪਿਆ, ਕਿਤੇ ਏਨੀ ਮਿੱਠੀ ਬੋਲਚਾਲ, ਮਿਲਾਪੜੇ ਅਤੇ ਅਪਣੱਤ ਭਰੇ ਸੁਭਾਅ ਦੇ ਪਿੱਛੇ ਇਹਤੋਂ ਉਲਟ ਹੀ ਬੰਦਾ ਨਾ ਲੁਕਿਆ ਬੈਠਾ ਹੋਵੇ। ਕਿਤੇ ਉਹ ਜਾਅਲੀ ਬਿੱਲ ਈ ਨਾ ਬਣਾ ਲਿਆਉਂਦਾ ਹੋਵੇ। ਪਰ ਮੇਰੇ ਸ਼ੰਕੇ ਦੀ ਸਨੋਅ ਛੇਤੀ ਹੀ ਉਸ ਦੇ ਵਤੀਰੇ ਦੀ ਧੁੱਪ ਨਾਲ ਖੁਰ ਗਈ। ਮੈਨੂੰ ਉਸ ਨੇ ਇਕ ਤਰ੍ਹਾਂ ਨਾਲ ਵਿਹਲਾ ਹੀ ਕਰ ਦਿੱਤਾ। ਮੈਂ ਤਾਂ ਰਾਤ ਨੂੰ ਆਉਂਦਾ ਬਿੱਲ ਦੇ ਪੈਸੇ ਹੀ ਤਾਰਦਾ।

---

'ਥੈਂਕਸ ਗਿਵਿੰਗ ਡੇਅ' ਵਾਲੇ ਦਿਨ ਕੰਮ ਡੈਡ ਹੀ ਹੁੰਦਾ ਹੈ। ਮੈਂ ਇਕ ਦਿਨ ਪਹਿਲਾਂ ਹੀ ਪ੍ਰਕਾਸ਼ ਨੂੰ ਕਹਿ ਦਿੱਤਾ, "ਮੈਂ ਕੱਲ੍ਹ ਨੂੰ ਕੰਮ ਨਈਂ ਕਰਨਾ, ਤੂੰ ਭਾਵੇਂ ਡਬਲ ਈ ਕਰ ਲਈਂ।"

"ਲੈ ਭਾਅ ਹਿੰਮਤ ਈ ਹਾਰ ਗਿਐਂ। ਕੱਲ੍ਹ ਨੂੰ ਤਾਂ ਸ਼ਹਿਰ 'ਚ ਕੰਮ ਈ ਬੜਾ ਹੋਣੈਂ। ਸਾਰਿਆਂ ਨੇ ਛੁੱਟੀ ਕਰ ਕੇ ਬਹਿ ਜਾਣਾ ਬਈ ਸ਼ਹਿਰ ਤਾਂ ਗਰੀਬ ਦੀ ਜੇਬ ਆਂਗੂੰ ਖਾਲੀ ਹੋਣੈਂ। ਪਰ ਦੇਖੀਂ, ਸਵਾਰੀ ਨੂੰ ਟੈਕਸੀ ਤੇ ਟੈਕਸੀ ਨੂੰ ਸਵਾਰੀ ਘੁੰਮ ਘੁੰਮ ਕੇ ਪੈਣੀ ਐਂ। ਬੜੀ ਬੱਲੇ ਬੱਲੇ ਹੋਣੀ ਐਂ, ਉਤੋਂ ਸੜਕਾਂ ਖਾਲਮ-ਖਾਲੀ।"

"ਅਸੀਂ ਯਾਰ, ਪੱਤੇ 'ਕੱਠੇ ਕਰਨੇ ਐ। ਸਾਰਾ ਬੈਕ-ਯਾਰਡ ਭਰਿਆ ਪਿਐ।"

"ਚਲੋ, ਤੁਸੀਂ ਪੱਤੇ 'ਕੱਠੇ ਕਰਿਓ, ਮੈਂ ਡਾਲਰ 'ਕੱਠੇ ਕਰ ਲਿਆਊਂ।"

ਜਦੋਂ ਮੈਂ ਸਵੇਰੇ ਨੌਂ ਕੁ ਵਜੇ ਉਠਿਆ, ਗੱਡੀ ਡਰਾਈਵੇਅ ਵਿਚ ਖੜ੍ਹੀ ਸੀ। ਸੋਚਿਆ, "ਕਰ ਗਿਆ ਛੁੱਟੀ।" ਮੈਂ ਬੁਰਸ਼ ਕਰਕੇ, ਪਤਨੀ ਨੂੰ ਚਾਹ ਬਣਾਉਣ ਲਈ ਕਹਿ ਰਤਾ ਕੁ ਭਾਰੀ ਜੈਕਟ ਪਾ ਕੇ ਬਾਹਰ ਨਿਕਲਿਆ, ਪ੍ਰਕਾਸ਼ ਤੁਰਿਆ ਆ ਰਿਹਾ ਸੀ। ਬਣਿਆ ਠਣਿਆ। ਉਹ ਲਿਸ਼ਕਿਆ, "ਭਾਅ ਦੇਖੀਂ, ਗਲੀਆਂ ਹੋ ਜਾਣ ਸੁੰਨੀਆਂ, ਵਿਚ ਮਿਰਜ਼ਾ ਯਾਰ ਫਿਰੇ। ਸਾਰਾ ਸ਼ਹਿਰ ਈ ਆਪਣਾ ਹੋਣੈਂ।"

"ਆ ਜਾ ਵੇ, ਚਾਹ ਪੀ ਲੈ, ਧਰਨ ਲੱਗੀ ਆਂ।" ਦਰਵਾਜ਼ੇ ਵਿਚ ਆ ਕੇ ਪਤਨੀ ਨੇ ਕਿਹਾ। ਸ਼ਾਇਦ ਉਨ੍ਹੇ ਪ੍ਰਕਾਸ਼ ਦੀ ਆਵਾਜ਼ ਸੁਣ ਲਈ ਸੀ।

"ਨਾ ਭੈਣ, ਅੱਜ ਤਾਂ ਕੌਫੀ ਪੀਊਂ ਸ਼ਹਿਰ ਜਾ ਕੇ। ਸਵਾਰੀਆਂ ਮੇਰਾ ਰਾਹ ਦੇਖਦੀਆਂ ਹੋਣੀਆਂ," ਉਹ ਮੁਸਕਰਾਈਏ ਹੱਸਿਆ।

"ਬਹੁਤੀ ਅੜੀ ਨਾ ਕਰ। ਗੱਡੀ ਤੇਰੇ ਕੋਲ ਹੋਣੀ ਐ। ਸਾਰੀ ਰਾਤ ਲੱਗਾ ਰਹੀਂ। ਦਸਾਂ ਮਿੰਟਾਂ ਨਾਲ ਕਿਹੜਾ ਕੁਬੇਰ ਦਾ ਖਜਾਨਾ ਜੁੜਨੋਂ ਰਹਿ ਜਾਣੈ?" ਮੈਂ ਜਿਵੇਂ ਉਸ ਨੂੰ ਦੱਸਣ ਲਈ ਕਿਹਾ ਕਿ ਕਹਾਣੇ ਸਿਰਫ ਉਸ ਨੂੰ ਹੀ ਨਹੀਂ ਆਉਂਦੇ।

ਮੇਰੇ ਮਗਰੇ ਅੰਦਰ ਵੜਦਾ, ਝੋਲਾ ਦਰਵਾਜ਼ੇ ਕੋਲ ਰੱਖ ਜੁੱਤੀ ਲਾਹੁੰਦਾ ਪ੍ਰਕਾਸ਼ ਬੋਲਿਆ, "ਤੂੰ ਅੱਜ ਐਵੇਂ ਈ ਦਿਲ ਛੱਡ ਗਿਐਂ ਭਾਅ। ਅੱਜ ਤਾਂ ਸਵਾਰੀਆਂ ਸ਼ਹਿਰ 'ਚ ਏਦਾਂ ਫਿਰਦੀਆਂ ਹੋਣੀਆਂ, ਜਿੱਦਾਂ ਵਣਾਂ 'ਚ ਟਰਕੀਆਂ ਫਿਰਦੀਆਂ ਹੋਣ।"

"ਪ੍ਰਕਾਸ਼ ਤੇਰੀਆਂ ਗੱਲਾਂ ਇਹ ਬਹੁਤ ਸੁਣਾਉਂਦੇ ਹੁੰਦੇ ਐ। ਤੇਰੇ ਅਰਗਾ ਹਿੰਮਤੀ ਬੰਦਾ ਮੈਂ ਕਦੇ ਨਹੀਂ ਦੇਖਿਆ। ਪ੍ਰਕਾਸ਼ ਤੂੰ ਏਨਾ ਕੰਮ ਕਰਦੈਂ। ਹਮੇਸ਼ਾ ਚੜ੍ਹਦੀ ਕਲਾ 'ਚ ਰਹਿਨਾਂ। ਏਨਾ ਚਿਰ ਤੈਨੂੰ ਆਏ ਨੂੰ ਹੋ ਗਿਆ। ਟੈਕਸੀ ਵੀ ਤੂੰ ਬੜੀ ਚਲਾਈ ਐ। ਤੂੰ ਆਪਣਾ ਮਡਾਲੀਅਨ ਕਿਉਂ ਨਈਂ ਖਰੀਦ ਲਿਆ?" ਮੇਰੀ ਪਤਨੀ ਨੇ ਕਿਹਾ।

ਪ੍ਰਕਾਸ਼ ਨੇ ਮੇਰੇ ਵੱਲ ਦੇਖਿਆ। ਉਸ ਦੇ ਸੂਰਜ ਵਰਗੇ ਚਿਹਰੇ ਨੂੰ ਜਿਵੇਂ ਕਾਲੀ ਬੱਦਲੀ ਨੇ ਕੱਜ ਲਿਆ ਸੀ। ਉਸ ਨੇ ਲੰਮਾ ਸਾਹ ਖਿੱਚਿਆ, "ਸਭ ਕਿਸਮਤ ਦੇ ਕੜਛੇ ਨੇ ਭਾਅ।" ਇਕ ਹੋਰ ਜ਼ੋਰ ਦਾ ਸਾਹ ਅੰਦਰ ਖਿਚਿਆ ਤੇ ਪੂਰੇ ਜ਼ੋਰ ਨਾਲ ਛੱਡਿਆ, "ਤੁਹਾਨੂੰ ਪਤੈ, ਅੱਜ ਥੈਂਕਸ ਗਿਵਿੰਗ ਐ। ਟਰਕੀ ਡੇਅ। ਕਿਉਂ ਸ਼ੁਰੂ ਹੋਇਆ ਸੀ ਇਹ?"

ਮੈਨੂੰ ਸਮਝ ਨਾ ਲੱਗੀ, ਉਸ ਨੇ ਗੱਲ ਦਾ ਰੁਖ ਬਿਲਕੁਲ ਦੂਜੇ ਪਾਸੇ ਕਿਉਂ ਮੋੜ ਦਿੱਤਾ ਸੀ।

ਮੇਰੀ ਪਤਨੀ ਉਬਲਦੇ ਪਾਣੀ ਵਿਚ ਖੰਡ ਪਾਉਂਦੀ ਬੋਲੀ, "ਵਾਹ ਵੇ। ਕਿੱਧਰਲੀ ਗੱਲ ਕਿੱਧਰ ਨੂੰ ਲੈ ਗਿਐਂ। ਇਹ ਤਾਂ ਬੱਚੇ ਬੱਚੇ ਨੂੰ ਪਤੈ। ਗੋਰੇ ਆਏ। ਬੀਮਾਰੀ ਤੇ ਭੁੱਖ ਨਾਲ ਮਰਨ ਲੱਗੇ। ਇੱਥੋਂ ਦੇ ਮੂਲ ਵਾਸੀਆਂ ਨੇ ਉਨ੍ਹਾਂ ਦੀ ਟਹਿਲ-ਸੇਵਾ ਕੀਤੀ। ਉਨ੍ਹਾਂ ਨੇ ਮੂਲ-ਵਾਸੀਆਂ ਦਾ ਸ਼ੁਕਰਾਨਾ ਕਰਨ ਲਈ ਇਕ ਦਿਨ ਟਰਕੀ ਰਿੰਨ੍ਹ ਕੇ ਦਾਅਵਤ ਦਿੱਤੀ ਤੇ ਇਹ ਫੈਸਟੀਵਲ ਸ਼ੁਰੂ ਹੋ ਗਿਆ।"

ਪ੍ਰਕਾਸ਼ ਨੇ ਮੇਰੀ ਪਤਨੀ ਦੀ ਗੱਲ ਸੁਣਦੇ ਸੁਣਦੇ ਨੇ, ਕੰਧ 'ਤੇ ਲਟਕਦੀ ਮੇਰੀ ਬੇਟੀ ਤੇ ਬੇਟੇ ਦੀ ਤਸਵੀਰ ਵੱਲ ਸੁਭਾਇਕੀ ਨਜ਼ਰ ਮਾਰੀ।

"ਤੇ ਭੈਣਾਂ, ਗੋਰਿਆਂ ਨੇ ਮੂਲ-ਵਾਸੀਆਂ ਨੂੰ ਕੀ ਦਿੱਤਾ?" ਪ੍ਰਕਾਸ਼ ਨੇ ਬਹੁਤ ਗਹਿਰਾ ਸਾਹ ਭਰਿਆ, "ਨੇਟਿਵਾਂ ਤੋਂ ਮੁਲਕ ਈ ਖੋਹ ਲਿਆ।"

"ਪਰ ਆਪਾਂ ਤਾਂ ਗੱਲ ਤੇਰੀ ਕਰਦੇ ਸੀ।" ਮੈਂ ਫਿਰ ਨੁਕਤੇ 'ਤੇ ਆਉਣ ਦੀ ਕੋਸ਼ਿਸ਼ ਕੀਤੀ।

"ਭੈਣੇ, ਤੂੰ ਵੀ ਬਹਿ ਜਾ ਹੁਣ ਕੁਰਸੀ 'ਤੇ।"

"ਵੇ ਚਾਹ।"

"ਕਿਤੇ ਨਈਂ ਜਾਂਦੀ ਚਾਹ। ਜਦੋਂ ਜ਼ਿੰਦਗੀ ਦੇ ਕੁਬੇਰ ਦਾ ਖਜਾਨਾ ਲੁਟ ਰਿਹਾ ਹੋਵੇ, ਉਦੋਂ ਚਾਹਾਂ ਕਿਹਨੂੰ ਸੁੱਝਦੀਆਂ ਭੈਣੇ।" ਪ੍ਰਕਾਸ਼ ਦੀ ਆਵਾਜ਼ 'ਤੇ ਅਜਿਹੇ ਪਰਛਾਵੇਂ ਦਾ ਰੰਗ ਮੈਂ ਪਹਿਲਾਂ ਕਦੇ ਨਹੀਂ ਸੀ ਦੇਖਿਆ। ਪਤੀਲੇ 'ਚੋਂ ਨਿਕਲਦੀ ਭਾਫ ਵਾਂਗ ਉਸ ਅੰਦਰੋਂ ਵੀ ਕੁਝ ਨਿਕਲ ਰਿਹਾ ਹੋਵੇ।

ਗੈਸ ਦੀ ਅੱਗ ਮੱਠੀ ਕਰਕੇ, ਮੇਰੀ ਪਤਨੀ ਨੇ ਕੁਰਸੀ ਖਿੱਚ ਲਈ। ਪ੍ਰਕਾਸ਼ ਨੇ ਲੰਬਾ ਸਾਹ ਖਿਚਿਆ, "ਚੜ੍ਹਦੀ ਕਲਾ ਦੀ ਸੁਣ ਲੈ ਭਾਅ, ਸ਼ੁਰੂ ਸ਼ੁਰੂ ਦੀ ਗੱਲ ਐ। ਇਕ ਸਰਦਾਰ ਨਾਲ ਮੈਂ ਗੱਡੀ ਚਲਾਉਣੀ ਸ਼ੁਰੂ ਕੀਤੀ। ਬੜਾ ਗਿਆਨੀ-ਧਿਆਨੀ ਸੀ। ਕਿਸੇ ਕਿਸੇ ਦਿਨ ਮੇਰੇ ਪੈਸੇ ਨਾ

(ਬਾਕੀ ਅਗਲੇ ਸਫੇ 'ਤੇ)

ਬਣਨੇ, ਰਤਾ ਉਦਾਸੀ ਤਾਂ ਹੁੰਦੀ ਐ ਨਾ। ਤਕਾਲਾਂ ਨੂੰ ਜਦੋਂ ਮੈਂ ਉਹਨੂੰ ਗੱਡੀ ਦੇਣੀ, ਉਹਨੇ ਟੁੱਟ ਕੇ ਪੈਣਾ, 'ਹਾਅ ਨੈਸ਼ ਅਰਗਾ ਮੂੰਹ ਬਣਾ ਕੇ ਗੱਡੀ ਨਾ ਫੜ੍ਹਾਇਆ ਕਰ, ਮੇਰੀ ਸਾਰੀ ਰਾਤ ਈ ਖਰਾਬ ਹੋ ਜਾਂਦੀ ਐ, ਚੱਜ ਦੀ ਸਵਾਰੀ ਵੀ ਨਈਂ ਲੱਭਦੀ।' ਕਦੇ ਮੇਰਾ ਦਿਲ ਕਰਨਾ ਇਹਨੂੰ ਕਹਿ ਦਿਆਂ, ਵਹਿਮੀਆਂ ਚੁੱਕ ਆਪਣੀ ਗੱਡੀ। ਪਰ ਮੈਂ ਨਵਾਂ ਨਵਾਂ ਸੀ ਅਜੇ ਇਸ ਕੰਮ 'ਚ। ਪਰ ਇਕ ਗੱਲ ਮੈਂ ਪੱਲੇ ਬੰਨ੍ਹ ਲਈ, ਜਦੋਂ ਕਿਸੇ ਨੂੰ ਮਿਲੋ, ਅਗਲੇ ਨੂੰ ਨੈਸ਼ ਕਹਿਣ ਦਾ ਮੌਕਾ ਨਾ ਦਿਉ। ਬਸ ਉਦੋਂ ਤੋਂ ਮੇਰਾ ਬੱਲੇ ਬੱਲੇ ਵਾਲਾ ਸੁਭਾਅ ਪੱਕਦਾ ਗਿਆ।"

"ਕਦੇ ਮਡਾਲੀਅਨ ਖਰੀਦਣ ਦੀ ਨਈਂ ਸੋਚੀ?" ਮੈਂ ਫਿਰ ਗੱਲ ਤੋਰੀ।

"ਭਾਅ ਲੱਗਦੈ ਤੂੰ ਮੇਰਾ ਅੱਜ ਸਾਰਾ ਲਹੂ ਨਚੋੜ ਕੇ ਰਹੇਂਗਾ।" ਉਹ ਹਲਕਾ ਜਿਹਾ ਹੱਸਿਆ, ਫਿਰ ਗੰਭੀਰ ਹੋ ਗਿਆ, "ਭਾਅ ਕਈ ਵਾਰ ਸਾਨੂੰ ਸਮਝ ਨਈਂ ਆਉਂਦੀ, ਬਈ ਗਲਤੀ ਕਿਹਦੇ ਕੋਲੋਂ ਹੋਈ ਐ। ਮੈਂ ਬੜਾ ਸੋਚਦਾਂ ਆਪਣੇ ਬਾਰੇ। ਹੋ ਸਕਦਾ ਗਲਤੀ ਮੇਰੀ ਈ ਹੋਵੇ। ਮੈਂ ਪੜ੍ਹਨ ਨੂੰ ਏਨਾ ਹੁਸ਼ਿਆਰ ਸੀ ਜੇ ਡਾਕਟਰ, ਇੰਜੀਨੀਅਰ ਨਾ ਬਣਦਾ ਤਾਂ ਪ੍ਰੋਫੈਸਰ ਜਰੂਰ ਲੱਗ ਜਾਂਦਾ।" ਉਸ ਨੇ ਡਿਗਰੀ ਫੜ੍ਹੀ ਹੱਸਦੀ ਮੇਰੀ ਬੇਟੀ ਦੀ ਤਸਵੀਰ ਵੱਲ ਦੇਖ ਕੇ ਅਜੀਬ ਤਰ੍ਹਾਂ ਦੀ ਮੁਸਕਾਨ ਫੈਲਾਉਂਦਿਆਂ ਧੌਣ ਦਾ ਪਟਾਕਾ ਪਾਇਆ। ਫਿਰ ਉਸ ਨੇ ਗੱਲ ਅੱਗੇ ਤੋਰੀ, "ਜ਼ਮੀਨ ਥੋੜ੍ਹੀ ਸੀ। ਘਰ ਦੀ ਹਾਲਤ ਦਿਨੋ-ਦਿਨ ਨਿਘਰਦੀ ਗਈ। ਏਨੀ ਨਿੱਘਰ ਗਈ ਕਿ ਕਾਲਜ ਵਿਚੇ ਛੱਡ ਕੇ ਮੈਂ ਅਮਰੀਕਾ ਆ ਗਿਆ। ਅਜੇ ਛਿਆਸੀ ਵਾਲੇ ਪੇਪਰ ਬਣਦੇ ਫਿਰਦੇ ਸੀ, ਪਰ ਮੇਰੇ ਨਈਂ ਬਣੇ। ਵਰਕ-ਪਰਮਿਟ ਮਿਲ ਗਿਆ। ਲਾਈਸੈਂਸ ਵੀ ਬਣਾ ਲਿਆ। ਇਕ ਵਾਰੀ ਇੰਡੀਆ ਜਾ ਕੇ ਵਿਆਹ ਕਰਵਾ ਆਇਆ। ਮਗਰੋਂ ਮੁੰਡਾ ਵੀ ਹੋ ਗਿਆ।"

ਉਸ ਨੇ ਮੇਰੇ ਬੱਚਿਆਂ ਦੀ ਤਸਵੀਰ ਵੱਲ ਮੋਹ ਭਰੀਆਂ ਨਜ਼ਰਾਂ ਨਾਲ ਦੇਖਿਆ। ਸ਼ਾਇਦ ਉਸ ਨੂੰ ਆਪਣੇ ਬੱਚੇ ਦੀ ਯਾਦ ਆ ਗਈ ਸੀ। ਬੁੱਲ੍ਹ ਭੀਚ ਕੇ ਗੱਲ ਦੀ ਤੰਦ ਫੇਰ ਫੜ੍ਹੀ, "ਨਾਲ ਦੇ ਇਲਲੀਗਲ ਮੁੰਡੇ ਪੁੱਠੇ-ਸਿੱਧੇ ਤਰੀਕੇ ਨਾਲ ਆਪਣੇ ਟੱਬਰ ਵੀ ਲੈ ਆਏ। ਮੇਰੇ ਮਾਂ-ਪਿਓ ਰਤਾ ਢਿੱਲੇ-ਮੱਠੇ ਰਹਿੰਦੇ ਸੀ, ਮੈਂ ਘਰਵਾਲੀ ਮੰਗਾਈ ਨਾ। ਮੈਂ ਕਦੇ ਕੋਈ ਕੰਮ ਕਰਦਾ ਤੇ ਕਦੇ ਕੋਈ। ਜਿਹੜੇ ਮੁੰਡਿਆਂ ਨਾਲ ਰਹਿੰਦਾ ਸੀ, ਉਹ ਸਾਰੇ ਟੈਕਸੀ ਵਾਲੇ ਈ ਸੀ, ਜਦ ਉਨ੍ਹਾਂ ਨੋਟ ਗਿਣਨੇ, ਮੇਰੇ ਅੰਦਰ ਵੀ ਕੁਛ ਕੁਛ ਹੋਣਾ। ਮੈਂ ਵੀ ਟੈਕਸੀ ਵਿਚ ਪੈ ਗਿਆ। ਪਹਿਲਾਂ ਗੈਰਾਜ ਦੀ ਗੱਡੀ ਚਲਾਈ, ਫਿਰ ਪ੍ਰਾਈਵੇਟ ਮਾਲਕਾਂ ਨਾਲ। ਭਾਅ ਟੈਕਸੀ ਮਾਲਕ ਪਿੰਚ ਬਹੁਤ ਕਰਦੇ ਐ- ਓਇ ਤੂੰ ਗੱਡੀ ਚੱਜ ਨਾਲ ਸਾਫ ਨਈਂ ਕੀਤੀ, ਤੂੰ ਗੈਸ ਘੱਟ ਪੁਆਈ ਐ, ਗੱਡੀ 'ਚ ਤੇਰਾ ਕੌਫੀ ਆਲਾ ਕੱਪ ਰਹਿ ਗਿਆ ਸੀ, ਤੂੰ ਮੈਟ ਸਿੱਧੇ ਕਰਕੇ ਨਈਂ ਵਿਛਾਏ। ਫਿਰ ਮੈਂ ਆਪਣੀ ਗੱਡੀ ਪਾਈ, ਮਡਾਲੀਅਨ ਲੀਜ਼ 'ਤੇ ਲੈ ਕੇ, ਨਾਲ ਰੱਖਿਆ ਡਰਾਈਵਰ। ਸੱਚ ਮੰਨੀਂ ਮੈਂ ਆਪਣੇ ਡਰਾਈਵਰ ਨੂੰ ਕਦੇ ਤੰਗ ਨਈਂ ਕੀਤਾ। ਬਿਲਕੁਲ ਜਿੱਦਾਂ ਤੂੰ ਮੈਨੂੰ ਕਦੇ ਕੁਛ ਨਈਂ ਕਿਹਾ।"

ਆਪਣੀ ਤਾਰੀਫ ਸੁਣ ਕੇ ਮੈਨੂੰ ਪ੍ਰਕਾਸ਼ ਹੋਰ ਚੰਗਾ ਚੰਗਾ ਲੱਗਣ ਲੱਗਾ। ਉਸ ਗੱਲ ਤੋਰੀ ਰੱਖੀ, "ਟੇਢੇ ਤੋਂ ਟੇਢੇ ਡਰਾਈਵਰ ਦੀ ਵੀ ਮੈਂ ਮੋਹ-ਪਿਆਰ ਨਾਲ 'ਅਲਾਈਨਮੈਂਟ' ਕਰ ਦਿੱਤੀ।"

ਮੇਰੀ ਪਤਨੀ ਕੱਪਾਂ 'ਚ ਚਾਹ ਪਾ ਲਿਆਈ। ਮੇਜ਼ 'ਤੇ ਪਏ ਡਰਾਈ-ਫਰੂਟ ਅਤੇ ਕੁੱਕੀਆਂ ਵਾਲੇ ਚਹੁ-ਖਾਨੇ ਡੱਬੇ ਦਾ ਢੱਕਣ ਵੀ ਖੋਲ੍ਹ ਦਿੱਤਾ।

"ਫਿਰ ਛੋਟਾ ਭਰਾ ਜਵਾਨ ਹੋ ਗਿਆ। ਮੰਤਰੀਆਂ ਦੇ ਗੈਂਗਾਂ ਨਾਲ ਰਲ ਗਿਆ, ਜਿਹੜੇ ਨਜੈਜ ਕਬਜੇ ਕਰਦੇ ਐ ਜਮੀਨਾਂ 'ਤੇ। ਮਾਂ-ਪਿਉ ਤਾਂ ਅੱਗੇ ਈ ਢਿੱਲੇ-ਮੱਠੇ ਰਹਿੰਦੇ ਸੀ, ਮੇਰੀ ਘਰਵਾਲੀ ਵੱਖਰੀ ਦੁਖੀ, ਘਰ ਟੋਲੀਆਂ ਲੈ ਕੇ ਆਉਣ ਲੱਗਾ। ਫਿਰ ਉਹਨੂੰ ਗਾਉਣ ਆਲਿਆਂ ਦੇ ਨਾਲ ਏਥੇ ਕੱਢਿਆ। ਉਹਦਾ ਅਸਾਈਲਮ ਦਾ ਕੇਸ ਹੋ ਗਿਆ। ਮੈਂ ਰੱਬ ਦਾ ਸ਼ੁਕਰ ਕੀਤਾ, ਉਹਨੂੰ ਟੈਕਸੀ ਆਲੇ ਪਾਸੇ ਪਾਇਆ। ਸਮਝ ਬਈ ਉਹਨੂੰ ਪੂਰਾ ਮਕੈਨਿਕ ਬਣਾ ਦਿੱਤਾ ਕੇ, ਗੈਸ ਕਿਹੜੇ ਪੰਪ 'ਤੇ ਵਧੀਆ ਤੇ ਸਸਤੀ ਹੁੰਦੀ ਐ, ਬਰੇਕਾਂ ਸਸਤੀਆਂ ਕੌਣ ਪਾਉਂਦਾ, ਤੇਲ ਸਸਤਾ ਕੌਣ ਬਦਲਦੈ। ਉਹਨੂੰ ਮੈਂ ਕਿਰਤ ਕਰਨੀ ਵੀ ਦੱਸੀ ਤੇ ਕਿਰਸ ਕਰਨੀ ਵੀ। ਹੁਲੀਆ ਦੇਖ ਕੇ, ਅੱਖ ਦੇਖ ਕੇ, ਹੱਥ ਚੁੱਕ ਕੇ ਟੈਕਸੀ ਮੰਗਣ ਦਾ ਤਰੀਕਾ ਦੇਖ ਕੇ, ਸਵਾਰੀਆਂ ਦੇ ਸੁਭਾਅ ਦਾ ਅੰਦਾਜਾ ਲਾਉਣ ਦੇ ਸਾਰੇ ਨੁਕਤੇ ਉਹਨੂੰ ਸਮਝਾਏ। ਗੱਲ ਕੀ ਉਡਣਾ ਸੱਪ ਬਣਾ ਦਿੱਤਾ ਉਹਨੂੰ। ਖੈਰ! ਮੇਰੇ ਕੋਲ ਗਰੀਨਕਾਰਡ ਹੈ ਨਈਂ ਸੀ। ਭਰਾ ਦੇ ਨਾਂ 'ਤੇ ਅਸੀਂ ਕਾਰਪੋਰੇਸ਼ਨ ਲੈ ਲਈ। ਦੋ ਮਡਾਲੀਅਨ।"

ਪ੍ਰਕਾਸ਼ ਦਾ ਚਿਹਰਾ ਨਸ਼ਿਆ ਗਿਆ ਲੱਗਦਾ ਸੀ। ਚਿਹਰੇ ਤੋਂ ਕਾਲੀ ਬੱਦਲੀ ਪਤਾ ਨਹੀਂ ਕਿੱਧਰ ਉਡ-ਪੁੱਡ ਗਈ, "ਬੜਾ ਕੰਮ ਰਿੜਿਆ। ਉਹ ਜਾ ਕੇ ਵਿਆਹ ਵੀ ਕਰਾ ਆਇਆ, ਉਦ੍ਹੀ ਘਰ ਆਲੀ ਵੀ ਆ ਗਈ। ਪਹਿਲਾਂ ਅਸੀਂ ਵਨ ਬੈਡਰੂਮ ਵਿਚ ਰਹਿੰਦੇ ਸੀ, ਫਿਰ ਟੂ ਬੈਡਰੂਮ ਲੈ ਲਿਆ। ਪਿੱਛੇ ਜਮੀਨ ਵੀ ਬਣਾਈ। ਦੋ ਬੱਚੇ ਵੀ ਹੋ ਗਏ ਉਹਦੇ।"

"ਫਿਰ ਛੋਟੇ ਦੀ ਘਰ ਆਲੀ ਦੇ ਮਾਂ-ਬਾਪ ਆਉਣੇ ਸੀ, ਮੈਨੂੰ ਕਹਿੰਦਾ-ਜਿੰਨਾ ਚਿਰ ਆਪਾਂ ਨੂੰ ਥਰੀ ਬੈਡਰੂਮ ਨਹੀਂ ਲੱਭਦਾ, ਤੂੰ ਕਿਸੇ ਨਾਲ ਮੂਵ ਹੋ ਜਾ। ਏਥੇ ਮੁਸ਼ਕਿਲ ਹੋਣਾ। ਇਕ ਕਮਰਾ ਉਨ੍ਹਾਂ ਨੂੰ ਦੇ ਦਿਆਂਗੇ। ਬੱਚੇ ਲਿਵਿੰਗ-ਰੂਮ ਵਿਚ ਸੌਂ ਜਾਇਆ ਕਰਨਗੇ। ਮੇਰੀ ਜਾਣੇ ਬਲਾ। ਭਾਅ ਉਨ੍ਹਾਂ ਨੇ ਮੈਨੂੰ ਭੇਚਲ ਕੇ ਏਨੀ ਸਫਾਈ ਨਾਲ ਘਰੋਂ ਬਾਹਰ ਕੀਤਾ, ਕੋਈ ਬੰਦਾ ਸੁਫਨੇ ਵਿਚ ਵੀ ਨਈਂ ਸੋਚ ਸਕਦਾ। ਮੁੱਕਦੀ ਗੱਲ ਮੇਰਾ ਭਰਾ ਕਾਰਪੋਰੇਸ਼ਨ ਵੀ ਦੱਬ ਗਿਆ, ਮਗਰੋਂ ਪਤਾ ਲੱਗਾ ਜਿਹੜੀ ਜਮੀਨ ਸਾਂਝੇ ਪੈਸੇ ਪਾ ਕੇ ਖਰੀਦੀ ਸੀ, ਉਹ ਵੀ ਭਾਪੇ ਦੇ ਨਾਂ ਨਈਂ, ਆਪਣੇ ਨਾਂ ਲਵਾਉਂਦਾ ਰਿਹਾ। ਮੈਂ ਫੇਰ ਕਦੇ ਕਿਸੇ ਨਾਲ ਤੇ ਕਦੇ ਕਿਸੇ ਨਾਲ ਗੱਡੀ ਚਲਾਉਣ ਜੋਗਾ ਰਹਿ ਗਿਆ।"

"ਮੈਂ ਕਾਰਪੋਰੇਸ਼ਨ ਵਿਚ ਅੱਧ ਦਾ ਮਾਲਕ ਸਮਝਦਾ ਸੀ ਆਪਣੇ ਆਪ ਨੂੰ, ਭਾਅ ਮੇਰੇ ਕੋਲੋਂ ਕਿਸੇ ਨਾਲ ਚੱਜ ਨਾਲ ਗੱਡੀ ਚੱਲੀ ਈ ਨਾ। ਕਈ ਯਾਰ ਦੋਸਤ ਵਿਚ ਪਾਏ, ਪਤਾ ਨਹੀਂ ਕਿਹੜੀ ਨਾਂਹ ਦੀ ਗੰਢ ਓਨੇ ਦਿਲ 'ਚ ਬੰਨ੍ਹ ਲਈ ਸੀ। ਮੰਨਿਆ ਈ ਨਹੀਂ। ਫਿਰ ਵੀ ਮੈਨੂੰ ਲੱਗਦਾ ਸੀ, ਅੱਜ ਮੁੜ ਪਊ, ਅੱਜ ਮੁੜ ਪਊ, ਏਨਾ ਵੱਡਾ ਧੋਖਾ ਦੇਣਾ ਕਿਹੜਾ ਸੌਖੈ। ਕਦੇ ਤਾਂ ਆਤਮਾ ਦੇ ਸ਼ੀਸ਼ੇ 'ਚ ਉਹਨੂੰ ਆਪਣਾ ਅੰਦਰਲਾ ਕੋਹਝ ਦਿਸੂ ਨਾ! ਪਰ ਕਿੱਥੇ? ਪਿੱਛੇ ਜਿਹੇ ਪਤਾ ਲੱਗਾ, ਓਨੇ ਦੋਵੇਂ ਮਡਾਲੀਅਨ ਵੇਚ ਦਿੱਤੇ ਐ, ਇੰਡੀਆਨਾ ਜਾ ਕੇ ਪਲਾਜਾ ਲੈ ਲਿਐ। ਮੈਨੂੰ ਉਸ ਦਿਨ ਪਿਛੋਂ ਨੀਂਦ ਨਾ ਆਈ। ਮੈਂ ਜਿੱਦਾਂ ਕਮਲਾ ਹੋ ਗਿਆ। ਭਾਅ, ਮੇਰੇ ਦਿਮਾਗ ਵਿਚ ਕੀ ਕੀ ਨਈਂ ਆਇਆ ਫਿਰ। ਕਦੇ ਸੋਚਾਂ ਜਿਸ ਬਿਲਡਿੰਗ ਵਿਚ ਉਹ ਰਹਿੰਦੇ ਐ, ਉਹਨੂੰ ਅੱਗ ਲਾ ਦਿਆਂ। ਕਦੇ ਦਿਲ ਕਰੇ ਭਰਾ ਨੂੰ ਚਾਕੂ ਨਾਲ ਮਾਰ ਦਿਆਂ। ਫਿਰ ਸੋਚਿਆ ਜਦੋਂ ਕਦੇ ਇੰਡੀਆ ਗਿਆ, ਉਥੇ ਮਰਵਾ ਦਊਂ। ਸੁਫਨੇ ਵਿਚ ਕਈ ਵਾਰ ਮੈਂ ਉਹਦੀ ਕੈਬ 'ਤੇ ਟਰੱਕ ਚਾੜ੍ਹਿਐ। ਬੰਦੇ ਦੇ ਅੰਦਰ ਆਖਿਰ ਕਿਹੜਾ ਕਾਰਖਾਨਾ ਲੱਗਿਆ ਹੋਇਐ, ਜਿੱਥੇ ਕਦੇ ਮੋਹ-ਮੁਹੱਬਤ ਦਾ ਸਾਮਾਨ ਬਣਨ ਲੱਗ ਪੈਂਦੈ, ਕਦੇ ਲਾਲਚ ਦਾ, ਕਦੇ ਨਫਰਤ ਦਾ।"

ਉਸ ਨੇ ਡੂੰਘਾ ਸਾਹ ਲਿਆ, "ਬੰਦਾ ਕਿਉਂ ਕਿਸੇ ਨਾਲ ਧੋਖਾ ਕਰਨ ਦੀ ਸੋਚਦੈ? ਬੰਦਾ ਕਿਉਂ ਕਿਸੇ ਦਾ ਕਤਲ ਕਰਨ ਦੀ ਸੋਚਦੈ? ਕਈ ਵਾਰੀ ਆਪਾਂ ਕਹਿੰਨੇ ਆਂ ਬਈ ਗੁਨਾਹਗਾਰ ਸਿਸਟਮ ਦੀ ਦੇਣ ਹੁੰਦੈ। ਹੁੰਦਾ ਹੋਊ, ਪਰ ਮੇਰਾ ਭਰਾ ਕਿਹੜੇ ਸਿਸਟਮ ਦਾ ਸ਼ਿਕਾਰ ਹੋਇਆ? ਮੇਰੇ ਅਰਗਾ ਬੰਦਾ, ਸਵਾਰੀ ਦਾ ਹੱਥ ਚੁੱਕਣ ਦਾ ਅੰਦਾਜ਼ ਦੇਖ ਕੇ ਅੰਦਾਜ਼ਾ ਲਾਉਣ ਵਾਲਾ ਬਈ ਇਹ ਪੈਸੇ ਦੇਣ ਵਾਲੀ ਐ ਕਿ ਦੌੜ ਜਾਣ ਵਾਲੀ ਐ, ਆਪਣੇ ਭਰਾ ਤੋਂ ਧੋਖਾ ਕਿੱਦਾਂ ਖਾ ਗਿਆ? ਕਦੇ ਕਦੇ ਭਾਅ ਮੈਨੂੰ ਆਪਣਾ ਆਪ ਈ ਗੁਨਾਹਗਾਰ ਜਾਪਦਾ। ਸ਼ਾਇਦ ਮੈਂ ਹੀ ਕਿਤੇ ਨਾ ਕਿਤੇ ਕਮੀਨਾ ਹੋ ਗਿਆ ਹੋਵਾਂ, ਜਿਹਦਾ ਬਦਲਾ ਮੇਰੇ ਭਰਾ ਨੇ ਲਿਐ। ਕਈ ਵਾਰ ਤਾਂ ਲੱਗਦੈ ਬਈ ਇਹ ਗੱਲਾਂ ਬਾਹਰੀ ਸਿਸਟਮ ਨਾਲੋਂ ਵੱਧ ਅੰਦਰਲੇ ਸਿਸਟਮ ਦੀਆਂ ਨੇ। ਬੰਦੇ ਦੇ ਅੰਦਰ ਵੀ ਤਾਂ ਕੋਈ ਸਿਸਟਮ ਹੁੰਦੈ, ਜੋ ਬਾਹਰਲੇ ਸਿਸਟਮ ਨਾਲੋਂ ਵੱਧ ਪਰਚੰਡ ਹੁੰਦਾ ਹੋਊ।"

ਉਹ ਚੁੱਪ ਕਰ ਗਿਆ। ਉਸ ਨੇ ਠੰਢੀ ਹੋ ਰਹੀ ਚਾਹ ਦਾ ਘੁੱਟ ਭਰਿਆ। ਫਿਰ ਚੋਰੀ ਅੱਖ ਨਾਲ ਮੇਰੀ ਪਤਨੀ ਵੱਲ ਦੇਖਿਆ। ਅੱਖਾਂ 'ਚ ਹਯਾ ਦਾ ਪਰਦਾ ਤਾਣ ਕੇ ਬੋਲਿਆ, "ਭਾਅ ਤੈਨੂੰ ਤਾਂ ਪਤਾ ਈ ਐ, ਰੋਜ਼ਵੈਲਟ ਐਵਿਨਿਊ 'ਤੇ...। ਛੜੇ-ਮਲੰਗ ਮੁੰਡੇ ਕੀ ਕੀ ਨਈਂ ਕਰਨ ਜਾਂਦੇ ਰਾਤਾਂ ਨੂੰ? ਪਰ ਮੈਂ ਅੱਤ ਦੀ ਗਰੀਬੀ ਦੇਖੀ ਸੀ, ਇੱਕੋ ਧੁਨ ਸੀ ਪਈ ਘਰ ਦੀ ਤਸਵੀਰ ਬਦਲ ਦੇਣੀ ਐਂ। ਮੈਂ ਇਕ ਤਰ੍ਹਾਂ ਨਾਲ ਤਪੱਸਿਆ ਕੀਤੀ ਸੀ। ਆਲੇ-ਦੁਆਲੇ ਅੱਖ ਭਰ ਕੇ ਵੀ ਨਹੀਂ ਸੀ ਦੇਖਿਆ। ਮਿਹਨਤ ਦਾ ਛਿਲਾ ਕੱਟਦਿਆਂ ਗਰਮੀਆਂ ਦੀ ਅੱਗ ਤੇ ਸਿਆਲਾਂ ਦੀ ਸਨੋਅ ਸਮਝ ਲੈ ਰੂਹ 'ਤੇ ਕੱਟੀ ਐ। ਨਾ ਭੁੱਖ ਦੇਖੀ ਨਾ ਪਿਆਸ। ਮਨ ਮਾਰ ਕੇ ਕੰਮ ਕੀਤਾ। ਨਿੱਕੇ ਹੁੰਦੇ ਸੁਣਦੇ ਸਾਂ ਬਈ ਫਲਾਨੇ ਸਾਧ ਦੀ ਤਪੱਸਿਆ ਭੰਗ ਹੋ ਗਈ ਸੀ, ਉਹ ਕਮਲਾ ਹੋ ਗਿਆ। ਭਾਅ ਤੂੰ ਮੰਨ ਭਾਵੇਂ ਨਾ ਮੰਨ। ਜਦੋਂ ਤਪੱਸਿਆ ਭੰਗ ਹੁੰਦੀ ਐ ਨਾ, ਬੰਦਾ ਪਾਗਲ ਤਾਂ ਹੋ ਈ ਜਾਂਦੈ। ਜਦੋਂ ਮੈਨੂੰ ਪਤਾ ਲੱਗਾ ਬਈ ਛੋਟੇ ਨੇ ਕਾਰਪੋਰੇਸ਼ਨ ਵੇਚ ਦਿੱਤੀ ਐ ਤਾਂ ਮੈਨੂੰ ਲੱਗਾ ਮੇਰੀ ਤਪੱਸਿਆ, ਛੋਟੇ ਦੇ ਲਾਲਚ ਦੇ ਪਰੇਤ ਨੇ ਅੱਧ 'ਚੋਂ ਈ ਆਣ ਭੰਗ ਕੀਤੀ ਐ।" ਉਸ ਦਾ ਚਿਹਰਾ ਬੜਾ ਗੰਭੀਰ ਹੋ ਗਿਆ।

"ਪੂਰਾ ਹਫਤਾ ਮੈਂ ਨਈਂ ਸੁੱਤਾ। ਡੌਰ-ਭੌਰ ਅੰਦਰ ਪਿਆ ਛੱਤ ਵੱਲ ਦੇਖਦਾ ਰਹਿੰਦਾ। ਮੈਨੂੰ ਕਿਸੇ ਨਾਲ ਮੋਹ ਨਾ ਰਿਹਾ। ਮੇਰਾ ਤਾਂ ਜਿੱਦਾਂ ਬਿਸ਼ਬਾਸ਼ ਈ ਉੜ ਗਿਆ। ਸਿਦਕ ਤੇ ਮਿਹਨਤ ਦੀ ਮੂਰਤ ਆਪਣੀ ਘਰਆਲੀ ਬਾਰੇ ਮੈਨੂੰ ਮਾੜੇ ਮਾੜੇ ਖਿਆਲ ਆਉਣ ਲੱਗੇ। ਮਾਂ-ਪਿਉ ਧੋਖੇਬਾਜ ਜਿਹੇ ਲੱਗਣ ਲੱਗੇ। ਕੀ ਦੱਸਾਂ ਭਾਅ ਮੈਨੂੰ ਤਾਂ ਆਪਣਾ ਮੁੰਡਾ ਵੀ ਆਪਣਾ ਨਾ ਲੱਗਾ।" ਉਹ ਉਦਾਸ ਜਿਹਾ ਹੋ ਗਿਆ।

"ਇਕ ਦਿਨ ਪਤਾ ਨਈਂ ਮਨ 'ਚ ਕੀ ਆਈ। ਮੈਂ ਸਵੇਰੇ ਉਠਿਆ। ਓਦਾਂ ਹੀ ਪੈਂਟ-ਕਮੀਜ ਜਿਹੜੀ ਪਾ ਕੇ ਲੰਮਾ ਪਿਆ ਸੀ, ਤੁਰ ਪਿਆ। ਪਹਿਲਾਂ ਬੱਸ ਫੜ੍ਹੀ। ਫਿਰ ਟਰੇਨ। ਕੁਈਨਜ਼ ਪਲਾਜਾ ਉਤਰਿਆ। ਦਿਲ ਜੀਣ ਨੂੰ ਕਰਦਾ ਈ ਨਈਂ ਸੀ। ਸ਼ਾਇਦ ਡੁੱਬ ਕੇ ਮਰਨ ਦੀ ਮੈਂ ਧਾਰ ਕੇ ਆਇਆ ਸੀ। ਈਸਟ ਰਿਵਰ ਦੇ ਕੰਢੇ ਕੰਢੇ ਪਾਗਲਾਂ ਵਾਂਗ ਤੁਰਿਆ ਗਿਆ। ਖੱਬੇ ਬੰਨੇ ਸ਼ਹਿਰ ਦੀਆਂ ਉਚੀਆਂ ਉਚੀਆਂ ਇਮਾਰਤਾਂ ਦੇ ਸ਼ੀਸ਼ਿਆਂ ਨਾਲ ਵੱਜ ਕੇ ਆਉਂਦੀ ਧੁੱਪ, ਜਿੱਦਾਂ ਮੈਨੂੰ ਲੂਹਣ ਨੂੰ ਈ ਆ ਰਹੀ ਸੀ, ਅੱਗ ਦੇ ਤੀਰ ਬਰਸਾਉਂਦੀ। ਸ਼ਹਿਰ ਮੈਨੂੰ ਬੀਆਬਾਨ ਜਿਹਾ ਲੱਗਾ। ਨਦੀ ਦੇ ਕੰਢੇ ਲੋਕ ਸੈਰ ਕਰ ਰਹੇ ਸਨ। ਕੋਈ ਦੌੜ ਲਾ ਰਿਹਾ ਸੀ, ਕੋਈ ਰੁੱਖਾਂ ਥੱਲੇ ਪਿਆ ਸੀ। ਮੈਨੂੰ ਲੱਗਾ ਸਾਰੇ ਕੋਈ ਨਾ ਕੋਈ ਸਾਜਿਸ਼ ਘੜਨ ਡਹੇ ਨੇ, ਆਪਣੇ ਭੈਣਾਂ-ਭਰਾਵਾਂ ਦੇ ਖਿਲਾਫ। ਫੁੱਲਾਂ ਨਾਲ ਭਰੇ ਹੋਏ ਰੁੱਖ ਮੈਨੂੰ ਲੱਗੇ, ਜਿੱਦਾਂ ਕਬਰਾਂ 'ਤੇ ਉਗੇ ਹੋਏ ਹੁੰਦੇ ਐ। ਮੈਂ ਖਾਲੀ ਜਿਹੀ ਥਾਂ ਦੇਖੀ। ਇਕ ਰੁੱਖ ਦੇਖਿਆ, ਕੁੱਬ ਨਿਕਲਿਆ ਹੋਇਆ। ਸ਼ਰਬਤੀ ਫੁੱਲਾਂ ਨਾਲ ਭਰਿਆ ਹੋਇਆ। ਏਨਾ ਉਲਰਿਆ ਹੋਇਆ, ਜਿੱਦਾਂ ਆਤਮ-ਹੱਤਿਆ ਕਰਨ ਲਈ ਨਦੀ ਵਿਚ ਛਾਲ ਮਾਰ ਰਿਹਾ ਹੁੰਦਾ। ਮੈਂ ਉਦ੍ਹੇ ਕੋਲ ਖਲੋ ਗਿਆ। ਫਿਰ ਬਹਿ ਗਿਆ। ਕਹਿੰਦੇ ਪਾਣੀ ਜੀਊ ਹੁੰਦੈ। ਪਰ ਮੈਂ ਤਾਂ...।" ਉਹ ਇਕ ਪਲ ਰੁਕਿਆ, ਜਿਵੇਂ ਹਫ ਗਿਆ ਹੋਵੇ।

"ਮੈਨੂੰ ਸਮਝ ਈ ਨਈਂ ਸੀ ਆ ਰਹੀ। ਸਾਰਾ ਕੁਝ ਜਿੱਦਾਂ ਸੁਪਨਾ ਜਿਹਾ ਲੱਗਦਾ ਸੀ। ਆਲਾ ਦੁਆਲਾ ਓਪਰਾ ਓਪਰਾ। ਮੈਂ ਸੋਚੀਂ ਪੈ ਗਿਆ। ਡੁੱਬਣ ਬਾਰੇ ਸੋਚਣ ਲੱਗਾ। ਇਕ ਵਾਰੀ ਨਿੱਕੇ ਹੁੰਦੇ ਦੇ ਚਲ੍ਹੇ ਵਿਚ ਨਹਾਉਂਦੇ ਦੇ ਨੱਕ ਵਿਚ ਪਾਣੀ ਪੈ ਗਿਆ ਸੀ। ਕਿੰਨਾ ਚਿਰ ਅੱਖਾਂ ਦੇ ਗੱਭੇ, ਨੱਕ 'ਚ ਕੰਡੇ ਚੁੱਭਦੇ ਰਹੇ। ਮੈਂ ਸੋਚਣ ਲੱਗਾ, ਜਦੋਂ ਮੈਂ ਡੁੱਬਦਾ ਹੋਊਂਗਾ ਕੀ ਸੋਚੂੰਗਾ? ਬਚਣ ਲਈ ਹੱਥ ਪੈਰ ਮਾਰੂੰ ਕਿ ਆਰਾਮ ਨਾਲ ਜਾਨ ਨਿਕਲਣ ਦੇਊਂ? ਲਾਸ਼ ਰੁੜ ਜਾਊ ਕਿ ਫੁੱਲ ਕੇ ਤਰਨ ਲੱਗੂ। ਖਿਆਲਾਂ ਵਿਚ ਹੀ ਮੈਂ ਆਪਣੀ ਪਤਨੀ ਨੂੰ ਪਿਟਦਿਆਂ ਤੇ ਮੁੰਡੇ ਨੂੰ ਵਿਲਕਦਿਆਂ ਦੇਖਿਆ। ਮੈਂ ਸੋਚਣ ਲੱਗਾ-ਬੰਦਾ ਖੁਦਕੁਸ਼ੀ ਕਿਉਂ ਕਰਦਾ ਹੋਊ? ਕੋਈ ਅਗਲਾ ਜਨਮ ਹੁੰਦਾ ਹੋਊ ਕਿ ਨਾ। ਕਦੇ ਮੈਨੂੰ ਆਪਣੀ ਲਾਸ਼ ਤਰਦੀ ਦਿਸਦੀ। ਆਤਮ-ਹੱਤਿਆ ਕਮਜੋਰ ਲੋਕ ਕਰਦੇ ਐ ਕਿ ਬਹਾਦਰ। ਸਰੀਰ 'ਤੇ ਬੰਬ ਬੰਨ੍ਹ ਕੇ ਚਲਾਉਣ ਵਾਲਿਆਂ ਬਾਰੇ ਮੈਂ ਕਈ ਵਾਰ ਸੋਚਦਾ ਹੁੰਦਾ ਸੀ ਬਈ ਉਹ ਮਰਨ ਤੋਂ ਪਹਿਲਾਂ ਕਿੱਦਾਂ ਸੋਚਦੇ ਹੋਣਗੇ? ਕੀ ਉਨ੍ਹਾਂ ਨੂੰ ਵੀ ਬੰਬ ਦਾ ਧਮਾਕਾ ਸੁਣਦਾ ਹੋਊ? ਕੀ ਉਹ ਏਨੇ ਸਤਾਏ ਹੁੰਦੇ ਐ ਕਿ ਉਨ੍ਹਾਂ ਨੂੰ ਮਰਨਾ ਸੌਖਾ ਲੱਗਦਾ ਹੋਊ? ਕੀ ਮੈਂ ਏਨਾ ਸਤਾਇਆ ਹੋਇਆਂ ਕਿ ਮੈਨੂੰ ਡੁੱਬਣਾ ਸੌਖਾ ਲੱਗਦੈ? ਮੈਂ ਜਿੱਦਾਂ ਆਤਮ-ਹੱਤਿਆ ਬਾਰੇ ਵਿਚਾਰ ਕਰਨ ਲੱਗ ਪਿਆ।"

ਉਸ ਨੇ ਸੱਜੇ ਹੱਥ ਨਾਲ ਬਿਸਕੁਟ ਚੁੱਕ ਕੇ ਮੂੰਹ ਵਿਚ ਪਾਇਆ। ਅੱਧਾ ਤੋੜਿਆ ਤਾਂ ਚੂਰਾ ਜਿਹਾ ਜੈਕਟ 'ਤੇ ਕਿਰ ਗਿਆ। ਖੱਬਾ ਹੱਥ ਪੁੱਠਾ ਕਰਕੇ ਉਸ ਨੇ ਜੈਕਟ ਤੋਂ ਚੂਰਾ ਝਾੜਿਆ। ਅਤੀਤ ਦੀ ਟੁੱਟ-ਭੱਜ ਦਾ ਚੂਰਾ ਝਾੜਨ ਲਈ ਉਸ ਨੇ ਡੂੰਘੇ ਸਾਹ ਦਾ ਪੁੱਠਾ ਹੱਥ ਜਿਵੇਂ ਦਿਲ 'ਤੇ ਫੇਰਿਆ, "ਮੈਨੂੰ ਆਪਣੇ ਪਿੰਡ ਦਾ ਬੀਰਾ ਯਾਦ ਆਇਆ। ਮੇਰੇ ਤੋਂ ਪੰਜ ਕੁ ਸਾਲ ਵੱਡਾ ਸੀ। ਖੂਹ ਸਾਡੇ ਨਾਲ ਨਾਲ ਸੀ। ਇਕ ਦਿਨ ਮੈਨੂੰ ਕਹਿਣ ਲੱਗਾ, 'ਹਾਲਾਤ ਸਾਹ ਨਈਂ ਲੈਣ ਦਿੰਦੇ। ਸੋਨੇ ਨੂੰ ਹੱਥ ਪਾਵਾਂ ਮਿੱਟੀ ਹੋ ਜਾਂਦੈ। ਫਸਲਬਾੜੀ 'ਚੋਂ ਬਚਦਾ ਕੁਝ ਨਈਂ। ਬੇਬੇ-ਬਾਪੂ ਵੱਖਰਾ ਚਿੜ-ਚਿੜ ਕਰਦੇ ਰਹਿੰਦੇ ਐ। ਘਰਆਲੀ ਨੇ ਜਿੱਦਾਂ ਵੱਖਰੇ ਹੋਣ ਦਾ ਪਾਠ ਖੋਲ੍ਹਿਆ ਹੁੰਦੈ। ਘਰ ਵੜਨ ਨੂੰ ਜੀਅ ਨਈਂ ਕਰਦਾ। ਜੀਅ ਕਰਦੈ ਗੋਲੀਆਂ ਖਾ ਲਵਾਂ। ਕੀ ਥੁੜ੍ਹਿਆ ਏਹੋ ਜਿਹੀ ਜ਼ਿੰਦਗੀ ਤੋਂ।' ਮੈਂ ਸਗੋਂ ਉਹਨੂੰ ਮੱਤ ਦਿੱਤੀ ਸੀ, 'ਦੇਖ, ਮਰਨ ਦਾ ਫੈਸਲਾ ਤਾਂ ਤੂੰ ਕਰ ਈ ਲਿਐ। ਸਮਝ ਲੈ ਤੂੰ ਮਰ ਗਿਆਂ। ਬੰਦਾ ਮਰਨ ਤੋਂ ਈ ਡਰਦੈ। ਮਤਲਬ ਤੈਨੂੰ ਮੌਤ ਦਾ ਕੋਈ ਭੈਅ ਨਹੀਂ। ਤੂੰ ਜੋ ਚਾਹੇਂ ਕਰ ਸਕਦੈਂ।' ਕੁਝ ਦਿਨਾਂ ਬਾਅਦ ਪਤਾ ਲੱਗਾ ਕਿਸੇ ਏਜੰਟ ਨੇ ਉਹਨੂੰ ਬਾਹਰ ਚੜ੍ਹਾ ਦਿੱਤੈ। ਇਕ ਦਿਨ ਬੀਰੇ ਦੀ ਚਿੱਠੀ ਆਈ। ਲਿਖਿਆ ਸੀ, 'ਜਿਸ ਕਿਸ਼ਤੀ 'ਚ ਅਸੀਂ ਜਾ ਰਹੇ ਸੀ, ਕਿਸ਼ਤੀ ਡੁੱਬ ਗਈ। ਤੂੰ ਯਕੀਨ ਨਈਂ ਕਰਨਾ ਪ੍ਰਕਾਸ਼, ਜਦੋਂ ਮੈਂ ਡੁੱਬ ਰਿਹਾ ਸੀ ਤਾਂ ਮੇਰੇ ਕੰਨੀਂ ਤੇਰੇ ਬੋਲ ਪੈਣ ਡਹੇ ਸੀ ਬਈ ਮਰ ਤਾਂ ਚੱਲਿਆਂ ਈ ਐਂ, ਬਚਣ ਦੀ ਕੋਸ਼ਿਸ਼ ਕਰ ਕੇ ਦੇਖ। ਮੇਰੇ ਅੰਦਰ ਪਤਾ ਨਈਂ ਏਨੀ ਤਾਕਤ ਕਿਥੋਂ ਆ ਗਈ। ਮੈਂ ਤਰਨਾ ਸ਼ੁਰੂ ਕਰ ਦਿੱਤਾ। ਕੁਦਰਤੀ ਤਰਦੇ ਤਰਦੇ ਦਾ ਮੇਰਾ ਹੱਥ ਦੁਬਾਰਾ ਸਿੱਧੀ ਹੋਈ ਕਿਸ਼ਤੀ ਨੂੰ ਪੈ ਗਿਆ। ਫਿਰ ਮੈਂ ਇਕ ਹੋਰ ਡੁੱਬਦੇ ਬੰਦੇ ਨੂੰ ਧੂਹ ਕੇ ਕਿਸ਼ਤੀ ਤੱਕ ਲੈ ਆਂਦਾ। ਦਸਾਂ ਬੰਦਿਆਂ 'ਚੋਂ ਸਿਰਫ ਅਸੀਂ ਦੋ ਹੀ ਬਚੇ ਆਂ। ਭਾਵੇਂ ਹੈ ਤਾਂ ਇਹ ਇਤਫਾਕ ਈ, ਪਰ ਮੈਨੂੰ ਇਹ ਇਤਫਾਕ ਤੋਂ ਪਾਰ ਦੀ ਗੱਲ ਜਾਪਦੀ ਹੈ।' ਭਾਅ ਮੈਂ ਸੋਚਣ ਲੱਗਾ, ਬੀਰੇ ਨੇ ਕਿੰਨੀ ਜੱਦੋ-ਜਹਿਦ ਕੀਤੀ ਹੋਊ ਕਿਨਾਰੇ ਲੱਗਣ ਨੂੰ। ਰਿਵਰ ਵਿਚ ਡੱਕੇ-ਡੋਲੇ ਖਾਂਦੇ ਪੀਲੇ-ਸੰਤਰੀ ਡਰੰਮ ਮੈਨੂੰ ਲੱਗਾ ਜਿੱਦਾਂ ਡੁੱਬ ਰਹੇ ਬੰਦੇ ਐ, ਜਿਹੜੇ ਕਿਨਾਰੇ ਲੱਗਣ ਲਈ ਜੱਦੋ-ਜਹਿਦ ਕਰ ਰਹੇ ਐ।"

"ਭਾਅ ਠੰਢੀ ਠੰਢੀ ਹਵਾ ਨਾਲ ਮੈਨੂੰ ਸਾਹ ਸੌਖਾ ਜਿਹਾ ਆਉਣ ਲੱਗਾ। ਦੇਖਿਆ, ਜਿਸ ਰੁੱਖ ਕੋਲ ਮੈਂ ਬੈਠਾ ਸੀ, ਉਸ ਦੀਆਂ ਜੜ੍ਹਾਂ ਉਖੜਨ ਉਖੜਨ ਕਰਦੀਆਂ। ਫਿਰ ਵੀ ਫੁੱਲਾਂ ਨਾਲ ਲੱਦਿਆ ਹੋਇਆ। ਮੈਂ ਸੋਚਿਆ, ਯਾਰ ਇਹ ਰੁੱਖ ਪਤਾ ਨਈਂ ਹੁਣ ਡਿਗ ਪਏ ਕਿ ਕੱਲ੍ਹ ਨੂੰ, ਪਰ ਇਹਨੇ ਆਸ ਨਈਂ ਛੱਡੀ, ਕਿੱਦਾਂ ਫੁੱਲਾਂ ਨਾਲ ਭਰਿਆ ਪਿਐ। ਲੱਗਾ ਜਿੱਦਾਂ ਰੁੱਖ ਡੁੱਬ ਨਹੀਂ ਰਿਹਾ, ਨੀਵਾਂ ਹੋ ਹੋ ਕੇ ਨਦੀ ਤੋਂ ਆਬੇ-ਹਯਾਤ ਦੀ ਚੂਲੀ ਭਰਨੀ ਚਾਹੁੰਦੈ। ਹਵਾ ਨਾਲ ਹਿਲਦੀਆਂ ਫੁੱਲਾਂ ਦੀਆਂ ਪੱਤੀਆਂ ਵਾਂਗ ਮੇਰੇ ਦਿਮਾਗ ਵਿਚ ਖਿਆਲਾਂ ਦੀ ਕਿਤਾਬ ਦੇ ਵਰਕੇ ਥੱਲ ਹੋਣ ਲੱਗ ਪਏ। ਮੈਨੂੰ ਯਾਦ ਆਇਆ, ਇਕ ਦਿਨ ਸਵਾਰੀ ਕਿਤਾਬ ਪੜ੍ਹ ਰਹੀ ਸੀ। ਮੈਂ ਪੁੱਛਿਆ, ਕਾਹਦੇ ਬਾਰੇ ਕਿਤਾਬ ਐ। ਕਹਿੰਦੀ, 'ਇਹ ਇਕ ਡਰਾਈਵਰ ਦੀ ਕਹਾਣੀ ਐ, ਡਰਾਈਵਰ ਨੇ ਜ਼ਿੰਦਗੀ ਦੀ ਫਿਲਾਸਫੀ ਦੱਸੀ ਐ ਬਈ ਗੱਡੀ ਓਸੇ ਪਾਸੇ ਨੂੰ ਜਾਂਦੀ ਐ, ਜਿਸ ਪਾਸੇ ਸਾਡੀ ਨਿਗਾਹ ਹੁੰਦੀ ਐ।' ਮੈਂ ਸੋਚਿਆ, ਜ਼ਿੰਦਗੀ ਵੀ ਤਾਂ ਗੱਡੀ ਵਾਂਗ ਈ ਐ, ਮਾੜੇ ਪਾਸੇ ਨਿਗਾਹ ਕਰ ਲਉ ਬੰਦਾ ਹਨੇਰੇ ਵਿਚ ਚਲਿਆ ਜਾਂਦੈ, ਚੰਗੇ ਪਾਸੇ ਨਿਗਾਹ ਕਰ ਲਓ ਤਾਂ ਰੌਸ਼ਨੀ ਵੱਲ। ਆਖਰ ਬੰਦੇ ਨੇ ਪਹਿਲਾਂ ਕਦੇ ਨਿਗਾਹ ਚੰਨ ਵੱਲ ਕੀਤੀ ਹੋਊ, ਤਾਂ ਹੀ ਉਥੇ ਪਹੁੰਚਾ। ਕੀ ਪਤਾ ਚੰਨ 'ਤੇ ਖੜ੍ਹਾ ਹੋ ਕੇ ਬੰਦੇ ਨੇ ਮੰਗਲ ਵੱਲ ਨਿਗਾਹ ਕੀਤੀ ਹੋਵੇ, ਰਾਕਟ ਮੰਗਲ 'ਤੇ ਪਹੁੰਚ ਗਿਆ। ਮੇਰੇ ਸਾਹਮਣੇ ਜਿੱਦਾਂ ਰਾਹ ਲਿਸ਼ਕਣ ਲੱਗ ਪਿਆ। ਮੈਂ ਦੁਆਲੇ ਨਿਗਾਹ ਘੁੰਮਾਈ। ਖਲਾਅ ਵਿਚ ਲਟਕਦਾ ਕੁਈਨਜ਼ ਬ੍ਰਿਜ ਦੇਖ ਕੇ ਮੈਨੂੰ ਖਿਆਲ ਆਇਆ ਬਈ ਕਿਸੇ ਦੀਆਂ ਅੱਖਾਂ ਨੇ ਇਹ ਸੁਪਨਾ ਵੀ ਤਾਂ ਦੇਖਿਆ ਹੋਊ। ਖਾਲੀ ਥਾਂ ਭਰਨ ਲਈ, ਮਨਹਾਟਨ ਜਾਣ ਲਈ ਏਨਾ ਉਚਾ ਪੁਲ ਬਣਾਉਣ ਦਾ ਖਿਆਲ। ਰਾਮ-ਸੇਤੂ ਵਰਗਾ ਪੁਲ। ਜਿੱਦਾਂ ਸਿਆਣੇ ਕਹਿੰਦੇ ਐ ਪਈ ਦੂਰ-ਅੰਦੇਸ਼ ਨੂੰ ਖੇਤ 'ਚ ਖੜ੍ਹੇ ਗੰਨੇ ਨਈਂ ਦੀਹਦੇ, ਸ਼ੱਕਰ ਦੇ ਢੇਰ ਨਜ਼ਰ ਆਉਂਦੇ ਐ।"

"ਮੈਂ ਫਿਰ ਨਦੀ ਕਿਨਾਰੇ ਡਿਗੂੰ ਡਿਗੂੰ ਕਰਦੇ ਰੁੱਖ ਵੱਲ ਦੇਖਿਆ, ਕਿੱਦਾਂ ਜ਼ਿੰਦਗੀ ਦਾ ਜਸ਼ਨ ਮਨਾ ਰਿਹਾ ਸੀ। ਭਾਅ ਏਥੇ ਤਾਂ ਪੱਤੇ ਵੀ ਝੜਨ ਲੱਗੇ ਰੰਗ-ਬਰੰਗੇ ਹੋ ਜਾਂਦੇ ਐ ਤੇ ਮੈਂ...। ਭਲਾ ਮੈਂ ਕੀ ਲੈ ਕੇ ਆਇਆ ਸੀ ਇਥੇ, ਖਾਲੀ ਹੱਥ।"

ਉਸ ਨੇ ਦੋਵੇਂ ਖਾਲੀ ਹੱਥ ਮੇਜ਼ 'ਤੇ ਵਿਛਾਉਂਦੇ ਹੋਏ ਗੱਲ ਜਾਰੀ ਰੱਖੀ, "ਚਲੋ ਕਾਰਪੋਰੇਸ਼ਨ ਨਾ ਸਹੀ, ਮਡਾਲੀਅਨ ਈ ਸਹੀ। ਮਡਾਲੀਅਨ ਨੂੰ ਹੱਥ ਨਾ ਪਵੇ ਤਾਂ ਲੀਜ਼ ਦੀ ਟੈਕਸੀ ਹੀ ਸਹੀ, ਘੱਟੋ-ਘੱਟ ਆਪਣੇ ਅੰਦਰ ਕੁਛ ਕਰਨ ਦੀ ਤਾਂਘ ਤਾਂ ਜਾਗਦੀ ਰੱਖਾਂ। ਮੈਂ ਅਜੇ ਓਥੇ ਬੈਠਾ ਈ ਸੀ, ਅਚਾਨਕ ਢੋਲ ਦੀ ਆਵਾਜ ਆਈ, ਜਿੱਦਾਂ ਭਾਅ ਗਗਨ ਦਮਾਮਾ ਬਜਿਆ ਹੁੰਦੈ। ਜਿੱਦਾਂ ਮੈਨੂੰ ਕਿਸੇ ਨੇ ਵਾਜ ਮਾਰੀ ਹੁੰਦੀ ਐ। ਮੈਂ 'ਵਾਜ ਦੀ ਪੈੜ 'ਤੇ ਤੁਰਿਆ ਗਿਆ। ਮੇਲਾ ਲੱਗਾ ਹੋਇਆ। ਰੰਗ-ਬਰੰਗੇ ਲੋਕ। ਮੈਨੂੰ ਸਾਰਾ ਕੁਝ ਚੰਗਾ ਚੰਗਾ ਲੱਗਣ ਲੱਗਾ। ਸਮਝ ਲੈ ਮੈਂ ਮੌਤ ਵੱਲ ਜਾਂਦੇ ਰਸਤੇ ਤੋਂ ਜ਼ਿੰਦਗੀ ਵੱਲ ਨੂੰ ਕੱਟ ਮਾਰ ਲਿਆ। ਭਾਅ ਆਰਿਫ ਲੁਹਾਰ ਦੇ ਚਿਮਟੇ ਨੇ ਮੇਰੇ ਅੰਦਰੋਂ ਉਦਾਸੀ ਦੇ ਜਾਲੇ ਲਾਹ ਕੇ ਜਿੱਦਾਂ ਆਪਣੀ ਟੁਣਕਾਰ ਨਾਲ ਮੈਨੂੰ ਵਜਦ ਵਿਚ ਲੈ ਆਂਦਾ। ਨਾਲੇ ਈਸਟ ਰਿਵਰ, ਸੋਚ ਤੂੰ ਪੂਰਬ ਵਾਲੇ ਪਾਸਿਓਂ ਸੂਰਜ ਚੜ੍ਹਦੈ, ਡੁੱਬਦਾ ਥੋੜ੍ਹੀ ਐ।"

ਉਸ ਨੇ ਏਨਾ ਲੰਬਾ ਸਾਹ ਅੰਦਰ ਖਿੱਚਿਆ ਤੇ ਫਿਰ ਬਾਹਰ ਸੁੱਟਿਆ, ਜਿੱਦਾਂ ਸਿਰ 'ਤੋਂ ਭਾਰੀ ਪੰਡ ਸੁੱਟ ਕੇ ਕੋਈ, ਡੂੰਘੇ ਸਾਹ ਨਾਲ ਮਨ ਦਾ ਭਾਰ ਵੀ ਲਾਹ ਦਿੰਦਾ ਹੈ।

"ਵਾਹ!" ਮੇਰੀ ਪਤਨੀ ਨੇ ਤਾੜੀ ਮਾਰੀ, "ਤੇਰੀਆਂ ਗੱਲਾਂ ਤਾਂ ਕਿਸੇ ਨੂੰ ਵੀ ਉਦਾਸੀ ਦੇ ਹਨੇਰੇ 'ਚੋਂ ਕੱਢ ਸਕਦੀਆਂ। ਤੇਰਾ ਨਾਂ ਈ ਪ੍ਰਕਾਸ਼ ਨਈਂ ਤੂੰ ਤਾਂ ਸੱਚਮੁਚ ਦਾ ਪ੍ਰਕਾਸ਼ ਐਂ।"

ਉਹ ਬਹੁਤ ਜਜ਼ਬਾਤੀ ਹੋ ਗਿਆ ਲੱਗਦਾ ਸੀ। ਉਸ ਦਾ ਚਿਹਰਾ ਭਾਵੁਕਤਾ ਦੀ ਲੋਅ ਨਾਲ ਭਖਣ ਲੱਗ ਪਿਆ, "ਫਿਰ ਭੀੜ 'ਚ ਮੈਨੂੰ ਭਾਅ ਤੂੰ ਦਿਸ ਪਿਆ। ਭਾਅ ਮੈਨੂੰ ਪਤਾ, ਤੂੰ ਮੇਰੇ ਨਾਲ ਬਹੁਤੀ ਗੱਲ ਕਰਨੀ ਨਈਂ ਚਾਹੁੰਦਾ ਸੀ, ਮੇਰੀ ਸ਼ਕਲ ਤੇ ਕਪੜਾ-ਲੱਤਾ ਈ ਏਦਾਂ ਦਾ ਸੀ, ਪਰ ਮੇਰੇ ਅੰਦਰੋਂ ਆਵਾਜ ਆ ਰਹੀ ਸੀ ਬਈ ਇਹ ਬੰਦਾ ਠੀਕ ਐ, ਗੱਲ ਤੋਰ ਇਦ੍ਹੇ ਨਾਲ।"

ਉਸ ਨੇ ਮੇਰੇ ਵੱਲ ਦੇਖ ਕੇ ਕਿਹਾ, "ਪਹਿਲਾਂ ਮੈਂ ਬਹੁਤ ਛੁੱਟੀਆਂ ਕਰਦਾ ਹੁੰਦਾ ਸੀ, ਜਦੋਂ ਦੀ ਭਰਾ ਨਾਲ ਵਿਗੜੀ ਐ, ਹੋਰ ਕਿਸੇ ਦਿਨ ਤਾਂ ਮੈਂ ਕੰਮ ਭਾਵੇਂ ਨਾ ਕਰਾਂ, ਪਰ 'ਟਰਕੀ ਡੇਅ' ਆਲੇ ਦਿਨ ਜਰੂਰ ਕਰਦਾਂ। ਮੈਂ ਜਿੱਦਾਂ ਉਨ੍ਹਾਂ ਲੋਕਾਂ ਨਾਲ ਰਲ ਕੇ ਜਸ਼ਨ ਨਈਂ ਮਨਾ ਸਕਦਾ, ਜਿਨ੍ਹਾਂ ਨੇ ਇਸ ਮੁਲਕ ਦੇ ਮੂਲ ਵਾਸੀਆਂ ਨਾਲ ਧੋਖਾ ਕੀਤਾ, ਉਨ੍ਹਾਂ ਮੂਲ ਵਾਸੀਆਂ ਨਾਲ ਜਿਨ੍ਹਾਂ ਨੇ ਭੁੱਖ, ਬੀਮਾਰੀ ਨਾਲ ਮਰਦੇ ਮਜਬੂਰ ਯਾਤਰੀਆਂ ਦੀ ਤਨੋ-ਮਨੋ ਮਦਦ ਕਰਕੇ ਉਨ੍ਹਾਂ ਦੀ ਜਾਨ ਬਚਾਈ ਸੀ। ਮੇਰੇ ਭਰਾ ਨੇ ਵੀ ਤਾਂ ਮੇਰੇ ਨਾਲ ਉਹੋ ਕੁਝ ਈ ਕੀਤੈ। ਇਕ ਗੱਲ ਕਹਾਂ, ਬੁਰਾ ਤਾਂ ਨਈਂ ਮਨਾਏਂਗਾ?"

"ਮੈਨੂੰ ਪਤਾ ਤੂੰ ਬੁਰਾ ਲੱਗਣ ਵਾਲੀ ਗੱਲ ਕਰਨੀ ਈ ਨਈਂ!" ਮੈਂ ਮੋਹ ਨਾਲ ਕਿਹਾ।

"ਭਾਅ ਮੈਂ ਕਾਰਪੋਰੇਸ਼ਨ ਦਾ ਮਾਲਕ ਰਿਹਾਂ। ਦੋ ਦੋ ਮਡਾਲੀਅਨਾਂ ਦਾ ਮਾਲਕ। ਸਮਝ ਲੈ ਮੈਨੂੰ ਮਾਲਕੀ ਚੜ੍ਹ ਗਈ ਸੀ। ਭਰਾ ਤੋਂ ਵੱਖ ਹੋਣ ਮਗਰੋਂ ਮੈਂ ਕਿਸੇ ਨਾਲ ਟਿਕ ਕੇ ਟੈਕਸੀ ਨਈਂ ਚਲਾ ਸਕਿਆ। ਅਗਲੇ ਨੇ ਮਾੜੀ ਜਿਹੀ ਗੱਲ ਕਹੀ ਨਹੀਂ, ਮੈਂ ਚਾਬੀ ਚੁੱਕ ਕੇ ਉਦ੍ਹੇ ਮੋਹਰੇ ਸੁੱਟੀ ਨਹੀਂ। ਮਾਲਕ ਤੋਂ ਬਾਅਦ ਨੌਕਰ ਬਣਨਾ ਬੜਾ ਔਖਾ ਈ ਭਾਅ। ਇਹ ਦਿਨ ਤਾਂ ਵੈਰੀ-ਦੁਸ਼ਮਣ ਨੂੰ ਵੀ ਦੇਖਣੇ ਨਸੀਬ ਨਾ ਹੋਣ। ਤੇਰੇ ਨਾਲ ਏਨਾ ਚਿਰ ਮੈਂ ਤਾਂ ਕੱਢ ਗਿਆਂ ਭਾਅ...।" ਉਹ ਕੁਝ ਦੇਰ ਰੁਕਿਆ। ਉਸ ਨੇ ਕੂਹਣੀਆਂ ਮੇਜ਼ 'ਤੇ ਰੱਖ ਲਈਆਂ। ਦੋਹਾਂ ਹੱਥਾਂ ਵਿਚ ਸਿਰ ਫੜ੍ਹ ਕੇ ਨੀਵੀਂ ਪਾ ਲਈ, "ਭਾਅ ਅਸਲ ਵਿਚ ਮੈਂ ਇਹ ਨਈਂ ਸਮਝਦਾ, ਤੂੰ ਮੈਨੂੰ ਦਿਨ ਦਾ ਡਰਾਈਵਰ ਰੱਖਿਆ ਹੋਇਐ, ਮੈਂ ਸਮਝਦਾਂ ਮੈਂ ਤੈਨੂੰ ਰਾਤ ਦਾ ਡਰਾਈਵਰ ਰੱਖਿਆ ਹੋਇਐ।" ਉਹ ਚੁੱਪ ਕਰ ਗਿਆ। ਕੁਝ ਦੇਰ ਬਾਅਦ ਉਸ ਦੇ ਮੋਢੇ ਥਿਰਕਣ ਲੱਗੇ, ਜਿਵੇਂ ਹੱਸਦੇ ਬੰਦੇ ਦੇ ਥਿਰਕਦੇ ਹਨ, ਪਰ ਪਲ ਕੁ ਬਾਅਦ ਪਤਾ ਲੱਗਾ ਉਹ ਤਾਂ ਡੁਸਕ ਰਿਹਾ ਸੀ।

ਮੈਂ ਉਸ ਦੀ ਪਿੱਠ ਥਾਪੜੀ, "ਪ੍ਰਕਾਸ਼, ਤੂੰ ਈ ਮਾਲਕ ਐਂ। ਕਮਲਿਆ ਆਪਣੀ ਤਾਂ ਗੱਡੀ ਦਾ ਨੰਬਰ ਈ ਬਾਬੇ ਨਾਨਕ ਵਾਲੈ 'ਤੇਰਾਂ', ਇਹ 'ਤੇਰਾਂ' ਨਈਂ 'ਤੇਰਾ' ਈ ਐ।"

ਉਸ ਨੇ ਸਿਰ ਉਤਾਂਹ ਚੁੱਕਿਆ। ਨੈਪਕਿਨ ਨਾਲ ਹੰਝੂ ਪੂੰਝੇ। ਨੱਕ ਰਾਹੀਂ ਹਲਕੇ ਹਲਕੇ ਸਾਹ ਅੰਦਰ ਨੂੰ ਖਿੱਚ ਕੇ ਨੱਕ ਸਾਫ ਕੀਤਾ।

ਦੂਜੀ ਵਾਰ ਭਰਿਆ ਚਾਹ ਦਾ ਕੱਪ, ਅੱਧਾ ਛੱਡ ਕੇ ਉਹ ਉਠ ਪਿਆ। ਉਸ ਨੇ ਲੰਬੇ ਲੰਬੇ ਸਾਹ ਲੈ ਕੇ ਆਪਣੇ ਆਪ ਨੂੰ ਸਥਿਰ ਕੀਤਾ ਤੇ ਝੋਲਾ ਚੁੱਕਿਆ, "ਮੂਡ ਈ ਖਰਾਬ ਹੋ ਗਿਆ ਭਾਅ। ਹੁਣ ਨਈਂ ਕੰਮ 'ਤੇ ਜਾਣ ਨੂੰ ਜੀਅ ਕਰਦਾ। ਅੱਜ ਸ਼ਹਿਰ ਕੀ ਹੋਣਾ। ਸਭ ਨੇ ਅੰਦਰ ਵੜੇ ਰਹਿਣਾ। ਨਾਲੇ ਭੁੰਨੀ ਟਰਕੀ ਨਾਲ ਭਰੀਆਂ ਟਰੇਆਂ ਵਾਲੇ ਲੋਕਾਂ ਅੱਲ ਦੇਖ ਕੇ, ਮੈਨੂੰ ਲੱਗਣਾ, ਜਿੱਦਾਂ ਮੈਨੂੰ ਈ ਭੁੰਨ ਕੇ ਟਰੇਅ ਵਿਚ ਪਾਇਆ ਹੋਇਐ।"

ਪੈਰੀਂ ਜੁੱਤੀ ਫਸਾ ਕੇ ਉਹ ਤੁਰ ਪਿਆ। ਸਾਡੇ ਰੋਕਣ 'ਤੇ ਵੀ ਨਾ ਰੁਕਿਆ ਤੇ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲ ਗਿਆ। ਮੈਂ ਵੀ ਉਸ ਨੂੰ ਤੁਰੇ ਜਾਂਦੇ ਨੂੰ ਦੇਖਦਾ ਰਿਹਾ। ਉਹ ਡਰਾਈਵ-ਵੇਅ 'ਚ ਖੜ੍ਹੀ ਕੈਬ ਵੱਲ ਦੇਖੇ ਬਿਨਾ ਹੀ ਕੋਲ ਦੀ ਲੰਘ ਗਿਆ।

"ਬਾਹਲਾ ਈ ਟੁੱਟ ਗਿਐ।" ਮੈਂ ਅੰਦਰ ਮੁੜਦੇ ਹੋਏ ਆਖਿਆ।

"ਆਖਿਰ ਬੰਦਾ ਈ ਐ, ਹਿੰਮਤ ਹਾਰ ਈ ਜਾਂਦੈ।" ਮੇਰੀ ਪਤਨੀ ਭਾਂਡੇ ਸਮੇਟਦੀ ਬੋਲੀ, "ਚਲੋ ਆਪਾਂ ਪੱਤੇ 'ਕੱਠੇ ਕਰ ਲਈਏ।"

ਮੈਂ ਝਾੜੂ ਅਤੇ ਤੰਗਲੀ ਚੁੱਕੀ ਬੈਕ ਯਾਰਡ ਵੱਲ ਨੂੰ ਜਾ ਹੀ ਰਿਹਾ ਸੀ, ਸੂਰਜ ਅੱਗੇ ਆਈ ਬੱਦਲੀ ਪਰ੍ਹਾਂ ਹੱਟ ਗਈ ਸੀ। ਧੁੱਪ ਦੀ ਚਮਕੀਲੀ ਚਾਦਰ ਹੰਸ ਦੇ ਸਫੈਦ ਖੰਭਾਂ ਵਾਂਗ ਫੈਲ ਗਈ। ਸੁੱਕੇ ਪੱਤਿਆਂ ਦੀ ਚੁਰ ਚੁਰ ਸੁਣ ਕੇ ਮੈਂ ਬੈਕ ਯਾਰਡ ਵੱਲ ਜਾਂਦੇ ਜਾਂਦੇ ਨੇ ਪਿਛਾਂਹ ਮੁੜ ਕੇ ਦੇਖਿਆ, ਪ੍ਰਕਾਸ਼ ਪਾਣੀ ਦੀ ਬੋਤਲ ਝੋਲੇ ਵਿਚ ਪਾ ਕੇ ਜੇਬ ਟਟੋਲ ਰਿਹਾ ਸੀ। ਜਦੋਂ ਜੇਬ ਵਿਚੋਂ ਚਾਬੀ ਕੱਢ ਕੇ ਗੱਡੀ ਦਾ ਦਰਵਾਜ਼ਾ ਖੋਲ੍ਹਣ ਲੱਗਾ ਤਾਂ ਮੇਰੇ ਨਾਲ ਉਸ ਦੀਆਂ ਨਜ਼ਰਾਂ ਮਿਲ ਗਈਆਂ। ਉਸ ਦੇ ਬੋਲ ਲਿਸ਼ਕੇ, "ਭਾਅ ਮੈਂ ਜਾ ਈ ਆਉਨਾ, ਸ਼ਹਿਰ ਕੰਮ ਤਾਂ ਬਥੇਰਾ ਹੋਣਾ।"

ਤਾਜ਼ਾ-ਤਾਜ਼ਾ ਧੋਤਾ ਪ੍ਰਕਾਸ਼ ਦਾ ਚਿਹਰਾ ਇਸ ਤਰ੍ਹਾਂ ਦਗ ਦਗ ਕਰ ਰਿਹਾ ਸੀ ਜਿਵੇਂ ਸੂਰਜ ਨੇ ਆਪਣੀ ਨਿਗਾਹ ਉਸ ਦੇ ਚਿਹਰੇ 'ਤੇ ਟਿਕਾ ਦਿੱਤੀ ਹੋਵੇ।

## ਮਸ਼ਾਲ ਖਾਨ ਵੱਲੋਂ ਆਪਣੀ ਮੌਤ ਤੋਂ ਬਾਅਦ ਲਿਖਿਆ ਖਤ

# ਸੂਰਜ ਦੀਆਂ ਕਿਰਨਾਂ ਨੂੰ ਸੰਗਲ ਨਹੀਂ ਪੈਂਦੇ!

**ਪਾਕਿਸਤਾਨ ਦੇ ਸੂਬੇ ਖੈਬਰ ਪਖਤੂਨ ਦੇ ਸ਼ਹਿਰ ਮਰਦਾਨ ਵਿਖੇ ਅਬਦੁਲ ਵਲੀ ਖਾਨ ਯੂਨੀਵਰਸਿਟੀ ਵਿਚ ਬੀਤੀ 13 ਅਪਰੈਲ ਨੂੰ ਨੌਜਵਾਨ ਵਿਦਿਆਰਥੀ ਮਸ਼ਾਲ ਖਾਨ 'ਤੇ ਪੈਗੰਬਰੀ ਤੌਹੀਨ ਦਾ ਇਲਜ਼ਾਮ ਲਾ ਕੇ ਸਾਥੀ ਵਿਦਿਆਰਥੀਆਂ ਤੇ ਹੋਰ ਲੋਕਾਂ ਦੀ ਭੀੜ ਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਸ ਪਿਛੋਂ ਦੇਸ਼ ਵਿਚ ਇਸ ਵਾਰਦਾਤ ਦੇ ਮੁਨਾਸਬ/ਨਾਮੁਨਾਸਬ ਹੋਣ ਬਾਰੇ ਵਿਆਪਕ ਬਹਿਸ ਛਿੜ ਗਈ ਹੈ। ਅੰਤਰਰਾਸ਼ਟਰੀ ਪੱਧਰ 'ਤੇ ਵੀ ਇਸ ਕਾਰੇ ਦੀ ਨਿੰਦਾ ਹੋ ਰਹੀ ਹੈ। ਇਹ ਸਿਰਫ ਪਾਕਿਸਤਾਨ ਦਾ ਹੀ ਨਹੀਂ ਸਗੋਂ ਪੂਰੀ ਦੁਨੀਆਂ ਦਾ ਮਸਲਾ ਹੈ ਕਿ ਕੀ ਕਿਸੇ ਬੇਗੁਨਾਹ ਨੂੰ (ਜੇ ਉਹ ਗੁਨਾਹਗਾਰ ਹੈ, ਤਾਂ ਵੀ) ਆਪਣੇ ਬਚਾਅ ਦਾ ਪੱਖ ਰੱਖਣ ਦਾ ਕੋਈ ਮੌਕਾ ਦਿੱਤੇ ਬਿਨਾ ਭੀੜ ਵੱਲੋਂ ਇਸ ਤਰ੍ਹਾਂ ਕਤਲ ਕਰਨਾ ਉਸ ਤੋਂ ਵੀ ਵੱਡਾ ਗੁਨਾਹ ਨਹੀਂ ਹੈ! ਕੀ ਕਾਨੂੰਨ ਦੇ ਰਾਜ ਨੂੰ ਦਰਕਿਨਾਰ ਕਰਕੇ ਇਸ ਤਰ੍ਹਾਂ ਦੀ ਸਜ਼ਾ ਮੁਕੱਰਰ ਕਰਨ ਵਾਲਾ ਸਮਾਜ ਸਮੇਂ ਦੇ ਚੱਕਰ ਨੂੰ ਪੁੱਠਾ ਗੇੜਾ ਤਾਂ ਨਹੀਂ ਦੇ ਰਿਹਾ! ਅਸੀਂ ਇੱਕੀਵੀਂ ਸਦੀ ਵਿਚ ਵਿਚਰ ਰਹੇ ਹਾਂ ਜਾਂ ਬਰਬਰਤਾ ਵੱਲ ਨੂੰ ਜਾ ਰਹੇ ਹਾਂ! ਇਹ ਸਵਾਲ ਭਾਰਤੀ ਸਮਾਜ ਲਈ ਵੀ ਓਨੇ ਹੀ ਅਹਿਮ ਹਨ, ਜਿੱਥੇ ਅੱਜ ਵੀ ਕਾਨੂੰਨ ਨੂੰ ਕਿੱਲੀ ਉਤੇ ਟੰਗ ਕੇ ਫਿਰਕੂ ਫਸਾਦਾਂ, ਗਊ ਰੱਖਿਆ, ਅਣਖ ਲਈ ਕਤਲ ਵਰਗੇ ਮਸਲਿਆਂ ਨੂੰ ਇਸੇ ਤਰ੍ਹਾਂ ਨਿਪਟਣ ਦਾ ਰੁਝਾਨ ਹੈ ਤੇ ਚਿੰਤਾ ਇਸ ਗੱਲ ਦੀ ਹੈ ਕਿ ਸਟੇਟ ਅਜਿਹਾ ਕਰਨ ਵਾਲਿਆਂ ਨੂੰ ਥਾਪੜਾ ਦਿੰਦਾ ਹੈ ਅਤੇ ਸੋਸ਼ਲ ਮੀਡੀਆ ਇਸ ਅੱਗ ਲਈ ਘਿਉ ਦਾ ਕੰਮ ਕਰ ਰਿਹਾ ਹੈ। ਜੇ ਅਜਿਹੇ ਕਤਲਾਂ ਬਾਰੇ ਵੇਖ-ਸੁਣ ਕੇ ਅਸੀਂ ਆਮ ਦਿਨਾਂ ਵਾਂਗੂ ਸੌਂ ਲੈਂਦੇ ਹਾਂ ਤਾਂ ਸਮਝਿਆ ਜਾਣਾ ਚਾਹੀਦਾ ਹੈ ਕਿ ਮਸ਼ਾਲ ਖਾਨ ਅਤੇ ਉਸ ਦੇ ਅੱਬਾ ਦੇ ਬੋਲ ਪਾਕਿਸਤਾਨੀ ਸਮਾਜ ਦੇ ਨਾਲ-ਨਾਲ ਸਾਨੂੰ ਵੀ ਸੰਬੋਧਤ ਹਨ। ਇਸ ਲੇਖ ਵਿਚ ਲੇਖਕ ਹੁਰਮਤ ਅਲੀ ਸ਼ਾਹ ਨੇ ਮਸ਼ਾਲ ਖਾਨ ਦੀ ਰੂਹ ਦੇ ਰੁਦਨ ਨੂੰ ਲਫਜ਼ਾਂ ਦਾ ਜਾਮਾ ਪਹਿਨਾਇਆ ਹੈ ਜੋ ਪਾਠਕਾਂ ਦੀ ਨਜ਼ਰ ਹੈ। -ਅਨੁਵਾਦਕ**

ਮੈਂ ਮਸ਼ਾਲ ਖਾਨ ਹਾਂ। ਜਿਸ ਜਗ੍ਹਾ 'ਤੇ ਮੈਂ ਆਪਣੇ ਖਾਬ ਪੂਰੇ ਕਰਨ ਲਈ ਕਦਮ ਰੱਖਿਆ ਸੀ, ਉਥੇ ਮੈਨੂੰ ਮੇਰੇ ਸਾਥੀ ਵਿਦਿਆਰਥੀਆਂ ਨੇ ਮਿਲ ਕੇ ਬੇਕਾਇਦਗੀ ਅਤੇ ਬੇਕਿਰਕੀ ਨਾਲ ਕਤਲ ਕਰ ਦਿੱਤਾ। ਮੈਂ ਉਨ੍ਹਾਂ ਵਰਗਾ ਹੀ ਸਾਂ ਪਰ ਉਹ ਸਮਾਜਕ ਵਿਚਾਰਧਾਰਾ ਅਤੇ ਰਾਜਕੀ ਗਿੱਝ ਕਰਕੇ ਵਹਿਸ਼ੀ ਬਣ ਗਏ। ਜਿਵੇਂ ਮੇਰੇ ਨਾਲ ਹੋਈ, ਤੁਸੀਂ ਉਸ ਤਰ੍ਹਾਂ ਦੇ ਨੁਕਸਾਨ ਦਾ ਕਿਆਸ ਕਰ ਸਕਦੇ ਹੋ। ਨਾ ਹੀ ਸਮਾਜ ਅਤੇ ਨਾ ਹੀ ਰਾਜ ਨੇ ਕਦੇ ਸੋਚਿਆ ਕਿ ਲੋਕਾਂ ਦਾ ਦਿਮਾਗ ਜ਼ਬਰੀ ਬਦਲਣ ਦੀ ਉਨ੍ਹਾਂ ਵੱਲੋਂ ਦਿੱਤੀ ਜਾ ਰਹੀ ਵਰ੍ਹਿਆਂ ਬੱਧੀ ਸਿਖਲਾਈ ਕਿਸੇ ਦੀ ਜ਼ਿੰਦਗੀ 'ਤੇ ਇਸ ਤਰ੍ਹਾਂ ਵੀ


**ਹੁਰਮਤ ਅਲੀ ਸ਼ਾਹ**

ਅਨੁਵਾਦ: ਮੁਲਖ ਸਿੰਘ
ਫੋਨ: 91-94162-55877


ਅਸਰਅੰਦਾਜ਼ ਹੋ ਸਕਦੀ ਹੈ ਜਿਵੇਂ ਮੇਰੇ, ਮੇਰੇ ਪਰਿਵਾਰ ਅਤੇ ਸੈਂਕੜੇ-ਹਜ਼ਾਰਾਂ ਉਨ੍ਹਾਂ ਹੋਰਨਾਂ 'ਤੇ ਹੋਈ, ਜਿਨ੍ਹਾਂ ਦਿਲ ਦੀਆਂ ਗਹਿਰਾਈਆਂ ਵਿਚ ਦਰਦ ਮਹਿਸੂਸ ਕੀਤਾ।

ਮੈਨੂੰ ਬਹੁਤਾ ਤਾਂ ਯਾਦ ਨਹੀਂ, ਉਦੋਂ ਦੁਪਹਿਰ ਦਾ ਵੇਲਾ ਸੀ ਪਰ ਮੈਂ ਸਾਰੀਆਂ ਗੁੱਠਾਂ 'ਚੋਂ ਆਪਣੇ ਉਤੇ ਹਨੇਰਾ ਪਸਰਦਾ ਮਹਿਸੂਸ ਕਰ ਰਿਹਾ ਸਾਂ। ਉਹ ਇਨਸਾਨਾਂ ਜਿਹੇ ਲਗਦੇ ਸਨ ਪਰ ਮੈਂ ਉਨ੍ਹਾਂ ਸੈਂਕੜਿਆਂ ਦੀ ਭੀੜ ਵਿਚ ਇੱਕ ਵੀ ਇਨਸਾਨ ਦੇਖਣ ਤੋਂ ਅਸਮਰੱਥ ਸਾਂ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਮੈਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਅਤੇ ਮੇਰਾ ਉਨ੍ਹਾਂ ਦੇ ਜਜ਼ਬਿਆਂ ਨੂੰ ਸੱਟ ਮਾਰਨਾ ਹੀ ਠੋਸ ਕਾਰਨ ਸੀ ਕਿ ਉਹ ਮਨੁੱਖਤਾ ਤਿਆਗ ਦੇਣ ਅਤੇ ਮੈਨੂੰ ਤੇ ਮੇਰੇ ਜਿਸਮ ਨੂੰ ਡੱਬੇ ਵਾਂਗੂ ਭੰਨ ਕੇ ਇਸ ਗੱਲ ਦਾ ਪ੍ਰਗਟਾਵਾ ਕਰਨ ਕਿ ਉਹ ਉਨ੍ਹਾਂ ਪਵਿੱਤਰ ਇਨਸਾਨਾਂ ਨੂੰ ਕਿੰਨਾ ਜ਼ਿਆਦਾ ਪਿਆਰ ਕਰਦੇ ਹਨ, ਜਿਨ੍ਹਾਂ ਦੀ ਬੇਅਦਬੀ ਮੈਂ ਕਰਨ ਲੱਗਿਆ ਹੋਇਆ ਸਾਂ। ਮੇਰੀ ਜ਼ਿੰਦਗੀ ਅਤੇ ਮੇਰੀ ਦੇਹ ਦੀ ਪਵਿੱਤਰਤਾ ਨੂੰ ਤੁੱਛ ਜਾਣਦਿਆਂ ਇੱਕ ਬੁਰਾਈ ਸਮਝ ਕੇ ਖਤਮ ਕਰ ਦੇਣਾ ਹੀ ਠੀਕ ਸਮਝਿਆ ਗਿਆ। ਮੈਨੂੰ ਸਾਰੇ ਚਿਹਰੇ ਤਾਂ ਯਾਦ ਨਹੀਂ ਪਰ ਲਗਦਾ ਹੈ ਕਿ ਕੁਝ ਉਹ ਵੀ ਸਨ ਜਿਨ੍ਹਾਂ ਨਾਲ ਕਦੇ ਮੈਂ ਹਾਸੇ ਵਟਾਏ ਸਨ। ਮੈਂ ਬਹੁਤੀ ਉਮੀਦ ਪਾਲਣ ਦੀ ਹਾਲਤ ਵਿਚ ਨਹੀਂ ਸਾਂ ਪਰ ਮੈਂ ਸੋਚਿਆ ਕਿ ਉਹ ਮੈਨੂੰ ਭੀੜ ਤੋਂ ਬਚਾਉਣ ਲਈ ਮੇਰੇ ਵੱਲ ਭੱਜੇ ਆ ਰਹੇ ਹਨ। ਪਰ ਜਦੋਂ ਉਹ ਨੇੜੇ ਆਏ ਤਾਂ ਮੈਨੂੰ ਉਨ੍ਹਾਂ ਦੇ ਹੱਥਾਂ ਵਿਚ ਰਾਡਾਂ ਅਤੇ ਸੋਟੇ ਵਿਖਾਈ ਦਿੱਤੇ। ਉਹ ਅਖੀਰਲਾ ਪਲ ਸੀ, ਮੇਰੇ ਵਿਚ ਏਨੀ ਸੱਤਿਆ ਨਾ ਰਹੀ ਕਿ ਮੇਰੀਆਂ ਲੱਤਾਂ ਮੇਰੇ ਸਰੀਰ ਦਾ ਭਾਰ ਸਹਿ ਸਕਣ। ਮੈਂ ਉਥੇ ਹੀ ਡਿੱਗ ਪਿਆ।

ਮੈਨੂੰ ਆਪਣੇ ਇਕ ਦੋਸਤ ਦੀ ਫੇਸਬੁਕ ਪੋਸਟ ਤੋਂ ਪਤਾ ਲੱਗਿਆ ਕਿ ਉਸ ਸਮੇਂ ਮੈਂ ਅਜੇ ਸਾਹ ਲੈ ਰਿਹਾ ਸਾਂ ਅਤੇ ਉਸ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਬਚਾਅ ਲਏ ਕਿਉਂਕਿ ਮੈਂ ਵੀ ਇਕ ਸੂਫੀ ਸਾਂ, ਪਰ ਮੇਰੇ ਮਿੱਤਰ ਨੇ ਬਾਅਦ 'ਚ ਕਿਹਾ ਕਿ ਉਹ ਸੁੰਨ ਹੋ ਗਿਆ ਸੀ ਅਤੇ ਕਿਸੇ ਤਰ੍ਹਾਂ ਦੀ ਮਦਦ ਦੇਣ ਦੇ ਲਾਇਕ ਨਹੀਂ ਸੀ। ਮੈਂ ਉਸ ਨੂੰ ਕੋਈ ਦੋਸ਼ ਨਹੀਂ ਦਿੰਦਾ ਕਿਉਂਕਿ ਉਸ ਜਨੂੰਨੀ ਨਿਗ੍ਹਾ ਨਾਲ ਹਰ ਕੋਈ ਸੁੰਨਾ ਹੋ ਗਿਆ ਸੀ।

ਮੈਂ ਸੋਚਿਆ ਕਿ ਜਦੋਂ ਮੇਰੀ ਰੂਹ ਮੇਰੇ ਤਨ ਨੂੰ ਛੱਡ ਗਈ ਤਾਂ ਉਹ ਸੰਤੁਸ਼ਟ ਹੋ ਜਾਣਗੇ, ਪਰ ਨਹੀਂ। ਉਨ੍ਹਾਂ ਕਾਰਜਾਂ ਪ੍ਰਤੀ ਉਨ੍ਹਾਂ ਦਾ ਗੁੱਸਾ ਏਨਾ ਜ਼ਿਆਦਾ ਸੀ, ਜਿਨ੍ਹਾਂ ਬਾਰੇ ਮੈਨੂੰ ਵੀ ਯਕੀਨ ਨਹੀਂ ਕਿ ਮੈਂ ਉਹ ਕਦੇ ਕੀਤੇ ਸਨ। ਮੇਰੇ ਜਿਸਮ ਨੂੰ ਬੁਰੀ ਤਰ੍ਹਾਂ ਖਤਮ ਕਰਕੇ ਉਹ ਆਪਣਾ ਗੁੱਸਾ ਠੰਢਾ ਕਰਨਾ ਅਤੇ ਜੰਨਤ ਵਿਚ ਆਪਣੀ ਜਗ੍ਹਾ ਪੱਕੀ ਕਰਨਾ ਚਾਹੁੰਦੇ ਸਨ। ਉਨ੍ਹਾਂ ਕੋਲ ਅਜਿਹੇ ਬੌਧਿਕ ਤਰਕ ਸਨ ਕਿ ਉਹ ਸਾਰੇ ਮੇਰੇ ਉਤੇ ਆ ਚੜ੍ਹੇ। ਮੇਰੀ ਲੋਥ ਨੂੰ ਬਹੁਤ ਬਾਅਦ ਵਿਚ ਪੁਲਿਸ ਨੇ ਬਚਾਇਆ। ਮੇਰੀ ਕਾਇਆ ਦੀ ਜਿਹੜੀ ਥੋੜ੍ਹੀ-ਬਹੁਤ ਪਵਿੱਤਰਤਾ ਹੈ ਸੀ, ਉਹ ਉਨ੍ਹਾਂ ਦੀਆਂ ਭਾਵਨਾਵਾਂ ਦੀ ਪਵਿੱਤਰਤਾ ਅੱਗੇ ਬੌਣੀ ਹੋ ਗਈ।

ਮੇਰੀ ਅੰਮੀ ਨੇ ਕੁਝ ਦਿਨ ਪਹਿਲਾਂ ਮੈਨੂੰ ਘਰ ਆਉਣ ਨੂੰ ਆਖਿਆ ਸੀ ਅਤੇ ਉਹ ਮੈਨੂੰ ਸ਼ਿੱਦਤ ਨਾਲ ਉਡੀਕ ਰਹੀ ਸੀ। ਮੈਂ ਉਸ ਨੂੰ ਕਿਹਾ ਸੀ ਕਿ ਮੈਂ ਸ਼ੁੱਕਰਵਾਰ ਨੂੰ ਆਵਾਂਗਾ ਪਰ ਮੇਰੇ ਸਾਥੀ ਵਿਦਿਆਰਥੀਆਂ ਨੇ, ਜਿਨ੍ਹਾਂ ਬਾਰੇ ਮੈਂ ਨਹੀਂ ਜਾਣਦਾ ਸੀ ਕਿ ਕਦ ਉਹ ਸਿੱਖਿਆ ਅਤੇ ਸੋਚਣ ਦੇ ਖਾਸ ਤਰੀਕੇ 'ਤੇ ਗਿੱਝ ਕੇ ਲਹੂ ਪਿਆਸੇ ਦੈਂਤਾਂ ਵਿਚ ਤਬਦੀਲ ਹੋ ਚੁਕੇ ਸਨ, ਹੋਰ ਹੀ ਵਿਉਂਤ ਬਣਾਈ ਹੋਈ ਸੀ। ਉਨ੍ਹਾਂ ਮੈਨੂੰ ਵੀਰਵਾਰ ਨੂੰ ਹੀ ਸਦਾ ਲਈ ਘਰ ਨੂੰ ਤੋਰ ਦਿੱਤਾ।

ਜਦੋਂ ਮੈਂ ਮਾਸਕੋ ਵਿਚ ਸਿਵਲ ਇੰਜੀਨੀਅਰਿੰਗ ਦੀ ਆਨਰਜ਼ ਡਿਗਰੀ ਕਰ ਰਿਹਾ ਸਾਂ, ਤਦ ਮੈਂ ਆਪਣੇ ਸ਼ਹਿਰ ਦੀਆਂ ਗਲੀਆਂ ਅਤੇ ਲੋਕਾਂ ਨੂੰ ਬਹੁਤ ਯਾਦ ਕਰਿਆ ਕਰਦਾ ਸਾਂ। ਸ਼ਾਇਦ ਹੁਣ ਮੇਰਾ ਹਮੇਸ਼ਾ ਲਈ ਆਪਣੇ ਪਿੰਡ ਵਿਚ ਆਰਾਮ ਕਰਨ ਦਾ ਵੇਲਾ ਆ ਗਿਆ ਸੀ। ਪਰ ਜਿਵੇਂ ਮੇਰਾ ਆਪਣੀ ਮਾਂ ਨੂੰ ਮਿਲਣ ਲਈ ਜੀਅ ਸੀ ਕਿ ਕਿਸੇ ਵੀ ਹੋਰ ਦੀ ਤਰ੍ਹਾਂ ਮੈਂ ਸਾਬਤ-ਸਬੂਤ ਮਾਂ ਨੂੰ ਮਿਲ ਸਕਦਾ। ਜਦ ਮੇਰੀ ਜਨਨੀ ਨੇ ਮੇਰੇ ਹੱਥ ਆਪਣੇ ਹੱਥਾਂ ਵਿਚ ਲਏ, ਤਦ ਤਕ ਜ਼ੁਲਮਾਂ ਦਾ ਦਰਦ ਬੀਤੇ ਵਕਤ ਦੀ ਸ਼ੈ ਬਣ ਚੁਕਾ ਸੀ। ਮੇਰੀ ਅੰਮੀ ਨੂੰ ਮਹਿਸੂਸ ਹੋਇਆ ਕਿ ਮੇਰੇ ਹੱਥਾਂ ਦੀਆਂ ਸਭ ਹੱਡੀਆਂ ਅਤੇ ਮੇਰੀਆਂ ਤਮਾਮ ਉਂਗਲਾਂ ਟੁੱਟੀਆਂ ਹੋਈਆਂ ਸਨ ਤਾਂ ਮੇਰੀਆਂ ਦਰਦ ਦੀਆਂ ਚੀਸਾਂ ਤੇ ਤਕਲੀਫ ਤੋਂ ਉਠੀਆਂ ਚੀਕਾਂ ਉਸ ਦੇ ਦਿਲ ਵਿਚ ਲਹਿੰਦੀਆਂ ਗਈਆਂ। ਮੇਰੀ ਅੰਮੀ ਨੇ ਬਾਅਦ ਵਿਚ ਕੀਰਨੇ ਪਾਏ ਤੇ ਇੱਕ ਇੰਟਰਵਿਊ ਲੈਣ ਵਾਲੇ ਨੂੰ ਦੱਸਿਆ ਕਿ ਮੇਰੀਆਂ ਸਾਰੀਆਂ ਉਂਗਲਾਂ ਟੁੱਟੀਆਂ ਹੋਈਆਂ ਸਨ...ਅਤੇ ਮੇਰੇ ਅੱਬਾ, ਜਿਹੜੀ ਪੀੜ ਉਨ੍ਹਾਂ ਝੱਲੀ, ਮੈਂ ਉਸ ਨੂੰ ਵਿਸਥਾਰ ਨਾਲ ਬਿਆਨ ਨਹੀਂ ਕਰ ਸਕਦਾ। ਉਹ ਮੈਥੋਂ ਵਿਛੋੜੇ ਦਾ ਦਰਦ ਨਹੀਂ ਮਹਿਸੂਸ ਕਰ ਰਹੇ ਸਨ, ਕਿਉਂਕਿ ਉਨ੍ਹਾਂ ਕੋਲ ਹੋਰ ਬਹੁਤ ਮਸਲੇ ਹਨ, ਜਿਨ੍ਹਾਂ ਨਾਲ ਉਹ ਦੋ-ਚਾਰ ਹੋ ਰਹੇ ਸਨ। ਹਰ ਪਿਤਾ ਆਪਣੇ ਮ੍ਰਿਤਕ ਬੱਚੇ ਲਈ ਕਿਸੇ ਖੂੰਜੇ ਵਿਚ ਬੈਠ ਕੇ ਰੋਣ ਦਾ ਹੱਕਦਾਰ ਹੁੰਦਾ ਹੈ ਪਰ ਮੇਰੇ ਅੱਬਾ ਨੇ ਇਹ ਵੀ ਸਹਿ ਲਿਆ ਅਤੇ ਉਹ ਲੋਕਾਂ ਨੂੰ ਮੇਰੇ ਨਾਂ ਦੇ ਅਰਥ ਸਮਝਾਉਂਦੇ ਰਹੇ। ਉਨ੍ਹਾਂ ਆਪਣੀ ਸਾਰੀ ਉਮਰ ਲਫਜ਼ਾਂ ਸੰਗ ਗੁਜ਼ਾਰੀ ਹੈ। ਉਹ ਸ਼ਾਇਰ ਹਨ। ਪਰ ਲੋਕਾਂ ਨੇ ਉਨ੍ਹਾਂ ਨੂੰ ਮਜਬੂਰ ਕਰ ਦਿੱਤਾ ਕਿ ਉਹ ਆਪਣੀ ਸ਼ਬਦੀ ਜੁਗਤ ਵਰਤਦਿਆਂ ਮੈਨੂੰ ਉਨ੍ਹਾਂ ਵਿਚੋਂ ਹੀ ਇੱਕ ਬਣਾ ਕੇ ਪੇਸ਼ ਕਰਨ ਨਾ ਕਿ ਕੋਈ 'ਹੋਰ' ਬੁਰਾਈ ਬਣਾ ਕੇ।

ਮੈਂ ਚਾਹੁੰਦਾ ਸਾਂ ਕਿ ਉਹ ਇੱਕ ਦਿਨ ਫਖਰ ਮਹਿਸੂਸ ਕਰਨ। ਉਨ੍ਹਾਂ ਕੋਸ਼ਿਸ਼ ਕਰਕੇ ਹੌਲੀ-ਹੌਲੀ ਮੇਰੇ ਅੰਦਰ ਪੜ੍ਹਨ ਦਾ ਜਜ਼ਬਾ ਪੈਦਾ ਕੀਤਾ ਅਤੇ ਆਦਰਸ਼ਵਾਦ ਦੀ ਜਾਗ ਲਾਈ। ਇਹੀ ਕਾਰਨ ਸੀ ਕਿ ਇੰਜੀਨੀਅਰ ਬਣ ਕੇ ਅਤੇ ਇੱਕ ਚੰਗੀ ਥਾਂ ਤੋਂ ਡਿਗਰੀ ਹਾਸਲ ਕਰਨ ਦੇ ਬਾਵਜੂਦ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਸਿਵਲ ਸਰਵਿਸ ਵਿਚ ਜਾਣਾ ਚਾਹਾਂਗਾ ਅਤੇ ਸਿੱਧੇ ਤਰੀਕੇ ਨਾਲ ਹੀ ਲੋਕਾਂ ਦੀ ਸੇਵਾ ਕਰਨੀ ਚਾਹਾਂਗਾ ਤਾਂ ਕਿ ਉਨ੍ਹਾਂ ਨੂੰ ਮੇਰੇ 'ਤੇ ਮਾਣ ਹੋਏ। ਉਨ੍ਹਾਂ ਆਪਣੀ ਘੋਰ ਗਰੀਬੀ ਦੇ ਬਾਵਜੂਦ ਮੇਰੇ ਇਸ ਖਿਆਲ 'ਤੇ ਕਦੀ ਮੱਥੇ ਵੱਟ ਨਾ ਪਾਇਆ।

ਮੇਰੇ ਘਰ ਕੋਲ ਇੱਕ ਮਸਜਿਦ ਹੈ। ਮੈਂ ਕਈ ਵਾਰ ਉਥੇ ਜਾ ਕੇ ਇਬਾਦਤ ਕਰਿਆ ਕਰਦਾ ਸਾਂ। ਪਰ ਜਦੋਂ ਉਸ ਦਿਨ ਮੈਨੂੰ ਘਰ ਲਿਆਂਦਾ ਤਾਂ ਮੌਲਵੀ ਲਾਊਡ ਸਪੀਕਰ ਰਾਹੀਂ ਗਰਜਿਆ, "ਜਿਹੜਾ ਵੀ ਕੋਈ ਮਸ਼ਾਲ ਦੇ ਜਨਾਜ਼ੇ ਵਿਚ ਸ਼ਾਮਿਲ ਹੋਏਗਾ, ਉਸ ਨੂੰ ਆਪਣਾ ਨਿਕਾਹ ਨਵਿਆਉਣਾ ਪਵੇਗਾ।" ਉਸ ਨੇ ਮੇਰੀ ਨਮਾਜ਼ੇ-ਜਨਾਜ਼ਾ ਪੜ੍ਹਨ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਹੋਰਨਾਂ ਨੂੰ ਵੀ ਅਜਿਹਾ ਕਰਨ ਤੋਂ ਰੋਕਿਆ। ਜਦੋਂ ਦੂਜਾ ਕੋਈ ਮੇਰੀ ਆਖਰੀ ਰਸਮ-ਏ-ਇਬਾਦਤ ਪੜ੍ਹਨ ਲਈ ਰਾਜ਼ੀ ਹੋਇਆ ਤਾਂ ਉਸ ਨੇ ਉਚੀ ਆਵਾਜ਼ ਵਿਚ ਲਾਊਡ ਸਪੀਕਰਾਂ ਤੋਂ ਨਾਤਾਂ ਵਜਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਕਿ ਮੇਰਾ ਜਨਾਜ਼ਾ ਖਿੰਡ ਜਾਵੇ। ਉਹ ਕਹਿੰਦੇ ਹਨ ਕਿ ਮੈਂ ਤੌਹੀਨ-ਏ-ਰਸਾਲਤ ਕੀਤੀ ਹੈ। ਇਥੇ ਉਹ ਮੌਲਵੀ ਪੈਗੰਬਰੀ ਸਲਾਹਿਤ ਵਿਚ ਕੀਤੇ ਜਾਂਦੇ ਗਾਇਨ ਨੂੰ ਵਰਤ ਕੇ ਮੇਰੀਆਂ ਆਖਰੀ ਰਸੁਮਾਤ ਤੋਂ ਲੋਕਾਂ ਦਾ ਧਿਆਨ ਭੰਗ ਕਰ ਰਿਹਾ ਸੀ!

ਜੇ ਮੈਂ ਲੋਕ ਸਮੂਹਾਂ ਦੀ ਅਗਵਾਈ ਕਰਨ ਦਾ ਦਾਅਵਾ ਕਰਨ ਵਾਲਿਆਂ ਦੀ ਚੁੱਪੀ ਦਾ ਜ਼ਿਕਰ ਨਾ ਕੀਤਾ ਤਾਂ ਮੇਰਾ ਖਤ ਅਧੂਰਾ ਹੀ ਰਹੇਗਾ। ਮੈਂ ਵੇਖਿਆ ਕਿ ਸਾਰੀ ਦੁਨੀਆਂ ਤੋਂ ਲੋਕ ਮੇਰੀ ਮੌਤ ਦਾ ਮਾਤਮ ਕਰ ਰਹੇ ਸਨ ਪਰ ਜਿਨ੍ਹਾਂ ਨਾਲ ਮੈਂ ਸਿਆਸੀ ਤੌਰ 'ਤੇ ਜੁੜਿਆ ਹੋਇਆ ਸਾਂ, ਉਹ ਚੁੱਪ ਸਨ। ਮੈਂ ਇੱਕ ਅਗਾਂਹਵਧੂ ਅਤੇ ਫਰਾਖਦਿਲ ਸਮਾਜ ਬਣਿਆ ਦੇਖਣ ਦਾ ਚਾਹਵਾਨ ਸਾਂ। ਮੇਰੇ 'ਤੇ ਯਕੀਨ ਨਹੀਂ? ਮੇਰੀਆਂ ਸੋਸ਼ਲ ਮੀਡੀਆ 'ਤੇ ਪਾਈਆਂ ਪੋਸਟਾਂ ਫਰੋਲੋ ਤਾਂ ਤੁਸੀਂ ਦੇਖੋਗੇ ਕਿ ਉਨ੍ਹਾਂ ਲੋਕਾਂ ਅਤੇ ਉਸ ਸਮਾਜ ਲਈ ਕਿਸ ਤਰ੍ਹਾਂ ਦੀ ਸੋਚ ਰੱਖਦਾ ਸਾਂ। ਪਰ ਜਿਨ੍ਹਾਂ ਲੋਕਾਂ ਨੂੰ ਮੈਂ ਇੱਕ ਵੱਧ ਖੁੱਲ੍ਹੇ ਮੁਆਸ਼ਰੇ ਲਈ ਜੰਗ ਦਾ ਸਾਥੀ ਬਣਾਇਆ, ਉਹ ਸਾਰੇ ਚੁੱਪ ਸਨ। ਇਥੋਂ ਤਕ ਕਿ ਸਰਕਾਰ ਵੀ, ਜਿਸ ਦੇ ਹੁਕਮ ਨੂੰ ਚੈਲੰਜ ਕਰ ਦਿੱਤਾ ਗਿਆ ਸੀ; ਪਿਛਲੇ ਤਿੰਨ ਦਿਨਾਂ ਤੋਂ ਚੁੱਪ ਸੀ। ਉਹ ਇੰਤਜ਼ਾਰ ਕਰ ਰਹੇ ਸਨ ਕਿ ਪੁਲਿਸ ਕਦੋਂ ਮੈਨੂੰ ਨਿਰਦੋਸ਼ ਸਾਬਤ ਕਰਦੀ ਹੈ। ਜਦੋਂ ਮੇਰੇ ਅੱਬਾ ਨੂੰ ਧਾਹਾਂ ਮਾਰਨ ਲਈ ਮੋਢੇ ਦੀ ਲੋੜ ਸੀ, ਤਦ ਉਹ ਆਪਣੇ ਚਿਹਰੇ ਲੁਕਾ ਰਹੇ ਸਨ ਤੇ ਮੇਰੇ ਨਾਂ ਤੋਂ ਇਸ ਤਰ੍ਹਾਂ ਬਚਦੇ ਫਿਰਦੇ ਸਨ ਜਿਵੇਂ ਕਿ ਮੈਂ ਕੋਈ ਬਦ-ਦੁਆ ਹੋਵਾਂ। ਜਦੋਂ ਸਾਰਾ ਦੇਸ਼ ਸਦਮੇ ਵਿਚ ਸੀ, ਉਦੋਂ ਇਖਲਾਕੀ ਸਾਫਗੋਈ ਅਤੇ ਇਖਲਾਕੀ ਹੌਸਲਾ ਸਮੇਂ ਦੀ ਲੋੜ ਸੀ ਪਰ ਉਹ ਉਸ ਸਮੇਂ ਕਿਸੇ ਹੋਰ ਹੀ ਜਹਾਨ ਵਿਚ ਵਿਚਰਨ ਦਾ ਡਰਾਮਾ ਕਰ ਰਹੇ ਸਨ, ਜਿੱਥੇ ਵੋਟ ਬੈਂਕ ਅਤੇ ਸਿਆਸੀ ਜਮ੍ਹਾਂ-ਖਰਚੀ ਉਨ੍ਹਾਂ ਦੀ ਪਹਿਲ ਬਣੀ ਹੋਈ ਸੀ। ਪਰ ਸ਼ੁਕਰੀਆ ਪੁਲਿਸ ਦੀ ਲਿਆਕਤ ਦਾ (ਜਦੋਂ ਮੈਂ ਭੀੜ ਤੋਂ ਬਚਣ ਲਈ ਕੈਂਪਸ ਵਿਚ ਲੁਕਣ ਦੀ ਕੋਸ਼ਿਸ਼ ਕਰ ਰਿਹਾ ਸਾਂ ਅਤੇ ਭੀੜ ਮੈਨੂੰ ਲੱਭ ਰਹੀ ਸੀ, ਉਹ ਕਿਸੇ ਵੀ ਢੰਗ ਨਾਲ ਮੇਰਾ ਬਚਾਅ ਕਰਨ ਤੋਂ ਅਸਮਰੱਥ ਸੀ), ਬੇਖੌਫ ਐਕਰਜ਼ ਅਤੇ ਸੋਸ਼ਲ ਮੀਡੀਆ ਦੇ ਸਫਿਆਂ ਦਾ, ਜਿਨ੍ਹਾਂ ਇਹ ਸੱਚ ਸਾਹਮਣੇ ਲਿਆਂਦਾ ਕਿ ਮੈਂ ਗੁਨਾਹਗਾਰ ਨਹੀਂ ਹਾਂ ਸਗੋਂ ਬਲੀ ਦਾ ਬੱਕਰਾ ਬਣਾਇਆ ਗਿਆ ਹਾਂ।



ਮਸ਼ਾਲ ਖਾਨ

ਜਦੋਂ ਇਸ ਧਰਤੀ ਦੀ ਧੀ, ਮਲਾਲਾ ਦੀ ਕਿਤਾਬ ਨੂੰ ਯੂਨੀਵਰਸਿਟੀਆਂ ਵਿਚ ਜਾਰੀ ਹੋਣ ਦੀ ਇਜਾਜ਼ਤ ਨਾ ਮਿਲੀ ਅਤੇ ਜਿਸ ਸ਼ਖਸ ਨੂੰ ਸਰਕਾਰ ਨੇ ਦਹਿਸ਼ਤਗਰਦੀ ਦੀ ਕਾਰਵਾਈ ਕਰਕੇ ਫਾਂਸੀ ਚਾੜ੍ਹਿਆ ਸੀ, ਉਸ ਦੇ ਪੋਸਟਰਾਂ ਨਾਲ ਕੈਂਪਸਾਂ ਦੀਆਂ ਕੰਧਾਂ ਭਰ ਦਿੱਤੀਆਂ ਗਈਆਂ ਤਾਂ ਮੇਰੇ ਸਾਥੀ ਵਿਦਿਆਰਥੀਆਂ ਨੇ ਇਕ ਨਾ ਇਕ ਦਿਨ ਜੰਗਲੀ ਦਰਿੰਦੇ ਬਣ ਹੀ ਜਾਣਾ ਸੀ, ਜੋ ਅਖੀਰ ਬਣ ਗਏ। ਜੋ ਥਾਂਵਾਂ ਵਿਚਾਰਾਂ ਤੇ ਬਹਿਸਾਂ ਲਈ ਬਣੀਆਂ ਹਨ, ਜਦੋਂ ਉਥੇ ਹੁੰਦੀਆਂ ਵਿਚਾਰਾਂ ਤੇ ਬਹਿਸਾਂ ਨੂੰ ਚਾਰਜਸ਼ੀਟ ਦੇ ਤੌਰ 'ਤੇ ਵਰਤਿਆ ਜਾਣ ਲੱਗ ਪਵੇ ਤਾਂ ਉਨ੍ਹਾਂ ਦਾ ਉਸ ਸਮਾਜ ਨਾਲੋਂ ਕੋਈ ਫਰਕ ਨਹੀਂ ਰਹਿੰਦਾ ਜਿਸ 'ਚ ਉਹ ਕ੍ਰਿਆਸ਼ੀਲ ਹੁੰਦੀਆਂ ਹਨ।

ਮੈਂ ਹੁਣ ਤੁਰ ਗਿਆ ਹਾਂ। ਮੈਂ ਚਾਹੁੰਦਾ ਸਾਂ ਕਿ ਮੇਰੇ ਅੱਬਾ ਨੂੰ ਮੇਰੇ 'ਤੇ ਫਖਰ ਹੋਵੇ ਤੇ ਮੈਂ ਆਪਣੀ ਅੰਮੀ ਦੇ ਦੁੱਖਾਂ ਦੀ ਢੋਈ ਬਣ ਸਕਾਂ ਪਰ ਹੁਣ ਇਹ ਗੱਲਾਂ ਮੇਰੇ ਵੱਸੋਂ ਬਾਹਰ ਹਨ। ਮੇਰੇ ਅੱਬਾ ਬਹੁਤ ਥੱਕ ਗਏ ਹਨ, ਝੰਜੋੜੇ ਗਏ ਹਨ ਤੇ ਟੁੱਟ ਗਏ ਹਨ ਪਰ ਫਿਰ ਵੀ ਇਸ ਨੂੰ ਜ਼ਾਹਰ ਨਹੀਂ ਹੋਣ ਦਿੰਦੇ। ਉਹ ਹਰ ਮੌਕੇ ਇਹੀ ਕਹਿੰਦੇ ਹਨ ਕਿ ਜਿਹੜੀ ਉਸ ਦੇ ਪੁੱਤਰ ਨਾਲ ਹੋਈ, ਉਹ ਕਿਸੇ ਹੋਰ ਦੇ ਬੱਚੇ ਨਾਲ ਨਾ ਹੋਏ। ਮੈਂ ਸਮੂਹਿਕ ਪਾਗਲਪਨ ਦਾ ਪਹਿਲਾ ਸ਼ਿਕਾਰ ਨਹੀਂ ਹਾਂ ਪਰ ਤੁਸੀਂ ਮੈਨੂੰ ਆਖਰੀ ਬਣਾਉਣ ਵਿਚ ਸਹਾਈ ਹੋ ਸਕਦੇ ਹੋ। ਮੈਂ ਤੁਹਾਡੇ ਤੋਂ ਉਮੀਦ ਕਰਦਾਂ ਕਿ ਤੁਸੀਂ ਵਿਚਾਰਾਂ ਨੂੰ ਜਿਉਂਦੇ ਰਹਿਣ ਦਿਓਗੇ, ਪਰ ਜਿਵੇਂ ਕਿ ਮੇਰੇ ਅੱਬਾ ਕਹਿੰਦੇ ਹਨ, "ਤੁਸੀਂ ਸੂਰਜ ਦੀਆਂ ਕਿਰਨਾਂ ਨੂੰ ਸੰਗਲ ਨਹੀਂ ਪਾ ਸਕਦੇ।"

### ਦੇਸ਼ ਦਾ ਹਾਲ

ਇਸ ਜਹਾਨ ਦੀਆਂ ਅੱਖਾਂ ਦੋਵੇਂ ਪਾਸੇ
ਜਿਵੇਂ ਆਰੀ ਨੂੰ ਦੰਦੇ ਨੇ।
ਬੰਦੇ ਨੂੰ ਬੰਦਾ ਕੋਈ ਸਮਝੇ ਨਾ
ਸਭ ਗੈਰ ਕਾਨੂੰਨੀ ਧੰਦੇ ਨੇ।
ਇਥੇ ਰਿਸ਼ਵਤ ਨਾਲ ਸਭ ਕੰਮ ਹੁੰਦੇ
ਤੇ ਲੋਕ ਗੱਲ ਕਰਦੇ ਨੇ ਨੋਟਾਂ ਨਾਲ
ਏਥੇ ਮੰਤਰੀ ਵੀ ਨਕਲੀ ਬਣਦੇ ਨੇ
ਲੈ ਜਾਅਲੀ ਜਾਅਲੀ ਵੋਟਾਂ ਨਾਲ
ਇਨ੍ਹਾਂ ਪੰਜ ਦਰਿਆਵਾਂ ਦੇ ਪਾਣੀ ਵੀ
ਲੋਕ ਕਰ ਦਿੱਤੇ ਸਭ ਗੰਦੇ ਨੇ
ਬੰਦੇ ਨੂੰ ਬੰਦਾ ਕੋਈ ਸਮਝੇ ਨਾ
ਸਭ ਗੈਰ ਕਾਨੂੰਨੀ ਧੰਦੇ ਨੇ...।

ਅਮੀਰਾਂ ਨੂੰ ਸਲਾਮਾਂ ਹੁੰਦੀਆਂ ਨੇ
ਤੇ ਸ਼ੋਸ਼ਣ ਹੁੰਦਾ ਗਰੀਬੀ ਦਾ
ਇੱਥੇ ਇੱਜਤ ਵੀ ਉਹੀ ਲੁੱਟਦਾ ਏ
ਜਿਹਨੂੰ ਦੋਸਤ ਕਹਿੰਦੇ ਕਰੀਬੀ ਦਾ
ਇੱਥੇ ਕੌਣ ਲਾਚਾਰ ਦੀ ਸੁਣਦਾ ਏ
ਅਮੀਰਾਂ ਦੇ ਹੀ ਬਸ ਝੰਡੇ ਨੇ
ਬੰਦੇ ਨੂੰ ਬੰਦਾ ਕੋਈ ਸਮਝੇ ਨਾ
ਸਭ ਗੈਰ ਕਾਨੂੰਨੀ ਧੰਦੇ ਨੇ...।

ਨਸ਼ਿਆਂ ਦਾ ਵੀ ਏਥੇ ਜ਼ੋਰ ਹੈ
ਅੱਜ ਇਕ ਨਸ਼ਾ ਕੱਲ ਹੋਰ ਹੈ
ਮੇਰੇ ਦੇਸ਼ ਬਾਰੇ ਕੋਈ ਸੋਚੇ ਨਾ
ਕਹਿਣ ਨੂੰ ਸ਼ਾਂਤੀ ਵਾਲਾ ਮਾਹੌਲ ਏ
ਹੁਣ ਕੌਣ ਰੋਕੇ ਵਿਕਦੇ ਨਸ਼ਿਆਂ ਨੂੰ
ਪੁਲਿਸ ਨੇ ਵੀ ਪੈਸੇ ਵੰਡੇ ਨੇ
ਬੰਦੇ ਨੂੰ ਬੰਦਾ ਕੋਈ ਸਮਝੇ ਨਾ
ਸਭ ਗੈਰ ਕਾਨੂੰਨੀ ਧੰਦੇ ਨੇ...।
ਮਾਂ-ਪਿਉ ਦੀ ਇੱਜਤ ਕਰਦੇ ਨਾ
ਮਤਲਬ ਦੀ ਰਿਸ਼ਤੇਦਾਰੀ ਹੈ
ਦੁਨੀਆਂ ਫੈਸ਼ਨ ਦੇ ਵਿਚ ਡੁੱਬੀ ਏ
ਤੇ ਕੁੱਝ ਫਿਲਮਾਂ ਨੇ ਮੱਤ ਮਾਰੀ ਏ
ਇਕ ਦੂਜੇ ਦੀ ਗੱਲ ਸਹਾਰਦੇ ਨਾ
ਅਕਲਾਂ ਨੂੰ ਲੱਗੇ ਜਿੰਦੇ ਨੇ
ਬੰਦੇ ਨੂੰ ਬੰਦੇ ਕੋਈ ਸਮਝੇ ਨਾ
ਸਭ ਗੈਰ ਕਾਨੂੰਨੀ ਧੰਦੇ ਨੇ...।

ਇਸ ਜਹਾਨ ਦਾ ਹਾਲ ਵੇਖ ਯਾਰੋ
'ਭੱਟੀ' ਦਾ ਦਿਲ ਕੰਬਦਾ ਹੈ
ਸਭ ਸਿੱਧੇ ਰਸਤੇ ਪੈ ਜਾਵਣ
ਦੁਆ ਰੱਬ ਅੱਗੇ ਇਹੋ ਮੰਗਦਾ ਹੈ
ਏਥੇ ਝੂਠ ਹੈ ਵਿਕਦਾ ਬੋਲੀ 'ਤੇ
ਤੇ ਸੱਚ ਦੇ ਯਾਰੋ ਮੰਦੇ ਨੇ
ਬੰਦੇ ਨੂੰ ਬੰਦਾ ਕੋਈ ਸਮਝੇ ਨਾ
ਸਭ ਗੈਰ ਕਾਨੂੰਨੀ ਧੰਦੇ ਨੇ...।

*-ਸਵਿੰਦਰ ਸਿੰਘ ਭੱਟੀ*
*ਫੋਨ: 91-98729-89193*

---

### ਰਿਸ਼ਤੇ

ਜਿਉਂਦੇ ਜੀ ਅੱਜ ਗੂੜ੍ਹੇ ਰਿਸ਼ਤੇ
ਨਫਰਤ ਨਾਲ ਨਿਭਾਈਏ।
ਭੀੜ ਪਈ ਨਾ ਦਈਏ ਦਿਲਾਸੇ
ਸਗੋਂ ਦੁਖਦੀ ਰਗ ਦਬਾਈਏ।
ਕੰਮ ਕੱਢੀਏ ਤੇ ਪਾਸਾ ਵੱਟੀਏ
ਅਕ੍ਰਿਘਣ ਹੋ ਜਾਈਏ।
ਟੁੱਟ'ਗੇ ਰਿਸ਼ਤੇ ਮੁੜਦੇ ਨਾਹੀਂ
ਭਾਵੇਂ ਲੱਖ ਵਾਰ ਬੁਲਾਈਏ।
'ਸਾਹੀ' ਕਿਉਂ ਨਾ ਰੁੱਸੇ ਰਿਸ਼ਤੇ
ਜਿਉਂਦੇ ਜੀ ਮਨਾਈਏ।

*-ਚਰਨਜੀਤ ਸਿੰਘ ਸਾਹੀ*

# ਵਲੈਤ ਤੋਂ ਸੋਹਣੀ ਪਿੰਡੀ ਦੀ ਗੱਲ

*ਇਹ ਮਾਸਕ ਪਰਚੇ 'ਵਰਿਆਮ' ਦੇ ਸੰਪਾਦਕ ਜਗਦੀਸ਼ ਸਿੰਘ ਦੀ ਸੰਪਾਦਨ ਸਮਰੱਥਾ ਦਾ ਹੀ ਨਤੀਜਾ ਸੀ ਕਿ ਸ਼ਬਦ 'ਵਰਿਆਮ' ਸਦਾ ਸਦਾ ਲਈ ਉਨ੍ਹਾਂ ਦੇ ਨਾਂ ਨਾਲ ਜੁੜ ਗਿਆ। 'ਖਿੱਲਰੇ ਪੱਤਰੇ' ਨਾਂ ਦੀ ਕਿਤਾਬ ਵਿਚ ਉਨ੍ਹਾਂ ਬੜੀ ਸੰਜਮੀ ਸ਼ੈਲੀ ਵਿਚ ਬਹੁਤ ਸਹਿਜ ਨਾਲ ਆਪਣੇ ਜੀਵਨ ਨਾਲ ਜੁੜੇ ਕੁਝ ਵਰਕੇ ਫਰੋਲੇ ਹੋਏ ਹਨ। ਇਸ ਲਿਖਤ ਨੂੰ ਸਾਹਿਤਕ ਰੰਗ ਦੀ ਪਾਣ ਖੂਬ ਚੜ੍ਹੀ ਹੋਈ ਹੈ ਅਤੇ ਨਾਲ ਦੀ ਨਾਲ ਵਿਅੰਗ ਦੇ ਬਾਣ ਵੀ ਕੋਈ ਘੱਟ ਨਹੀਂ ਚਲਾਏ ਹੋਏ। 'ਪਿੰਡੀ ਦੀ ਗੱਲ' ਵਿਚ ਉਨ੍ਹਾਂ ਬਹੁਤ ਚਾਅ ਨਾਲ ਰਾਵਲਪਿੰਡੀ ਦੀਆਂ ਬਾਤਾਂ ਪਾਈਆਂ ਹਨ। -ਸੰਪਾਦਕ*

ਪਿੰਡ ਦੀ ਗੱਲ ਫੇਰ ਕਰਾਂਗੇ, ਪਹਿਲਾਂ ਪਿੰਡੀ ਦੀ ਕਰੀਏ।

ਪਿੰਡ ਸਿਆਲਕੋਟ ਦੇ ਜ਼ਿਲ੍ਹੇ ਵਿਚ ਰਾਵੀ ਦਰਿਆ ਲਾਗੇ। ਪਿੰਡੀ ਦੂਰ ਪੋਠੋਹਾਰ ਦੀ ਧਰਤੀ ਵਿਚ ਸੁਹਾਂ ਨਦੀ ਲਾਗੇ। ਪੋਠੋਹਾਰ ਚਸ਼ਮਿਆਂ, ਨਦੀਆਂ, ਪਹਾੜੀਆਂ, ਪੰਜਾ ਸਾਹਿਬ, ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ ਅਤੇ ਛੈਲ ਛਬੀਲੇ ਚੁਸਤ ਭਾਪਿਆਂ ਦੀ ਧਰਤੀ; ਤੇ ਇਸ ਧਰਤੀ ਦਾ ਮਾਣ ਪਿੰਡੀ, ਯਾਨੀ



**ਜਗਦੀਸ਼ ਸਿੰਘ ਵਰਿਆਮ**

ਰਾਵਲਪਿੰਡੀ ਹੀ ਸਿਆਲਕੋਟੀਆਂ ਦੀ ਰੌਲਪਿੰਡੀ ਸੀ। ਪਿੰਡੀ ਦੀ ਯਾਦ ਉਥੋਂ ਦੇ ਵਾਸੀਆਂ ਦੇ ਦਿਲਾਂ ਵਿਚ ਅੱਜ ਵੀ ਹੌਲ ਪਾਉਂਦੀ ਹੈ। ਗਿਆਨੀ ਗੁਰਮੁਖ ਸਿੰਘ ਮੁਸਾਫਰ ਦੀ ਇਕ ਪੂਰੀ ਕਵਿਤਾ ਹੀ 'ਰਾਵਲਪਿੰਡੀ' ਹੈ। ਉਹ ਸ਼ੁਰੂ ਹੀ ਇਥੋਂ ਹੁੰਦੀ ਹੈ:

ਮੈਂਢੀਏ ਸੋਹਣੀਏ ਪਿੰਡੀਏ
ਤੈਂਢੀ ਯਾਦ ਸਦਾ ਤੜਪਾਸੀ।
ਜਿਥੇ ਵੈਸਾਂ ਉਠਸਾਂ ਬਹਿਸਾਂ,
ਮਨ ਨਾ ਕਦੇ ਭੁਲਾਸੀ।

ਉਸ ਪਿੰਡੀ ਵਾਸਤੇ ਮੁਸਾਫਰ ਦਾ ਉਮ੍ਹਲ ਉਮ੍ਹਲ ਪੈਂਦਾ ਪਿਆਰ, ਬੇਚੈਨੀ ਅਤੇ ਤਾਂਘ ਇਸ ਕਵਿਤਾ ਵਿਚ ਥਾਂ ਥਾਂ ਵਿਦਮਾਨ ਹੈ:

ਕਿਸ ਦੇ ਨਾਲ ਦਿਆ ਮੈਂ ਉਪਮਾ
ਤੈਂਢੇ ਜੇਹੀ ਹੈਂ ਤੂੰਹੀ।
ਸਿੱਪੀਆਂ ਤੋਂ ਕਿਤੇ ਵੱਧ ਹੈ ਸੋਹਣੀ
ਤੈਂਢੀ ਡਿੰਗੀ ਖੂਹੀ।
ਚਿੱਤ ਬੇਚੈਨ ਤਾਂਘ ਦੀ ਵਗਦੀ
ਪਈ ਪਲਸੇਟੇ ਖਾਂਦੀ।
ਤੈਂਢੀ 'ਲਈ' (ਨਦੀ ਦਾ ਨਾਂ) ਜਾਪਦਾ ਤੈਨੂੰ
ਹੁਣ ਵੀ ਪਈ ਬੁਲਾਂਦੀ।

ਇਸ ਡਾਢੀ ਸੋਹਣੀ ਪਿੰਡੀ ਵਿਚ ਮੈਂ ਨਾਰੋਵਾਲ ਸਿਆਲਕੋਟ ਦੇ ਪਸਿੱਤੇ ਜਿਹੇ ਪਿੰਡ ਵਿਚੋਂ ਛੇ ਕੁ ਸਾਲ ਦੀ ਉਮਰ ਵਿਚ ਹੀ ਪਹੁੰਚ ਗਿਆ ਸਾਂ ਅਤੇ ਕੁਝ ਸਮਾਂ ਦੋ ਢਾਈ ਸਾਲ ਦਾ ਹੀ ਉਥੇ ਮਾਣਿਆਂ। ਉਸ ਵੇਲੇ ਪਿੰਡੀ ਸਿਆਲਕੋਟੀ ਕਾਰੀਗਰਾਂ ਵਾਸਤੇ ਵਲੈਤ ਸੀ। ਅੱਜ ਜਦੋਂ ਮੈਂ ਵਲੈਤ ਵੀ ਅੱਖੀਂ ਵੇਖ ਚੁੱਕਾ ਹਾਂ ਤਾਂ ਰਾਵਲਪਿੰਡੀ ਅਸਲੀ ਵਲੈਤ ਨਾਲੋਂ ਵੀ ਅਸਲੋਂ ਹੀ ਸੋਹਣੀ ਅਜੇ ਵੀ ਦਿਸਦੀ ਪਈ ਹੈ। ਇਸ ਵਲੈਤੋਂ ਸੋਹਣੀ ਪਿੰਡੀ ਵਿਚ ਮੇਰੇ ਪਿਤਾ ਜੀ ਮੁਸਾਫਰੀ ਲਾਉਣ ਜਾਂਦੇ ਹੁੰਦੇ ਸਨ। ਅੱਜ ਜਿਵੇਂ ਇੰਗਲੈਂਡ ਦੇ ਸਾਊਥਾਲ ਵਿਚ ਇਕ ਪੰਜਾਬ ਹੀ ਵਸਿਆ ਹੋਇਆ ਹੈ, ਉਦੋਂ ਰਾਵਲਪਿੰਡੀ ਵਿਚ ਚਿੱਟੀਆਂ ਹੱਟੀਆਂ, ਕਮੇਟੀ ਮਹੱਲਾ ਤੇ ਛਾਛੀ ਮੁਹੱਲੇ ਵਿਚ ਸਿਆਲਕੋਟ ਹੀ ਵਸਿਆ ਹੋਇਆ ਸੀ। ਰਾਜ ਮਿਸਤਰੀ, ਤਰਖਾਣੇ ਲੁਹਾਰੇ ਕੰਮ ਦੇ ਮਾਹਰ ਕਾਰਗਰਾਂ ਦੀ ਇਥੇ ਭਾਰੀ ਗਿਣਤੀ ਰਹਿੰਦੀ ਸੀ। ਇਥੇ ਇਨ੍ਹਾਂ ਦੇ ਦੋ ਗੁਰਦੁਆਰੇ ਵੀ ਸਨ। ਇਕ ਗੁਰਦੁਆਰਾ ਰਾਮਗੜ੍ਹੀਆਂ ਦਾ ਸਦਾਉਂਦਾ ਸੀ ਜਿਸ ਦੀ ਬਣਤਰ ਅਤੇ ਚਮਕ-ਦਮਕ ਰਾਮਗੜ੍ਹੀਆਂ ਦੇ ਹੁਨਰ ਤੇ ਭਾਈਚਾਰਕ ਸਾਂਝ ਨੂੰ ਦਰਸਾਉਂਦੀ ਤੇ ਦੂਸਰਾ ਗੁਰਦੁਆਰਾ ਨਾਮਧਾਰੀਆਂ ਦਾ ਸੀ। ਇਸ ਦੀ ਸਾਦੀ ਤੇ ਸਫ਼ੈਦ ਇਮਾਰਤ ਵਿਚੋਂ ਅਕਸਰ ਦੇਸੀ ਘਿਓ ਦੇ ਕੜਾਹ ਪ੍ਰਸ਼ਾਦ ਅਤੇ ਹਵਨ ਦੀ ਸਮੱਗਰੀ ਦੀ ਖੁਸ਼ਬੋ ਆਉਂਦੀ ਰਹਿੰਦੀ ਸੀ। ਇਹ ਖੁਸ਼ਬੋ ਅੰਮ੍ਰਿਤ ਵੇਲੇ ਮਰੀ ਦੀ ਪਹਾੜੀ ਤੋਂ ਆਉਂਦੀ ਠੰਢੀ ਪੌਣ ਵਿਚ ਸ਼ਾਮਲ ਹੁੰਦੀ ਤਾਂ ਮਨ ਵਿਚ ਬਸੰਤ ਦਾ ਪ੍ਰਭਾਵ ਸਿਰਜਦੀ। ਖੇੜਿਆਂ ਖੁਸ਼ੀਆਂ ਅਤੇ ਨਿਤ ਨਰੋਏਪਨ ਦਾ ਅਹਿਸਾਸ ਕਰਾਉਂਦੀ।

ਪਿੰਡ ਤੋਂ ਪਿੰਡੀ ਦੇ ਸੈਂਕੜੇ ਖੁਸ਼ੀਆਂ ਮੀਲਾਂ ਦਾ ਸਫ਼ਰ ਕੇਵਲ ਰੇਲ ਦੀ ਯਾਤਰਾ ਹੀ ਨਹੀਂ ਸੀ; ਇਹ ਸਭਿਅਤਾ, ਰਹਿਣ ਸਹਿਣ ਅਤੇ ਚੱਜ ਆਚਾਰ ਦਾ ਵੀ ਸਫ਼ਰ ਸੀ। ਇਹ ਪੁਰਾਤਨਤਾ ਤੋਂ ਆਧੁਨਿਕਤਾ ਦਾ ਵੀ ਪੈਂਡਾ ਸੀ। ਪਿੰਡ ਵਿਚ ਤਾਂ ਦੇਸ ਦਾ ਜੁਗਰਾਫ਼ੀਆ ਚਾਰ ਕੋਹ ਤੋਂ ਵਧ ਨਹੀਂ ਸੀ। ਨਾਰੋਵਾਲ ਦੀ ਯਾਤਰਾ ਵੀ ਪ੍ਰਾਪਤੀ ਹੁੰਦੀ ਸੀ, ਪਰ ਪਿੰਡੀ ਦੀ ਯਾਤਰਾ ਨੇ ਪਹਿਲੀ ਵਾਰ ਰੇਲ ਗੱਡੀ ਦਾ ਹੂਟਾ ਦਿਵਾਇਆ ਜੋ ਸਾਡੇ ਪਿੰਡ ਦੇ ਲਗਭਗ ਸਾਰੇ ਮੁੰਡਿਆਂ ਲਈ ਸੁਪਨਾ ਸੀ। ਤੇ ਰਾਵਲਪਿੰਡੀ ਦੀ ਜਗਮਗਾਉਂਦੀ ਸ਼ਾਮ ਵਿਚ ਜਦੋਂ ਅਸੀਂ ਟਨ ਟਨ ਕਰਦੇ ਨਵੇਂ ਰੰਗੀਲੇ ਟਾਂਗੇ 'ਤੇ ਸਵਾਰ ਹੋਏ ਅਤੇ ਘੋੜੇ ਦੀ ਕਲਗੀ ਹਵਾ ਵਿਚ ਲਹਿਲਹਾਉਂਦੀ ਦੇਖੀ ਤਾਂ ਇਵੇਂ ਲੱਗਾ ਜਿਵੇਂ ਕੋਈ ਸਹਿਜ਼ਾਦਾ ਤਾਰਾ ਮੰਡਲ ਵਿਚ ਆਕਾਸ਼ੀ ਰੱਥ ਰਾਹੀਂ ਸੈਰ ਕਰ ਰਿਹਾ ਹੋਵੇ! ਇਥੇ ਤਾਂ ਐਸੀਆਂ ਗੱਡੀਆਂ ਦੌੜਦੀਆਂ ਫਿਰਦੀਆਂ ਸਨ ਜਿਨ੍ਹਾਂ ਅਗੇ ਕੋਈ ਘੋੜਾ ਹੀ ਨਹੀਂ ਸੀ। ਦੀਵਿਆਂ ਦੀ ਲੰਮੀ ਕਤਾਰ, ਪਰ ਧੂੰਆਂ ਨਹੀਂ ਸੀ। ਤੇ ਮਿੱਟੀ? ਉਹ ਤਾਂ ਢੂੰਡਿਆਂ ਵੀ ਨਾ ਲੱਭੇ। ਜਦੋਂ ਆਹ ਗੱਲਾਂ ਮੈਂ ਪਿੰਡ ਜਾ ਕੇ ਦੱਸੀਆਂ ਤਾਂ ਮੇਰੇ ਯਾਰ ਬੇਲੀ ਹੈਰਾਨੀ ਨਾਲ ਸੁੰਨ ਹੀ ਹੋ ਗਏ। ਜਾਦੂ ਨਗਰੀ ਪਿੰਡੀ!

ਮੇਰੇ ਪਿਤਾਸ੍ਰੀ ਜੀ ਦੀ ਰੀਝ ਸੀ, ਉਨ੍ਹਾਂ ਦਾ ਪੁੱਤਰ ਭਾਵੇਂ ਹੋਰ ਕੁਝ ਹੋਵੇ ਜਾਂ ਨਾ, ਪਰ ਉਹ ਪੜ੍ਹੇ ਜ਼ਰੂਰ। ਉਹ ਆਪਣੀ ਅਨਪੜ੍ਹਤਾ ਪੁੱਤਰ ਰਾਹੀਂ ਦੂਰ ਕਰਨਾ ਚਾਹੁੰਦੇ ਸਨ। ਉਂਜ ਆਪ ਵੀ ਉਦੋਂ ਮਾਸਟਰ ਨਿਹਾਲ ਸਿੰਘ ਜੀ ਦੇ ਸ਼ਾਗਿਰਦ ਸਨ ਅਤੇ ਉਨ੍ਹਾਂ ਦੀ ਕਿਰਪਾ ਨਾਲ ਪੰਜਾਬੀ ਅੱਖਰ ਹੀ ਨਹੀਂ ਸਨ ਸਿੱਖੇ, ਸਗੋਂ ਗੁਰਬਾਣੀ ਵੀ ਯਾਦ ਕਰ ਕੇ ਜਥੇਦਾਰ ਬਣ ਗਏ ਸਨ; ਪਰ ਸਕੂਲ ਦੀ ਪੜ੍ਹਾਈ ਦੀ ਲਿਸ਼ਕੋਰ ਉਹ ਆਪਣੇ ਪੁੱਤਰ ਵਿਚ ਪੈਦਾ ਕਰਨਾ ਚਾਹੁੰਦੇ ਸਨ। ਪਿੰਡ ਵਿਚੋਂ ਮੈਂ ਪਹਿਲੀ ਪਾਸ ਕਰ ਗਿਆ ਸਾਂ। ਸੌ ਤੱਕ ਗਿਣਤੀ ਚੰਗੀ ਤਰ੍ਹਾਂ ਲਿਖ ਪੜ੍ਹ ਲੈਂਦਾ ਸਾਂ, ਉਹ ਵੀ ਉਰਦੂ ਦੇ ਹਿੰਦਸਿਆਂ ਵਿਚ; ਪਰ ਰਾਵਲਪਿੰਡੀ ਦੇ ਕਿਸੇ ਸਕੂਲ ਵਿਚ ਪੜ੍ਹਦੇ ਹੋਣਾ ਆਪਣੇ ਆਪ ਵਿਚ ਹੀ ਇਕ ਰੁਤਬਾ ਸੀ। ਸੋ ਮੇਰੇ ਸਕੂਲ ਭੇਜਣ ਦੀ ਤਿਆਰੀ ਹੋਈ।

ਮਾਂ ਨੇ ਦੋ ਗੁੱਤਾਂ ਵਾਲਾ ਜੂੜਾ ਕੀਤਾ। ਸਵੇਰੇ ਦਹੀਂ ਖਿਚੜੀ ਖੁਆਈ (ਇਹ ਦਹੀਂ ਖਿਚੜੀ ਅੱਜ ਤੱਕ ਮੇਰੀ ਕਮਜ਼ੋਰੀ ਬਣੀ ਹੋਈ ਹੈ)। ਨਵੇਂ ਕੱਪੜੇ, ਨਵੀਂ ਸਲੇਟ ਸਲੇਟੀ, ਨਵੇਂ ਬਸਤੇ ਵਿਚ ਪਾ ਕੇ, ਜਾ ਕਮੇਟੀ ਮਹੱਲੇ ਦੇ ਖਾਲਸਾ ਪ੍ਰਾਇਮਰੀ ਸਕੂਲ ਵਿਚ ਸਰਟੀਫਿਕੇਟ ਪੇਸ਼ ਕੀਤਾ। ਦੂਜੀ ਜਮਾਤ ਦੇ ਮੁੰਡਿਆਂ ਰੌਲਾ ਪਾਇਆ- 'ਹੇ ਤਕੋ ਨਵਾਂ ਜਾਤਕ ਆਇਐ।' ਪੋਠੋਹਾਰ ਵਿਚ ਬੱਚੇ ਨੂੰ ਜਾਤਕ ਹੀ ਆਖਦੇ ਸਨ। ਪਿੰਡ ਵਿਚ ਮੌਲਵੀ ਜੀ ਹੁੰਦੇ ਸਨ, ਇਥੋਂ ਮਾਸਟਰ ਜੀ ਨਾਲ ਵਾਹ ਪਿਆ। ਮੈਨੂੰ ਦਾਖ਼ਲਾ ਤਾਂ ਮਿਲ ਗਿਆ, ਪਰ ਮਾਸਟਰ ਜੀ ਨੇ ਟੈਸਟ ਲਿਆ, ਜਿਦ੍ਹੇ ਵਿਚ ਮੈਂ ਫੇਲ੍ਹ ਹੁੰਦਾ ਹੁੰਦਾ ਹੀ ਬਚਿਆ।

ਗੋਰੇ ਨਿਛੋਹ ਪਤਲੇ ਜਿਹੇ ਚੁਸਤ ਸਰਦਾਰ ਮਾਸਟਰ ਜੀ ਸਨ। ਉਨ੍ਹਾਂ ਕਿਹਾ- "ਕੱਢ ਸਲਟ ਤੇ ਸਲੇਟੀ।" ਮੈਂ ਸਲੇਟ ਕੱਢ ਕੇ ਬੈਠ ਗਿਆ। ਮਾਸਟਰ ਸਾਹਿਬ ਨੇ ਜਿਵੇਂ ਲਿਖਣ ਵਾਸਤੇ ਹੁਕਮ ਕੀਤਾ, ਮੇਰੇ ਤੌਰ ਭੌਰ ਭੁੱਲ ਗਏ। ਹੁਕਮ ਸੀ- "ਲਿਖ ਬੱਤਰੀ।" ਮੈਂ ਡਰ ਅਤੇ ਹੈਰਾਨੀ ਵਿਚ ਕੁਝ ਨਾ ਲਿਖ ਸਕਿਆ। ਫੇਰ ਹੁਕਮ ਹੋਇਆ- "ਹਾਂ ਹਾਂ, ਲਿਖ ਬੱਤਰੀ।" ਮੈਂ ਸੋਚ ਸੋਚ ਕੇ ਸਾਤਾ ਅਤੇ ਦੂਆ ਪਾ ਕੇ ਲਿਖ ਦਿੱਤਾ ਬਹੱਤਰ। ਮਾਸਟਰ ਜੀ ਫਰਮਾਇਆ 'ਗ਼ਲਤ' ਤੇ ਮੇਰੀ ਜਾਨ ਹੀ ਨਿਕਲ ਗਈ।

ਇਸ ਵੇਲੇ ਪਿਤਾ ਜੀ ਮੇਰੀ ਸਹਾਇਤਾ ਵਾਸਤੇ ਬਹੁੜੇ। ਉਨ੍ਹਾਂ ਨੇ ਬੜੀ ਹਲੀਮੀ ਨਾਲ ਮਾਸਟਰ ਜੀ ਨੂੰ ਕਿਹਾ- "ਜੀ ਸਾਡੇ ਪਾਸੇ ਵੱਲ ਬੱਤਰੀ ਨੂੰ ਬੱਤੀ ਆਖਦੇ ਹਨ।" ਮੈਂ ਝੱਟ ਤੀਆ ਦੂਆ ਪਾ ਕੇ ਬੱਤੀ ਲਿਖ ਦਿੱਤੀ। ਮਾਸਟਰ ਕਹਿਣ ਲੱਗਾ- "ਚੱਲੋ ਠੀਕ ਹੈ।" ਇਕ ਦੋ ਪਹਾੜੇ ਪੁੱਛੇ ਤੇ ਮੈਂ ਪਰਵਾਨ ਹੋ ਗਿਆ। ਪੋਠੋਹਾਰ ਵਿਚ ਬੱਤੀ, ਤੇਤੀ ਚੌਤੀ ਨੂੰ ਬੱਤਰੀ, ਤੇਤਰੀ, ਚੌਤਰੀ ਆਖਦੇ ਸਨ। ਪਿੰਡ ਵਿਚੋਂ, ਨਹੀਂ ਨਾਲ ਦੇ ਪਿੰਡ ਵਿਚੋਂ, ਪਹਿਲੀ ਜਮਾਤ ਪਾਸ ਕਰ ਕੇ ਇਨਾਮ ਵਿਚ ਜਿਹੜੀ ਦਵਾਤ ਜਿੱਤੀ ਸੀ, ਉਹ ਪਿੰਡੀ ਵਿਚ ਮਿੱਟੀ ਦੀ ਹੀ ਸਾਬਤ ਹੋਈ। ਇਕ ਇਲਾਕਾ ਪੋਠੋਹਾਰ ਦਾ, ਦੂਜਾ ਸ਼ਹਿਰ ਰਾਵਲਪਿੰਡੀ, ਤੀਸਰੇ ਬੰਨੇ ਮੈਂ ਸਿਆਲਕੋਟੀਆ ਤੇ ਚੌਥਾ ਦੂਰੇਡੇ ਪਿੰਡ ਦਾ। ਰੋਜ਼ ਪੁਰਾਣੀ ਮਿੱਟੀ ਝੜਨ ਲੱਗੀ। ਅਸਲੀ ਵਾਹ ਤਾਂ ਅਗਲੇ ਦਿਨ ਪਿਆ। ਮਾਸਟਰ ਜੀ ਨੇ ਪੁੱਛਿਆ- "ਗ੍ਹੋੜੇ (ਘੋੜੇ) ਕੀ ਕਿਤਨੀ ਟਾਂਗੇਂ ਹੋਤੀ ਹੈਂ?" ਮੈਂ ਕਿਹਾ- ਜੀ ਇਕ। ਗੁਸੈਲ ਮਾਸਟਰ ਜੀ ਸਮੇਤ ਸਾਰਿਆਂ ਦਾ ਹਾਸਾ ਨਿਕਲ ਗਿਆ। ਪੁਰਾਣੇ ਸਮਿਆਂ ਦੇ ਲੋਕ ਜਾਣਦੇ ਹਨ ਕਿ ਮਾਸਟਰਾਂ ਦਾ ਇਹ ਹਾਸਾ ਕਿੰਨਾ ਖਤਰਨਾਕ ਹੋ ਸਕਦਾ ਸੀ। ਇਹ ਵਿਦਿਆਰਥੀਆਂ ਦਾ ਪਿਸ਼ਾਬ ਵੀ ਵਿਚੇ ਵਿਚ ਕਢਵਾ ਸਕਦਾ ਸੀ। ਮਾਸਟਰ ਪੁੱਛਿਆ- "ਤੇਰੀ ਟਾਂਗੇਂ ਕਿਤਨੀਂ ਹੈਂ?" ਮੈਂ ਕਿਹਾ- "ਕੋਈ ਨਹੀਂ।" ਫੇਰ ਹਾਸਾ ਪਿਆ ਤੇ ਮੈਂ ਸਜ਼ਾ ਭੁਗਤਣ ਨੂੰ ਤਿਆਰ ਸਾਂ। ਅਸਲ ਵਿਚ ਨਾ ਤਾਂ ਮਾਸਟਰਾਂ ਦਾ ਹਾਸਾ ਚੰਗਾ ਲਗਦਾ ਸੀ ਤੇ ਨਾ ਹੀ ਉਨ੍ਹਾਂ ਦਾ ਗੁੱਸਾ। ਮਾਸਟਰ ਤਾਂ ਨਾ ਹੋਣ, ਇਹੀ ਗੱਲ ਚੰਗੀ ਲੱਗਦੀ ਸੀ; ਪਰ ਕੀ ਕੀਤਾ ਜਾ ਸਕਦਾ ਸੀ!

ਇਕ ਹੋਰ ਮੁੰਡੇ ਨੂੰ ਇਹੀ ਸਵਾਲ ਪੁੱਛਿਆ। ਉਹਨੇ ਘੋੜੇ ਦੇ ਚਾਰ ਟਾਂਗੇ ਅਤੇ ਆਪਣੇ ਦੋ ਦੱਸੇ। ਉਹਨੂੰ ਸ਼ਾਬਾਸ਼ ਮਿਲੀ। ਮੈਂ ਇਹ ਤਾਂ ਸਮਝ ਗਿਆ ਕਿ ਇਸ ਮੁੰਡੇ ਦੇ ਘਰ ਦੋ ਟਾਂਗੇ ਹੋਣਗੇ, ਪਰ ਘੋੜੇ ਦੇ ਪਿਛੇ ਮੈਂ ਕਦੇ ਚਾਰ ਟਾਂਗੇ ਨਹੀਂ ਸਨ ਵੇਖੇ। ਮੈਨੂੰ ਮੇਰੇ ਜੁਆਬ ਦਾ ਕਾਰਨ ਪੁੱਛਿਆ ਗਿਆ। ਮੇਰਾ ਉਤਰ ਭਾਵੇਂ ਡਰ ਜਾਂ ਨਮੋਸ਼ੀ ਵਿਚ ਭਿਜਿਆ ਹੋਵੇਗਾ; ਹੈ ਇਹੀ ਸੀ ਕਿ ਘੋੜੇ ਪਿਛੇ ਤਾਂ ਮੈਂ ਇਕ ਹੀ ਟਾਂਗਾ ਸਦਾ ਵੇਖਿਆ ਹੈ ਤੇ ਮੇਰੇ ਕੋਲ ਤਾਂ ਟਾਂਗਾ ਹੈ ਨਹੀਂ, ਸਾਡੇ ਕੋਲ ਤਾਂ 'ਸੈਕਲ' ਹੈਗਾ ਹੈ।

ਸਕੂਲ ਦੀ ਅੱਜ ਦੀ ਦੂਬਦੂ ਵਿਚ ਮੇਰੀ ਚਮੜੀ ਤਾਂ ਬਚ ਗਈ ਅਤੇ ਮੌਲਾ ਬਖਸ਼ ਨਾਲ ਵਾਹ ਪਹਿਲਾ ਦਿਨ ਹੋਣ ਕਰ ਕੇ ਨਾ ਪਿਆ, ਪਰ ਮੇਰੇ ਬੁਧੂਪੁਣੇ ਦਾ ਚਰਚਾ ਹੋ ਗਿਆ। ਉਂਜ, ਇਸ ਦੇ ਬਾਵਜੂਦ ਕੁਝ ਜਾਤਕ ਮੇਰੇ ਹਮਦਰਦ ਵੀ ਬਣ ਗਏ। ਅੱਜ ਮੈਨੂੰ ਸਮਝ ਆਈ ਕਿ ਲੱਤਾਂ ਨੂੰ ਟਾਂਗੇਂ ਵੀ ਕਿਹਾ ਜਾਂਦਾ ਹੈ। ਮੇਰੇ ਨਵੇਂ ਬਣੇ ਦੋਸਤ ਨੇ ਸਮਝਾਇਆ ਕਿ ਲੱਤ ਨੂੰ ਲੱਤ ਕਹੋ ਤਾਂ ਪੜ੍ਹੇ ਥੋੜ੍ਹੇ ਲਗਦੇ ਹੋ। ਲੱਤ ਨੂੰ ਟਾਂਗ, ਬਾਂਹ ਨੂੰ ਬਾਜ਼ੂ ਕਹਿਣ ਨਾਲ ਝਟ ਪਤਾ ਲੱਗ ਜਾਂਦਾ ਹੈ ਕਿ ਜਾਤਕ ਸਕੂਲ ਦਾ ਪੜ੍ਹਿਆ ਹੋਇਆ ਹੈ। ਉਹਨੇ ਕਿਹਾ, ਇਹ ਤਾਂ ਉਰਦੂ ਹੈ, ਅਜੇ ਅਸਾਂ ਪੰਜਵੀਂ ਵਿਚ ਜਾ ਕੇ ਅੰਗਰੇਜ਼ੀ ਸਿਖਣੀ ਹੈ। ਜਦੋਂ ਪਤਾ ਲੱਗ ਗਿਆ ਲੱਤ ਨੂੰ ਅੰਗਰੇਜ਼ੀ ਵਿਚ ਕੀ ਕਹਿੰਦੇ ਨੇ ਤਾਂ ਅਸੀਂ ਅੰਗਰੇਜ਼ਾਂ ਨਾਲ ਵੀ ਗੱਲਾਂ ਕਰ ਸਕਾਂਗੇ। ਅੰਗਰੇਜ਼ਾਂ ਨਾਲ ਗੱਲਾਂ ਕਰਨ ਵਾਲੇ ਦਾ ਬੜਾ ਰੁਹਬ ਹੁੰਦਾ ਹੈ। ਅੱਜ ਭਾਵੇਂ ਥੋੜ੍ਹੀ ਨਮੋਸ਼ੀ ਵੀ ਹੋਈ ਸੀ, ਪਰ ਮੇਰੀਆਂ ਅੱਖਾਂ ਭਵਿਖ ਦੀਆਂ ਸੰਭਾਵਨਾਵਾਂ ਨਾਲ ਚਮਕ ਪਈਆਂ।

ਸ਼ਹਿਰ ਦੀ ਹਵਾ ਦਾ ਅਸਰ ਹੌਲੀ ਹੌਲੀ ਹੋਣ ਲਗ ਪਿਆ। ਜਮਾਤ ਦੇ ਇਕ ਗਰੁਪ ਵਿਚ ਮੇਰੀ ਗੈਰ-ਸਰਕਾਰੀ ਸਰਦਾਰੀ ਵੀ ਕਾਇਮ ਹੋਣ ਲਗ ਪਈ; ਕਾਰਨ ਮੇਰੀ ਲਿਆਕਤ ਨਹੀਂ, ਹੁਸ਼ਿਆਰੀ ਸੀ। ਮੇਰਾ ਘਰ ਦਾ ਕੰਮ ਠੀਕ ਤੇ ਮੁਕੰਮਲ ਹੁੰਦਾ। ਜਦੋਂ ਸਵੇਰ ਹੋਣੀ ਤਾਂ ਮੈਨੂੰ ਚੇਤਾ ਆਉਣਾ ਕਿ ਸਕੂਲੋਂ ਘਰ ਵਾਸਤੇ ਮਿਲਿਆ ਕੰਮ ਤਾਂ ਕੀਤਾ ਹੀ ਨਹੀਂ। ਮੇਰੀ ਰੋਣਹਾਕੀ ਦਸ਼ਾ 'ਤੇ ਤਰਸ ਖਾ ਕੇ ਪਿਤਾ ਜੀ ਨੇ ਫੱਟੀ ਪੋਚ ਦੇਣੀ ਤੇ ਮੈਂ ਜਿਵੇਂ ਕਿਵੇਂ ਲਿਖ ਲੈਣਾ, ਪਰ ਹਿਸਾਬ ਦੇ ਸੁਆਲ ਕੌਣ ਕੱਢੇ! ਉਸ ਦਾ ਵਧੀਆ ਹੱਲ ਸੀ! ਮੇਰੇ ਤਾਇਆ ਸ. ਖੜਕ ਸਿੰਘ ਜੀ ਕੇਲਿਆਂ ਵਾਲੀ ਮਸੀਤ ਦੇ ਸਾਹਮਣੇ ਵਾਲੀ ਗਲੀ ਵਿਚ ਰਹਿੰਦੇ ਸਨ। ਉਨ੍ਹਾਂ ਦਾ ਵੱਡਾ ਸਪੁਤਰ ਭਾ ਗੁਰਚਰਨ ਸਿੰਘ ਕਾਲਜ ਵਿਚ ਪੜ੍ਹਦਾ ਸੀ। ਟਾਈ ਲਾਉਂਦਾ ਤੇ ਪਤਲੂਣ ਪਾਉਂ ਦਾ। ਮੈਂ ਜਾ ਕੇ ਉਹਦੇ ਦੁਆਲੇ ਹੋ ਜਾਣਾ। ਕਦੇ ਤਰਲੇ ਪਾ, ਕਦੇ ਘੂਰ, ਕਦੇ ਮੋਢਿਆਂ 'ਤੇ ਚੜ੍ਹ, ਤੇ ਕਦੇ ਕਦੇ ਲੱਕ ਦੁਆਲੇ ਜੱਫ਼ਾ ਮਾਰਨਾ। ਭਾ ਨੇ ਨਾਂਹ ਵੀ ਕਰਨੀ, ਡਾਂਟਦੇ ਵੀ ਰਹਿਣਾ, ਹੱਸਦੇ ਵੀ ਜਾਣਾ ਤੇ ਸਵਾਲ ਵੀ ਸਾਰੇ ਕੱਢ ਦੇਣੇ। ਮੈਂ ਕੇਵਲ ਸਲੇਟ 'ਤੇ ਹੀ ਲਿਖਣੇ। ਭਾ ਗੁਰਚਰਨ ਸਿੰਘ ਦੇ ਕੱਢੇ ਸਵਾਲਾਂ ਨੇ ਕਈਆਂ ਦੇ ਬੇੜੇ ਪਾਰ ਕਰ ਦੇਣੇ। ਯਾਰੀਆਂ ਵਿਚ ਸਰਦਾਰੀਆਂ ਇਵੇਂ ਹੀ ਮਿਲਦੀਆਂ ਹਨ!

ਸਕੂਲ ਦੀ ਗੱਲ ਤਾਂ ਸਕੂਲੇ ਮੁੱਕ ਜਾਂਦੀ, ਉਂਜ ਰਾਵਲਪਿੰਡੀ ਦੇ ਵਾਤਾਵਰਣ ਨੇ ਹੈਰਾਨ ਵੀ ਕੀਤਾ ਤੇ ਸੁਖ ਵੀ ਦਿੱਤਾ। ਹੈਰਾਨ ਇਸ ਗੱਲ ਤੋਂ ਕਿ ਅਜਿਹੀਆਂ ਚੀਜ਼ਾਂ ਵੇਖੀਆਂ ਜੋ ਵੇਖ ਕੇ ਵੀ ਮੰਨਣ ਵਿਚ ਨਹੀਂ ਸੀ ਆ ਰਹੀਆਂ। ਚਿੱਟੀਆਂ ਹੱਟੀਆਂ ਦੇ ਸਾਰੇ ਬਾਜ਼ਾਰ ਵਿਚ ਇਕ ਥਾਂ ਸੀ ਜਿਥੇ ਭੀੜ ਇਕੱਠੀ ਹੁੰਦੀ ਤੇ ਡੱਬੇ ਵਿਚੋਂ ਆਵਾਜ਼ ਆ ਰਹੀ ਹੁੰਦੀ। ਇਹ ਰੇਡੀਓ ਹੀ ਤਾਂ ਸੀ ਜਿਸ ਦਾ ਪਿੰਡ ਵਿਚ ਚਿੱਤ ਚੇਤਾ ਵੀ ਨਹੀਂ ਸੀ। ਇਥੇ ਕਦੇ ਖੜ੍ਹੇ ਹੋ ਜਾਣਾ ਤਾਂ ਬਾਕੀ ਕੁਝ ਸਮਝ ਨਾ ਆਉਣੀ, ਪਰ ਕੁਝ ਸ਼ਬਦ ਹਰ ਵਾਰ ਸੁਣਦਾ ਜੋ ਨਵੇਂ ਵੀ ਸਨ। ਇਹ ਸਨ ਜਰਮਨ, ਰੂਸ, ਬਰਤਾਨੀਆ, ਹਿਟਲਰ, ਗਾਂਧੀ, ਨਹਿਰੂ, ਪਟੇਲ ਤੇ ਜਿਨਾਹ। ਇਹ ਸ਼ਬਦ ਸੁਣ ਕੇ ਮੈਂ ਇਨ੍ਹਾਂ ਦੀ ਵਿਆਖਿਆ ਮੰਗਣ ਵਾਸਤੇ ਪਿਤਾ ਜੀ ਦੇ ਕੰਨ ਖਾ ਜਾਣੇ। ਪਿਤਾ ਜੀ ਨੇ ਮੇਰੀ ਕੁਝ ਤਸੱਲੀ ਤਾਂ ਕੁਝ ਦਸ ਕੇ ਕਰਾਉਣੀ ਤੇ ਬਾਕੀ ਉਨ੍ਹਾਂ ਮੈਨੂੰ ਸੁਆਦੀ ਬਰਫ਼ੀ ਲੈ ਦੇਣੀ ਤੇ ਕਹਿਣਾ- ਤੂੰ ਕੀ ਲੈਣੈ ਇਨ੍ਹਾਂ ਗੱਲਾਂ ਵਿਚੋਂ, ਤੂੰ ਬਰਫੀ ਖਾਹ। ਗਰਾਮੋਫ਼ੋਨ, ਤਵਿਆਂ ਵਾਲੇ ਵਾਜਿਆਂ ਅਤੇ ਲਾਊਡ ਸਪੀਕਰ ਨੇ ਹੈਰਾਨ ਕਰ ਦਿੱਤਾ। ਔਰਤਾਂ ਨੇ ਗੱਲਾਂ ਕਰਨੀਆਂ ਕਿ ਬੋਲਣ ਤੇ ਨੱਚਣ ਵਾਲੀਆਂ ਤਸਵੀਰਾਂ ਵੀ ਇਥੇ ਹੈਨ, ਪਰ ਸਿਨਮਾ ਤਾਂ ਕਈ ਸਾਲ ਬਾਅਦ ਕਿਤੇ ਵੇਖਣ ਨੂੰ ਮਿਲਿਆ!

ਮੇਰੇ ਬਚਪਨ ਦੀ ਚੇਤੇ ਦੀ ਖੁਸ਼ਬੋਦਾਰ ਚੰਗੇਰ ਵਿਚ ਤੱਥ ਤਾਂ ਨਹੀਂ, ਪਰ ਕੁਝ ਅਨੁਭਵ ਜ਼ਰੂਰ ਹਨ ਤੇ ਕੁਝ ਦ੍ਰਿਸ਼। ਇਕ ਤਾਂ ਉਥੋਂ ਦਾ ਕੰਪਨੀ ਬਾਗ ਬਹੁਤ ਚੰਗਾ ਲਗਦਾ। ਬਹੁਤ ਵਿਸ਼ਾਲ, ਸਾਫ਼ ਸੁਥਰਾ ਤੇ ਧੋਤੀਆਂ ਚੌੜੀਆਂ ਪੱਕੀਆਂ ਸੜਕਾਂ ਵਾਲਾ। ਰਾਵਲਪਿੰਡੀ ਦੇ ਕੋਲ ਪਹਾੜੀ ਥਾਂ ਸੀ ਜਿਸ ਦਾ ਨਾਂ ਸੀ ਮਰੀ। ਪਹਾੜ ਨੂੰ ਉਰਦੂ ਵਾਲੇ ਕੋਹ ਕਹਿੰਦੇ ਨੇ, ਇਸ ਵਾਸਤੇ ਇਸ ਦਾ ਨਾਮ 'ਕੋਹਮਰੀ' ਪ੍ਰਸਿਧ ਸੀ। ਕੋਹਮਰੀ ਨੂੰ ਜਾਣ ਵਾਲੀ ਸੜਕ ਦੀ ਆਪਣੀ ਸੁੰਦਰਤਾ ਸੀ। ਇਕ ਠੰਢੀ ਸੜਕ ਸੀ। ਇਨ੍ਹਾਂ ਸੜਕਾਂ 'ਤੇ ਤੁਰਨਾ ਬਹੁਤ ਚੰਗਾ ਲਗਦਾ। ਕਈ ਵਾਰ ਅੰਗਰੇਜ਼ ਅਫ਼ਸਰ ਵੀ ਅਸਾਂ ਵੇਖਣੇ, ਪਰ ਬਹੁਤ ਘੱਟ; ਉਹ ਘੋੜਿਆਂ ਵਾਲੀ ਬੱਗੀ ਵਿਚ ਬੈਠ ਕੇ ਨਿਕਲਦੇ। ਨਾਲ ਗੋਰੀਆਂ ਚਿੱਟੀਆਂ ਮੇਮਾਂ ਵੀ ਹੋਣੀਆਂ। ਇਕ ਗੱਲ ਬਹੁਤ ਚੰਗੀ ਲਗਦੀ ਸੀ; ਉਹ ਸੀ, ਇਥੋਂ ਦੇ ਚਸ਼ਮੇ ਤੇ ਵਗਦੇ ਪਾਣੀ। ਇਕ ਥਾਂ ਸੀ ਜਿਥੋਂ ਥੱਲਿਓਂ ਪਾਣੀ ਨਿਕਲਦਾ ਸੀ ਅਤੇ ਅੱਗੇ ਚੁਬੱਚੇ ਭਰੇ ਹੁੰਦੇ, ਇਨ੍ਹਾਂ ਨੂੰ 'ਚੋਏ' ਆਖਦੇ ਸਨ। ਇਹ ਪਾਣੀ ਵਗਦਾ ਸੀ- ਸਾਫ ਤੇ ਸੁਥਰਾ ਪਾਣੀ। ਸ਼ਹਿਰ ਵਿਚ ਇਕ ਨਦੀ ਵਗਦੀ ਸੀ, ਉਸ ਦਾ ਨਾਮ ਸੀ 'ਲਈ'। ਇਹ ਸਾਫ਼ ਸ਼ਫ਼ਾਫ਼ ਪਾਣੀ ਸਨ, ਪਰ ਘੱਟ ਡੂੰਘੇ। ਵਿਚੋਂ ਤੁਰ ਕੇ ਲੰਘਿਆ ਜਾ ਸਕਦਾ ਸੀ। ਇਸ ਪਾਣੀ ਵਿਚ ਖੇਡਣ ਨੂੰ ਹਮੇਸ਼ਾ ਜੀ ਕਰਦਾ। ਇਹ ਓਹੀ 'ਲਈ' ਹੈ ਜਿਸ ਬਾਰੇ 'ਮੁਸਾਫ਼ਰ' ਨੇ ਲਿਖਿਆ ਸੀ- 'ਤੈਂਢੀ 'ਲਈ' ਜਾਪਦਾ ਮੈਨੂੰ ਹੁਣ ਵੀ ਪਈ ਬੁਲਾਂਦੀ'। ਪਾਣੀਆਂ ਦੀ ਗੱਲ ਛਿੜੀ ਹੈ ਤਾਂ ਸਭ ਤੋਂ ਵਧੀਆ ਥਾਂ ਤਾਂ ਪੰਜਾ ਸਾਹਿਬ ਲੱਗਦਾ ਸੀ, ਜਿਥੇ ਜਾਣ ਵਾਸਤੇ ਸਾਡੀ ਹਮੇਸ਼ਾ ਹੀ ਮੰਗ ਹੁੰਦੀ। ਪੰਜਾ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਦੀ ਆਪਣੀ ਮਹਾਨਤਾ ਸੀ, ਪਰ ਸਾਨੂੰ ਜਿਹੜੀ ਗੱਲ ਭਾਉਂਦੀ ਸੀ, ਉਹ ਸੀ ਸਾਫ਼ ਪਾਣੀ ਤੇ ਘੱਟ ਡੂੰਘਾ ਸਰੋਵਰ ਦਾ ਪਾਣੀ ਅਤੇ ਕਈ ਹੋਰ ਵਗਦੀਆਂ ਨਹਿਰਾਂ ਵਰਗੇ ਨਾਲਿਆਂ ਦਾ ਇਹ ਪਾਣੀ ਐਨ ਉਸ ਥਾਂ ਵਿਚੋਂ ਨਿਕਲਦਾ ਜਿਥੇ ਪੱਥਰ ਵਿਚ ਗੁਰੂ ਨਾਨਕ ਦੇਵ ਜੀ ਦਾ ਪੰਜਾ ਖੁੱਭਿਆ ਹੋਇਆ ਲੱਗਦਾ ਸੀ। ਇਥੇ ਨਹਾਉਣ ਤੋਂ ਜੀਅ ਨਹੀਂ ਸੀ ਹਟਦਾ।

ਪੰਜਾ ਸਾਹਿਬ ਗੁਰਦੁਆਰੇ ਦੇ ਕਈ ਆਕਰਸ਼ਨ ਸਨ। ਨਹਾਉਣ, ਪੀਣ ਅਤੇ ਕੱਪੜੇ ਧੋਣ ਵਾਸਤੇ ਸਾਫ ਪਾਣੀਆਂ ਦੀਆਂ ਕਈਆਂ ਛੋਟੀਆਂ ਛੋਟੀਆਂ ਨਹਿਰਾਂ, ਸਰੋਵਰ ਦਾ ਇਕ ਪਾਸਿਓਂ ਘੱਟ ਡੂੰਘੇ ਹੋਣਾ ਅਤੇ 'ਪੰਜੇ' ਹੇਠੋਂ ਨਿੱਤ ਵਗਦੇ ਚਸ਼ਮੇ ਦਾ ਪਾਣੀ। ਸੰਗਤਾਂ ਇਸ਼ਨਾਨ ਵੇਲੇ ਗਾਉਂਦੀਆਂ- 'ਜੀ ਗੁਰੂ ਨਾਨਕ ਪੰਜਾ ਲਾਇਆ ਵਿਚ ਪਹਾੜੀ ਦੇ'। ਗੁਰਦੁਆਰੇ ਦੀ ਇਮਾਰਤ ਸੁੰਦਰ, ਮਰਮਰੀ ਪੱਥਰ ਦੀ ਬਣੀ ਹੋਈ। ਬਹੁਤ ਸੁਆਦਲਾ ਲੰਗਰ ਜੋ ਮਾੜੀ ਮਾੜੀ ਠੰਢ ਅਤੇ ਇਸ਼ਨਾਨ ਬਾਅਦ ਭੁੱਖ ਨਾਲ ਹੋਰ ਵੀ ਸੁਆਦਲਾ ਲੱਗਦਾ। ਕਸਬੇ ਦਾ ਨਾਂ ਸੀ ਹਸਨ ਅਬਦਾਲ। ਸਟੇਸ਼ਨ ਤੋਂ ਗੁਰਦੁਆਰੇ ਦੇ ਰਾਹ ਵਿਚ ਇਕ ਪਹਾੜੀ ਆਉਂਦੀ ਸੀ ਜਿਸ ਨੂੰ ਵਲੀ ਕੰਧਾਰੀ ਦੀ ਪਹਾੜੀ ਆਖਦੇ ਸਨ। ਕਈ ਲੋਕ ਇਸ ਪਹਾੜੀ 'ਤੇ ਜ਼ਰੂਰ ਚੜ੍ਹ ਕੇ ਜਾਂਦੇ ਸਨ, ਪਰ ਮੈਂ ਨਹੀਂ ਗਿਆ। ਮੇਰੇ ਪਿਤਾ ਦੀ ਦੱਸਿਆ ਕਰਦੇ ਸਨ ਕਿ ਇਸੇ ਪਹਾੜੀ 'ਤੇ ਭਾਈ ਮਰਦਾਨਾ ਤਿੰਨ ਵਾਰ ਗੁਰੂ ਨਾਨਕ ਦਾ ਭੇਜਿਆ ਗਿਆ, ਪਰ ਵਲੀ ਨੇ ਪਾਣੀ ਨਹੀਂ ਪਿਲਾਇਆ। ਜਦੋਂ ਗੁਰੂ ਨਾਨਕ ਨੇ ਪਾਣੀ ਖਿੱਚ ਲਿਆ ਤਾਂ ਵਲੀ ਕੰਧਾਰੀ ਨੇ ਪਹਾੜ ਜਿੱਡਾ ਪੱਥਰ ਗੁਰੂ ਜੀ 'ਤੇ ਸੁੱਟਿਆ ਜੋ ਗੁਰੂ ਜੀ ਨੇ ਹੱਥ ਦੇ ਕੇ ਰੋਕਿਆ। ਅੱਜ ਜੋ ਪੱਥਰ ਵਿਚ ਪੰਜੇ ਦਾ ਨਿਸ਼ਾਨ ਹੈ, ਇਹ ਗੁਰੂ ਨਾਨਕ ਦੇਵ ਜੀ ਦਾ ਹੈ।

ਇਕ ਬੰਦਾ ਸੀ ਜੋ ਇਹ ਵੀ ਤਰਕ ਦਿੰਦਾ ਹੁੰਦਾ ਸੀ ਕਿ ਇਹ ਪਹਾੜ ਕੋਈ ਖਮੀਰੇ ਆਟੇ ਦਾ ਥੋੜ੍ਹਾ ਸੀ ਜਿਸ ਵਿਚ ਪੰਜਾ ਖੁਭ ਜਾਂਦਾ ਹੈ, ਪਰ ਉਸ ਦੀ ਗੱਲ 'ਤੇ ਸਾਰੇ ਹੱਸਦੇ ਸਨ ਕਿ ਕਿੱਡੀ ਮੂਰਖਾਂ ਵਾਲੀ ਗੱਲ ਕਰਦਾ ਹੈ। ਮੈਂ ਵੀ ਉਸ ਦੀ ਮੂਰਖਤਾ 'ਤੇ ਹੈਰਾਨ ਹੁੰਦਾ ਤੇ ਆਪਣੇ ਦੋਸਤਾਂ ਨੂੰ ਵੀ ਦੱਸਦਾ ਕਿ ਇਹੋ ਜਿਹੇ ਬੰਦੇ ਵੀ ਇਥੇ ਹੈਣ ਤੇ ਤ੍ਰਾਸਦੀ ਦੀ ਗੱਲ ਇਹ ਕਿ ਸਿੱਖਾਂ ਵਿਚੋਂ ਹਨ।

ਪੰਜਾ ਸਾਹਿਬ ਰੇਲ 'ਤੇ ਜਾਣਾ ਅਤੇ ਵਾਪਸ ਆਉਣਾ ਸਦਾ ਹੀ ਸੁਹਾਵਣਾ ਲੱਗਦਾ। ਰਾਹ ਵਿਚ ਟੈਕਸਲਾ ਦਾ ਵੀ ਸਟੇਸ਼ਨ ਆਉਂਦਾ, ਪਰ ਟੈਕਸਲਾ ਦੀ ਮਹਾਨਤਾ ਤਾਂ ਬਹੁਤ ਦੇਰ ਬਾਅਦ ਜਲੰਧਰ ਵਿਚ ਆ ਕੇ ਹੀ ਪਤਾ ਲੱਗੀ। ਉਂਜ ਤਾਂ ਚੱਕ ਲਾਲਾ ਅਤੇ ਲਾਲਾ ਮੂਸਾ ਵਰਗੇ ਸਟੇਸ਼ਨਾਂ ਦੇ ਨਾਂ ਵੀ ਕੰਨੀਂ ਪੈਂਦੇ ਜੋ ਰਾਵਲਪਿੰਡੀ ਦੇ ਲਾਗੇ ਚਾਗੇ ਹੀ ਸਨ, ਸ਼ਾਇਦ ਪਿੰਡੀ ਲਾਹੌਰ ਲਾਈਨ 'ਤੇ, ਪਰ ਏਨੀ ਭੂਗੋਲਿਕ ਵਾਕਫੀ ਨਹੀਂ ਸੀ।

*ਰਾਵਲਪਿੰਡੀ ਦੇ ਵਾਤਾਵਰਣ ਨੇ ਹੈਰਾਨ ਵੀ ਕੀਤਾ ਤੇ ਸੁਖ ਵੀ ਦਿੱਤਾ। ਹੈਰਾਨ ਇਸ ਗੱਲ ਤੋਂ ਕਿ ਅਜਿਹੀਆਂ ਚੀਜ਼ਾਂ ਵੇਖੀਆਂ ਜੋ ਵੇਖ ਕੇ ਵੀ ਮੰਨਣ ਵਿਚ ਨਹੀਂ ਸੀ ਆ ਰਹੀਆਂ। ਚਿੱਟੀਆਂ ਹੱਟੀਆਂ ਦੇ ਸਾਰੇ ਬਾਜ਼ਾਰ ਵਿਚ ਇਕ ਥਾਂ ਸੀ ਜਿਥੇ ਭੀੜ ਇਕੱਠੀ ਹੁੰਦੀ ਤੇ ਡੱਬੇ ਵਿਚੋਂ ਆਵਾਜ਼ ਆ ਰਹੀ ਹੁੰਦੀ। ਇਹ ਰੇਡੀਓ ਹੀ ਤਾਂ ਸੀ ਜਿਸ ਦਾ ਪਿੰਡ ਵਿਚ ਚਿੱਤ ਚੇਤਾ ਵੀ ਨਹੀਂ ਸੀ। ਇਥੇ ਕਦੇ ਖੜ੍ਹੇ ਹੋ ਜਾਣਾ ਤਾਂ ਬਾਕੀ ਕੁਝ ਸਮਝ ਨਾ ਆਉਣੀ, ਪਰ ਕੁਝ ਸ਼ਬਦ ਹਰ ਵਾਰ ਸੁਣਦਾ ਜੋ ਨਵੇਂ ਵੀ ਸਨ: ਜਰਮਨ, ਰੂਸ, ਬਰਤਾਨੀਆ, ਹਿਟਲਰ, ਗਾਂਧੀ, ਨਹਿਰੂ, ਪਟੇਲ ਤੇ ਜਿਨਾਹ।*




*ਰਾਵਲਪਿੰਡੀ ਵਿਚ ਇਕ ਘਰ ਦੀ ਤਸਵੀਰ ਜਿਸ ਉਪਰ ੴ ਉਕਰਿਆ ਦਿਸ ਰਿਹਾ ਹੈ। ਵੰਡ ਤੋਂ ਪਹਿਲਾਂ ਬਣਿਆ ਇਹ ਘਰ ਅੱਜ ਵੀ ਸਲਾਮਤ ਹੈ।*

***ਪੰਜਾਬੀ ਲਿਖਾਰੀ ਅਤੇ ਲੰਡਨ ਦੀ ਈਲਿੰਗ ਕੌਂਸਲ ਦੇ ਮੇਅਰ ਦੀ ਕੁਰਸੀ ਤਕ ਪੁੱਜਣ ਵਾਲਾ ਰਣਜੀਤ ਧੀਰ ਮੁਕਤਸਰ ਦੇ ਸਰਕਾਰੀ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ-ਪੜ੍ਹਾਉਂਦਾ ਬਰਤਾਨੀਆ ਜਾ ਵਸਿਆ। ਉਥੇ ਉਹ ਬਹੁਤ ਸਾਰੇ ਅਹਿਮ ਅਹੁਦਿਆਂ ਉਤੇ ਰਿਹਾ। 'ਲੰਡਨ: ਪਹਿਲੀ ਮੁਲਾਕਾਤ' ਵਿਚ ਉਸ ਨੇ ਲੰਡਨ ਨਾਲ ਪਹਿਲੀ ਮੁਹੱਬਤ ਦਾ ਜ਼ਿਕਰ ਰੂਹ ਨਾਲ ਕੀਤਾ ਹੈ। ਇਸ ਜ਼ਿਕਰ ਦੌਰਾਨ ਪਾਠਕ ਉਸ ਦੇ ਨਾਲ ਨਾਲ ਲੰਡਨ ਦੀ ਗੇੜੀ ਲਾਉਂਦਾ ਜਾਂਦਾ ਹੈ। ਇਉਂ ਲੰਡਨ ਬਾਰੇ ਬੜੀਆਂ ਦਿਲਚਸਪ ਗੱਲਾਂ-ਬਾਤਾਂ ਦੀ ਡੋਰੀ ਲਗਾਤਾਰ ਦਿਸੀ ਜਾਂਦੀ ਹੈ। ਜਾਪਦਾ ਹੈ ਜਿਵੇਂ ਸਿਆਲਾਂ ਦੇ ਦਿਨਾਂ ਵਿਚ ਰਜਾਈ ਵਿਚ ਬੈਠੇ ਬਾਤਾਂ ਸੁਣ ਰਹੇ ਹੋਈਏ। -ਸੰਪਾਦਕ***

# ਲੰਡਨ: ਪਹਿਲੀ ਮੁਲਾਕਾਤ



**ਰਣਜੀਤ ਧੀਰ**



ਲੰਡਨ ਬਾਰੇ ਗੱਲ ਕਰਦਿਆਂ ਡਾਕਟਰ ਜੌਹਨਸਨ ਦਾ ਤਬਸਰਾ ਮੱਲੋਮੱਲੀ ਸਾਹਮਣੇ ਆ ਖਲੋਂਦਾ ਹੈ... ਅਖੇ, "ਜਿਹੜਾ ਬੰਦਾ ਲੰਡਨ ਤੋਂ ਅੱਕ ਗਿਆ, ਉਹ ਸਮਝੋ ਜ਼ਿੰਦਗੀ ਤੋਂ ਹੀ ਅੱਕ ਗਿਆ।" ਉਦੋਂ ਮੇਰੇ ਲਈ ਇਹ ਸਿਰਫ ਕਿਤਾਬੀ ਗੱਲ ਸੀ। ਜਿਵੇਂ ਸਾਡੀਆਂ ਅੰਗਰੇਜ਼ੀ ਦੀਆਂ ਡਿਗਰੀਆਂ ਦਾ ਇਥੇ ਕੋਈ ਮੁੱਲ ਨਾ ਪਿਆ, ਉਵੇਂ ਹੀ ਲੰਡਨ ਬਾਰੇ ਇਸ ਗੂੜ੍ਹ-ਗਿਆਨ ਦਾ ਸਾਡੇ ਵਾਸਤੇ ਕੀ ਮਾਅਨਾ ਸੀ! ਅਸੀਂ ਕਿਹੜਾ ਹਾਲੇ ਲੰਡਨ ਵੇਖਿਆ ਸੀ। ਜਦ ਤੁਸੀਂ ਕਿਸੇ ਸ਼ਹਿਰ ਵਿਚ ਤੁਰ-ਫਿਰ ਕੇ ਵੇਖਿਆ ਨਾ ਹੋਏ, ਉਨਾ ਚਿਰ ਕੀ ਪਤਾ ਲੱਗਦੈ? ਲੰਡਨ ਰਹੇ ਬਿਨਾ ਕੌਣ ਜਾਣੇ ਕਿ ਦਰਿਆ ਟੇਮਜ਼ ਦੇ ਕੀ ਨਜ਼ਾਰੇ ਹਨ? ਪਿਕਾਡਿਲੀ ਕਿਸ ਬਲਾ ਦਾ ਨਾਂ ਹੈ? ਲੰਡਨ ਦੇ ਟਰੈਫਿਕ ਜਾਮ ਕਿਸ ਖਜਾਲਤ ਦੀ ਸ਼ੈਅ ਹਨ?

ਹੁਣ ਇੰਨੇ ਵਰ੍ਹੇ ਲੰਡਨ ਰਹਿਣ ਮਗਰੋਂ ਮੈਨੂੰ ਡਾਕਟਰ ਜੌਹਨਸਨ ਦਾ ਕਹਿਣਾ ਸੋਲਾਂ ਆਨੇ ਸਹੀ ਲੱਗਦੈ। ਲੰਡਨ, ਬਸ ਲੰਡਨ ਹੈ। ਇਹਦੇ ਸਾਹਮਣੇ ਦੁਨੀਆਂ ਦਾ ਕੋਈ ਹੋਰ ਸ਼ਹਿਰ ਨਹੀਂ।

ਲੰਡਨ ਨਾਲ ਮੇਰੀ ਪਹਿਲੀ ਮੁਲਾਕਾਤ ਬਹੁਤ ਨਾਟਕੀ ਸੀ। ਮੈਂ ਕ੍ਰਿਸਮਸ ਵਾਲੇ ਦਿਨ ਲੰਡਨ ਦੇ ਹਵਾਈ ਅੱਡੇ ਹੀਥਰੋ ਪਹੁੰਚਿਆ ਸਾਂ। ਸਾਰਾ ਏਅਰਪੋਰਟ ਕਿਸੇ ਸੁਰਗ ਨਗਰੀ ਵਾਂਗ ਸਜਿਆ ਹੋਇਆ। ਮੈਨੂੰ ਲੈਣ ਆਇਆ ਮੇਰੇ ਕਾਲਜ ਵਾਲੇ ਦਿਨਾਂ ਦਾ ਯਾਰ ਅੱਗਿਓਂ ਮਰਸਡੀਜ਼ ਕਾਰ ਲੈ ਕੇ ਪਹੁੰਚਿਆ ਸੀ। ਪੂਰੀ ਟੌਹਰ ਨਾਲ! ਧਨ-ਦੌਲਤ ਦੇ ਖੁਆਬ ਵੇਖਦਿਆਂ ਲੰਡਨ ਪਹੁੰਚਣ ਉਪਰੰਤ ਮੇਰੇ ਦੋਸਤ ਦੀ ਮਰਸਡੀਜ਼ 'ਚ ਆਪਣੀ ਕਿਸਮਤ ਚਮਕਣ ਦਾ ਲਿਸ਼ਕਾਰਾ ਦਿਸਿਆ। ਮੈਂ ਖੁਸ਼ ਹੋ ਉਠਿਆ। ਇਹੀ ਦੋਸਤ 1961 ਵਿਚ ਬੀ.ਏ. ਫੇਲ੍ਹ ਹੋ ਕੇ ਇੰਗਲੈਂਡ ਆ ਗਿਆ ਸੀ, ਤੇ ਸਿਰਫ ਪੰਜ ਸਾਲਾਂ 'ਚ ਮਰਸਡੀਜ਼ ਦਾ ਮਾਲਕ ਸੀ।

ਏਅਰਪੋਰਟ ਤੋਂ ਬਾਹਰ ਨਿਕਲਦਿਆਂ ਹਨੇਰਾ ਹੋ ਚੁਕਾ ਸੀ। ਜਗਮਗਾਉਂਦੀ ਟਨਲ ਵਿਚ ਦੀ ਮਰਸਡੀਜ਼ 'ਚ ਬੈਠਿਆਂ ਮੇਰੇ ਧਨ-ਦੌਲਤ ਵਾਲੇ ਖੁਆਬ ਫਿਰ ਪ੍ਰਚੰਡ ਹੋ ਉਠੇ। ਮੋਟਰਵੇਅ ਦੀਆਂ ਹਵਾਵਾਂ ਵਿਚ ਚੁੰਘੀਆਂ ਭਰਦੀ ਸਾਡੀ ਮਰਸਡੀਜ਼ ਕਾਰ ਮੈਨੂੰ ਹਰੀ ਹੁੰਦੀ ਮੇਰੀ ਕਿਸਮਤ ਵੱਲ ਲਈ ਤੁਰੀ ਜਾ ਰਹੀ ਸੀ।

ਘਰ ਪਹੁੰਚੇ ਤੇ ਸ਼ਾਮ ਦੀ ਰੋਟੀ ਨਾਲ ਮੁਰਗਾ ਅਤੇ ਵਿਸਕੀ। ਨਾਲ ਅਸੀਂ ਕਾਲਜ ਦੇ ਦਿਨਾਂ ਦੀਆਂ ਫੱਕੜ ਯਾਰੀਆਂ ਦੀਆਂ ਯਾਦਾਂ ਫੋਲਦੇ ਰਹੇ। ਕਾਲਜ ਦੀਆਂ ਕੁੜੀਆਂ ਨਾਲ 'ਦੂਰੋਂ ਦੂਰੋਂ' ਕੀਤੇ ਇਸ਼ਕਾਂ ਦੀਆਂ ਫੋਕੀਆਂ, ਪਰ ਮਿੱਠੀਆਂ ਮੁਹੱਬਤੀ ਗੱਲਾਂ ਦੀਆਂ ਟਿੱਚਰਾਂ ਕਰਦੇ ਰਹੇ। ਅਗਲੇ ਦਿਨ ਦੁਪਹਿਰ ਤੀਕ ਬਿਸਤਰਿਆਂ ਵਿਚ ਹੀ ਬੈਠੇ ਰਹੇ। ਗੱਲਾਂ ਸਨ ਕਿ ਮੁੱਕਣ ਵਿਚ ਹੀ ਨਹੀਂ ਸੀ ਆਉਂਦੀਆਂ। ਦਿਨ ਢਲਣ ਤੋਂ ਪਹਿਲਾਂ ਹੀ ਮੇਰੇ ਦੋਸਤ ਨੇ ਮਰਸਡੀਜ਼ ਫਿਰ ਲੰਡਨ ਨੂੰ ਹੱਕ ਲਈ। ਨਾਲ ਸਾਡੇ ਤਿੰਨ ਬੰਦੇ ਹੋਰ ਸਨ। ਚੰਗੇ ਵਧੀਆ ਸੂਟ ਪਾਏ ਹੋਏ। ਚਿੱਟੀਆਂ ਕਮੀਜ਼ਾਂ। ਮੈਂ ਸਮਝਿਆ ਚੰਗੀਆਂ ਮੋਹਤਬਰ ਨੌਕਰੀਆਂ ਕਰਦੇ ਹੋਣਗੇ, ਪਰ ਸਾਰੇ ਕਿਸੇ ਫੈਕਟਰੀ ਵਿਚ ਮਜ਼ਦੂਰੀ ਕਰਦੇ ਸਨ। ਡੇਢ ਕੁ ਘੰਟੇ ਮਗਰੋਂ ਅਸੀਂ ਆਪਣੀ ਮਰਸਡੀਜ਼ ਲੰਡਨ ਦੇ ਲਾਈਟਾਂ ਨਾਲ ਜਗਮਗਾਉਂਦੇ ਇਕ ਇਲਾਕੇ ਵਿਚ ਜਾ ਪਾਰਕ ਕੀਤੀ। ਤੀਆਂ ਵਰਗਾ ਮਾਹੌਲ। ਸਾਰੇ ਰਾਹ ਮੇਰਾ ਮਿੱਤਰ ਕਈ ਵਾਰ ਇਹ ਗੱਲ ਚਿਤਾਰ ਚੁਕਾ ਸੀ, "ਅੱਜ ਤੈਨੂੰ ਵਿਖਾਉਂਦੇ ਆਂ ਲੰਡਨ, ਤੇਰੀ ਬਹਿਜਾ ਬਹਿਜਾ ਹੋਜੂ।" ਕੀ ਵਿਖਾਉਣਾ ਸੀ ਮੈਨੂੰ? ਕੋਈ ਥਹੁ-ਪਤਾ ਨਹੀਂ ਸੀ।

ਜਗਦੀਆਂ-ਬੁਝਦੀਆਂ ਲਾਈਟਾਂ ਵਾਲੇ ਬੂਹੇ ਰਾਹੀਂ ਅੰਦਰ ਲੰਘ ਅਸੀਂ ਇਕ ਬਿਲਡਿੰਗ ਵਿਚ ਜਾ ਵੜੇ। ਅੰਦਰ ਸਿਗਰਟਾਂ ਦਾ ਮੁਸ਼ਕ ਅਤੇ ਮੱਧਮ-ਮਾਮੂਲੀ ਰੌਸ਼ਨੀ। ਸਟੇਜ 'ਤੇ ਕੁੜੀ ਨੱਚ ਰਹੀ ਸੀ। ਨਾਲ ਉਚੀ ਚੱਲ ਰਿਹਾ ਸੰਗੀਤ। ਮੇਰੀਆਂ ਅੱਖਾਂ ਟਿਕਣੀਆਂ ਤਾਂ ਕੀ, ਟੱਡੀਆਂ ਹੀ ਰਹਿ ਗਈਆਂ। ਨੱਚਦੀ ਕੁੜੀ ਹੌਲੀ-ਹੌਲੀ ਆਪਣੇ ਕੱਪੜੇ ਲਾਹੀ ਜਾ ਰਹੀ ਸੀ। ਪਹਿਲਾਂ ਉਤਲੇ, ਫਿਰ ਹੇਠਲੇ ਤੇ ਅਖੀਰ ਅਲਫ ਨੰਗੀ ਹੋ ਕੇ ਬਾਹਾਂ ਉਤਾਂਹ ਚੁੱਕ ਕੇ ਸਟੇਜ 'ਤੇ ਖੜ੍ਹ ਗਈ। ਚਿਹਰੇ 'ਤੇ ਹਸੂੰ-ਹਸੂੰ ਕਰਦੀ ਵੱਡੀ ਮੁਸਕਰਾਹਟ।

ਮੈਂ ਭਵੰਤਰ ਗਿਆ। ਇਹ ਕੀ ਮਾਜਰਾ ਹੋਇਆ, ਪਰ ਇਹ ਮਾਜਰਾ ਚੱਲਦਾ ਗਿਆ। ਇਕ ਤੋਂ ਬਾਅਦ ਦੂਜੀ... ਤੀਜੀ.... ਚੌਥੀ। ਭਰ ਜੁਆਨ ਕੁੜੀਆਂ। ਭਰਵੇਂ ਜਿਸਮ। ਭਰਵੀਆਂ ਗੁਲਾਈਆਂ। ਅਪਸਰਾਵਾਂ ਵਰਗੀ ਖੂਬਸੂਰਤੀ। ਹਾਲੇ ਮੈਂ ਧਨ-ਦੌਲਤ ਦੇ ਖੁਆਬਾਂ ਤੋਂ ਬਾਹਰ ਨਹੀਂ ਸੀ ਆ ਰਿਹਾ, ਹੁਣ ਇਹ ਕੁਝ ਨਾਲ ਆ ਰਲਿਆ। ਸਿਰ ਵਿਚ ਹੁੰਦੀ ਤੇਜ਼ ਹਰਕਤ ਤੇ ਅੱਖਾਂ ਮੂਹਰੇ ਆਏ ਭੰਬੂਤਾਰੇ ਮੇਰੀ ਸੋਚ ਨੂੰ ਭੁਆਂਟਣੀਆਂ ਦੇ ਗਏ ਤੇ ਪਿੱਛੇ ਰਹਿ ਗਿਆ ਹਿੰਦੁਸਤਾਨ।

ਪਿੱਛੋਂ ਪਤਾ ਲੱਗਿਆ ਕਿ ਇਨ੍ਹਾਂ ਨੂੰ ਕਹਿੰਦੇ ਸਨ, ਸਟਰਿਪਟੀ'ਜ਼ ਕਲੱਬ। ਇਹ ਸੀ ਮੇਰੀ ਲੰਡਨ ਨਾਲ ਪਹਿਲੀ ਮੁਲਾਕਾਤ। ਲੰਡਨ ਦੀ ਪਿਕਾਡਿਲੀ ਨਾਲ ਮੁਲਾਕਾਤ।

ਉਂਜ ਲੰਡਨ ਨਾਲ ਅਸਲ ਸਿਆਣ ਕਈ ਸਾਲ ਬਾਅਦ ਸ਼ੁਰੂ ਹੋਈ। ਬਰਿਸਟਲ ਯੂਨੀਵਰਸਿਟੀ ਤੋਂ ਅਧਿਆਪਨ ਦਾ ਕੋਰਸ ਪਾਸ ਕਰ ਕੇ 1969 ਵਿਚ ਮੈਂ ਲੰਡਨ ਟੀਚਰ ਆ ਲੱਗਿਆ ਸਾਂ। ਹਾਲੇ ਜੁਆਨੀ ਦੇ ਸਾਲ ਸਨ। ਨੌਜਵਾਨ ਅੰਗਰੇਜ਼ ਮੁੰਡੇ-ਕੁੜੀਆਂ, ਮੇਰੇ ਵਾਂਗ ਕਈ ਹੋਰ ਟੀਚਰ ਉਸ ਸਕੂਲ ਵਿਚ ਪੜ੍ਹਾਉਂਦੇ ਸਨ। ਉਨ੍ਹਾਂ ਦੇ ਸਾਥ ਕਰ ਕੇ ਇਹ ਸਿਆਣ ਛੇਤੀ ਹੀ ਗੂੜ੍ਹੀ ਯਾਰੀ ਵਿਚ ਬਦਲਣੀ ਸ਼ੁਰੂ ਹੋ ਗਈ।

ਸਕੂਲ ਮਗਰੋਂ ਅਸੀਂ ਬੱਚਿਆਂ ਨੂੰ ਖੇਡਾਂ ਉਤੇ ਲਿਜਾਂਦੇ। ਮਗਰੋਂ ਕਿਤੇ ਪੱਬ ਵਿਚ ਜਾ ਬਹਿੰਦੇ। ਹੌਲੀ-ਹੌਲੀ ਕਿਤੇ-ਕਿਤੇ ਬਾਹਰ ਰੈਸਟੋਰੈਂਟ ਵਿਚ ਖਾਣ-ਪੀਣ ਦਾ ਸਿਲਸਿਲਾ ਬਣ ਜਾਂਦਾ। ਵਿਸਕੀ ਦੀ ਥਾਂ ਵਾਈਨ ਪੀਣੀ ਮੈਂ ਇਨ੍ਹਾਂ ਅੰਗਰੇਜ਼ ਸਾਥੀਆਂ ਤੋਂ ਸਿੱਖੀ। ਉਹ ਵੀ ਰੋਟੀ ਨਾਲ, ਪਹਿਲਾਂ ਨਹੀਂ। ਪਿੱਛੋਂ ਅਸੀਂ ਕਈ ਵਾਰ ਟੇਮਜ਼ ਕਿਨਾਰੇ ਜਾਂ ਕਿਸੇ ਪਾਰਕ ਵਿਚ ਸੈਰਾਂ ਕਰਦੇ। ਇਕ ਸਾਥੀ ਟੀਚਰ ਨੂੰ ਉਪੇਰੇ ਦਾ ਬਹੁਤ ਸ਼ੌਕ ਸੀ। ਪਾਰਕ ਬੈਠਿਆਂ ਉਹ ਉਪੇਰਿਆਂ ਦੀਆਂ ਹੇਕਾਂ ਸਾਨੂੰ ਸੁਣਾਉਂਦੀ। ਕੁਝ ਸਾਲਾਂ ਬਾਅਦ ਮੈਂ ਵੀ ਟੁੱਟੀ ਜਿਹੀ ਕਾਰ ਲੈ ਲਈ। ਇਸ ਨਾਲ ਤੋਰਾ-ਫੇਰਾ ਹੋਰ ਵੀ ਵਧ ਗਿਆ। ਮੈਂ ਲੰਡਨ ਦੇ ਉਨ੍ਹਾਂ ਹਿੱਸਿਆਂ ਵਿਚ ਜਾਣ ਲੱਗ ਪਿਆ ਜਿਹੜੇ ਮੈਂ ਪਹਿਲਾਂ ਕਦੇ ਵੇਖੇ ਨਹੀਂ ਸਨ। ਅੰਗਰੇਜ਼ ਸਾਥੀਆਂ ਦੇ ਘਰੀਂ ਵੀ। ਇਸੇ ਕਾਰ ਵਿਚ ਬਹਿ ਕੇ ਇਨ੍ਹਾਂ ਦੋਸਤਾਂ ਨਾਲ ਪਹਿਲੀ ਵਾਰ 'ਡਿਸਕੋ' ਗਿਆ। ਅੰਦਰ ਰੌਲਾ ਐਨਾ ਕਿ ਰਹੇ ਰੱਬ ਦਾ ਨਾਂ! ਚਾਰੇ ਪਾਸੀਂ ਘੁੰਮਦੀਆਂ ਰੰਗ-ਬਰੰਗੀਆਂ ਰੌਸ਼ਨੀਆਂ।

ਮੇਰਾ ਤਜਰਬਾ ਹੈ ਕਿ ਅੰਗਰੇਜ਼ਾਂ ਦੀ ਮੱਧ ਸ਼੍ਰੇਣੀ ਦੇ ਲੋਕ ਆਰਟ, ਕਲਚਰ, ਡਰਾਮੇ, ਫਿਲਮਾਂ ਤੇ ਸੰਗੀਤ ਦੇ ਬਹੁਤ ਸ਼ੌਕੀਨ ਹੁੰਦੇ ਹਨ। ਇਨ੍ਹਾਂ ਦੀ ਸੰਗਤ ਤੋਂ ਮੈਨੂੰ ਇਹ ਸਹਾਇਤਾ ਵੀ ਮਿਲਦੀ ਗਈ। ਫੈਸਟੀਵਲ ਹਾਲ, ਥੀਏਟਰਾਂ, ਕਲਾਤਮਿਕ ਫਿਲਮਾਂ ਕਿਥੇ ਲੱਗਦੀਆਂ ਹਨ? ਅਰਲਜ਼ ਕੋਰਟ ਟਿਊਬ ਲਾਗੇ 'ਕਵਿਤਾ ਸੁਸਾਇਟੀ' ਦੀਆਂ ਮੀਟਿੰਗਾਂ ਦਾ ਵੀ ਇਨ੍ਹਾਂ ਕੋਲੋਂ ਪਤਾ ਲੱਗਿਆ।

ਕਈ ਵਾਰ ਮੈਂ ਸਾਊਥਾਲ ਦੇ ਦੋਸਤਾਂ ਨਾਲ ਲੰਡਨ ਦੀਆਂ ਇਤਿਹਾਸਕ ਥਾਂਵਾਂ ਵੇਖਦਾ। ਉਤਰੀ ਲੰਡਨ ਸਥਿਤ ਹੈਮਪਸਟਡ ਹੀਥ ਦਾ ਉਹ ਪਾਰਕ ਜਿਥੇ ਕੀਟਸ ਨੇ 'ਨਾਈਟਿੰਗੇਲ' ਵਾਲੀ ਕਵਿਤਾ ਲਿਖੀ ਸੀ। ਡਿਕਨਜ਼ ਦਾ ਘਰ। ਸੋਹੋ ਵਿਚ ਕਾਰਲ ਮਾਰਕਸ ਦਾ ਘਰ। ਗੋਲਡਰਜ਼ ਗਰੀਨ ਕਾਰਲ ਮਾਰਕਸ ਦੀ ਕਬਰ, ਜਿਥੇ ਮੈਂ ਪਹਿਲੀ ਵਾਰੀ ਜਸਵੰਤ ਸਿੰਘ ਕੰਵਲ ਨੂੰ ਲੈ ਕੇ ਗਿਆ ਸਾਂ।

ਲੰਡਨ ਬਹੁਤ ਵੱਡਾ ਸ਼ਹਿਰ ਹੈ। 65 ਲੱਖ ਦੀ ਆਬਾਦੀ ਤੇ 60 ਕੁ ਸੁਕੇਅਰ ਮੀਲਾਂ ਵਿਚ ਫੈਲਿਆ ਹੋਇਆ। ਇਹਦੇ ਸੈਂਕੜੇ ਕਰੈਕਟਰ ਹਨ। ਦਰਅਸਲ, ਇਹ ਕਈ ਸਦੀਆਂ ਦੇ ਸਮੇਂ ਦੌਰਾਨ ਸੈਂਕੜੇ ਛੋਟੇ-ਛੋਟੇ ਪਿੰਡਾਂ ਦੀਆਂ ਹੱਦਾਂ ਰਲਣ ਨਾਲ ਬਣਿਆ ਐਨੀ ਆਬਾਦੀ ਦਾ ਸਮੂਹ ਹੈ। ਕੋਈ ਨਹੀਂ ਕਹਿ ਸਕਦਾ ਕਿ ਉਹਨੇ ਲੰਡਨ ਪੂਰਾ ਵੇਖ ਲਿਆ ਹੈ; ਜਾਂ ਲੰਡਨ ਨੂੰ ਸਮਝ ਲਿਆ ਹੈ। ਆਪੋ-ਆਪਣੇ ਪੱਖ ਤੋਂ ਲੋਕ ਲੰਡਨ ਵਿਚ ਵੱਖ-ਵੱਖ ਤਸਵੀਰਾਂ ਵੇਖਦੇ ਹਨ।

ਲੋਕ ਲੰਡਨ ਰਹਿੰਦੇ ਹਨ। ਇਹਦਾ ਅਸਲੀ ਮਤਲਬ ਇਹ ਹੈ ਕਿ ਤੁਸੀਂ ਲੰਡਨ ਦੇ ਕਿਸੇ ਇਕ ਹਿੱਸੇ ਵਿਚ ਰਹਿੰਦੇ ਓ। ਜਿਵੇਂ ਸਾਡਾ ਸਾਊਥਾਲ ਵਾਲਾ ਪੱਛਮੀ ਹਿੱਸਾ। ਦੂਜਾ, ਤੁਸੀਂ ਲੰਡਨ ਦੇ ਕਿਸੇ ਹਿੱਸੇ ਵਿਚ ਕੰਮ ਕਰਦੇ ਓ। ਇਨ੍ਹਾਂ ਦੋ ਹਿੱਸਿਆਂ ਨੂੰ ਛੱਡ ਕੇ ਬਾਕੀ ਦੇ ਲੰਡਨ ਨਾਲ ਸਾਡੀ ਮੁਲਾਕਾਤ ਕਦੇ ਕਦਾਈਂ ਹੀ ਹੁੰਦੀ ਹੈ।

ਮਿਸਾਲ ਦੇ ਤੌਰ 'ਤੇ ਮੈਂ ਲੰਡਨ ਦਾ ਉਹ ਹਿੱਸਾ ਵੀ ਬਹੁਤ ਵੇਰਾਂ ਵੇਖਿਆ ਹੈ ਜੀਹਨੂੰ 'ਸਿਟੀ ਆਫ ਲੰਡਨ' ਕਹਿੰਦੇ ਹਨ। ਇਹ ਲੰਡਨ ਦੇ ਪੂਰਬੀ ਹਿੱਸੇ ਦੀ ਸ਼ੁਰੂਆਤ ਹੈ। ਦੁਨੀਆਂ ਭਰ ਦੀਆਂ ਬੈਂਕਾਂ, ਸਰਮਾਏਦਾਰ, ਕੌਮਾਂਤਰੀ ਕੰਪਨੀਆਂ, ਬੈਂਕ ਆਫ ਇੰਗਲੈਂਡ। ਗੱਲ ਕੀ, ਇੰਗਲੈਂਡ ਦਾ ਹੀ ਨਹੀਂ, ਦੁਨੀਆਂ ਭਰ ਦੀ ਆਰਥਿਕਤਾ ਦਾ ਕੇਂਦਰ। ਜੇ ਅਸੀਂ ਇਸ ਖੇਤਰ ਵਿਚ ਕੰਮ ਨਹੀਂ ਕਰਦੇ, ਸਾਡਾ ਇਹਦੇ ਨਾਲ ਦੂਰ ਦਾ ਵਾਸਤਾ ਹੀ ਰਹਿੰਦਾ।



*ਲੰਡਨ ਦਾ ਹੀਥਰੋ ਹਵਾਈ ਅੱਡਾ: ਇਕ ਝਾਤੀ।*

ਲੰਡਨ ਦੇ ਬਹੁਤੇ ਚਰਚਿਤ ਥਾਂਵਾਂ ਵਿਚ ਪਾਰਲੀਮੈਂਟ ਵਾਲਾ ਇਲਾਕਾ, ਕੇਂਦਰੀ ਸਰਕਾਰ ਦੇ ਦਫਤਰਾਂ ਵਾਲਾ ਵ੍ਹਾਈਟ ਹਾਲ ਅਤੇ ਨਾਲ ਲੱਗਦੀ ਫਲੀਟ ਸਟਰੀਟ ਨੂੰ ਇਥੇ ਆਇਆ ਹਰ ਟੂਰਿਸਟ ਵੇਖਦਾ ਹੈ। ਅੱਜ ਭਾਵੇਂ ਸਾਰੇ ਵੱਡੇ ਅਖਬਾਰ ਫਲੀਟ ਸਟਰੀਟ ਵਿਚੋਂ ਨਿਕਲ ਬਾਹਰ ਖੁੱਲ੍ਹੀਆਂ ਥਾਂਵਾਂ 'ਤੇ ਜਾ ਬੈਠੇ ਹਨ, ਪਰ ਲੰਡਨ ਦੇ ਇਹ ਇਲਾਕੇ ਦੁਨੀਆਂ ਭਰ ਦੇ ਲੋਕਾਂ ਲਈ ਖਿੱਚ ਦਾ ਕੇਂਦਰ ਹਨ। ਇਸ ਤੋਂ ਬਿਨਾ 'ਟੈਂਪਲ' ਵਾਲਾ, ਅਦਾਲਤਾਂ ਅਤੇ ਵਕੀਲਾਂ ਵਾਲਾ ਹਿੱਸਾ। ਕੌਵੈਂਟ ਗਾਰਡਨ ਦੇ ਥੀਏਟਰ ਤੇ ਕੈਨਸਿੰਗਟਨ ਦੇ ਅਜਾਇਬ ਘਰ।

ਮੇਰੇ ਵਾਂਗ ਜਿਹੜੇ ਲੋਕਾਂ ਨੂੰ ਅੰਗਰੇਜ਼ਾਂ ਦੀ ਹਿਸਟਰੀ ਸਕੂਲ ਵਿਚ ਹੀ ਪੜ੍ਹਨੀ ਪਈ ਸੀ, ਉਨ੍ਹਾਂ ਲੋਕਾਂ ਨੂੰ ਇਨ੍ਹਾਂ ਸਾਰੀਆਂ ਥਾਂਵਾਂ ਬਾਰੇ ਛੋਟੀ ਉਮਰ ਵਿਚ ਹੀ ਪਤਾ ਲੱਗ ਜਾਂਦਾ ਸੀ। ਇਸ ਤੋਂ ਬਿਨਾ ਇੰਗਲੈਂਡ ਅਤੇ ਲੰਡਨ ਦਾ ਇਤਿਹਾਸ ਭਾਰਤ ਵਾਂਗ ਤਕਰੀਬਨ ਚਾਲੀ-ਪੰਜਾਹ ਦੇਸ਼ਾਂ ਨਾਲ ਉਲਝਿਆ ਹੋਇਆ ਹੈ, ਜਿਥੇ ਇਨ੍ਹਾਂ ਨੇ ਰਾਜ ਕੀਤਾ। ਲੰਡਨ ਵਿਚ ਥਾਂ-ਥਾਂ ਇਤਿਹਾਸਕ ਯਾਦਾਂ ਲੱਭ ਜਾਂਦੀਆਂ ਹਨ, ਜਿਨ੍ਹਾਂ ਦਾ ਸਾਡੇ ਮੁਲਕ ਨਾਲ ਸਬੰਧ ਹੈ। ਲੰਡਨ ਦੇ ਯੂਨੀਵਰਸਿਟੀ ਇਲਾਕੇ ਦੇ ਟੈਵਿਸਟੌਕ ਸੁਕੇਅਰ ਵਿਚ ਗਾਂਧੀ ਦਾ ਬੁੱਤ ਲੱਗਿਆ ਹੋਇਆ ਹੈ। ਕਾਰਲ ਮਾਰਕਸ ਤੋਂ ਲੈ ਕੇ ਹੋ ਚੀ ਮਿੰਨ, ਨਕਰੂਮਾ, ਲੈਨਿਨ ਅਤੇ ਦਰਜਨਾਂ ਹੋਰ ਵਿਦੇਸ਼ੀ ਨੇਤਾਵਾਂ ਤੇ ਦਾਨਿਸ਼ਵਰਾਂ ਦੀਆਂ ਪੁਰਾਣੀਆਂ ਰਿਹਾਇਸ਼ਾਂ 'ਤੇ ਲੱਗੀਆਂ ਨੀਲੀਆਂ ਇਤਿਹਾਸਕ ਪਲੇਟਾਂ ਤੋਂ ਉਨ੍ਹਾਂ ਮੁਲਕਾਂ ਦੀ ਹਿਸਟਰੀ ਉਜਾਗਰ ਹੁੰਦੀ ਹੈ। ਟੇਮਜ਼ ਦੇ ਦੱਖਣੀ ਕੰਢੇ ਨੈਲਸਨ ਮੰਡੇਲਾ ਦਾ ਬੁੱਤ ਲੱਗਿਆ ਹੋਇਆ ਹੈ। ਕੈਕਸਟਨ ਹਾਲ ਜਿਥੇ ਸ਼ਹੀਦ ਊਧਮ ਸਿੰਘ ਨੇ ਜੱਲ੍ਹਿਆਂ ਵਾਲੇ ਬਾਗ ਦੇ ਕਤਲੇਆਮ ਦਾ ਬਦਲਾ ਲਿਆ ਸੀ, ਵੀ ਉਸੇ ਤਰ੍ਹਾਂ ਇਤਿਹਾਸ ਦਾ ਇਹ ਸਾਕਾ ਲੁਕਾਈ ਖੜ੍ਹਾ ਹੈ।

ਦਰਅਸਲ, ਇਨ੍ਹਾਂ ਲੋਕਾਂ ਨੇ ਆਪਣੇ ਇਤਿਹਾਸ ਨੂੰ ਬਹੁਤ ਵਧੀਆ ਢੰਗ ਨਾਲ ਸਾਂਭ ਕੇ ਰੱਖਿਆ ਹੋਇਆ ਹੈ। ਨੈਲਸਨ ਵਰਗੇ ਜੰਗੀ ਜਰਨੈਲਾਂ ਤੋਂ ਲੈ ਕੇ ਲੰਡਨ ਵਿਚ ਸੀਵਰੇਜ ਸਕੀਮ ਦੇ ਮੋਢੀ ਇੰਜੀਨੀਅਰਾਂ ਦੇ ਬੁੱਤ ਲੱਗੇ ਹੋਏ ਹਨ। ਬੁੱਤਾਂ ਹੇਠਾਂ ਉਨ੍ਹਾਂ ਦੀ ਸੰਖੇਪ ਪ੍ਰਾਪਤੀ ਅਤੇ ਜੀਵਨੀ। ਲੰਡਨ ਵਿਚ ਲੱਗੇ ਇਨ੍ਹਾਂ ਬੁੱਤਾਂ ਹੇਠਾਂ ਦਰਜ ਕੀਤੀ ਜਾਣਕਾਰੀ ਪੜ੍ਹ ਕੇ ਹੀ ਤੁਸੀਂ ਇਸ ਮੁਲਕ ਦੀ ਹਿਸਟਰੀ ਸਮਝ ਸਕਦੇ ਓ।

ਭਾਰਤ ਦੇ ਇਤਿਹਾਸ ਦੀ ਗੱਲ ਕਰ ਰਹੇ ਸਾਂ। ਥੋੜ੍ਹਾ ਜਿਹਾ ਪਿੱਛੇ ਜਾਓ ਤਾਂ ਵਿਕਟੋਰੀਆ ਐਂਡ ਐਲਬਰਟ ਮਿਊਜ਼ੀਅਮ ਵਿਚ ਪਈ ਮਹਾਰਾਜਾ ਰਣਜੀਤ ਸਿੰਘ ਦੀ ਸੋਨੇ ਦੀ ਕੁਰਸੀ ਯਾਦ ਆਉਂਦੀ ਹੈ। ਸਾਡੇ ਪਵਿੱਤਰ ਗ੍ਰੰਥਾਂ ਅਤੇ ਸਾਹਿਤਕ ਮੀਲ ਪੱਥਰਾਂ ਤੇ ਹੋਰ ਇਤਿਹਾਸਕ ਦਸਤਾਵੇਜ਼ਾਂ ਬਾਰੇ ਸੋਚੀਏ ਤਾਂ ਬਲੈਕ ਫਰਾਇਰਜ਼ ਸਥਿਤ ਇੰਡੀਆ ਆਫਿਸ ਲਾਇਬ੍ਰੇਰੀ ਤੋਂ ਵੱਡਾ ਹੋਰ ਕੋਈ ਭੰਡਾਰ ਨਹੀਂ ਹੋ ਸਕਦਾ। ਪ੍ਰੋ. ਸੁਰਜੀਤ ਹਾਂਸ ਨਾਲ ਇਕ ਵਾਰ ਮੈਂ ਇਹ ਲਾਇਬ੍ਰੇਰੀ ਵੇਖੀ ਹੈ। ਇਥੇ ਸਾਡੇ ਇਤਿਹਾਸ ਨਾਲ ਸਬੰਧਤ ਐਨਾ ਕੁਝ ਪਿਆ ਹੈ ਕਿ ਬੰਦਾ ਸਾਰੀ ਉਮਰ ਖੋਜ ਕਰਦਾ ਰਹੇ, ਪੜ੍ਹਦਾ ਰਹੇ ਤਾਂ ਸਮਾਂ ਥੋੜ੍ਹਾ ਹੈ।

ਲੰਡਨ ਦੀਆਂ ਇਹ ਇਤਿਹਾਸਕ ਥਾਂਵਾਂ ਅਸੀਂ ਵੇਖੀਆਂ ਤਾਂ ਹੁੰਦੀਆਂ ਹਨ, ਪਰ ਭਾਰਤ ਤੋਂ ਆਏ ਮਹਿਮਾਨਾਂ ਨਾਲ ਵਾਰ-ਵਾਰ ਵੇਖਦੇ ਹਾਂ। ਮਹਾਰਾਜੇ ਦਾ ਕੋਹਿਨੂਰ ਹੀਰਾ ਵੇਖਣ ਗਿਆਂ ਮੈਂ ਕਈ ਮਿੱਤਰਾਂ ਦੀਆਂ ਅੱਖਾਂ ਗਿੱਲੀਆਂ ਹੋਈਆਂ ਵੇਖੀਆਂ ਹਨ। ਉਚੀਆਂ-ਉਚੀਆਂ ਬਿਲਡਿੰਗਾਂ, ਲੁੱਟ ਮਾਰ ਕਰ ਕੇ ਕੋਹਿਨੂਰ ਵਾਂਗ ਲਿਆਂਦੇ ਹੀਰੇ, ਬੇਮੁੱਲੀਆਂ ਇਤਿਹਾਸਕ ਵਸਤਾਂ, ਸੋਨੇ ਦੇ ਤਖਤ ਵੇਖ ਸਾਡੇ ਲੋਕਾਂ ਦੇ ਮਨ ਵਿਚ ਆਉਂਦਾ ਹੈ... ਅਸੀਂ ਕਿੰਨੇ ਭੋਲੇ ਹੋਵਾਂਗੇ... ਕਿੰਨੇ ਮੂਰਖ ਹੋਵਾਂਗੇ ਕਿ ਆਪਣਾ ਐਨਾ ਕੁਝ ਖੁਹਾ ਬੈਠੇ। ਇਹੋ ਜਿਹੀਆਂ ਭਾਵਨਾਵਾਂ ਸਾਡੀ ਇਤਿਹਾਸਕ ਸੂਝ ਨੂੰ ਵੀ ਤੇਜ਼ ਕਰਦੀਆਂ ਹਨ, ਕਿਉਂਕਿ ਲੰਡਨ ਸਮੇਤ ਪੱਛਮੀ ਦੇਸ਼ਾਂ ਦੀ ਖੁਸ਼ਹਾਲੀ ਅਤੇ ਸਾਡੇ ਦੇਸ਼ ਦੀ ਗੁਰਬਤ ਦਾ ਪਰਸਪਰ ਸਬੰਧ ਹੈ। ਸਮਝ ਆਉਣ ਲੱਗਦੀ ਹੈ ਕਿ ਸਾਡੀ ਰਾਜਨੀਤੀ, ਸਾਡੇ ਹੁਕਮਰਾਨਾਂ ਵਿਚ ਜ਼ਰੂਰ ਕੋਈ ਬੁਨਿਆਦੀ ਕਮੀ ਹੋਣੀ ਐ, ਜਿਸ ਕਾਰਨ ਯੂਰਪੀ ਲੋਕ ਹਜ਼ਾਰਾਂ ਮੀਲ ਦੂਰ ਪਹੁੰਚ ਸੱਤ ਸਮੁੰਦਰ ਪਾਰ ਕਰ ਕੇ ਸਾਡੇ ਘਰਾਂ ਨੂੰ ਲੁੱਟ ਕੇ ਲੈ ਗਏ।

ਇਹੀ ਜ਼ਿੰਦਗੀ ਦਾ ਨਾਂ ਹੈ। ਸਮੇਂ ਨਾਲ ਬਦਲੀਆਂ ਸਲਤਨਤਾਂ। ਸਲਤਨਤਾਂ ਨਾਲ ਗੁਆਚੇ ਰਾਜ ਭਾਗ, ਕੀਮਤੀ ਹੀਰੇ। ਇਸੇ ਤਰ੍ਹਾਂ ਸਲਤਨਤਾਂ ਨਾਲ ਗੁਆਚੀਆਂ ਲੋਕਾਂ ਦੀਆਂ ਕਿਸਮਤਾਂ। ਅਸੀਂ ਇਹ ਸਭ ਕੁਝ ਸਮਝਦੇ ਹਾਂ। ਲੰਡਨ ਦੀ ਹਕੀਕਤ ਨੂੰ ਸਮਝਦੇ ਹਾਂ, ਪਰ ਹੁਣ ਸਾਡੀ ਰੋਜ਼ੀ ਰੋਟੀ ਇਥੇ ਹੈ। ਸਾਡੀ ਤਕਦੀਰ ਇਸੇ ਲੰਡਨ ਨਾਲ ਬੱਝੀ ਹੋਈ ਹੈ। ਸਾਡੀਆਂ ਡਾਇਰੀਆਂ ਵਿਚ 90 ਫੀਸਦੀ ਤੋਂ ਬਹੁਤੇ ਨੰਬਰ ਇਥੋਂ ਦੇ ਹਨ; ਮੋਗੇ, ਦਿੱਲੀ ਜਾਂ ਚੰਡੀਗੜ੍ਹ ਦੇ ਨਹੀਂ। ਹੁਣ ਪੰਜਾਬ ਜਾਂਦੇ ਹਾਂ ਤਾਂ ਦੋ ਕੁ ਹਫਤੇ ਪਿਛੋਂ ਲੰਡਨ ਯਾਦ ਆਉਣ ਲੱਗ ਪੈਂਦੈ।

ਵੇਖ ਲਓ, ਕਿਤੇ ਇਹ ਹਾਲ ਸੀ ਕਿ ਮੋਗਾ ਸਾਰੀ ਦੁਨੀਆਂ ਨਾਲੋਂ ਪਿਆਰਾ ਸ਼ਹਿਰ ਲੱਗਦਾ ਸੀ। ਉਦੋਂ ਸ਼ਹਿਰ ਨਹੀਂ ਸੀ, ਵੱਡਾ ਕਸਬਾ ਸੀ, ਪਰ ਕਚਹਿਰੀਆਂ, ਕਾਲਜ ਅਤੇ ਮੰਡੀਆਂ ਕਰ ਕੇ ਬਹੁਤ ਵੱਡਾ ਵਪਾਰਕ ਕੇਂਦਰ ਵੀ ਸੀ। ਫਿਰ ਚੰਡੀਗੜ੍ਹ ਸਿਰਫ ਐਮ.ਏ. ਕਰਨ ਵੇਲੇ ਦੋ ਸਾਲ ਰਿਹਾ, ਪਰ ਮੇਰੇ ਬੌਧਿਕ ਵਿਕਾਸ ਵਿਚ ਚੰਡੀਗੜ੍ਹ ਦਾ ਬਹੁਤ ਵੱਡਾ ਹਿੱਸਾ ਹੈ; ਲੰਡਨ ਤਾਂ ਮੈਂ ਪੰਜਤਾਲੀ ਸਾਲ ਰਿਹਾ ਹਾਂ। ਇਸੇ ਕਰ ਕੇ ਲੰਡਨ ਮੇਰੇ ਹੁਣ ਜ਼ਿਹਨ ਵਿਚ ਰਸਿਆ ਹੋਇਆ ਹੈ। ਮੇਰੇ ਪੈਰਾਂ-ਹੱਡਾਂ ਵਿਚ ਰਸਿਆ ਹੋਇਆ ਹੈ। ਲੰਡਨ ਤੋਂ ਬੰਦਾ ਕਦੇ ਅੱਕ ਨਹੀਂ ਸਕਦਾ। ਲੰਡਨ ਖੂਬਸੂਰਤ ਹੈ, ਹਮੇਸ਼ਾ ਜਵਾਨ, ਤਾਜ਼ਾ। ਹਮੇਸ਼ਾ ਰੌਚਕ। ਮੈਨੂੰ ਇਹ ਸੋਚ ਕੇ ਤਸੱਲੀ ਹੁੰਦੀ ਹੈ ਕਿ ਮੇਰੇ ਜੀਵਨ ਦੀ ਗੱਡੀ ਸ਼ੂਕਦੀ ਪੂਰੀ ਤੇਜ਼ ਹੈ, ਕਿਉਂਕਿ ਮੈਂ ਲੰਡਨ ਤੋਂ ਅੱਕਿਆ ਨਹੀਂ।

ਲੰਡਨ ਰਹਿਣ ਦੇ ਇਨ੍ਹਾਂ ਸਾਲਾਂ ਦਾ ਸਮਾਂ ਮੁਲਕ ਵਿਚ ਆਵਾਸੀਆਂ ਦੀ ਹਿਸਟਰੀ ਨਾਲ ਵੀ ਬੱਝਿਆ ਹੋਇਆ ਹੈ। ਜਾਤੀ ਤੌਰ 'ਤੇ 24 ਸਾਲਾਂ ਦੀ ਕੱਚੀ ਉਮਰੇ ਆ ਕੇ ਆਪਣੇ ਵਾਲ ਤਾਂ ਬੱਗੇ ਹੋਣੇ ਹੀ ਸਨ, ਨਾਲ-ਨਾਲ ਹੋਰ ਬਹੁਤ ਕੁਝ ਵੇਖਿਆ ਹੈ। ਸਾਊਥਾਲ ਆਉਣ ਵਾਲੇ ਸਾਲ ਵਿਚ ਇਥੇ ਰਹਿੰਦਿਆਂ ਹੀ ਚੰਦ 'ਤੇ ਬੰਦਾ ਪਹੁੰਚਣ ਦਾ ਨਜ਼ਾਰਾ ਟੈਲੀਵਿਜ਼ਨ 'ਤੇ ਵੇਖਿਆ। ਮੈਨੂੰ ਯਾਦ ਹੈ, ਸਾਊਥਾਲ ਦੀ ਥਰਡਵੇਅ 'ਤੇ ਛੋਟੀਆਂ-ਛੋਟੀਆਂ ਢਾਣੀਆਂ ਵਿਚ ਖੜ੍ਹੇ ਲੋਕ ਇਸ ਅਜੂਬੇ ਦੀਆਂ ਗੱਲਾਂ ਕਰਦੇ ਹੋਏ। ਸ਼ਹਿਰ ਵਿਚ ਥੋੜ੍ਹੀਆਂ ਜਿਹੀਆਂ ਦੁਕਾਨਾਂ ਤੋਂ ਸ਼ੁਰੂ ਹੋ ਕੇ ਅੱਜ ਦਾ ਸਾਡੇ ਬਿਜ਼ਨਸਾਂ ਅਤੇ ਅਦਾਰਿਆਂ ਦਾ ਫੈਲਾਅ।

ਲੰਡਨ ਵਿਚ ਹੁਣ ਵੀਹ ਫੀਸਦੀ ਬੰਦੇ ਗੈਰ-ਯੂਰਪੀ ਨਸਲਾਂ ਦੇ ਹਨ। ਰੀਜੈਂਟਸ ਪਾਰਕ ਵਿਚ ਵੱਡੀ ਮਸੀਤ, ਨੀਸਡਨ ਵਿਚ ਸੰਗਮਰਮਰ ਦਾ ਹਿੰਦੂ ਮੰਦਿਰ ਅਤੇ ਸਾਊਥਾਲ ਦਾ ਸਿੰਘ ਸਭਾ ਗੁਰਦੁਆਰਾ, ਇਸ ਬਹੁ-ਸਭਿਆਚਾਰ ਦੇ ਪ੍ਰਮਾਣ ਹਨ। ਉਤਰੀ ਲੰਡਨ ਵਿਚ ਯਹੂਦੀ ਅਤੇ ਆਇਰਿਸ਼ ਵਸੋਂ ਦਾ ਬੋਲਬਾਲਾ ਹੈ। ਈਸਟ ਲੰਡਨ ਦੀ ਪੇਟੀਕੋਟ ਲੇਨ ਤੋਂ ਯਹੂਦੀ ਹੌਲੀ-ਹੌਲੀ ਨਿਕਲ ਗਏ ਤੇ ਬੰਗਲਾ ਦੇਸ਼ੀ ਆ ਪਹੁੰਚੇ। ਸਾਊਥਾਲ ਵਿਚ ਭਾਰਤੀ। ਹੁਣ ਸਾਊਥਾਲ ਵਿਚ ਸੁਮਾਲੀ ਅਫਰੀਕੀ ਰਫਿਊਜ਼ੀ ਧੜਾਧੜ ਪਹੁੰਚ ਰਹੇ ਹਨ। 30-40 ਸਾਲ ਪਹਿਲਾਂ ਸਾਨੂੰ ਵੇਖ ਗੋਰੇ ਨੱਕ ਬੁੱਲ੍ਹ ਚੜ੍ਹਾਉਂਦੇ ਸਨ, ਅੱਜ ਸੁਮਾਲੀ ਅਫਰੀਕੀਆਂ ਬਾਰੇ ਏਸ਼ੀਅਨਾਂ ਦਾ ਪ੍ਰਤੀਕਰਮ ਕੁਝ ਅਜਿਹਾ ਹੀ ਹੈ।

ਇਹੋ ਸਮੇਂ ਦੀ ਤੋਰ ਹੈ। ਇਹੋ ਸਮਾਜ ਦਾ ਤਾਣਾ-ਬਾਣਾ। ਸਾਡੀ ਪੀੜ੍ਹੀ ਆਪਣੇ ਪਿਛਲੇ ਪੜਾਅ ਵਿਚ ਦਾਖਲ ਹੋ ਚੁਕੀ ਹੈ। ਅਗਲੀ ਪੀੜ੍ਹੀ ਦਾ ਤੌਰ-ਤਰੀਕਾ ਵੱਖਰਾ ਹੈ। ਜੁਆਨ ਪੀੜ੍ਹੀ ਦਾ 'ਭਾਰਤੀ ਕਲਚਰ' ਸਾਡੀ ਪੀੜ੍ਹੀ ਦੇ 'ਭਾਰਤੀ ਕਲਚਰ' ਨਾਲੋਂ ਵੱਖਰਾ ਹੈ। ਨਵੀਂ ਜ਼ੁਬਾਨ, ਨਵਾਂ ਮੁਹਾਵਰਾ ਪੈਦਾ ਹੋ ਚੁੱਕਿਆ ਹੈ। ਰੀਤੀ-ਰਿਵਾਜ਼ਾਂ ਵਿਚ ਸਮੇਂ ਅਤੇ ਲੋੜ ਅਨੁਸਾਰ ਨਵੀਆਂ ਤਬਦੀਲੀਆਂ ਪ੍ਰਵਾਨ ਹੋ ਰਹੀਆਂ ਹਨ। ਪੂਰਬ ਪੱਛਮ ਦੇ ਸੁਮੇਲ ਵਿਚ ਪੈਦਾ ਹੋਇਆ ਨਵਾਂ ਸੰਗੀਤ, ਨਵੇਂ ਨਾਚ, ਵਿਆਹਾਂ ਦਾ ਨਵਾਂ ਢੰਗ। ਮਨੁੱਖ ਦੀ ਚੰਗਾ ਜਿਊਣ ਦੀ ਚਾਹਤ ਐਨੀ ਬਲਵਾਨ ਹੈ ਕਿ ਉਹ ਸਮੇਂ ਅਨੁਸਾਰ ਹਰ ਚੀਜ਼, ਹਰ ਰੰਗ, ਹਰ ਲੋੜ ਨੂੰ ਬਦਲਾਅ ਕੇ ਆਪਣੇ ਅਨੁਕੂਲ ਕਰ ਲੈਂਦਾ ਹੈ। ਆਵਾਸ ਦੀ ਕਾਮਯਾਬੀ ਦੀ ਕਹਾਣੀ ਇਸੇ ਕਰ ਕੇ ਰੌਚਕ ਬਣੀ ਹੈ।

# ਬਾਹੂਬਲੀਆਂ ਦੇ ਦੌਰ 'ਚ ਸੰਜੀਦਾ ਸਿਨੇਮਾ





## ਸੰਜੀਦਾ ਸਿਨੇਮਾ ਦਾ ਦਾਇਰਾ ਸੁੰਗੜਨ ਲੱਗਾ

ਅਦਾਕਾਰ ਆਮਿਰ ਖ਼ਾਨ ਦੀ ਫ਼ਿਲਮ 'ਦੰਗਲ' ਨੇ ਕੁੱਲ 2 ਹਜ਼ਾਰ ਕਰੋੜ ਰੁਪਏ ਕਮਾ ਕੇ ਭਾਰਤੀ ਫਿਲਮ ਸਨਅਤ ਵਿਚ ਨਵਾਂ ਕੀਰਤੀਮਾਨ ਬਣਾ ਦਿੱਤਾ ਹੈ। ਇਸ ਵਿਚੋਂ ਇਕੱਲੇ 1200 ਕਰੋੜ ਰੁਪਏ ਚੀਨ ਤੋਂ ਕਮਾਏ ਗਏ ਹਨ। ਭਾਰਤ ਵਿਚ ਇਸ ਫਿਲਮ ਦੀ ਕਮਾਈ 500 ਕਰੋੜ ਰੁਪਏ ਤੋਂ ਉਪਰ ਰਹੀ ਸੀ। ਦਰਅਸਲ ਕਮਾਈ ਦੇ ਪੱਖ ਤੋਂ ਬਾਕਸ ਆਫ਼ਿਸ ਉਤੇ ਧਮਾਕਾ ਕਰਨ ਵਾਲੀ ਫਿਲਮ 'ਬਾਹੂਬਲੀ-2' ਜਿਸ ਤਰ੍ਹਾਂ ਸਭ ਨੂੰ ਪਛਾੜ ਰਹੀ ਸੀ, ਇਸ ਨੂੰ ਵੰਗਾਰ ਅਚਾਨਕ 'ਦੰਗਲ' ਵੱਲੋਂ ਆ ਗਈ। ਉਂਜ 'ਬਾਹੂਬਲੀ-2' ਅਜੇ ਚੀਨ ਵਿਚ ਰਿਲੀਜ਼ ਹੋਣੀ ਹੈ ਅਤੇ ਇਸ ਫਿਲਮ ਦੇ ਨਿਰਮਾਤਾ ਉਥੇ 6000 ਸਕਰੀਨਾਂ 'ਤੇ ਰਿਲੀਜ਼ ਕਰਨ ਦੀ ਯੋਜਨਾ ਬਣਾ ਰਹੇ ਹਨ। 'ਦੰਗਲ' ਚੀਨ ਵਿਚ 9000 ਸਕਰੀਨਾਂ 'ਤੇ ਰਿਲੀਜ਼ ਹੋਈ ਸੀ ਅਤੇ ਇਹ ਫਿਲਮ ਅਜੇ ਵੀ ਕਮਾਈਆਂ ਦੇ ਢੇਰ ਲਾ ਰਹੀ ਹੈ। ਲੋਕਪ੍ਰਿਯਤਾ ਕਾਰਨ ਇਹ ਫਿਲਮ ਚੀਨ ਵਿਚ ਪੂਰਾ ਇਕ ਮਹੀਨਾ ਹੋਰ ਚੱਲੇਗੀ। ਹੁਣ ਇਹ ਦੇਖਣਾ ਬਾਕੀ ਹੈ ਕਿ 'ਬਾਹੂਬਲੀ-2' 'ਦੰਗਲ' ਦਾ ਰਿਕਾਰਡ ਤੋੜ ਦੀ ਹੈ ਜਾਂ ਨਹੀਂ! ਉਂਜ ਇਸ ਭੇੜ ਵਿਚ ਛੋਟੀਆਂ ਮੋਟੀਆਂ ਫਿਲਮਾਂ ਮਾਰ ਹੇਠ ਆ ਗਈਆਂ ਹਨ। ਛੋਟੇ ਬਜਟ ਵਾਲੀਆਂ ਇਹ ਫਿਲਮਾਂ ਬਾਕਸ ਆਫਿਸ 'ਤੇ ਕਮਾਈ ਲਈ ਜੂਝ ਰਹੀਆਂ ਹਨ। 'ਹਿੰਦੀ ਮੀਡੀਅਮ' ਵਰਗੀ ਫਿਲਮ ਨੇ ਆਪਣੇ ਚੰਗੇ ਸੁਨੇਹੇ ਅਤੇ ਅਦਾਕਾਰਾਂ ਦੀ ਕਮਾਲ ਦੀ ਅਦਾਕਾਰੀ ਕਾਰਨ ਭਾਵੇਂ ਆਪਣੀ ਥਾਂ ਬਣਾ ਲਈ ਪਰ ਘੱਟ ਬਜਟ ਵਾਲੀਆਂ ਫਿਲਮਾਂ ਲਈ ਹੁਣ ਆਪਣੀ ਥਾਂ ਬਣਾਉਣਾ ਮੁਸ਼ਕਿਲ ਜਾਪ ਰਿਹਾ ਹੈ। ਇਸ ਤੋਂ ਪਹਿਲਾਂ 100 ਕਰੋੜ ਰੁਪਏ ਕਲੱਬ ਵਾਲੀਆਂ ਫਿਲਮਾਂ ਨੇ ਛੋਟੀਆਂ ਫਿਲਮਾਂ ਹੜੱਪ ਲਈਆਂ ਸਨ। ਫਿਰ ਅਜਿਹੀਆਂ ਫਿਲਮਾਂ ਦੀ ਕਮਾਈ ਦਾ ਟੀਚਾ 200 ਜਾਂ 300 ਕਰੋੜ ਰੁਪਏ ਤੋਂ ਵਧਦਾ ਵਧਦਾ 500-800 ਤੱਕ ਜਾ ਪੁੱਜਾ। 'ਬਾਹੂਬਲੀ-2' ਨੂੰ 1000 ਕਰੋੜੀ ਫਿਲਮ ਵਜੋਂ ਪ੍ਰਚਾਰਿਆ ਗਿਆ ਸੀ, ਪਰ ਇਹ 1600 ਕਰੋੜ ਰੁਪਏ ਨੂੰ ਵੀ ਪਾਰ ਕਰ ਗਈ ਹੈ। ਇਸ ਸੂਰਤ ਵਿਚ ਛੋਟੀਆਂ ਫਿਲਮਾਂ ਲਈ ਰਾਹ ਹੁਣ ਭੀੜਾ ਹੁੰਦਾ ਜਾਪਦਾ ਹੈ। 70ਵਿਆਂ ਵਿਚ ਜਦੋਂ ਲੋਕਾਂ ਅੰਦਰ ਸਿਨੇਮਾ, ਸਾਹਿਤ, ਸਮਾਜ ਅਤੇ ਸਿਆਸਤ ਬਾਰੇ ਸੋਝੀ ਤਿੱਖੀ ਹੋਣੀ ਸ਼ੁਰੂ ਹੋਈ ਸੀ ਤਾਂ ਮੁੱਖਧਾਰਾਂ ਦੀਆਂ ਫਿਲਮਾਂ ਦੇ ਮੁਕਾਬਲੇ ਛੋਟੀਆਂ ਫਿਲਮਾਂ ਬਣਨੀਆਂ ਸ਼ੁਰੂ ਹੋਈਆਂ ਸਨ। ਇਸ ਸਿਨੇਮਾ ਨੂੰ ਸਾਰਥਕ ਸਿਨੇਮਾ ਦਾ ਨਾਂ ਦਿੱਤਾ ਗਿਆ ਸੀ ਜਿਸ ਦਾ ਮੁੱਖ ਮਕਸਦ ਕਮਾਈ ਨਹੀਂ ਸੀ ਹੁੰਦਾ, ਬਲਕਿ ਸਮਾਜ ਨੂੰ ਸੁਨੇਹਾ ਦੇਣਾ ਹੁੰਦਾ ਸੀ। ਇਸ ਪੱਖੋਂ ਇਹ ਫਿਲਮਾਂ ਬਹੁਤ ਕਾਮਯਾਬ ਰਹੀਆਂ ਅਤੇ ਇਨ੍ਹਾਂ ਦੀ ਚਰਚਾ ਅੱਜ ਵੀ ਹੁੰਦੀ ਹੈ। ਇਨ੍ਹਾਂ ਵਿਚੋਂ ਕਈ ਫਿਲਮਾਂ ਕਮਾਈ ਪੱਖੋਂ ਵੀ ਕਾਮਯਾਬ ਰਹੀਆਂ। ਅਜਿਹੀਆਂ ਫਿਲਮਾਂ ਦਾ ਸਿਲਸਿਲਾ ਕਈ ਦਹਾਕੇ ਚੱਲਿਆ, ਪਰ ਜਦੋਂ ਤੋਂ ਮੁਲਕ ਅੰਦਰ ਨਵੀਆਂ ਆਰਥਿਕ ਨੀਤੀਆਂ ਆਰੰਭ ਹੋਈਆਂ, ਭਾਰਤੀ ਸਿਨੇਮਾ ਵੀ ਨਵੇਂ ਰਾਹ ਤਲਾਸ਼ਣ ਲੱਗਾ। ***-ਗੁਰਜੰਟ ਸਿੰਘ***

# ਮਹਿਰੀਨ ਰਹੀਲ ਦੀ ਮਹਿਕਾਂ ਵਾਲੀ ਰੁੱਤ

ਪਾਕਿਸਤਾਨ ਦੀ ਮਸ਼ਹੂਰ ਅਦਾਕਾਰਾ ਸਿਮੀ ਰਹੀਲ ਦੀ ਧੀ ਮਹਿਰੀਨ ਰਹੀਲ ਨੂੰ ਅਦਾਕਾਰੀ ਦੇ ਖੇਤਰ ਵਿਚ ਆਉਣ ਲਈ ਭਾਵੇਂ ਬਹੁਤੀ ਮਿਹਨਤ ਨਹੀਂ ਕਰਨੀ ਪਈ, ਪਰ ਉਸ ਨੇ ਆਪਣੀ ਪ੍ਰਤਿਭਾ ਦੇ ਸਿਰ 'ਤੇ ਸਨਅਤ ਵਿਚ ਆਪਣੀ ਥਾਂ ਬਣਾ ਲਈ ਹੈ। ਮਹਿਰੀਨ ਦਾ ਪਿਤਾ ਸ਼ਾਹਿਦ ਰਹੀਲ ਫੌਜ ਵਿਚ ਕੈਪਟਨ ਸੀ; ਸਿੱਟੇ ਵਜੋਂ ਉਸ ਨੂੰ ਕਈ ਸ਼ਹਿਰਾਂ ਵਿਚ ਰਹਿਣ ਦਾ ਮੌਕਾ ਮਿਲਿਆ। ਉਂਜ ਉਹ ਆਪਣੀ ਮਾਂ ਵਾਂਗ ਪੱਕੀ ਲਾਹੌਰਨ ਹਨ ਅਤੇ ਲਾਹੌਰ ਦੀਆਂ ਗੱਲਾਂ ਕਰਦੀ ਨਹੀਂ ਥੱਕਦੀ। ਉਹ ਮਸਾਂ ਅੱਠ ਵਰ੍ਹਿਆਂ ਦੀ ਸੀ ਜਦੋਂ ਉਸ ਨੇ ਆਪਣੀ ਕਲਾਕਾਰੀ ਦੇ ਜੌਹਰ ਦਿਖਾਉਣੇ ਸ਼ੁਰੂ ਕਰ ਦਿੱਤੇ ਸਨ। 13-14 ਵਰ੍ਹਿਆਂ ਦੀ ਉਮਰ ਤਕ ਪੁੱਜਦਿਆਂ ਉਸ ਨੂੰ ਇਸ਼ਤਿਹਾਰਾਂ ਦਾ ਕੰਮ ਵੀ ਮਿਲਣ ਲੱਗ ਪਿਆ। ਫਿਰ 'ਅਜਨਬੀ ਰਿਸ਼ਤੇ' ਨਾਟਕ ਵਿਚ ਨਿੱਕੇ ਜਿਹੇ ਰੋਲ ਨਾਲ ਉਸ ਨੂੰ ਆਪਣਾ ਅਦਾਕਾਰੀ ਦਾ ਸਫ਼ਰ ਸ਼ੁਰੂ ਕੀਤਾ। ਇਸ ਤੋਂ ਬਾਅਦ ਉਸ ਨੇ ਲੰਡਨ ਜਾ ਕੇ ਨਾਚ, ਨਾਟਕ ਤੇ ਪਟਕਥਾ ਲਿਖਣ ਬਾਰੇ ਸਿੱਖਿਆ ਹਾਸਲ ਕੀਤੀ ਅਤੇ ਇਸ ਤੋਂ ਬਾਅਦ ਸਨਅਤ ਵਿਚ ਜ਼ੋਰਦਾਰ ਦਾਖ਼ਲਾ ਲਿਆ। ਉਸ ਦੀ ਪਹਿਲੀ ਫਿਲਮ 'ਵਿਰਸਾ' 2010 ਵਿਚ ਆਈ ਸੀ। ਅੱਠ ਫਰਵਰੀ 1981 ਨੂੰ ਜਨਮੀ ਇਸ ਅਦਾਕਾਰਾਂ ਨੇ ਫਿਰ ਕਦੀ ਮੁੜ ਕੇ ਪਿਛੇ ਨਹੀਂ ਵੇਖਿਆ। ਸੰਨ 2014 ਵਿਚ ਆਈ ਫਿਲਮ 'ਤਮੰਨਾ' ਨਾਲ ਵੀ ਉਸ ਨੇ ਸਭ ਦਾ ਧਿਆਨ ਖਿੱਚਿਆ। ਹੁਣ ਉਸ ਦੀ ਫਿਲਮ 'ਫਰੀਡਮ ਸਾਊਨਡ' ਆ ਰਹੀ ਹੈ। ਨਾਟਕਾਂ ਅਤੇ ਫਿਲਮਾਂ ਤੋਂ ਇਲਾਵਾ ਉਸ ਨੇ ਟੈਲੀਵਿਜ਼ਨ ਲਈ ਵੀ ਕਈ ਪ੍ਰੋਗਰਾਮ ਤਿਆਰ ਕੀਤੇ ਹਨ।







# ਹਿੰਦੀ ਮੀਡੀਅਮ ਦੀ ਮਹਿਮਾ

ਫਿਲਮ 'ਹਿੰਦੀ ਮੀਡੀਅਮ' ਵਿਚ ਜਿੰਨਾ ਵੱਡਾ ਸੁਨੇਹਾ ਸਮਾਜ ਨੂੰ ਦਿੱਤਾ ਗਿਆ ਹੈ, ਉਸੇ ਤਰ੍ਹਾਂ ਦੀ ਵੱਡੀ ਚਰਚਾ ਇਸ ਫਿਲਮ ਬਾਰੇ ਹੋਈ ਹੈ ਅਤੇ ਹੁਣ ਵੀ ਹੋ ਰਹੀ ਹੈ। ਇਸ ਫਿਲਮ ਵਿਚ ਭਾਰਤ ਦੇ ਸਿੱਖਿਆ ਢਾਂਚੇ ਅਤੇ ਅਖੌਤੀ ਧਨਾਢਾਂ ਦੇ ਰਹਿਣ-ਸਹਿਣ ਤੇ ਪਹੁੰਚ ਉਤੇ ਬਹੁਤ ਤਿੱਖੀਆਂ ਟਿੱਪਣੀਆਂ ਕੀਤੀਆਂ ਗਈਆਂ ਹਨ। ਇਹ ਫਿਲਮ ਮਲਿਆਲਮ ਫਿਲਮ 'ਸਾਲਟ ਮੈਂਗੋ ਟਰੀ' ਦੀ ਰੀਮੇਕ ਹੈ। ਦਿਲਚਸਪ ਨੁਕਤਾ ਇਹ ਵੀ ਹੈ ਕਿ 'ਸਾਲਟ ਮੈਂਗੋ ਟਰੀ' ਬੰਗਲਾ ਫਿਲਮ 'ਰਾਮਧਾਨੂ' ਦੀ ਰੀਮੇਕ ਸੀ। ਮਲਿਆਲਮ ਅਤੇ ਬੰਗਲਾ ਫਿਲਮਾਂ ਵੀ ਹਿੱਟ ਹੀ ਰਹੀਆਂ ਸਨ।

ਇਸ ਫਿਲਮ ਦਾ ਕੁੱਲ ਬਜਟ 15 ਕਰੋੜ ਰੁਪਏ ਸੀ ਅਤੇ ਇਸ ਨੇ 80 ਕਰੋੜ ਰੁਪਏ ਦੇ ਕਰੀਬ ਕਮਾਈ ਕਰ ਲਈ ਹੈ। ਫਿਲਮ ਆਲੋਚਕਾਂ ਤੇ ਦਰਸ਼ਕਾਂ ਨੇ ਫਿਲਮ ਨੂੰ ਬਹੁਤ ਹੁੰਗਾਰਾ ਭਰਿਆ ਅਤੇ ਇਹ ਫਿਲਮ 'ਬਾਹੂਬਲੀ-2' ਵਰਗੀਆਂ ਫਿਲਮਾਂ ਦੇ ਦੌਰ ਵਿਚ ਵੀ ਆਪਣੀ ਚਰਚਾ ਕਰਵਾਉਣ ਵਿਚ ਕਾਮਯਾਬ ਰਹੀ ਹੈ। ਫਿਲਮ ਵਿਚ ਇਰਫ਼ਾਨ ਖਾਨ ਅਤੇ ਪਾਕਿਸਤਾਨੀ ਅਦਾਕਾਰਾ ਸਬਾ ਕਮਰ ਦੀਆਂ ਮੁੱਖ ਭੂਮਿਕਾਵਾਂ ਹਨ। ਪਹਿਲਾਂ ਡਰ ਸੀ ਕਿ ਪਾਕਿਸਤਾਨੀ ਅਦਾਕਾਰਾ ਸਬਾ ਕਮਰ ਕਰ ਕੇ ਹਿੰਦੂ ਜਥੇਬੰਦੀਆਂ ਕਿਤੇ ਫਿਲਮ ਦਾ ਰਾਹ ਹੀ ਨਾ ਰੋਕ ਲੈਣ। ਯਾਦ ਰਹੇ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਵਾਲੇ ਸਬੰਧਾਂ ਦਾ ਫਿਲਮ ਸਨਅਤ 'ਤੇ ਸਿੱਧਾ ਅਸਰ ਪਿਆ ਹੈ। ਕਰਨ ਜੌਹਰ ਵਰਗੇ ਫਿਲਮਸਾਜ਼ਾਂ ਨੂੰ ਆਪਣੀ ਫਿਲਮ 'ਐ ਦਿਲ ਏ ਮੁਸ਼ਕਿਲ' ਰਿਲੀਜ਼ ਕਰਨ ਲਈ ਸਮਝੌਤਾ ਕਰਨਾ ਪਿਆ ਸੀ। ਸ਼ਾਹਰੁਖ ਖਾਨ ਦੀ ਫਿਲਮ 'ਰਈਸ' ਜਿਸ ਵਿਚ ਪਾਕਿਸਤਾਨੀ ਅਦਾਕਾਰਾ ਮਹੀਰਾ ਖਾਨ ਪਹਿਲੀ ਵਾਰ ਹਿੰਦੀ ਫਿਲਮਾਂ ਨਾਲ ਜੁੜੀ ਸੀ, ਨੂੰ ਵੀ ਕਾਫ਼ੀ ਔਕੜਾਂ ਵਿਚੋਂ ਲੰਘਣਾ ਪਿਆ ਸੀ। ਇਸ ਪੱਖੋਂ 'ਹਿੰਦੀ ਮੀਡੀਅਮ' ਭਾਗਾਂ ਵਾਲੀ ਰਹੀ ਹੈ।


LET THE
OBSESSION BEGIN
ICC
CHAMPIONS TROPHY
ENGLAND & WALES 2017
WILLOW
OFFICIAL PARTNER
1-888-554-6754 SLING.COM/CRICKET
WORLD CRICKET
$10
A MONTH
EASY TO USE ON THE GO
sling
TELEVISION
Promotional Offers: Available to new customers upon account activation. One per customer and cannot be combined. Must provide email address and credit card. Billing: Monthly Pack - Your credit card will be charged monthly for applicable subscription until you cancel your service. 6 Months Pack - You will be charged once for the 6 months period of your service. After the expiration of your 6 months period, you will be moved to the respective month-to-month service for your 6 months package. Annual Pack: You will be charged once for the 12 month period of your service. After the expiration of your 12 month period, you will be moved to the respective month-to-month service for your annual package. Cancellation: Cancel by calling 1(877) 811-4788. Programming fees are charged monthly in advance and no credits or refunds will be issued for partial or prepaid months after cancellation. Equipment Requirements: Requires Internet-connected compatible device. Compatible devices include: PC or Mac, Roku, iOS 7.0and higher, Android 4.0.3, Amazon Fire TV, Amazon Fire Stick and Google Nexus and Xbox One. Miscellaneous: Access on one device (1 stream) is included in the monthly programming package price (except HBO, which includes 3 streams). 2 additional international streams available for $5/mo. Limit 3 International and 1 Domestic streams per account. Certain programs may be unavailable due to programmer restrictions or blackouts. Only available within the United States. State and local taxes will apply. All prices, packages, programming and offers subject to change without notice. Other restrictions may apply. See sling.com website for details. Offer ends 12/31/2017. © 2017 Sling TV L.L.C. All rights reserved.